*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-4, ਅਪ੍ਰੈਲ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


# ਕੈਨੇਡਾ ’ਚ ਫੈਡਰਲ ਚੋਣਾਂ ਅਤੇ ਲੋਕ ਸਰੋਕਾਰ

ਜਸਟਿਨ ਟਰੂਡੋ ਦੇ ਅਸਤੀਫ਼ੇ ਤੋਂ ਬਾਅਦ ਲਿਬਰਲ ਪਾਰਟੀ ਦੇ ਆਗੂ ਮਾਰਕ ਜੋਸਫ਼ ਕਾਰਨੀ ਨੇ ਕੈਨੇਡਾ ਦੇ 24ਵੇਂ ਪ੍ਰਧਾਨ ਮੰਤਰੀ ਵਜੋਂ ਹਲਫ਼ ਲੈ ਲਿਆ ਹੈ ਅਤੇ ਅਕਤੂਬਰ ਦੀ ਸਮਾਂ-ਸੀਮਾ ਤੋਂ ਬਹੁਤ ਪਹਿਲਾਂ ਹੀ 28 ਅਪ੍ਰੈਲ ਨੂੰ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ। ਨਿਰਸੰਦੇਹ, ਉਹ ਟਰੂਡੋ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਕਾਰਗੁਜ਼ਾਰੀ ਤੋਂ ਮਾਯੂਸ ਵੋਟਰਾਂ ’ਚ ਫੈਲੀ ਬੇਚੈਨੀ ਦੇ ਰਾਜਨੀਤਕ ਲਾਹੇ ’ਤੇ ਸਵਾਰ ਹੋ ਕੇ ਸੱਤਾ ’ਚ ਆਇਆ ਹੈ। ਘਰਾਂ ਦੇ ਸੰਕਟ ਅਤੇ ਅਸਹਿ ਮਹਿੰਗਾਈ ਕਾਰਨ ਆਮ ਕੈਨੇਡੀਅਨਾਂ ਦਾ ਟਰੂਡੋ ਤੋਂ ਬੁਰੀ ਤਰ੍ਹਾਂ ਮੋਹ ਭੰਗ ਹੋ ਗਿਆ ਸੀ ਅਤੇ ਇਸ ਦਬਾਅ ਹੇਠ ਉਸ ਨੂੰ ਅਸਤੀਫ਼ਾ ਦੇਣਾ ਪਿਆ ਸੀ।

ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹਿ ਚੁੱਕੇ ਅਰਥਸ਼ਾਸਤਰੀ ਮਾਰਕ ਕਾਰਨੀ ਨੇ ਉਸ ਵਕਤ ਅਹੁਦਾ ਸੰਭਾਲਿਆ ਹੈ ਜਦੋਂ ਕੈਨੇਡਾ ਆਪਣੀ ਪ੍ਰਭੂਸੱਤਾ ਵਿਰੁੱਧ ਫਾਸ਼ਿਸ਼ਟ ਟਰੰਪ ਦੇ ਪਸਾਰਵਾਦੀ ਹਮਲਿਆਂ ਅਤੇ ਆਰਥਿਕਤਾ ਉੱਪਰ ਟੈਰਿਫ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਘਰਾਂ ਦੇ ਕਿਰਾਏ ਆਸਮਾਨ ਛੂਹ ਰਹੇ ਹਨ, ਨੌਕਰੀਆਂ ਦੀ ਦਰ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ ’ਤੇ ਹੈ, ਬੇਘਰੇ ਹੋਣ ਦੀ ਸਮੱਸਿਆ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੰਭੀਰ ਹੈ, ਨੌਕਰੀਆਂ ਖੁੱਸ ਰਹੀਆਂ ਹਨ, ਉਜ਼ਰਤਾਂ ’ਚ ਖੜੋਤ ਹੈ ਅਤੇ ਟੈਰਿਫ ਨਾਲ ਜੁੜੇ ਘਰੇਲੂ ਵਰਤੋਂ ਦੇ ਸਮਾਨ ਦੇ ਵਧ ਰਹੇ ਲਾਗਤ ਖ਼ਰਚ ਨਾਲ ਹੋਰ ਜ਼ਿਆਦਾ ਲੋਕਾਂ ਲਈ ਰਿਹਾਇਸ਼ ਦਾ ਸੰਕਟ ਬਣਨ ਦਾ ਖ਼ਤਰਾ ਹੈ। ਟਰੰਪ ਦੀ ਟੈਰਿਫ ਜੰਗ ਨੇ ਜੀਵਨ-ਗੁਜ਼ਾਰੇ ਦੇ ਸੰਕਟ ਅਤੇ ਘਰਾਂ ਦੇ ਸੰਕਟ ਨੂੰ ਵਧਾਉਣ ’ਚ ਭੂਮਿਕਾ ਨਿਭਾਉਣੀ ਹੈ।

ਕੈਨੇਡਾ ਦੇ ਫਿਊਚਰ ਸਕਿੱਲ ਸੈਂਟਰ ਅਤੇ ਇਕ ਹੋਰ ਅਧਿਐਨ ਅਨੁਸਾਰ ਆਰਟੀਫਿਸ਼ੀਅਲ ਇੰਟੈਲੀਜੈਂਸ ਯਾਨੀ ਆਟੋਮੇਸ਼ਨ ਹੋਣ ਨਾਲ ਪੈਦਾ ਹੋਣ ਵਾਲੀ ਗੜਬੜ ਨਾਲ ਕੈਨੇਡਾ ’ਚ ਅੱਧੀਆਂ ਨੌਕਰੀਆਂ ਖ਼ਤਮ ਹੋਣ ਦਾ ਖ਼ਦਸ਼ਾ ਹੈ। ਸਰਮਾਏਦਾਰੀ ਪ੍ਰਬੰਧ ਤਕਨਾਲੋਜੀ ਦੇ ਵਿਕਾਸ ਅਤੇ ਵਿਗਿਆਨਕ ਖੋਜਾਂ ਨੂੰ ਸਿਰਫ਼ ਤੇ ਸਿਰਫ਼ ਆਪਣੇ ਸੁਪਰ ਮੁਨਾਫ਼ਿਆਂ ਨੂੰ ਵਧਾਉਣ ਲਈ ਵਰਤਦਾ ਹੈ। ਜੇ ਇਸ ਵਿਕਾਸ ਅਤੇ ਵਿਗਿਆਨਕ ਖੋਜਾਂ ਨੂੰ ਮਾਨਵਤਾ ਦੀ ਸੱਚੀ ਤਰੱਕੀ ਅਤੇ ਬਿਹਤਰੀ ਲਈ ਲਾਉਣਾ ਹੈ ਤਾਂ ਮੌਜੂਦਾ ਕਾਰਪੋਰੇਟ ਮਾਡਲ ਨੂੰ ਸਮੁੱਚੇ ਰੂਪ ’ਚ ਰੱਦ ਕਰਕੇ ਤਕਨਾਲੋਜੀ ਉੱਪਰ ਕਾਰਪੋਰੇਟ ਗ਼ਲਬੇ ਨੂੰ ਖ਼ਤਮ ਕਰਨ ਦੀ ਨੀਤੀ ਲੈਣੀ ਪਵੇਗੀ। ਭਾਵੇਂ ਕਾਰਨੀ ਆਰਥਕ ਸੰਕਟਾਂ ਨਾਲ ਨਜਿੱਠਣ ਦਾ ਤਜਰਬੇਕਾਰ ਹੋਣ ਦੇ ਦਾਅਵੇ ਕਰ ਰਿਹਾ ਹੈ ਪਰ ਕੀ ਉਹ ਇਸ ਵੱਡੀ ਉੱਥਲ-ਪੁੱਥਲ ਨਾਲ ਨਜਿੱਠਣ ਲਈ ਵਕਤੀ ਓਹੜ-ਪੋਹੜ ਤੋਂ ਪਾਰ ਜਾ ਕੇ ਵੱਡੇ ਕਦਮ ਚੁੱਕ ਸਕਦਾ ਹੈ? ਕੀ ਸਰਮਾਏਦਾਰਾ ਆਰਥਕ ਮਾਡਲ ਦੇ ਵਜੂਦ-ਸਮੋਏ ਸੰਕਟਾਂ ਦਾ ਪੱਕਾ ਹੱਲ ਪੇਸ਼ ਕਰ ਸਕਣਾ ਉਸ ਲਈ ਸੰਭਵ ਹੈ? ਇਨ੍ਹਾਂ ਸਵਾਲਾਂ ਦੇ ਹਵਾਲੇ ਨਾਲ ਚੋਣਾਂ ਅਤੇ ਵਾਅਦਿਆਂ ਨੂੰ ਸਮਝਣ ਦੀ ਲੋੜ ਹੈ।




ਮਨੁੱਖਤਾ ਅੱਗੇ ਸਰਮਾਏਦਾਰੀ ਪ੍ਰਬੰਧ ਕਾਰਨ ਉਪਜੇ ਬਹੁਤ ਵੱਡੇ ਮਸਲੇ ਹਨ। ਮਾਰਕ ਕਾਰਨੀ ਦਾ ਇਕ ਵੱਡਾ ਵਾਅਦਾ ਪਾਈਪ-ਲਾਈਨਾਂ ਵਰਗੇ ਵੱਡੇ ਊਰਜਾ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦਾ ਹੈ ਜੋ ਰਾਜਨੀਤਕ ਰੁਕਾਵਟਾਂ ਕਾਰਨ ਠੱਪ ਹਨ। ਉਸਨੇ ਹਾਊਸਿੰਗ, ਕਲੀਨ ਐਨਰਜੀ ਪ੍ਰੋਜੈਕਟਾਂ ’ਚ ਵੱਡੇ ਪੂੰਜੀ-ਨਿਵੇਸ਼ ਕਰਨ, ਕੈਨੇਡਾ ਦੇ ਅੰਦਰ ਅੰਤਰ-ਰਾਜੀ ਰੋਕਾਂ ਦੂਰ ਕਰਕੇ ਅੰਦਰੂਨੀ ਵਪਾਰ ਨੂੰ ਉਦਾਰ ਬਣਾਉਣ ਅਤੇ ਅਮਰੀਕੀ ਨਿਰਭਰਤਾ ਖ਼ਤਮ ਕਰਨ ਲਈ ਆਰਥਿਕਤਾ ’ਚ ਵੰਨ-ਸੁਵੰਨਤਾ ਲਿਆਉਣ ਦੇ ਵਾਅਦੇ ਕੀਤੇ ਹਨ। ਹੁਣੇ ਜਹੇ ਟਰੰਪ ਵੱਲੋਂ 3 ਅਪ੍ਰੈਲ ਤੋਂ ਆਟੋ ਉੱਪਰ 25% ਇੰਪੋਰਟ ਟੈਰਿਫ ਲਗਾਏ ਜਾਣ ਨੂੰ ਕਾਰਨੀ ਨੇ ਕੈਨੇਡਾ ਦੇ ਕਿਰਤੀਆਂ ਉੱਪਰ ‘ਸਿੱਧਾ ਹਮਲਾ’ ਕਰਾਰ ਦਿੰਦਿਆਂ ਕੈਨੇਡਾ ਦੀ ਆਟੋ ਸਨਅਤ ਨੂੰ ਬਚਾਉਣ ਲਈ 2 ਅਰਬ ਡਾਲਰ ਪੈਕੇਜ ਦੇਣ ਦਾ ਵਾਅਦਾ ਕੀਤਾ ਹੈ। ਉਸਨੇ ਇਹ ਵੀ ਕਿਹਾ ਹੈ ਕਿ ਸਾਡੇ ਕੋਲ ਬਦਲੇ ’ਚ ਟੈਰਿਫ ਲਾਉਣ ਦੀ ਚੋਣ ਵੀ ਹੈ। ਯਾਦ ਰਹੇ ਕਿ ਅਮਰੀਕਾ ਦੀ ਆਟੋ ਸਨਅਤ ਕੈਨੇਡਾ ਅਤੇ ਮੈਕਸੀਕੋ ਨਾਲ ਤਿੰਨ-ਧਿਰੀ ਮੁਕਤ-ਵਪਾਰ ਸਮਝੌਤੇ ਤਹਿਤ ਅਤਿਅੰਤ ਜੁੜਵੀਂ ਸਪਲਾਈ ਚੇਨ ਤਹਿਤ ਚੱਲਦੀ ਹੈ। ਟਰੰਪ ਵੱਲੋਂ ਐਲਾਨੇ ਟੈਰਿਫ ਸੱਚਮੁੱਚ ਲਾਗੂ ਹੋਣ ਦੀ ਸੂਰਤ ’ਚ ਕੈਨੇਡਾ ਦੀ ਸਨਅਤ ਉੱਪਰ ਵੱਡਾ ਅਸਰ ਪਵੇਗਾ।

ਸਭ ਨੂੰ ਪਤਾ ਹੈ ਕਿ ਅਮਰੀਕਾ ਉੱਪਰ ਕੈਨੇਡਾ ਦੀ ਆਰਥਕ ਨਿਰਭਰਤਾ ਵੱਡੀ ਸਮੱਸਿਆ ਹੈ। ‘ਕੈਨੇਡਾ-ਅਮਰੀਕਾ ਏਕੀਕਰਨ’ ਦੀ ਇਹ ਹਾਲਤ ਆਪਣੇ ਆਪ ਨਹੀਂ ਬਣ ਗਈ, ਇਹ ‘ਮੁਕਤ ਵਪਾਰ’, ਘਟਾਈਆਂ ਜਾ ਰਹੀਆਂ ਟੈਕਸ ਦਰਾਂ ਅਤੇ ਆਰਥਕ ਢਿੱਲ ਦੇਣ ਦੀ ਦਹਾਕਿਆਂ ਤੋਂ ਚਲੀ ਆ ਰਹੀ ਨੀਤੀ ਦਾ ਲਾਜ਼ਮੀ ਨਤੀਜਾ ਹੈ। ਅਮਰੀਕੀ ਨਿਵੇਸ਼ਕਾਰਾਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਸਮੇਤ ਨਿੱਜੀ ਮੰਡੀਆਂ ਨੂੰ ਦਿੱਤੀ ਖੁੱਲ੍ਹ ਨਾਲ ਕੈਨੇਡਾ ਦੀ ਆਰਥਿਕਤਾ ’ਚ ਕੁਝ ਆਰਥਕ ਵਾਧਾ ਤਾਂ ਹੋਇਆ, ਪਰ ਇਸਨੇ ਬਾਰਡਰ ਦੇ ਆਰ-ਪਾਰ ਆਰਥਕ ਤੇ ਵਿਤੀ ਏਕੀਕਰਨ ਦਾ ਅਜਿਹਾ ਤਾਣਾਬਾਣਾ ਵੀ ਸਿਰਜ ਦਿੱਤਾ ਹੈ ਜੋ ਮੁੱਖ ਤੌਰ ’ਤੇ ਸਰਕਾਰੀ ਕੰਟਰੋਲ ਤੋਂ ਮੁਕਤ ਹੈ। ਸਰਕਾਰ ਕੋਈ ਵੀ ਬਣ ਜਾਵੇ, ਇਹ ਵਕਤੀ ਦਬਾਵਾਂ ਅਧੀਨ ਹੀ ਕੰਮ ਕਰੇਗੀ ਜਿਵੇਂ ਕਾਰਨੀ ਦੇ ਉਪਰੋਕਤ ਐਲਾਨ ਦੱਸਦੇ ਹਨ, ਇਹ ਕਾਰਪੋਰੇਟ ਖੇਤਰ ਨੂੰ ਲਗਾਮ ਪਾਉਣ ਲਈ ਕੋਈ ਵੱਡਾ ਫ਼ੈਸਲਾ ਨਹੀਂ ਲੈ ਸਕੇਗੀ ਜੋ ਨਾ ਕੈਨੇਡਾ ਪ੍ਰਤੀ ਵਫ਼ਾਦਾਰ ਹੈ ਅਤੇ ਨਾ ਉਸਦਾ ਲੋਕਾਈ ਦੇ ਹਿਤਾਂ ਨਾਲ ਕੋਈ ਲੈਣਾ-ਦੇਣਾ ਹੈ।

ਘਰਾਂ, ਸਿਹਤ ਸੇਵਾਵਾਂ ਅਤੇ ਜਨਤਕ ਟਰਾਂਸਪੋਰਟ ਵਰਗੇ ਖੇਤਰਾਂ ਵਿਚ ਪੂੰਜੀ-ਨਿਵੇਸ਼ ਕਰਕੇ ਲੋਕਾਂ ਨੂੰ ਮੌਜੂਦਾ ਸੰਕਟ ਤੋਂ ਵੱਡੀ ਰਾਹਤ ਦਿੱਤੀ ਜਾ ਸਕਦੀ ਹੈ। ਲਿਬਰਲ ਅਤੇ ਕਾਨਜ਼ਰਵੇਟਿਵ, ਦੋਵੇਂ ਧਿਰਾਂ ਨਿੱਜੀ ਆਮਦਨੀ ਕਰਾਂ ’ਚ ਕਟੌਤੀ ਦੀ ਗੱਲ ਕਰ ਰਹੀਆਂ ਹਨ, ਪਰ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਲਈ ਬੁਨਿਆਦੀ-ਢਾਂਚੇ ਦਾ ਲੋੜੀਂਦਾ ਵਿਸਤਾਰ ਕਰਕੇ ਇਲਾਜ ਸਹੂਲਤਾਂ ਦੀ ਗੁਣਵੱਤਾ ਵਧਾਉਣ ਅਤੇ ਇਹ ਸਹੂਲਤਾਂ ਤੱਕ ਆਮ ਨਾਗਰਿਕ ਦੀ ਪਹੁੰਚ ’ਚ ਯਕੀਨੀ ਬਣਾਉਣ ਲਈ ਕੋਈ ਠੋਸ ਨੀਤੀ ਬਣਾਉਣ ਵੱਲ ਮੂੰਹ ਨਹੀਂ ਕਰ ਰਹੀਆਂ।

ਆਮ ਨਾਗਰਿਕ ਜ਼ਿੰਦਗੀ ਦੇ ਅਸਲ ਸਰੋਕਾਰਾਂ ਬਾਰੇ ਜਾਗਰੂਕ ਹੋ ਕੇ, ਚੋਣਾਂ ’ਚ ਸੁਚੇਤ ਰਾਜਨੀਤਕ ਦਖ਼ਲਅੰਦਾਜ਼ੀ ਕਰਕੇ ਹੀ ਹੁਕਮਰਾਨਾਂ ਨੂੰ ਕੋਈ ਪਾਏਦਾਰ ਲੋਕਪੱਖੀ ਨੀਤੀ ਬਣਾਉਣ ਲਈ ਮਜਬੂਰ ਕਰ ਸਕਦੇ ਹਨ। ਬੁਨਿਆਦੀ ਤਬਦੀਲੀ ਦੀ ਰਾਜਨੀਤਕ ਚੇਤਨਾ ਜ਼ਰੂਰੀ ਹੈ। ਅਜਿਹੀ ਦਖ਼ਲਅੰਦਾਜ਼ੀ ਦੀ ਅਣਹੋਂਦ ’ਚ ਇਹ ਚੋਣਾਂ ਵੀ ਮਹਿਜ਼ ਸਰਕਾਰ ਬਦਲੀ ਤੱਕ ਸੀਮਤ ਰਹਿ ਜਾਣਗੀਆਂ।

**- ਸੰਪਾਦਕੀ ਬੋਰਡ**
















• ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ **ਪੁਸਤਕ ਮੇਲਾ** 6 ਅਪ੍ਰੈਲ 2025 ਨੂੰ (ਦੇਖੋ ਸਫ਼ਾ 9 'ਤੇ)

• ਸਵ. ਸੋਹਣ ਮਾਨ ਯਾਦਗਾਰੀ 14ਵਾਂ ਸਲਾਨਾ ਅਗਾਂਵਧੂ ਸਭਿਆਚਾਰਕ **ਨਾਟਕ ਸਮਾਗਮ** 28 ਜੂਨ 2025 ਨੂੰ (ਦੇਖੋ ਸਫ਼ਾ 39 'ਤੇ)

15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।








| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ ਸਿੰਘ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।


ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca

SHAAN CONSTRUCTION LTD.



25+ years of experience

• General Contracting
• Quality Custom Homes
• Quality Framing
• 2-5-10 Year Warranty




Call for a Free Estimate
MALKIT SWAICH
778.889.9526

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week

New Hours Mon To Fri 9am to 9 pm and 10 am to 6 pm Weekends


Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary
403-293-9360

Harpinder Sidhu INSURANCE EXPERT

Punjab Insurance Inc



SUPER VISA INSURANCE
* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

## SAROKARAN DI AWAZ

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Paul Sekhon: 403-829-5000
Bay 11 2316 27 Ave. NE, Calgary
Ph. : 403-701-4947

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕਿਸਾਨ ਮਸਲੇ, ਅੰਦੋਲਨ ਅਤੇ ਭਗਵੰਤ ਮਾਨ ਸਰਕਾਰ ਦਾ ਵਿਸਾਹਘਾਤ


ਬੂਟਾ ਸਿੰਘ
ਮਹਿਮੂਦਪੁਰ
94634-74342






3 ਮਾਰਚ ਦੀ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਬਦਤਮੀਜ਼ੀ ਕਰਨ ਤੋਂ ਬਾਅਦ ਪੂਰੇ ਪੰਜਾਬ ਵਿਚ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਅਤੇ ਫਿਰ 19 ਮਾਰਚ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਸੱਤਵੇਂ ਗੇੜ ਦੀ ਮੀਟਿੰਗ ਕਰਨ ਗਏ ਡੱਲੇਵਾਲ-ਪੰਧੇਰ ਧੜੇ ਦੇ ਆਗੂਆਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਜੇਲ੍ਹਾਂ ਵਿਚ ਡੱਕਕੇ ਅਤੇ ਸ਼ੰਭੂ ਤੇ ਖਨੌਰੀ ਮੋਰਚਿਆਂ ਨੂੰ ਖਦੇੜਕੇ ਭਗਵੰਤ ਮਾਨ ਨੇ ਜੋ ਵਿਸ਼ਵਾਸਘਾਤ ਕੀਤਾ ਹੈ, ਅਜਿਹੇ ਧੋਖੇ ਦੀ ਮਿਸਾਲ ਇਤਿਹਾਸ ਵਿਚ ਕੋਈ ਵਿਰਲੀ-ਟਾਵੀਂ ਹੀ ਹੋਵੇਗੀ। ਕੇਂਦਰ ਸਰਕਾਰ ਦੇ ਤਿੰਨ ਮੰਤਰੀਆਂ ਦੇ ਵਫ਼ਦ ਦੇ ਨਾਲ ਭਗਵੰਤ ਮਾਨ ਸਰਕਾਰ ਦੇ ਮੰਤਰੀ ਵੀ ਗੱਲਬਾਤ ਵਿਚ ਸ਼ਾਮਲ ਸਨ। ਗੱਲਬਾਤ ਦੌਰਾਨ ਐੱਮਐੱਸਪੀ ਦੇ ਸਵਾਲ ਉੱਪਰ ਕਿਸਾਨ ਆਗੂਆਂ ਨਾਲ ਬਹਿਸ ਵਿਚ ਕੇਂਦਰੀ ਮੰਤਰੀਆਂ ਦੇ ਤਿੱਖੇ ਤੇਵਰਾਂ ਤੋਂ ਬਾਅਦ ਗੱਲਬਾਤ ਦੇ ਅੱਠਵੇਂ ਗੇੜ ਦੀ ਮੀਟਿੰਗ 4 ਮਈ ਨੂੰ ਤੈਅ ਕੀਤੀ ਗਈ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ ’ਚ ਪੁਲਿਸ ਨਫਰੀ ਬਾਰਡਰਾਂ ਉੱਪਰ ਝਪਟਣ ਲਈ ਸਰਕਾਰੀ ਇਸ਼ਾਰੇ ਦੀ ਉਡੀਕ ’ਚ ਤਿਆਰ-ਬਰ-ਤਿਆਰ ਸੀ। ਚੰਡੀਗੜ੍ਹ ’ਚੋਂ ਬਾਹਰ ਨਿਕਲਦੇ ਸਾਰ ਕਿਸਾਨ ਆਗੂਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਆਗੂਆਂ ਨੇ ਮੀਡੀਆ ਨੂੰ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ ਵਿਚ ਹੋਈ ਹੈ ਅਤੇ ਗੱਲਬਾਤ ਦੀ ਅਗਲੀ ਤਰੀਕ ਤੈਅ ਕਰ ਲਈ ਗਈ ਹੈ। ਆਗੂ ਇਹ ਭਾਂਪ ਹੀ ਨਹੀਂ ਸਕੇ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮੋਰਚਿਆਂ ਉੱਪਰ ਹਮਲਾ ਕਰਨ ਦੀ ਜੰਗੀ ਪੱਧਰ ’ਤੇ ਤਿਆਰੀ ਕਰੀ ਬੈਠੀ ਹੈ। ਇਹ ਸੰਭਵ ਹੈ ਕਿ ਭਗਵੰਤ ਮਾਨ ਵੱਲੋਂ ਇਹ ਯੋਜਨਾ ਮੋਦੀ ਸਰਕਾਰ ਨਾਲ ਮੀਟਿੰਗ ਕਰਕੇ ਬਣਾਈ ਗਈ ਹੋਵੇ (ਜਿਵੇਂ ਕਿ ਬੀਬੀਸੀ ਨਿਊਜ਼ ਪੰਜਾਬੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ) ਅਤੇ ਮੀਟਿੰਗ ਵਿਚ ਭੇਜੇ ਪੰਜਾਬ ਦੇ ਮੰਤਰੀਆਂ ਨੂੰ ਵੀ ਇਸ ਦੀ ਭਿਣਕ ਨਾ ਹੋਵੇ, ਕਿਉਂਕਿ ਸਾਰੇ ਫ਼ੈਸਲੇ ਤਾਂ ਕੇਜਰੀਵਾਲ ਵੱਲੋਂ ਲਗਾਏ ਨੌਕਰਸ਼ਾਹਾਂ ਵੱਲੋਂ ਲਏ ਜਾ ਰਹੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਭਗਵੰਤ ਮਾਨ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਭਾਜਪਾ ਦੇ ਮੰਤਰੀ ਵੀ ਕਰ ਰਹੇ ਹਨ।

ਇਨ੍ਹਾਂ ਦੋਹਾਂ ਜਾਬਰ ਹੱਲਿਆਂ ਨੇ ਝਾੜੂ ਬਰਗੇਡ ਦਾ ਲੋਕ ਹਿਤੈਸ਼ੀ ਹੋਣ ਦਾ ਦੰਭ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਡੱਲੇਵਾਲ-ਪੰਧੇਰ ਸਮੇਤ ਬਹੁਤ ਸਾਰੇ ਆਗੂਆਂ ਅਤੇ ਕਿਸਾਨਾਂ ਨੂੰ ਹਿਰਾਸਤ ਵਿਚ ਲੈਣਾ, ਔਰਤਾਂ ਸਮੇਤ ਬਹੁਤ ਸਾਰੇ ਕਿਸਾਨ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦੇਣਾ, ਜਗਜੀਤ ਸਿੰਘ ਡੱਲੇਵਾਲ ਨੂੰ ਨਜ਼ਰਬੰਦ ਰੱਖਣਾ, ਕਿਸਾਨਾਂ ਦੇ ਬਣਾਏ ਰੈਣ-ਬਸੇਰੇ ਬੇਕਿਰਕੀ ਨਾਲ ਬੁਲਡੋਜ਼ਰ ਚਲਾਕੇ ਤਹਿਸ-ਨਹਿਸ ਕਰਨੇ, ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਅਤੇ ਹੋਰ ਸਮਾਨ ਧਾੜਵੀਆਂ ਵਾਂਗ ਚੁੱਕ ਲਿਜਾਣਾ ਜਾਣਾ, ਪੁਲਿਸ ਵੱਲੋਂ ਸਮਾਨ ਭੰਨ-ਤੋੜ ਦੇਣਾ ਅਤੇ ਚੋਰੀ ਕਰਕੇ ਲੈ ਜਾਣਾ, ਮੈਡੀਕਲ ਸੇਵਾਵਾਂ ਦੇ ਰਹੀ ਡਾ. ਸਵੈਮਾਨ ਸਿੰਘ ਦੀ ਮੈਡੀਕਲ ਟੀਮ ਨੂੰ ਵੀ ਨਾ ਬਖ਼ਸ਼ਣਾ, ਇੰਤਹਾ ਘਿਣਾਉਣੀ ਹਰਕਤ ਹੈ ਜਿਸਦੀ ਜ਼ੁਅਰਤ ਤਾਂ ਦਿੱਲੀ ਕਿਸਾਨ ਅੰਦੋਲਨ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਨੇ ਵੀ ਨਹੀਂ ਸੀ ਕੀਤੀ। ਵਪਾਰੀਆਂ ਵੱਲੋਂ ਧਰਨੇ ਚੁਕਾਉਣ ਦੀ ਖ਼ੁਸ਼ੀ ’ਚ ਲੱਡੂ ਵੰਡਣ ਅਤੇ ਮੰਦਰਾਂ ਵਿਚ ਪੂਜਾ ਕਰਨ ਅਤੇ ਧਰਨਿਆਂ ਕਾਰਨ ਕਾਰੋਬਾਰਾਂ ਦੇ ਨੁਕਸਾਨ ਬਾਰੇ ਕਾਰੋਬਾਰੀ ਵਰਗ ਦੇ ਸਤੱਹੀ ਪ੍ਰਭਾਵਾਂ ਦੀਆਂ ਖ਼ਬਰਾਂ ਚੈਨਲਾਂ ਉੱਪਰ ਚਲਾ ਕੇ ਸੱਤਾਧਾਰੀ ਧਿਰ ਕਿਸਾਨ ਅੰਦੋਲਨ ਦੇ ਅਕਸ ਨੂੰ ਢਾਹ ਲਾਉਣ ਲਈ ਪੂਰਾ ਤਾਣ ਲਾ ਰਹੀ ਹੈ । ਬੇਸ਼ੱਕ ਕਿਸਾਨ ਅੰਦੋਲਨ ਨੂੰ ਪਾੜਨ ਤੇ ਬਦਨਾਮ ਕਰਨ ਲਈ ਹਮਲਾ ਨਵੀਂ ਗੱਲ ਨਹੀਂ ਹੈ। ਪਰ ਕਿਸਾਨਾਂ ਅਤੇ ਵਪਾਰੀਆਂ ’ਚ ਪਾੜਾ ਪਾਉਣ ਅਤੇ ਕਿਸਾਨ ਸੰਘਰਸ਼ ਵਿਰੁੱਧ ਨਫ਼ਰਤ ਭੜਕਾਉਣ ਲਈ ਧਰਨਿਆਂ ਨਾਲ ਆਰਥਕ ਨੁਕਸਾਨ ਦਾ ਝੂਠਾ ਬਿਰਤਾਂਤ ਚਲਾਉਣ ਅਤੇ ਲੋਕ ਵਿਰੋਧੀ ਨੀਤੀਆਂ ਤੋਂ ਧਿਆਨ ਹਟਾਉਣ ’ਚ ਝਾੜੂ ਬਰਗੇਡ ਭਾਜਪਾ ਤੋਂ ਵੀ ਚਾਰ ਕਦਮ ਅੱਗੇ ਹੈ। ਸਰਕਾਰਾਂ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਕਾਰਨ ਪੰਜਾਬ ਦੀਆਂ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਅਤੇ ਛੋਟੇ ਕਾਰੋਬਾਰ ਵੱਡੇ ਪੱਧਰ ’ਤੇ ਤਬਾਹ ਹੋਏ ਹਨ ਪਰ ਸਰਕਾਰਾਂ ਵੱਲੋਂ ਛੋਟੇ ਤੇ ਪ੍ਰਚੂਨ ਕਾਰੋਬਾਰਾਂ ਨੂੰ ਬਚਾਉਣ ਦੀ ਬਜਾਏ ਸਾਮਰਾਜੀ ਕੰਪਨੀਆਂ ਨੂੰ ਛੋਟਾਂ ਤੇ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਭਗਵੰਤ ਮਾਨ ਸਰਕਾਰ ਨੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਤਬਾਹੀ ਤੋਂ ਬਚਾਉਣ ਲਈ ਤਾਂ ਕੁਝ ਨਹੀਂ ਕੀਤਾ, ਉਲਟਾ ਇਸਨੇ ਕਾਰੋਬਾਰੀ ਵਰਗ ਦੀ ਬੇਚੈਨੀ ਤੇ ਮਾਯੂਸੀ ਨੂੰ ਕਾਰੋਬਾਰੀਆਂ ਅਤੇ ਕਿਸਾਨਾਂ ’ਚ ਪਾਟਕ ਪਾਉਣ ਅਤੇ ਕਿਸਾਨਾਂ ਵਿਰੁੱਧ ਨਫ਼ਰਤ ਭੜਕਾਉਣ ਲਈ ਵਰਤਣ ਦੀ ਘਿਣਾਉਣੀ ਚਾਲ ਖੇਡਣ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਭਗਵੰਤ ਮਾਨ ਵਜ਼ਾਰਤ ਆਪਣੇ ਇਕ ਝੂਠ ਨੂੰ ਲੁਕੋਣ ਲਈ ਪੈਰ-ਪੈਰ ’ਤੇ ਨਵਾਂ ਝੂਠ ਘੜ ਰਹੀ ਹੈ। ਹਰਪਾਲ ਚੀਮਾ, ਮੀਤ ਹੇਅਰ ਤੇ ਮਰੀਆਂ ਜ਼ਮੀਰਾਂ ਵਾਲੇ ਹੋਰ ਮੰਤਰੀ ਕਹਿ ਰਹੇ ਹਨ ਕਿ ਧਰਨਿਆਂ ਨਾਲ ਪੰਜਾਬ ਦੇ ਕਾਰੋਬਾਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ; ਕਿ ਸਰਕਾਰ ਨੇ ਤਾਂ ਮੋਰਚੇ ਪੰਜਾਬ ਦੇ ਆਰਥਕ ਹਿਤ ਲਈ ਹਟਾਏ ਹਨ। ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ।

ਪਹਿਲੀ ਗੱਲ, ਸੜਕਾਂ ਕਿਸਾਨਾਂ ਨੇ ਨਹੀਂ ਰੋਕੀਆਂ। ਡੱਲੇਵਾਲ-ਪੰਧੇਰ ਦੇ ਫੋਰਮਾਂ ਦੀ ਅਗਵਾਈ ਹੇਠ ਕਿਸਾਨ ਦਿੱਲੀ ਜਾ ਕੇ ਆਪਣੀਆਂ ਮੰਗਾਂ ਬਾਰੇ ਆਵਾਜ਼ ਉਠਾਉਣਾ ਚਾਹੁੰਦੇ ਸਨ, ਪਰ ਕੇਂਦਰ ਸਰਕਾਰ ਦੇ ਇਸ਼ਾਰੇ ’ਤੇ ਹਰਿਆਣੇ ਦੀ ਭਾਜਪਾ ਸਰਕਾਰ ਨੇ ਭਾਰੀ ਪੁਲਿਸ ਫੋਰਸ ਲਾ ਕੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਦੇ ਕਾਫ਼ਲੇ ਰੋਕ ਦਿੱਤੇ। ਦਿੱਲੀ ਪੁਲਿਸ ਨੇ ਸੋਨੀਅਤ-ਦਿੱਲੀ ਨੈਸ਼ਨਲ ਹਾਈਵੇਅ ਉੱਪਰ ਕੰਕਰੀਟ ਦੇ ਬਹੁਪਰਤੀ ਬੈਰੀਕੇਡ ਉਸਾਰ ਦਿੱਤੇ ਅਤੇ ਹਰਿਆਣਾ ਪੁਲਿਸ ਨੇ ਦਿੱਲੀ ਪੁਲਿਸ ਦੀ ਤਰਜ਼ ’ਤੇ ਸ਼ੰਭੂ ਬਾਰਡਰ ਉੱਪਰ ਕੰਟਰੀਟ ਦੀਆਂ ਕੰਧਾਂ ਉਸਾਰ ਦਿੱਤੀਆਂ ਤਾਂ ਜੋ ਵਾਹਨਾਂ ਦੀ ਆਵਾਜਾਈ ਬੰਦ ਕਰਕੇ ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਨਫ਼ਰਤ ਫੈਲਾਊ ਬਿਰਤਾਂਤ ਚਲਾਇਆ ਜਾ ਸਕੇ। ਫਿਰ ਕਿਸਾਨਾਂ ਦੀ ਪੈਦਲ ਦਿੱਲੀ ਜਾਣ ਦੀ ਕੋਸ਼ਿਸ਼ ਵੀ ਪੁਲਿਸ ਜਬਰ ਦੁਆਰਾ ਅਸਫ਼ਲ ਬਣਾ ਦਿੱਤੀ ਗਈ।ਇਨ੍ਹਾਂ ਰੋਕਾਂ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਇਕ ਹਫ਼ਤੇ ’ਚ ਬੈਰੀਕੇਡ ਹਟਾਉਣ ਦਾ ਆਦੇਸ਼ ਦਿੱਤਾ ਪਰ ਭਗਵੰਤ ਮਾਨ ਸਰਕਾਰ ਨੇ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਲਾਗੂ ਕਰਾਉਣ ਦੀ ਕਦੇ ਲੋੜ ਹੀ ਨਹੀਂ ਸਮਝੀ। ਇਹ ਜੱਗ ਜ਼ਾਹਿਰ ਹੈ ਕਿ ਹਾਈਵੇਅ ਕਿਸਾਨਾਂ ਨੇ ਨਹੀਂ ਸਗੋਂ ਹਰਿਆਣਾ ਸਰਕਾਰ ਨੇ ਰੋਕੇ ਹੋਏ ਸਨ, ਭਗਵੰਤ ਮਾਨ ਸਰਕਾਰ ਖ਼ੁਦ ਵੀ ਇਹੀ ਕਹਿੰਦੀ ਰਹੀ ਹੈ। ਹੁਣ ਅਚਾਨਕ ਇਸ ਨੂੰ ਭਾਜਪਾ ਦੇ ਝੂਠ ਦੀ ਮੁਹਾਰਨੀ ਰਟਣ ਦੀ ਲੋੜ ਕਿਉਂ ਪਈ, ਭਗਵੰਤ ਮਾਨ ਦੀ ਅਸਲ ਖ਼ਸਲਤ ਨੂੰ ਸਮਝਕੇ ਹੀ ਇਸ ਨੂੰ ਸਹੀ ਸਮਝਿਆ ਜਾ ਸਕਦਾ ਹੈ। ਜੇ ਆਵਾਜਾਈ ਵਿਚ ਅੜਿੱਕਾ ਪੈਣ ਨਾਲ ਕਾਰੋਬਾਰ ਉੱਪਰ ਕੋਈ ਅਸਰ ਪੈ ਰਿਹਾ ਸੀ ਤਾਂ ਉਸਦੀ ਜ਼ਿੰਮੇਵਾਰ ਹਰਿਆਣਾ ਸਰਕਾਰ ਸੀ ਜਿਸਨੇ ਪੱਕੇ ਬੈਰੀਕੇਡ ਉਸਾਰੇ ਅਤੇ ਨਾਲ ਹੀ ਪੰਜਾਬ ਸਰਕਾਰ, ਜਿਸਨੇ ਇਹ ਬੈਰੀਕੇਡ ਹਟਾਉਣ ਲਈ ਕੇਂਦਰ ਅਤੇ ਹਰਿਆਣਾ ਸਰਕਾਰਾਂ ਨਾਲ ਮੱਥਾ ਲਾਉਣ ਤੋਂ ਹਮੇਸ਼ਾ ਟਾਲਾ ਵੱਟਿਆ। ਸਵਾਲ ਇਹ ਹੈ ਕਿ ਜੋ ਬੁਲਡੋਜ਼ਰ ਕਿਸਾਨਾਂ ਨੂੰ ਖਦੇੜਨ ਲਈ ਚਲਾਏ ਗਏ, ਉਹ ਭਗਵੰਤ ਮਾਨ ਨੇ ਹਰਿਆਣਾ ਸਰਕਾਰ ਵੱਲੋਂ ਨੈਸ਼ਨਲ ਹਾਈਵੇਅ ਉੱਪਰ ਉਸਾਰੀਆਂ ਕੰਕਰੀਟ ਦੀਆਂ ਗ਼ੈਰਕਾਨੂੰਨੀ ਕੰਧਾਂ ਨੂੰ ਢਾਹੁਣ ਅਤੇ ਕਿਸਾਨਾਂ ਦਾ ਦਿੱਲੀ ਵਿਚ ਜਾਣ ਦਾ ਹੱਕ ਬਹਾਲ ਕਰਾਉਣ ਲਈ ਕਿਉਂ ਨਹੀਂ ਭੇਜੇ ਗਏ?

ਜਿੱਥੋਂ ਤੱਕ ਵਪਾਰਕ ਕਾਰੋਬਾਰਾਂ ਦੇ ਨੁਕਸਾਨ ਦਾ ਸਵਾਲ ਹੈ, ਰਸਤਾ ਰੁਕਣ ਨਾਲ ਆਮ ਲੋਕਾਈ ਨੂੰ ਕੁਝ ਸਮੱਸਿਆ ਤਾਂ ਆਉਂਦੀ ਹੀ ਹੈ ਚਾਹੇ ਕੋਈ ਵੀ ਅੰਦੋਲਨ ਹੋਵੇ। ਤੱਥ ਇਹ ਹੈ ਕਿ ਇਸਦੇ ਬਾਵਜੂਦ ਬਾਰਡਰਾਂ ਉੱਪਰ ਰਸਤਾ ਬਦਲਕੇ ਢੋਆ-ਢੁਆਈ ਅਤੇ ਆਵਾਜਾਈ ਚੱਲਦੀ ਰਹੀ ਹੈ, ਖ਼ਾਸ ਕਰਕੇ ਖਨੌਰੀ ਬਾਰਡਰ ਦੇ ਆਰ-ਪਾਰ ਤਾਂ ਕਾਰੋਬਾਰ ਕਦੇ ਵੀ ਬੰਦ ਨਹੀਂ ਹੋਇਆ। ਰਾਜ ਸਰਕਾਰ ਲਈ ਸਭ ਤੋਂ ਵੱਡਾ ਸਰੋਕਾਰ ਤਾਂ ਪੰਜਾਬ ਦੇ ਲੋਕਾਂ ਨੂੰ ਮੁਲਕ ਦੀ ਰਾਜਧਾਨੀ ਵਿਚ ਜਾ ਕੇ ਆਪਣੀਆਂ ਮੰਗਾਂ ਲਈ ਆਵਾਜ਼ ਉਠਾਉਣ ਤੋਂ ਰੋਕਣ ਅਤੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੇ ਖੇਤਰ ਵਿਚ ਦਾਖ਼ਲ ਹੋ ਕੇ ਕਿਸਾਨਾਂ ਉੱਪਰ ਗੋਲੀਬਾਰੀ ਕਰਨ ਅਤੇ ਹੱਤਿਆ ਕਰਨ ਦਾ ਮੁੱਦਾ ਹੋਣਾ ਚਾਹੀਦਾ ਸੀ। ਇਹ ਆਰਐੱਸਐੱਸ-ਭਾਜਪਾ ਹਕੂਮਤ ਦਾ ਪੰਜਾਬ ਦੇ ਲੋਕਾਂ ਦੇ ਜਮਹੂਰੀ ਹੱਕ ਉੱਪਰ ਸਿੱਧਾ ਹਮਲਾ ਸੀ, ਪਰ ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦਾ ਡੰਗਿਆ ਭਗਵੰਤ ਮਾਨ ਇਸ ਹੱਕ ਦੀ ਪੈਰਵਾਈ ਕਰਨ ਬਾਰੇ ਬੇਸ਼ਰਮੀਂ ਨਾਲ ਚੁੱਪ ਹੈ, ਉਲਟਾ ਕਿਸਾਨ ਅੰਦੋਲਨ ਨੂੰ ਹੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਬਣਾ ਕੇ ਪੇਸ਼ ਕਰ ਰਿਹਾ ਹੈ।

20 ਮਾਰਚ ਨੂੰ ਇਕ ਪਾਸੇ ਉਪਰੋਕਤ ਜਬਰ ਵਿਰੁੱਧ ਰੋਸ ਪ੍ਰਗਟਾ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੂਜੇ ਪਾਸੇ ਪੰਜਾਬ ਦੇ ਖੇਤੀਬਾੜੀ ਮੰਤਰੀ ਵੱਲੋਂ ਐੱਸਕੇਐੱਮ ਨੂੰ 21 ਮਾਰਚ ਨੂੰ ਗੱਲਬਾਤ ਲਈ ਸੱਦਾ ਭੇਜਿਆ ਗਿਆ। ਭਗਵੰਤ ਮਾਨ ਐੱਸਕੇਐੱਮ ਨੂੰ ਬਦਨਾਮ ਕਰਨ ਲਈ ਮੀਡੀਆ ਅੱਗੇ ਸਰੇਆਮ ਝੂਠ ਬੋਲਦਾ ਰਿਹਾ ਕਿ ਐੱਸਕੇਐੱਮ ਦੇ ਮੰਗ-ਪੱਤਰ ਦੀਆਂ ਅਠਾਰਾਂ ਮੰਗਾਂ ਵਿੱਚੋਂ ਇਕ ਵੀ ਮੰਗ ਪੰਜਾਬ ਸਰਕਾਰ ਨਾਲ ਸੰਬੰਧਤ ਨਹੀਂ ਹੈ, ਹੁਣ ਉਸਦੇ ਖੇਤੀਬਾੜੀ ਮੰਤਰੀ ਨੇ 21 ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਕਿਸ ਅਧਾਰ ’ਤੇ ਸੱਦਿਆ? ਜੇ ਮੰਗਾਂ ਪੰਜਾਬ ਸਰਕਾਰ ਨਾਲ ਸੰਬੰਧਤ ਹੀ ਨਹੀਂ, ਫਿਰ ਮੀਟਿੰਗ ਕਾਹਦੇ ਲਈ? ਜੇ ਮੰਗਾਂ ਉੱਪਰ ਮੀਟਿੰਗ ਹੋ ਸਕਦੀ ਹੈ ਤਾਂ ਕੀ ਭਗਵੰਤ ਮਾਨ ਉਸ ਮਹਾਂ-ਝੂਠ ਲਈ ਪੰਜਾਬ ਦੇ ਲੋਕਾਂ ਤੋਂ ਮਾਫ਼ੀ ਮੰਗੇਗਾ ਜੋ ਉਸਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਬੋਲਿਆ? ਐੱਸਕੇਐੱਮ ਅਤੇ ਬੀਕੇਯੂ ਏਕਤਾ-ਉਗਰਾਹਾਂ ਨੇ ਰਾਜ ਸਰਕਾਰ ਦੇ ਗੱਲਬਾਤ ਦੇ ਇਸ ਫੁੱਟ-ਪਾਊ ਸੱਦੇ ਨੂੰ ਹੁੰਗਾਰਾ ਨਹੀਂ ਦਿੱਤਾ। ਐੱਸਕੇਐੱਮ ਨੇ ਚੰਡੀਗੜ੍ਹ ਜਾਣ ਦਾ ਪ੍ਰੋਗਰਾਮ ਫ਼ਿਲਹਾਲ ਮੁਲਤਵੀ ਕਰ ਦਿੱਤਾ, ਇਸ ਦੀ ਥਾਂ 28 ਮਾਰਚ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਾ ਸਦਰ-ਮੁਕਾਮਾਂ ਉੱਪਰ ਜਬਰ ਵਿਰੋਧੀ ਮੁਜ਼ਾਹਰੇ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ-ਪੱਤਰ ਭੇਜਣ ਦਾ ਫ਼ੈਸਲਾ ਲਿਆ ਹੈ। ਪੰਧੇਰ ਦੀ ਅਗਵਾਈ ਵਾਲੀ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਸਟੈਂਡ ਲਿਆ ਹੈ ਕਿ ਉਹ ਆਪਣੇ ਜੇਲ੍ਹ ਬੰਦ ਆਗੂਆਂ ਦੀ ਜ਼ਮਾਨਤ ਨਹੀਂ ਕਰਾਉਣਗੇ।

ਰਾਜਨੀਤਕ ਵਿਸ਼ਲੇਸ਼ਣਕਾਰਾਂ ’ਚ ਇਹ ਵੀ ਚਰਚਾ ਹੈ ਕਿ ਆਪਣੇ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਚੱਲ ਰਹੀ ਜਾਂਚ ਨੂੰ ਦੇਖਦਿਆਂ ਕੇਜਰੀਵਾਲ ਵੱਲੋਂ ਮੁੜ ਜੇਲ੍ਹ ਭੇਜੇ ਜਾਣ ਦੀ ਸੰਭਾਵਨਾ ਦੇ ਦਬਾਅ ਹੇਠ ਕੇਂਦਰ ਸਰਕਾਰ ਨਾਲ ਕੋਈ ਅੰਦਰੂਨੀ ਸੌਦੇਬਾਜ਼ੀ ਕੀਤੀ ਹੋ ਸਕਦੀ ਹੈ। ਮਖੌਟਾ ਲਾਹ ਕੇ ਸਾਹਮਣੇ ਆਏ ਭਗਵੰਤ ਮਾਨ ਦੇ ਇਸ ਤਾਨਾਸ਼ਾਹ ਕਿਰਦਾਰ ਦਾ ਇਕ ਵੱਡਾ ਕਾਰਨ ਲੁਧਿਆਣਾ ਪੱਛਮੀ ਦੀ ਜ਼ਿਮਨੀ-ਚੋਣ ਦੀ ਰਾਜਨੀਤਕ ਗਿਣਤੀ-ਮਿਣਤੀ ਵੀ ਮੰਨਿਆ ਜਾ ਰਿਹਾ ਹੈ ਜਿੱਥੋਂ ‘ਆਪ’ ਵਿਧਾਇਕ ਗੁਰਪ੍ਰੀਤ ਗੋਗੀ ਦੀ ਸ਼ੱਕੀ ਹਾਲਾਤ ਵਿਚ ਮੌਤ ਤੋਂ ਬਾਅਦ ਖਾਲੀ ਹੋਈ ਸ਼ਹਿਰੀ ਸੀਟ ਦੀ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ। ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਵਿਰੁੱਧ ਸਾਰੇ ਵਰਗਾਂ ਵਿਚ ਫੈਲੀ ਹੋਈ ਬੇਚੈਨੀ ਅਤੇ ਦਿੱਲੀ ਚੋਣਾਂ ਵਿਚ ਝਾੜੂ ਬਰਗੇਡ ਦਾ ਸਫ਼ਾਇਆ ਹੋਣ ਦੇ ਮੱਦੇਨਜ਼ਰ ਸ਼ਾਤਰ ਕੇਜਰੀਵਾਲ ਕੋਲ ਪੰਜਾਬ ਦੀ ਸੱਤਾ ਦਾ ਲਾਹਾ ਲੈਣ ਦਾ ਰਾਹ ਹੀ ਬਚਿਆ ਹੈ। ਇਹ ਵੀ ਸੰਭਵ ਹੈ ਕਿ ਇਸ ਖਾਲੀ ਹੋਈ ਸੀਟ ਤੋਂ ਉਸ ਨੂੰ ਰਾਜ ਸਭਾ ਮੈਂਬਰ ਬਣਾ ਦਿੱਤਾ ਜਾਵੇ। ਪੰਜਾਬ ਦੇ ਸਰਕਾਰੀ ਖਜ਼ਾਨੇ ਦਾ ਕੇਜਰੀਵਾਲ ਦੇ ਰਾਜਨੀਤਕ ਹਿਤਾਂ ਲਈ ਉਜਾੜਾ ਵੱਡਾ ਮੁੱਦਾ ਬਣਦਾ ਰਿਹਾ ਹੈ। ਹੁਣ ਮਨੀਸ਼ ਸਿਸੌਦੀਆ ਅਤੇ ਸਤੇਂਦਰ ਜੈਨ ਨੂੰ ਪੰਜਾਬ ਦੇ ਇੰਚਾਰਜ ਅਤੇ ਸਹਿ-ਇੰਚਾਰਜ ਥਾਪਕੇ ਇਸ ਉਜਾੜੇ ਵਿਚ ਹੋਰ ਵਾਧਾ ਕਰਨ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ, ਜਦਕਿ ਇਹ ਦੋਵੇਂ ਸ਼ਖ਼ਸ ਭ੍ਰਿਸ਼ਟਾਚਾਰ ਦੇ ਕੇਸ ਵਿਚ ਜੇਲ੍ਹ ਵਿਚ ਰਹਿ ਚੁੱਕੇ ਹਨ। ਉਪਰੋਕਤ ਸ਼ਹਿਰੀ ਸੀਟ ਜਿੱਤਣੀ ਐਨੀ ਸੌਖੀ ਨਹੀਂ ਹੈ। ਇਸ ਲਈ ਕੇਜਰੀਵਾਲ-ਭਗਵੰਤ ਦਾ ਲੁਧਿਆਣਾ ਦੇ ਕਾਰੋਬਾਰੀ ਤਬਕੇ ਦੀਆਂ ਵੋਟਾਂ ਬਟੋਰਨ ਲਈ ਕਿਸਾਨ ਵਿਰੋਧੀ ਝੂਠੇ ਬਿਰਤਾਂਤ ਦਾ ਸਹਾਰਾ ਲੈਣਾ ਸੁਭਾਵਿਕ ਹੈ। ਸੰਘਰਸ਼ਸ਼ੀਲ ਕਿਸਾਨਾਂ ਉੱਪਰ ਸ਼ਿਕੰਜਾ ਕੱਸਣ ਦੇ ਭਾਜਪਾ ਹਕੂਮਤ ਦੇ ਦਬਾਅ ਨੂੰ ਇਹ ਮੌਕਾਪ੍ਰਸਤ ਗੈਂਗ ਕਿੰਨਾ ਕੁ ਸਮਾਂ ਟਾਲ ਸਕਦਾ ਸੀ । ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦੇ ਪੈਰੋਕਾਰ ਕੰਗਰੋੜਹੀਣ ਭਗਵੰਤ ਮਾਨ ਵਿਚ ਮੋਦੀ-ਸ਼ਾਹ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਧੌਂਸ ਅੱਗੇ ਖੜ ਤੇ ਅੜ ਸਕਣ ਦੀ ਤਾਕਤ ਨਹੀਂ ਹੈ। ਭਗਵੰਤ ਮਾਨ ਕਿਸਾਨ ਜਥੇਬੰਦੀਆਂ ਦੀਆਂ ਉਨ੍ਹਾਂ ਜਾਇਜ਼ ਮੰਗਾਂ ਉੱਪਰ ਚਰਚਾ ਤੋਂ ਵੀ ਲਗਾਤਾਰ ਪੱਲਾ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਰਾਜ ਸਰਕਾਰ ਦੇ



ਅਧਿਕਾਰ ਖੇਤਰ ਦੀਆਂ ਮੰਗਾਂ ਹਨ।ਉਹ ਵਾਅਦਾ ਖਿਲਾਫ਼ੀ ਵਿਰੁੱਧ ਸ਼ਾਂਤਮਈ ਅੰਦੋਲਨਾਂ ਉੱਪਰ ਝਪਟਣ ਲਈ ਪੁਲਿਸ ਨੂੰ ਬੇਲਗਾਮ ਕਰਨਾ ਹੀ ਜਾਣਦਾ ਹੈ।

ਇਹ ਠੀਕ ਹੈ ਕਿ ਕਿਸਾਨ ਜਥੇਬੰਦੀਆਂ 'ਚ ਏਕਤਾ ਦੀ ਘਾਟ ਨੇ ਵੀ ਭਗਵੰਤ-ਕੇਜਰੀਵਾਲ ਗੈਂਗ ਨੂੰ ਕਿਸਾਨ ਅੰਦੋਲਨ ਉੱਪਰ ਝਪਟਣ ਲਈ ਉਤਸ਼ਾਹਤ ਕੀਤਾ ਹੈ। ਇਹ ਸੱਚ ਹੈ ਕਿ ਵੱਡੀਆਂ-ਛੋਟੀਆਂ ਕਿਸਾਨ ਜਥੇਬੰਦੀਆਂ ਦੇ ਰਾਜਨੀਤਕ ਨਜ਼ਰੀਏ, ਪ੍ਰੋਗਰਾਮ, ਲੜਨ ਦੇ ਤੌਰ-ਤਰੀਕੇ ਅਤੇ ਹਾਕਮ ਜਮਾਤੀ ਪਾਰਟੀਆਂ ਨਾਲ ਰਿਸ਼ਤੇ ਵੱਖੋ-ਵੱਖਰੇ ਹਨ। ਉਨ੍ਹਾਂ ਦੀ ਲੜਾਈ ਦੀ ਵਚਨਬੱਧਤਾ, ਸੰਘਰਸ਼ ਨੂੰ ਅਗਵਾਈ ਦੇਣ ਲਈ ਜ਼ਰੂਰੀ ਸਪਸ਼ਟ ਸਮਝ ਅਤੇ ਜਨਤਕ ਲਾਮਬੰਦੀ ਦੀ ਪਹੁੰਚ ਵੀ ਵੱਖੋ-ਵੱਖਰੀ ਹੈ। ਇਸੇ ਕਰਕੇ ਹੀ ਕਿਸਾਨਾਂ ਦੀ ਲਾਮਬੰਦੀ ਦੀ ਤਾਕਤ ਅਤੇ ਸੰਘਰਸ਼ ਵਿਚ ਲਗਾਤਾਰ ਡੱਟੇ ਰਹਿਣ ਲਈ ਉਨ੍ਹਾਂ ਵੱਲੋਂ ਦਿਖਾਈ ਜਾਂਦੀ ਦ੍ਰਿੜਤਾ ਵੀ ਵੱਖੋ-ਵੱਖਰੀ ਹੈ। ਡੱਲੇਵਾਲ-ਪੰਧੇਰ ਦੇ ਫੋਰਮਾਂ ਵੱਲੋਂ ਐੱਸਕੇਐੱਮ ਨੂੰ ਢਾਹ ਲਾਉਣ ਲਈ ਨਿਸ਼ਾਨੇ 'ਤੇ ਲੈਣ, ਐੱਸਕੇਐੱਮ ਦੀਆਂ ਏਕਤਾ ਕੋਸ਼ਿਸ਼ਾਂ ਨੂੰ ਹੁੰਗਾਰਾ ਨਾ ਦੇ ਕੇ ਅੱਡ ਸੰਘਰਸ਼ ਰਾਹੀਂ ਵੱਧ ਲੜਾਕੂ ਹੋਣ ਦੀ ਭੱਲ ਬਣਾਉਣ 'ਚ ਗ੍ਰਸਤ ਹੋਣ ਅਤੇ ਦੂਜੇ ਪਾਸੇ, ਐੱਸਕੇਐੱਮ ਦੀਆਂ ਸਾਰੀਆਂ ਜਥੇਬੰਦੀਆਂ ਅੰਦਰ ਦਿੱਲੀ ਤੋਂ ਵਾਪਸ ਆ ਕੇ ਰਹਿੰਦੀਆਂ ਮੰਗਾਂ ਉੱਪਰ ਬੱਝਵਾਂ, ਵਿਸ਼ਾਲ ਅੰਦੋਲਨ ਵਿੱਢਣ ਲਈ ਪਹਿਲਾਂ ਵਾਲੀ ਦ੍ਰਿੜਤਾ ਅਤੇ ਜੁਝਾਰੂ ਭਾਵਨਾ ਬਰਕਰਾਰ ਨਾ ਰਹਿ ਸਕਣ ਕਾਰਨ ਕਿਸਾਨਾਂ ਦੀ ਜਥੇਬੰਦਕ ਤਾਕਤ ਦਾ ਦਬ-ਦਬਾਅ ਕਮਜ਼ੋਰ ਪੈ ਗਿਆ। ਉਨ੍ਹਾਂ ਦੇ ਲੜਾਕੂ ਅਕਸ ਨੂੰ ਸਪਸ਼ਟ ਤੌਰ 'ਤੇ ਖ਼ੋਰਾ ਲੱਗਿਆ ਹੈ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਇਸਦਾ ਲਾਹਾ ਲੈਣ ਲਈ ਕਿਸਾਨ ਵਿਰੋਧੀ ਬਿਰਤਾਂਤ ਚਲਾਉਣ ਲਈ ਆਪਣੇ ਮੀਡੀਆ ਵਿੰਗ ਝੋਕ ਦਿੱਤੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਕੇਜਰੀਵਾਲ-ਭਗਵੰਤ ਦੀ ਕਿਸਾਨ ਆਗੂਆਂ ਨਾਲ ਵਿਸ਼ਵਾਸਘਾਤ ਕਰਨ, ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਬੁਲਡੋਜ਼ਰ ਭੇਜਣ ਅਤੇ ਪੁਲਿਸ ਤਾਕਤ ਦੇ ਜ਼ੋਰ ਕਿਸਾਨ ਅੰਦੋਲਨ ਨੂੰ ਸੱਟ ਮਾਰਨ ਦੀ ਜ਼ੁਅਰਤ ਪਈ ਹੈ ਜੋ ਇਕ ਸਮੇਂ ਕਿਸਾਨੀ ਦੀਆਂ ਕਾਂਗਰਸ ਤੇ ਅਕਾਲੀ ਦਲ ਵਿਰੋਧੀ ਭਾਵਨਾਵਾਂ ਦਾ ਲਾਹਾ ਲੈਣ ਲਈ ਕਿਸਾਨ ਆਗੂਆਂ ਦੇ ਪੈਰ ਮਿੱਧਦੇ ਫਿਰਦੇ ਸਨ। ਮੋਦੀ-ਅਮਿਤ ਸ਼ਾਹ ਦੇ ਫਾਸ਼ੀਵਾਦੀ ਕੁਹਾੜੇ ਦਾ ਦਸਤਾ ਬਣੇ ਝਾੜੂ ਬਰਗੇਡ ਦਾ ਵਿਸ਼ਵਾਸਘਾਤ ਦੇਖਕੇ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੂੰ ਭਰਮ ਹੈ ਕਿ ਰਾਜਨੀਤਕ ਠੱਗਾਂ ਦਾ ਇਹ ਟੋਲਾ ਪੰਜਾਬ ਦੇ ਹਿਤ 'ਚ ਬਦਲਾਅ ਲਿਆਉਣਾ ਚਾਹੁੰਦਾ ਹੈ। ਆਉਣ ਵਾਲੇ ਸਮੇਂ 'ਚ ਇਹ ਸਰਕਾਰ ਕਿਸਾਨੀ ਦੀ ਕੀਮਤ 'ਤੇ ਕਾਰਪੋਰੇਟ ਸਰਮਾਏਦਾਰੀ ਪੱਖੀ ਹੋਰ ਵੀ ਘਾਤਕ ਫ਼ੈਸਲੇ ਲਵੇਗੀ। ਇਹ ਕੇਂਦਰ ਸਰਕਾਰ ਨੂੰ ਖ਼ੁਸ਼ ਕਰਨ ਲਈ ਕਿਸਾਨ ਅੰਦੋਲਨ ਉੱਪਰ ਹੋਰ ਰੋਕਾਂ ਲਾਉਣ ਦੀ ਕੋਸ਼ਿਸ਼ ਵੀ ਕਰੇਗੀ ਅਤੇ ਬੁਲਡੋਜ਼ਰ ਰਾਜ ਦਾ ਮੂੰਹ ਹੋਰ ਸੰਘਰਸ਼ਾਂ ਵੱਲ ਵੀ ਕਰੇਗੀ ।

ਭਗਵੰਤ ਮਾਨ ਸਰਕਾਰ ਦੇ ਇਸ ਦੁਸ਼ਟ ਕਾਰੇ ਦਾ ਸਿਆਸੀ ਲਾਹਾ ਲੈਣ ਲਈ ਅਕਾਲੀ, ਕਾਂਗਰਸੀ ਅਤੇ ਹੋਰ ਵੋਟ ਬਟੋਰੂ ਸਿਆਸਤਦਾਨ ਕਿਸਾਨ ਅੰਦੋਲਨ ਵਿਰੁੱਧ ਜਬਰ ਦੀ ਨਿਖੇਧੀ ਕਰਨ ਦਾ ਨਾਟਕ ਕਰ ਰਹੇ ਹਨ। ਇਹੀ ਕੁਝ ਬਾਦਲ ਸਰਕਾਰ ਤੇ ਕੈਪਟਨ ਸਰਕਾਰ ਤੋਂ ਅੱਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਣ ਲਈ ਭਗਵੰਤ ਮਾਨ ਕਰਦਾ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਹਾਕਮ ਜਮਾਤੀ ਸਿਆਸਤ ਦੀਆਂ ਚਲਾਕੀਆਂ ਨੂੰ ਸਮਝਣਾ ਪਵੇਗਾ। ਖ਼ਾਸ ਕਰਕੇ, ਕਿਸਾਨ ਜਥੇਬੰਦੀਆਂ ਨੂੰ ਪਿਛਲੇ ਤਜਰਬੇ ਤੋਂ ਸਿੱਖਕੇ ਕਿਸਾਨ ਅੰਦੋਲਨ ਨਾਲ ਨਕਲੀ ਹੇਜ ਦਿਖਾਉਣ ਵਾਲਿਆਂ ਤੋਂ ਸੁਚੇਤ ਰਹਿਣਾ ਹੋਵੇਗਾ ਅਤੇ ਸੰਘਰਸ਼ ਨੂੰ ਸਾਬਤ ਕਦਮੀਂ ਨਾਲ ਅੱਗੇ ਵਧਾਉਣਾ ਹੋਵੇਗਾ। ਇਹ ਤਸੱਲੀ ਵਾਲੀ ਗੱਲ ਹੈ ਕਿ ਇਕ ਪਾਸੇ ਡੱਲੇਵਾਲ-ਪੰਧੇਰ ਧੜੇ ਦੀਆਂ ਕਿਸਾਨ ਜਥੇਬੰਦੀਆਂ ਅਤੇ ਦੂਜੇ ਪਾਸੇ ਐੱਸਕੇਐੱਮ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਇਸ ਜਬਰ ਦੇ ਖਿ ?ਲਾਫ਼ ਵਿਰੋਧ ਪ੍ਰਦਰਸ਼ਨ ਕਰਕੇ ਹਕੂਮਤੀ ਦਹਿਸ਼ਤ ਨੂੰ ਇਕ ਹੱਦ ਤੱਕ ਤੋੜਿਆ ਹੈ ਜਿਸ ਨੇ ਘੱਟੋਘੱਟ ਇਹ ਸੰਦੇਸ਼ ਤਾਂ ਦੇ ਹੀ ਦਿੱਤਾ ਹੈ ਕਿ ਬੇਸ਼ੱਕ ਪੱਕੇ ਮੋਰਚੇ ਖਦੇੜਨ ਦੇ ਨਾਪਾਕ ਇਰਾਦੇ ਵਿਚ ਸਰਕਾਰ ਵਕਤੀ ਤੌਰ 'ਤੇ ਕਾਮਯਾਬ ਹੋ ਗਈ ਹੈ, ਪਰ ਪੰਜਾਬ ਦੀ ਨਾਬਰ ਕਿਸਾਨੀ ਹਕੂਮਤੀ ਜਬਰ ਅੱਗੇ ਗੋਡੇ ਨਹੀਂ ਟੇਕੇਗੀ।

ਇਸ ਸਮੇਂ ਕਿਸਾਨ ਅੰਦੋਲਨ ਦੀਆਂ ਘਾਟਾਂ-ਕਮਜ਼ੋਰੀਆਂ ਨੂੰ ਸੰਜੀਦਗੀ ਨਾਲ ਸਮਝਦੇ ਹੋਏ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਯਤਨ ਜੁਟਾਉਂਦੇ ਹੋਏ ਹਕੂਮਤ ਦੇ ਜਾਬਰ ਹੱਲੇ ਦਾ ਮੁਕਾਬਲਾ ਕਰਨ ਲਈ ਆਪਣੀ ਏਕਤਾ ਨੂੰ ਮਜ਼ਬੂਤ ਕਰਨ ਉੱਪਰ ਕੇਂਦਰਤ ਕਰਨ ਅਤੇ ਇਸ ਖ਼ਾਤਰ ਬੱਝਵੀਂ ਲੋਕ ਤਾਕਤ ਉਸਾਰਨ ਦੀ ਲੋੜ ਹੈ। ਇਹ ਵੀ ਧਿਆਨ ਰਹਿਣਾ ਚਾਹੀਦਾ ਹੈ ਕਿ ਕਿਸਾਨ ਜਥੇਬੰਦੀਆਂ ਦੀ ਏਕਤਾ ਬਾਰੇ ਲੋਕਾਂ ਦੀਆਂ ਆਦਰਸ਼ਵਾਦੀ ਭਾਵਨਾਵਾਂ ਹੋਰ ਗੱਲ ਹੈ ਅਤੇ ਹਕੀਕਤ ਵਿਚ ਏਕਤਾ ਦਾ ਸਾਕਾਰ ਹੋਣਾ ਵੱਖਰੀ ਗੱਲ ਹੈ। ਅਸੂਲੀ ਏਕਤਾ ਹੀ ਹੰਢਣਸਾਰ ਅਤੇ ਟਿਕਾਊ ਹੋ ਸਕਦੀ ਹੈ। ਕਿਸਾਨ ਜਥੇਬੰਦੀਆਂ ਦੇ ਉਪਰੋਕਤ ਵੱਡੇ ਮੱਤਭੇਦਾਂ ਦੇ ਮੱਦੇਨਜ਼ਰ ਉਨ੍ਹਾਂ ਸਾਰਿਆਂ ਦਾ ਇਕ ਹੋ ਜਾਣਾ ਸੰਭਵ ਨਹੀਂ ਹੈ। ਇਸ ਵਕਤ ਵਿਹਾਰਕ ਤੌਰ 'ਤੇ ਘੱਟੋਘੱਟ ਪ੍ਰੋਗਰਾਮ ਦੇ ਆਧਾਰ ਉੱਪਰ ਸਾਂਝੇ ਸੰਘਰਸ਼ ਲਈ ਮੋਕਲੀ ਏਕਤਾ ਹੀ ਸੰਭਵ ਹੈ। ਇਤਿਹਾਸਕ ਕਿਸਾਨ ਅੰਦੋਲਨ ਇਸ ਪੱਖੋਂ ਬਹੁਤ ਵਡਮੁੱਲਾ ਸਬਕ ਹੈ। ਜਥੇਬੰਦੀਆਂ, ਖ਼ਾਸ ਕਰਕੇ ਲੀਡਰਸ਼ਿਪ ਦੀਆਂ ਘਾਟਾਂ-ਕਮਜ਼ੋਰੀਆਂ ਉੱਪਰ ਸੰਜੀਦਗੀ ਨਾਲ ਉਂਗਲ ਰੱਖੀ ਜਾਣੀ ਚਾਹੀਦੀ ਹੈ ਪਰ ਕੁਝ ਸੰਕੀਰਨ ਰਾਜਨੀਤਕ ਏਜੰਡਿਆਂ ਵਾਲੀਆਂ ਤਾਕਤਾਂ ਅਤੇ ਅੰਦੋਲਨ ਦੀਆਂ ਘਾਟਾਂ-ਕਮੀਆਂ ਨੂੰ ਸਨਸਨੀਖ਼ੇਜ਼ ਰੂਪ ਦੇ ਕੇ ਇਸ ਦਾ ਨਿੱਜੀ ਲਾਹਾ ਲੈਣ ਅਤੇ ਦਰਸ਼ਕਾਂ ਦਾ ਘੇਰਾ ਵਧਾਉਣ ਲਈ ਤਾਹੂ ਕੁਝ ਯੂਟਿਊਬ ਪੱਤਰਕਾਰਾਂ ਵੱਲੋਂ ਪਾਏ ਜਾ ਰਹੇ ਘਚੋਲੇ ਤੋਂ ਸੁਚੇਤ ਰਹਿਣਾ ਜ਼ਰੂਰੀ ਹੈ। ਕਿਸਾਨ ਆਗੂਆਂ ਵਿਰੁੱਧ ਸੋਸ਼ਲ ਮੀਡੀਆ ਪੋਸਟਾਂ ਪਾ ਕੇ ਭੜਾਸ ਕੱਢਣ ਅਤੇ ਉਨ੍ਹਾਂ ਦੀ ਇਕਜੁੱਟਤਾ ਦੀ ਘਾਟ ਨੂੰ ਕੋਸਣ ਨਾਲ ਕੁਝ ਨਹੀਂ ਸੰਵਰਨਾ।

ਕੇਂਦਰ ਦੀ ਭਗਵਾ ਹਕੂਮਤ ਅਤੇ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਹਕੂਮਤ ਦੋਵੇਂ ਕਿਸਾਨ ਅੰਦੋਲਨ ਵਿਰੁੱਧ ਵੱਖ-ਵੱਖ ਤਰੀਕਿਆਂ ਨਾਲ ਭੰਡੀ ਮੁਹਿੰਮ ਚਲਾ ਕੇ ਇਸ ਦੇ ਅਕਸ ਨੂੰ ਖ਼ਤਮ ਕਰ ਦੇਣ ਲਈ ਸਰਗਰਮ ਹਨ। ਨਵਾਂ ਬਣਿਆ ਭਾਜਪਾਈ ਰਵਨੀਤ ਬਿੱਟੂ ਤਾਂ 2027 'ਚ ਸਰਕਾਰ ਬਣਾ ਕੇ ਕਿਸਾਨ ਆਗੂਆਂ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਭੇਜਣ ਦੀਆਂ ਧਮਕੀਆਂ ਵੀ ਦੇ ਰਿਹਾ ਹੈ। ਇਹ ਸਾਰੇ ਹਾਕਮ ਜਮਾਤੀ ਟੋਲੇ ਮਿਲਕੇ ਕਿਸਾਨ ਅੰਦੋਲਨ ਉੱਪਰ ਬੱਜਰ ਸੱਟਾਂ ਮਾਰਕੇ ਕਿਸਾਨੀ ਦੀ ਜਥੇਬੰਦਕ ਤਾਕਤ ਨੂੰ ਪ੍ਰਭਾਵਹੀਣ ਬਣਾ ਦੇਣ ਅਤੇ ਫਿਰ ਕਿਸਾਨੀ ਨੂੰ ਕੁਚਲਕੇ ਖੇਤੀਬਾੜੀ ਤੇ ਸਮੁੱਚੀ ਆਰਥਿਕਤਾ ਉੱਪਰ ਸਾਲਮ ਕਾਰਪੋਰੇਟ ਮਾਡਲ ਥੋਪਣ ਲਈ ਯਤਨਸ਼ੀਲ ਹਨ। ਖੁੱਲ੍ਹੀ ਮੰਡੀ ਦੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਦਾ ਪੈਰੋਕਾਰ ਇਹ ਸਮੁੱਚਾ ਹਾਕਮ ਜਮਾਤੀ ਕੋੜਮਾ ਕਿਸਾਨ ਅੰਦੋਲਨ ਨੂੰ ਆਪਣੇ 'ਵਿਕਾਸ' ਪ੍ਰੋਜੈਕਟ ਦੇ ਰਾਹ ਵਿਚ ਵੱਡਾ ਅੜਿੱਕਾ ਸਮਝਦਾ ਹੈ ਜਿਸਦੇ ਸੰਘਰਸ਼ ਦੀ ਲਗਾਤਾਰਤਾ ਅਤੇ ਦਿ ?ੜਤਾ ਆਪਣੀਆਂ ਘਾਟਾਂ-ਕਮੀਆਂ ਦੇ ਬਾਵਜੂਦ ਨਾ ਸਿਰਫ਼ ਪੰਜਾਬ ਦੇ ਲੋਕਾਂ ਸਗੋਂ ਪੂਰੇ ਮੁਲਕ ਦੇ ਮਿਹਨਤਕਸ਼ ਹਿੱਸਿਆਂ ਨੂੰ ਸੰਘਰਸ਼ ਦੇ ਰਾਹ ਪੈ ਕੇ ਆਪਣੇ ਹਿਤਾਂ ਨੂੰ ਬਚਾਉਣ ਦੀ ਪ੍ਰੇਰਨਾ ਬਣ ਰਹੀ ਹੈ। ਇਸ ਕਰਕੇ, ਸਾਰੀਆਂ ਲੋਕ ਹਿਤੈਸ਼ੀ ਤਾਕਤਾਂ ਨੂੰ ਆਪਣਾ ਸਮੁੱਚਾ ਤਾਣ ਇਸ ਹਾਕਮ ਜਮਾਤੀ ਹੱਲੇ ਦਾ ਮੁਕਾਬਲਾ ਕਰਨ ਲਈ ਪੰਜਾਬ ਦੇ ਹਰ ਦੱਬੇ-ਕੁਚਲੇ ਵਰਗ ਨੂੰ ਜਾਗਰੂਕ ਕਰਕੇ ਸੰਘਰਸ਼ਾਂ ਲਈ ਪ੍ਰੇਰਿਤ ਕਰਨ ਅਤੇ ਸਰਕਾਰੀ ਅਤੇ ਕਾਰਪੋਰੇਟ ਪੱਖੀ ਬਿਰਤਾਂਤਾਂ ਨੂੰ ਬੇਅਸਰ ਬਣਾਉਣ ਲਈ ਲੋਕਾਂ ਦੀ ਧਿਰ ਦੀ ਦਲੀਲਬਾਜ਼ੀ ਨੂੰ ਤਕੜਾ ਕਰਨ ਉੱਪਰ ਕੇਂਦਰਤ ਕਰਨਾ ਚਾਹੀਦਾ ਹੈ।

# ਸਾਮਰਾਜ ਤੇ ਭਾਰਤੀ ਹਾਕਮ ਜਮਾਤਾਂ, ਮੁੜ-ਮੁੜ ਨਸ਼ਰ ਹੁੰਦੀ ਨਵ-ਬਸਤੀਵਾਦੀ ਅਧੀਨ ਹੈਸੀਅਤ



ਪਿਛਲੇ ਦੋ ਕੁ ਸਾਲਾਂ ਤੋਂ ਮੋਦੀ ਸਰਕਾਰ ਵੱਲੋਂ ਸਾਮਰਾਜੀ ਮੁਲਕਾਂ ਨਾਲ ਆਪਣੇ ਰਿਸ਼ਤੇ ਦੇ ਪ੍ਰਗਟਾਵੇ ਪੱਖੋਂ ਕਈ ਤਰ੍ਹਾਂ ਦੀਆਂ ਕਲਾਬਾਜ਼ੀਆਂ ਲਾਈਆਂ ਜਾ ਰਹੀਆਂ ਹਨ। ਪਹਿਲਾਂ ਨਿੱਝਰ ਹੱਤਿਆ ਮਾਮਲੇ 'ਚ ਕਨੇਡਾ ਮੂਹਰੇ ਧੌਣ ਅਕੜਾਉਣ ਦਾ ਪ੍ਰਭਾਵ ਦੇਣ ਤੇ ਫਿਰ ਗੁਰਪਤਵੰਤ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਦੇ ਮੁੱਦੇ 'ਤੇ ਅਮਰੀਕਾ ਮੂਹਰੇ ਜਿਰਾਹ ਕਰਨ ਦਾ ਪ੍ਰਭਾਵ ਦੇਣ ਰਾਹੀਂ ਮੋਦੀ ਹਕੂਮਤ ਆਪਣੇ ਉਸਾਰੇ ਜੇ ਰਹੇ ਵਿਸ਼ਵ ਗੁਰੂ ਦੇ ਅਕਸ ਨੂੰ ਹੋਰ ਲਿਸ਼ਕਾਉਣ ਦੀ ਕਵਾਇਦ 'ਚ ਦਿਖਾਈ ਦਿੱਤੀ ਸੀ। ਇਹ ਕਲਾਬਾਜ਼ੀਆਂ ਕੁੱਝ ਹਲਕਿਆਂ ਨੂੰ ਅਜਿਹਾ ਭੁਲੇਖਾ ਪਾ ਰਹੀਆਂ ਸਨ ਜਿਵੇ ਭਾਰਤੀ ਹਾਕਮ ਨਵ-ਬਸਤੀਵਾਦੀ ਦੌਰ ਦੇ ਅਧੀਨ ਹਾਕਮ ਨਾ ਹੋ ਕੇ ਸਾਮਰਾਜੀਆਂ ਮੂਹਰੇ ਇਕ ਸਵੈ-ਨਿਰਭਰ ਤੇ ਆਜ਼ਾਦ ਮੁਲਕ ਦੇ ਹਾਕਮਾਂ ਵਜੋਂ ਪੇਸ਼ ਆ ਰਹੇ ਹਨ ਜਿਵੇਂ ਆਪਣੀ ਆਜ਼ਾਦਾਨਾ ਵਿਦੇਸ਼ ਨੀਤੀ 'ਤੇ ਚੱਲ ਰਹੇ ਹਨ ਤੇ ਆਪਣੀਆਂ ਲੋੜਾਂ ਅਨੁਸਾਰ ਫੈਸਲੇ ਲੈ ਰਹੇ ਹਨ। ਟਰੰਪ ਨੇ ਸੱਤਾ ਤੇ ਆਉਂਦਿਆਂ ਹੀ ਭਾਰਤੀ ਹਾਕਮਾਂ ਦੀ ਇਸ ਅਖੌਤੀ ਪ੍ਰਭੂਸੱਤਾ ਸੰਪੰਨ ਹੋਣ ਦੇ ਦਿਖਾਵੇ ਦੀ ਫੂਕ ਕੱਢ ਦਿੱਤੀ ਹੈ। ਆਪੂੰ ਭਰੇ ਇਸ ਗੁਬਾਰੇ ਦਾ ਵਾਲਵ ਢਿੱਲਾ ਤਾਂ ਪਹਿਲਾਂ ਬਾਇਡਨ ਹਕੂਮਤ ਨੇ ਹੀ ਕਰ ਦਿੱਤਾ ਸੀ ਤੇ ਮਗਰੋਂ ਟਰੰਪ ਨੇ ਆ ਕੇ ਆਪਣੇ ਅੰਦਾਜ਼ 'ਚ ਮੋਦੀ ਹਕੂਮਤ ਨੂੰ ਉਸ ਦੀ ਨਵ-ਬਸਤੀਆਨਾ ਅਧੀਨ ਹੈਸੀਅਤ ਦਾ ਸ਼ੀਸ਼ਾ ਦਿਖਾ ਦਿੱਤਾ ਹੈ।

ਪਿਛਲੇ ਕੁੱਝ ਅਰਸੇ ਤੋਂ ਮੋਦੀ ਸਰਕਾਰ ਵੱਲੋਂ ਇਹ ਪੇਸ਼ਕਾਰੀ ਕੀਤੀ ਜਾ ਰਹੀ ਸੀ ਕਿ ਭਾਰਤ ਹੁਣ ਸੰਸਾਰ ਦੇ ਦ੍ਰਿਸ਼ 'ਤੇ ਉੱਭਰ ਆਇਆ ਹੈ, ਕਿ ਦੁਨੀਆਂ ਉਸ ਨੂੰ ਸੁਣਦੀ ਹੈ ਤੇ ਭਾਰਤ ਹੁਣ ਸੰਸਾਰ ਘਟਨਾਵਾਂ 'ਚ ਦਖ਼ਲ ਦੇ ਰਿਹਾ ਹੈ। ਮੋਦੀ ਵੱਲੋਂ ਰੂਸ-ਯੂਕਰੇਨ ਜੰਗ 'ਚ ਸੰਧੀ ਕਰਾਉਣ ਦੀਆਂ ਗੱਲਾਂ ਵੀ ਛੱਡੀਆਂ ਗਈਆਂ ਸਨ। ਜੀ-20 ਦੀ ਪ੍ਰਧਾਨਗੀ ਤੇ ਮੇਜ਼ਬਾਨੀ ਕਰਨ, ਬਰਿਕਸ ਕਾਨਫਰੰਸ 'ਚ ਸ਼ਮੂਲੀਅਤ ਵਰਗੀਆਂ ਕਾਰਵਾਈਆਂ ਰਾਹੀਂ ਮੋਦੀ ਨੂੰ ਭਾਰਤ ਦੇ ਕੌਮੀ ਹਿਤਾਂ ਦਾ ਝੰਡਾ ਬਰਦਾਰ ਬਣਾ ਕੇ ਪੇਸ਼ ਕੀਤਾ ਗਿਆ ਸੀ। ਇਹਨਾਂ ਨਾਟਕੀ ਪੇਸ਼ਕਾਰੀਆਂ ਨੂੰ ਭਾਰਤ ਦੀ ਪੁਰਾਤਨ ਸ਼ਾਨ ਬਹਾਲ ਕਰਨ ਦੇ ਮਹਾਨ ਮਿਸ਼ਨ ਵਜੋਂ ਪੇਸ਼ ਕੀਤਾ ਗਿਆ। ਹਾਲਾਂਕਿ ਇਹ ਸਭ ਪੇਸ਼ਕਾਰੀਆਂ ਵਿਉਂਤਬੱਧ ਤਰੀਕੇ ਨਾਲ ਕੀਤੀਆਂ ਮੈਨੇਜਮੈਂਟਾਂ ਸਨ ਜਿਨ੍ਹਾਂ ਨੂੰ ਮੋਦੀ ਸਰਕਾਰ ਦੇ ਮੀਡੀਆ ਨੇ ਧੁਮਾਇਆ ਸੀ, ਜਦ ਕਿ ਹਕੀਕਤ ਇਸ ਤੋਂ ਉਲਟ ਸੀ। ਸੰਸਾਰ ਘਟਨਾਵਾਂ 'ਚ ਭਾਰਤ ਦੀ ਕੋਈ ਸੱਦ-ਪੁੱਛ ਨਹੀਂ ਸੀ। ਇਜ਼ਰਾਈਲੀ ਹਮਾਇਤ ਕਾਰਨ ਇਸ ਨੇ ਕੌਮਾਂਤਰੀ ਪੱਧਰ 'ਤੇ ਨਿਖੇੜੇ ਦਾ ਹੀ ਸਾਹਮਣਾ ਕੀਤਾ ਹੈ ਤੇ ਇੱਥੋ ਤੱਕ ਕਿ ਆਂਢ-ਗੁਆਂਢ ਦੇ ਮੁਲਕਾਂ 'ਚ ਵੀ ਭਾਰਤੀ ਹਾਕਮ ਜਮਾਤਾਂ ਦੀ ਪਹਿਲਾਂ ਨਾਲੋਂ ਪਕੜ ਢਿੱਲੀ ਪਈ ਸੀ। ਸ੍ਰੀਲੰਕਾ ਤੇ ਬੰਗਲਾਦੇਸ਼ ਵਰਗੇ ਮੁਲਕਾਂ 'ਚ ਭਾਰਤੀ ਹਾਕਮਾਂ ਵਿਰੋਧੀ ਮਾਹੌਲ ਹੈ।

ਵਿਸ਼ਵ ਗੁਰੂ ਵੱਲੋਂ ਧਾਂਕ ਜਮਾਉਣ ਦੇ ਮੋਦੀ-ਨੁਮਾ ਪ੍ਰੋਜੈਕਟ ਦੇ ਅੰਗ ਵਜੋਂ ਮੁਲਕ ਅੰਦਰ ਸ਼ਾਵਨਵਾਦੀ ਮਾਹੌਲ ਉਸਾਰਨ ਤੇ 56 ਇੰਚ ਸੀਨੇ ਵਾਲੇ ਅਕਸ ਨੂੰ ਉਭਾਰਨ ਦੀਆਂ ਲੋੜਾਂ ਵਜੋਂ ਇਸ ਨੇ ਖਾਲਸਤਾਨੀ ਸਮਰਥਕਾਂ ਦੀਆਂ ਬਾਹਰਲੇ ਮੁਲਕਾਂ 'ਚ ਹੱਤਿਆਵਾਂ ਨੂੰ ਆਪਣੇ ਨਕਸ਼ੇ ਦੀ ਪੇਸ਼ਕਾਰੀ ਲਈ ਵਰਤਿਆ। ਪਾਕਿਸਤਾਨ ਖਿਲਾਫ਼ 'ਘਰ 'ਚ ਘੁਸ ਕੇ ਮਾਰਨ' ਦੇ ਚੱਕਵੇਂ ਪੈਂਤੜੇ ਦਾ ਪ੍ਰਭਾਵ ਕੈਨੇਡਾ ਰਾਹੀਂ ਵੀ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਅਰਸੇ ਦੌਰਾਨ ਹੀ ਪਹਿਲਾਂ ਨਿੱਝਰ ਕਤਲ ਮਾਮਲੇ 'ਚ ਕਨੇਡਾ ਸਰਕਾਰ ਨਾਲ ਸਿੰਗ ਫਸਾਉਣ ਦਾ ਪ੍ਰਭਾਵ ਦਿੱਤਾ ਗਿਆ ਤੇ ਮਗਰੋਂ ਗੁਰਪਤਵੰਤ ਪੰਨੂ ਕੇਸ 'ਚ ਅਮਰੀਕਾ ਮੂਹਰੇ ਅੜਨ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਹੋਈ। ਹਾਲਾਂਕਿ ਅਮਰੀਕੀ ਸਾਮਰਜੀਆਂ ਨੇ ਹੀ ਕਨੇਡਾ ਹਕੂਮਤ ਨੂੰ ਸਬੂਤ ਮੁਹੱਈਆ ਕਰਵਾਏ ਸਨ ਤੇ ਭਾਰਤੀ ਹਕੂਮਤ ਨੂੰ ਸਖ਼ਤ ਤੇਵਰ ਦਿਖਾਏ ਸਨ। ਇਹੀ ਅਰਸਾ ਸੀ ਜਦੋਂ ਭਾਰਤ ਨੇ ਅਮਰੀਕੀ ਪਾਬੰਦੀਆਂ ਦੇ ਬਾਵਜੂਦ ਰੂਸ ਤੋਂ ਤੇਲ ਖਰੀਦਿਆ, ਮਿਜ਼ਾਈਲਾਂ ਖਰੀਦਣ ਦੇ ਸੌਦੇ ਕੀਤੇ। ਨਾਟੋ ਦੇ ਸੰਮੇਲਨ ਦੇ ਬਰਾਬਰ 'ਤੇ ਮੋਦੀ ਪੂਤਿਨ ਨੂੰ ਮਿਲਿਆ ਤੇ ਬਰਿਕਸ ਦੇ ਸਮਾਗਮ 'ਚ ਹਿੱਸਾ ਲਿਆ। ਇਹਨਾਂ ਘਟਨਾਵਾਂ ਰਾਹੀਂ ਮੋਦੀ ਸਰਕਾਰ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਭਾਰਤੀ ਕੌਮੀ ਹਿੱਤਾਂ ਅਨੁਸਾਰ ਆਪਣਾ ਰੁਖ ਤੈਅ ਕਰ ਰਹੀ ਹੈ, ਸਾਮਰਾਜੀ ਦਬਾਅ ਮੂਹਰੇ ਝੁਕਣ ਤੋਂ ਇਨਕਾਰੀ ਹੈ। ਇਸ ਨਾਲ ਕੁੱਝ ਹਲਕਿਆਂ 'ਚ ਤਾਂ ਇਹ ਪ੍ਰਭਾਵ ਵੀ ਬਣਿਆ ਕਿ ਮੋਦੀ ਹਕੂਮਤ ਨੇ ਜਿਵੇਂ ਸਾਮਰਾਜੀ ਧੜੇਬੰਦੀ 'ਚ ਹੁਣ ਪਾਲਾ ਬਦਲ ਲਿਆ ਹੈ ਤੇ ਉਹ ਰੂਸ ਵੱਲ ਝੁਕ ਗਈ ਹੈ।

ਹੁਣ ਟਰੰਪ ਨੇ ਆਉਂਦਿਆਂ ਹੀ ਮੋਦੀ ਦੇ ਇਸ ਨਕਸ਼ੇ ਦੀ ਫੂਕ ਕਢਦਿਆਂ, ਅਮਰੀਕਾ ਸੱਦ ਕੇ ਉਸ ਦੀ ਹੈਸੀਅਤ ਦੀ ਯਾਦ ਦਿਵਾਈ ਹੈ। ਉਸ ਨੂੰ ਕੋਲ ਖੜ੍ਹਾ ਕੇ ਭਾਰਤੀ ਵਸਤਾਂ 'ਤੇ ਟੈਕਸ ਲਾਉਣ ਤੇ ਅਮਰੀਕੀ ਵਸਤਾਂ 'ਤੋਂ ਟੈਕਸ ਘਟਾਉਣ ਦੇ ਫੁਰਮਾਨ ਸੁਣਾਏ ਹਨ। ਅਮਰੀਕੀ ਜੰਗੀ ਜਹਾਜ਼ ਖਰੀਦਣ ਲਈ ਸੌਦਾ ਕਰਨ ਵਾਸਤੇ ਮਜ਼ਬੂਰ ਕੀਤਾ ਹੈ। ਉਸ ਨੇ ਆਪਣੇ ਸਮੁੱਚੇ ਵਿਹਾਰ ਰਾਹੀਂ ਮੋਦੀ ਦੀ ਅਧੀਨਗੀ ਵਾਲੀ ਸਥਿੱਤੀ ਦਰਸਾਈ ਹੈ। ਇਉਂ ਹੀ ਭਾਰਤੀਆਂ ਨੂੰ ਡਿਪੋਰਟ ਕਰਨ ਦੇ ਮਾਮਲੇ 'ਚ ਵਾਪਰਿਆ ਹੈ ਜਿੱਥੇ ਟਰੰਪ ਦੀ ਚੱਕਵੀਂ ਕਾਰਵਾਈ ਨੂੰ ਮੋਦੀ ਹਕੂਮਤ ਨੇ ਸੱਤ ਬਚਨ ਕਹਿਕੇ ਪ੍ਰਵਾਨ ਕਰ ਲਿਆ ਹੈ ਤੇ ਭਾਰਤੀਆਂ ਦੇ ਮਨੁੱਖੀ ਅਧਿਕਾਰ ਕੁਚਲ ਕੇ ਹੋਏ ਅਣਮਨੁੱਖੀ ਸਲੂਕ 'ਤੇ ਉਜਰ ਤੱਕ ਨਹੀਂ ਕੀਤਾ। ਮੋਦੀ ਨੇ ਅਮਰੀਕਾ ਤੇ ਫਰਾਂਸ ਦੌਰਿਆਂ ਦੌਰਾਨ ਇਹਨਾਂ ਮੁਲਕਾਂ ਦੀਆਂ ਕੰਪਨੀਆਂ ਨੂੰ ਭਾਰਤ ਅੰਦਰ ਪ੍ਰਮਾਣੂ ਰਿਐਕਟਰ ਚਲਾਉਣ ਦੀ ਮਨਜ਼ੂਰੀ ਦੇਣ ਦੇ ਸੰਕੇਤ ਦਿੱਤੇ ਹਨ ਤੇ ਇਉਂ ਇਹਨਾਂ ਦੀ ਸਵੱਲੀ ਨਜ਼ਰ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਮੋਦੀ ਹਕੂਮਤ ਕਿੰਨੇ ਹੀ ਮਾਮਲਿਆਂ 'ਚ ਲਾਇਨ 'ਚ ਆ ਗਈ ਹੈ।

ਇਸ ਸਮੁੱਚੇ ਘਟਨਾਕ੍ਰਮ ਨੇ ਮੁੜ ਦਰਸਾਇਆ ਹੈ ਕਿ ਭਾਰਤੀ ਹਾਕਮ ਜਮਾਤਾਂ ਦਾ ਸਾਮਰਾਜੀ ਹੁਕਮਰਾਨਾਂ ਨਾਲ ਰਿਸ਼ਤਾ ਇਸ ਨਵ-ਬਸਤੀਵਾਦੀ ਦੌਰ 'ਚ ਸਾਮਰਾਜੀਆਂ ਦੇ ਅਧੀਨ ਹੁਕਮਰਾਨਾਂ ਵਾਲਾ ਰਿਸ਼ਤਾ ਹੀ ਹੈ। ਭਾਰਤੀ ਰਾਜ ਵੀ ਸਾਮਰਾਜੀਆਂ ਦੀ ਨਵ-ਬਸਤੀਆਨਾ ਨੀਤੀ ਤਹਿਤ ਸਾਮਰਾਜੀ ਤਾਕਤਾਂ ਅਧੀਨ ਰਾਜ ਹੈ। ਇਸ ਦੀਆਂ ਹਾਕਮ ਜਮਾਤਾਂ ਦੇ ਹਿਤ ਸਾਮਰਾਜੀ ਤਾਕਤਾਂ ਨਾਲ ਟਕਰਾਵੇਂ ਨਹੀਂ ਹਨ ਸਗੋਂ ਉਹਨਾਂ ਨਾਲ ਸਾਂਝੇ ਹਨ। ਭਾਰਤੀ ਹਾਕਮਾਂ ਦੀ ਆਜ਼ਾਦਾਨਾ ਵਿਦੇਸ਼ ਨੀਤੀ ਨਹੀਂ ਹੈ, ਸਗੋਂ ਸੰਸਾਰ ਸਾਮਰਾਜ ਅਧੀਨ ਰਹਿ ਕੇ ਤੈਅ ਹੁੰਦੀ ਵਿਦੇਸ਼ ਨੀਤੀ ਹੈ ਜਿਹੜੀ ਭਾਰਤੀ ਲੁਟੇਰੀਆਂ ਜਮਾਤਾਂ ਦੀਆਂ ਜ਼ਰੂਰਤਾਂ ਅਨੁਸਾਰ ਤਬਦੀਲ ਹੁੰਦੀ ਹੈ। ਇਹ ਹਾਕਮ ਜਮਾਤਾਂ, ਖਾਸ ਕਰਕੇ ਦਲਾਲ ਸਰਮਾਏਦਾਰ ਜਮਾਤ ਸਾਮਰਾਜੀਆਂ ਤੇ ਨਿਰਭਰ ਜਮਾਤ ਹੈ। ਇਹ ਆਪਣੇ ਜਨਮ ਤੋਂ ਹੀ ਅੰਗਰੇਜ਼ ਸਾਮਰਾਜੀਆਂ 'ਤੇ ਨਿਰਭਰ ਸੀ। ਹੁਣ ਵੀ ਇਹ ਆਪਣੇ ਕਾਰੋਬਾਰਾਂ 'ਚ ਸਭਨਾਂ ਪੱਖਾਂ ਤੋਂ ਸਾਮਰਾਜੀਆਂ ਦੇ ਸਥਾਨਕ ਭਾਈਵਾਲ ਹਨ। ਭਾਰਤੀ ਹਾਕਮ ਜਮਾਤਾਂ ਤੇ ਸਾਮਰਾਜੀਆਂ ਵਿਚਕਾਰ ਵਿਰੋਧ ਚਾਹੇ ਉਠਦੇ ਰਹਿੰਦੇ ਹਨ ਪਰ ਇਹ ਬੁਨਿਆਦੀ ਕਿਸਮ ਦੇ ਨਹੀਂ ਹਨ। ਭਾਰਤੀ ਹਾਕਮ ਜਮਾਤਾਂ ਦੇ ਸਿਆਸੀ ਨੁਮਾਇੰਦੇ ਸਾਮਰਾਜੀਆਂ ਨਾਲ ਇਹਨਾਂ ਜਮਾਤਾਂ ਦੇ ਹਿਤਾਂ ਲਈ ਸੌਦੇ/ਸਮਝੌਤੇ ਕਰਦੇ ਹਨ ਤੇ ਇਸ ਸੌਦੇਬਾਦੀ 'ਚ ਦਬਅ ਪਾਉਣ ਦੇ ਢੰਗ ਤਰੀਕੇ ਵੀ ਵਰਤਦੇ ਹਨ ਪਰ ਇਹ ਸਭ ਕੁੱਝ ਉਹ ਅਧੀਨਗੀ ਤੇ ਨਿਰਭਰਤਾ ਦੇ ਰਿਸ਼ਤੇ ਦੇ ਅੰਦਰ ਅੰਦਰ ਹੀ ਕਰਦੇ ਹਨ। ਆਪਣੇ ਇਸ ਅਮਲ ਨੂੰ ਉਹ ਮੁਲਕ ਦੇ ਲੋਕਾਂ ਲਈ ਸਾਮਰਾਜੀਆਂ ਮੂਹਰੇ ਅੜ ਜਾਣ ਦਾ ਪ੍ਰਭਾਵ ਸਿਰਜਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਪੱਖੋਂ ਉਹ ਲੋਕਾਂ ਨੂੰ ਤਾਂ ਇਹ ਪ੍ਰਭਾਵ ਦਿੰਦੇ ਹਨ ਕਿ ਉਹ ਵੱਖ ਵੱਖ ਸਾਮਰਾਜੀ ਤਾਕਤਾਂ ਨਾਲ ਮੁਲਕ ਦੀਆਂ ਲੋੜਾਂ ਅਨੁਸਾਰ ਵਰਤਦੇ ਹਨ ਜਦ ਕਿ ਹਕੀਕਤ 'ਚ ਉਹ ਦਲਾਲ ਸਰਮਾਏਦਾਰ ਜਮਾਤ ਦੇ ਕਾਰੋਬਾਰੀ ਹਿਤਾਂ ਦੀਆਂ ਜ਼ਰੂਰਤਾਂ ਅਨੁਸਾਰ ਵੱਖ-2 ਸਾਮਰਾਜੀ ਤਾਕਤਾਂ ਨਾਲ ਸੌਦੇਬਾਜ਼ੀ 'ਚ ਜੁਟੇ ਰਹਿੰਦੇ ਹਨ। ਇਸ ਸੌਦੇਬਾਜ਼ੀ 'ਚ ਭਾਰਤੀ ਰਾਜ ਬਣਨ ਵੇਲੇ ਤੋਂ ਲੈ ਕੇ ਹੁਣ ਤੱਕ ਭਾਰਤੀ ਹਾਕਮ ਜਮਾਤਾਂ ਨੇ ਕਾਫ਼ੀ ਚੁਤਰਾਈ ਭਰੇ ਵਿਹਾਰ ਦਾ ਪ੍ਰਗਟਾਵਾ ਕੀਤਾ ਹੈ ਤੇ ਇਸ ਵਿਹਾਰ ਦੇ ਸਿਰ 'ਤੇ ਭਾਰਤੀ ਲੋਕਾਂ ਮੂਹਰੇ ਪ੍ਰਭੂਸੱਤਾ ਸੰਪੰਨ ਹੋਣ ਦੀ ਪੇਸ਼ਕਾਰੀ ਲਈ ਟਿੱਲ ਲਾਇਆ ਹੈ। ਪਹਿਲਾਂ ਨਹਿਰੂ ਦੀ ਅਗਵਾਈ ਦੇ ਦੌਰ 'ਚ ਭਾਰਤੀ ਹਾਕਮ ਜਮਾਤਾਂ ਗੁੱਟਨਿਰਲੇਪਤਾ ਦੇ ਝੰਡੇ ਹੇਠ ਕਿਸੇ ਵੀ ਸਾਮਰਾਜੀ ਖੇਮੇ 'ਚ ਨਾ ਹੋਣ ਦਾ ਦਾਅਵਾ ਕਰਦੀਆਂ ਸਨ ਜਦ ਕਿ ਹਕੀਕਤ 'ਚ ਉਹ ਸਾਰੇ ਸਾਮਰਾਜੀ ਮੁਲਕਾਂ ਨਾਲ ਸੰਧੀਆਂ ਦੀਆਂ ਗੁੰਜਾਇਸ਼ਾਂ ਰੱਖਣ ਦਾ ਢੰਗ ਸੀ ਤੇ ਭਾਰਤੀ ਹਾਕਮ ਜਮਾਤਾਂ ਦੀਆਂ ਲੋੜਾਂ ਅਨੁਸਾਰ ਪਾਲਾ ਬਦਲਣ ਦੀਆ ਗੁੰਜਾਇਸ਼ਾਂ ਰੱਖਣ ਦੀ ਨੀਤੀ ਸੀ। ਉਸ ਤੋਂ ਮਗਰੋਂ ਵੀ ਭਾਰਤੀ ਹਾਕਮ ਰੂਸ ਤੇ ਅਮਰੀਕਾ ਦੇ ਦੋਹੇਂ ਸਾਮਰਾਜੀ ਧੜਿਆਂ ਨਾਲ ਭਾਰਤੀ ਹਾਕਮ ਜਮਾਤਾਂ ਦੇ ਹਿਤਾਂ ਅਨੁਸਾਰ ਨਿਭਾਅ ਕਰਦੇ ਰਹੇ ਸਨ ਤੇ ਇਹਨਾਂ ਦੇ ਆਪਸੀ ਟਕਰਾਅ ਦੀ ਤਿੱਖ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰਦੇ ਰਹੇ

(ਬਾਕੀ ਸਫ਼ਾ 18 'ਤੇ

# ਵਰਕਰਾਂ ਦੀ ਯੂਨੀਅਨ ਅਤੇ ਐਮਾਜ਼ਾਨ ਮਾਲਕਾਂ ਵੱਲੋਂ ਤਾਲਾਬੰਦੀ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਐਮਾਜ਼ਾਨ ਕੈਨੇਡਾ ਦੇ ਕਿਊਬੇਕ ਸੂਬੇ ਵਿੱਚ ਆਪਣਾ ਕਾਰੋਬਾਰ ਦੇ ਸਿਰਫ ਪੰਜ ਸਾਲ ਬਾਅਦ, ਆਪਣੇ ਕਿਊਬਿਕ ਸੋਰਟਿੰਗ ਅਤੇ ਸ਼ਿਪਿੰਗ ਸੈਂਟਰਾਂ ਨੂੰ ਬੰਦ ਕਰ ਰਿਹਾ ਹੈ। ਐਮਾਜ਼ਾਨ ਕੰਪਨੀ ਲਈ, ਕੈਨੇਡਾ ਵਿੱਚ ਕਿਊਬੇਕ ਇਕਲੌਤਾ ਸੂਬਾ ਹੈ, ਜਿੱਥੇ ਵਰਕਰਾਂ ਨੇ ਆਪਣੇ ਆਪ ਨੂੰ ਯੂਨੀਅਨ ਵਿੱਚ ਸੰਗਠਿਤ ਕੀਤਾ। ਪਿਛਲੇ ਬਸੰਤ ਰੁੱਤ ਵਿੱਚ, ਵਰਕਰਜ਼ ਯੂਨੀਅਨ 'ਕਨਫੈਡਰੇਸ਼ਨ ਡੇਸ ਸਿੰਡੀਕੈਟਸ ਨੇਸ਼ਨੈਕਸ' (ਸੀ.ਐਸ.ਐਨ) ਨੇ ਸ਼ਹਿਰ ਲਾਵਲ, ਕਿਊ ਵਿੱਚ ਡੀ.ਐਕਸ.ਟੀ4 ਗੋਦਾਮ ਵਿੱਚ ਲਗਭਗ 250 ਕਰਮਚਾਰੀਆਂ ਦੀ ਨੁਮਾਇੰਦਗੀ ਲਈ ਅਰਜ਼ੀ ਦਾਇਰ ਕੀਤੀ ਸੀ। ਸੀ.ਐਸ.ਐਨ. ਯੂਨੀਅਨ ਜੁਲਾਈ ਤੋਂ ਐਮਾਜ਼ਾਨ ਨਾਲ ਐਗਰੀਮੈਂਟ ਦੀ ਮੇਜ਼ 'ਤੇ ਹੈ, ਇਸ ਜਨਵਰੀ ਵਿੱਚ ਗੱਲਬਾਤ ਦੀਆਂ ਮੀਟਿੰਗਾਂ ਨਿਰਧਾਰਤ ਕੀਤੀਆਂ ਗਈਆਂ ਹਨ। ਪਰ ਇਸੇ ਹੀ ਵੇਲੇ, ਐਮਾਜ਼ਾਨ ਪ੍ਰਚੂਨ ਕੰਪਨੀ ਕਿਊਬੇਕ ਵਿੱਚ ਆਪਣਾ ਕੰਮਕਾਜ ਖਤਮ ਕਰ ਰਹੀ ਹੈ, ਓਪਰੇਸ਼ਨ ਸਾਈਟਾਂ ਨੂੰ ਬੰਦ ਕਰਕੇ ਲਗਭਗ 1,900 ਨੌਕਰੀਆਂ ਵਿੱਚ ਕਟੌਤੀ ਕਰ ਰਹੀ ਹੈ। ਪਰ ਕੰਪਨੀ ਕਿਊਬੇਕ ਵਿਚ ਗ੍ਰਾਹਕਾਂ ਨੂੰ ਉਹਨਾਂ ਦੇ ਆਰਡਰ ਜਾਰੀ ਰੱਖੇਗੀ ਅਤੇ ਇਹ ਕੰਮ ਤੀਜੀ ਧਿਰ ਦੇ ਡਿਸਟ੍ਰੀਬਿਊਟਰਾਂ ਰਾਹੀਂ ਜ਼ਾਰੀ ਰੱਖੇਗੀ। ਮੋਂਟ੍ਰੀਅਲ ਅਤੇ ਇਸ ਦੇ ਨੇੜੇ ਕੁੱਲ ਸੱਤ ਓਪਰੇਸ਼ਨ ਸਾਈਟਾਂ, ਜਿਨ੍ਹਾਂ ਵਿੱਚ ਲਾਚੀਨ, ਲੋਂਗੁਏਲ ਅਤੇ ਕੋਟੀਓ-ਡੂ-ਲੈਕ ਸ਼ਾਮਲ ਹਨ, ਨੂੰ ਬੰਦ ਕਰ ਦਿੱਤਾ ਜਾਵੇਗਾ। ਪ੍ਰਭਾਵਿਤ ਸਾਈਟਾਂ ਵਿੱਚ ਤਿੰਨ ਡਿਲੀਵਰੀ ਸਟੇਸ਼ਨ, ਦੋ ਛਾਂਟੀ ਕੇਂਦਰ, ਇੱਕ ਪੂਰਤੀ ਕੇਂਦਰ ਅਤੇ ਇੱਕ ਵਾਧੂ ਵੱਡਾ (ਏਐਮਐਕਸਐਲ) ਡਿਲੀਵਰੀ ਸਟੇਸ਼ਨ ਸ਼ਾਮਲ ਹਨ। ਤਾਲਾਬੰਦੀ ਕਰਕੇ ਕਿਊਬੇਕ ਤੋਂ ਬਾਹਰ ਨਿਕਲਣ ਦਾ ਉਸਦਾ ਫੈਸਲਾ ਵਰਕਰ ਯੂਨੀਅਨੀਕਰਨ ਲਈ ਚਿੰਤਾ ਦਾ ਵਿਸ਼ਾ ਹੈ।

ਕੈਨੇਡਾ ਵਿੱਚ ਵਰਕਰਾਂ ਦੇ ਜੱਥੇਬੰਦ ਹੋਕੇ ਮੰਗਾਂ ਰੱਖਣ ਦੇ ਖਿਲਾਫ, ਵੱਡੇ ਮਾਲਕਾਂ ਦੁਆਰਾ ਲਾਕ-ਆਊਟ (ਤਾਲਾਬੰਦੀ) ਦੇ ਹੱਥਕੰਡੇ ਦੀ ਵਰਤੋਂ ਦੀ ਇਹ ਕੋਈ ਇੱਕਲੀ ਘਟਨਾ ਨਹੀਂ ਹੈ। ਇਸ ਦੀਆਂ ਬਹੁਤ ਸਾਰੀਆਂ ਹੋਰ ਵੀ ਉਦਾਹਰਨਾਂ ਮਿਲਦੀਆਂ ਹਨ। ਪਿਛਲੇ ਅਗਸਤ ਵਿੱਚ ਕੈਨੇਡੀਅਨ ਨੈਸ਼ਨਲ ਰੇਲਵੇ ਕੰਪਨੀ ਅਤੇ ਕੈਨੇਡੀਅਨ ਪੈਸੀਫਿਕ ਕੰਸਾਸ ਸਿਟੀ ਲਿਮਿਟੇਡ ਦੁਆਰਾ ਲਾਕ-ਆਊਟ ਦੀ ਵਰਤੋਂ ਕੀਤੀ ਗਈ। ਮਿਤੀ 5 ਨਵੰਬਰ ਨੂੰ ਬ੍ਰਿਟਿਸ਼ ਕੋਲੰਬੀਆ ਤੱਟ ਦੀ ਲੰਬਾਈ ਵਿੱਚ ਪੋਰਟ ਟਰਮੀਨਲਾਂ ਦਾ ਸੰਚਾਲਨ ਕਰਨ ਵਾਲੀ ਕੰਪਨੀ '23 ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ' ਦੇ ਮੈਂਬਰਾਂ ਵਿਰੁੱਧ ਇੱਕ ਹੋਰ ਤਾਲਾਬੰਦੀ ਦਾ ਐਲਾਨ ਕੀਤਾ ਗਿਆ ਅਤੇ ਮਾਂਟਰੀਅਲ ਵਿੱਚ, 10 ਨਵੰਬਰ ਨੂੰ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਦੇ ਆਪਣੇ ਵਰਕਰਾਂ ਨੂੰ ਤਾਲਾਬੰਦ ਕਰ ਦਿੱਤਾ ਸੀ। ਇਕ ਹੋਰ ਮਾਮਲੇ ਵੱਲ ਇਸ਼ਾਰਾ ਕਰਦੀ ਹੈ ਜੋ 20 ਸਾਲ ਪਹਿਲਾਂ ਕਿਊਬਿਕ ਵਿਚ ਸਾਹਮਣੇ ਆਇਆ ਸੀ। ਯਾਦ ਰਹੇ ਅਪ੍ਰੈਲ 2005 ਵਿੱਚ, ਜਦੋਂ ਕਾਮਿਆਂ ਨੂੰ ਯੂਨੀਅਨ ਸਰਟੀਫਿਕੇਟ ਮਿਲਿਆ, ਵਾਲਮਾਰਟ ਕੈਨੇਡਾ ਕਾਰਪੋਰੇਸ਼ਨ ਨੇ ਜੌਨਕੁਏਰ ਦੇ ਬਰੋ ਵਿੱਚ ਇੱਕ ਸਟੋਰ ਬੰਦ ਕਰ ਦਿੱਤਾ ਸੀ। ਵਾਲਮਾਰਟ ਨੇ ਦਲੀਲ ਦਿੱਤੀ ਸੀ ਕਿ ਉਸਨੇ ਵਿੱਤੀ ਸੰਘਰਸ਼ਾਂ ਕਾਰਨ ਸਟੋਰ ਬੰਦ ਕਰ ਦਿੱਤਾ, ਪਰ ਕੈਨੇਡਾ ਦੀ ਸੁਪਰੀਮ ਕੋਰਟ ਨੇ 2014 ਵਿੱਚ ਫੈਸਲਾ ਸੁਣਾਇਆ ਕਿ ਕੰਪਨੀ ਨੇ ਕਿਊਬਿਕ ਲੇਬਰ ਕੋਡ ਦੀ ਉਲੰਘਣਾ ਕੀਤੀ ਅਤੇ ਸਟੋਰ ਦੇ 190 ਕਰਮਚਾਰੀਆਂ ਨੂੰ ਹਰਜਾਨੇ ਦਾ ਭੁਗਤਾਨ ਕਰਨ ਦਾ ਆਦੇਸ਼ ਦਿੱਤਾ।

ਲੇਬਰ ਗਰੁੱਪ ਕਨਫੈਡਰੇਸ਼ਨ ਡੇਸ ਸਿੰਡੀਕੈਟਸ ਨੇਸ਼ਨੈਕਸ ਦੇ ਅਨੁਸਾਰ, ਕੰਪਨੀ ਲਗਭਗ 2,000 ਨੌਕਰੀਆਂ ਦੀ ਕਟੌਤੀ ਕਰ ਰਹੀ ਹੈ, ਪਰ ਉਪ-ਠੇਕੇਦਾਰਾਂ ਦੁਆਰਾ ਕੰਮ ਕਰਨ ਵਾਲੇ ਕਾਮਿਆਂ ਨੂੰ ਸ਼ਾਮਲ ਕਰਨ 'ਤੇ ਕੁੱਲ ਛਾਂਟੀ ਦੀ ਗਿਣਤੀ ਲਗਭਗ 4,500 ਹੋ ਜਾਂਦੀ ਹੈ। ਐਮਾਜ਼ਾਨ ਕਰਮਚਾਰੀਆਂ ਦੀ ਯੂਨੀਅਨ ਦੇ ਨੁਮਾਇੰਦੇ ਟਰੂਡੋ ਨੇ ਈ-ਕਾਮਰਸ ਗੋਲੀਆਥ 'ਤੇ ਦੋਸ਼ ਲਾਇਆ ਕਿ ਉਸ ਨੇ ਪਿਛਲੇ ਸਾਲ ਮਈ 'ਚ ਆਪਣੇ ਗੋਦਾਮ 'ਚ ਕਰਮਚਾਰੀਆਂ ਨੂੰ ਸਜ਼ਾ ਦੇਣ ਲਈ ਸੂਬੇ 'ਚ ਆਪਣੇ ਗੋਦਾਮ ਬੰਦ ਕਰ ਦਿੱਤੇ ਸਨ। ਅਸੀਂ ਚਾਹੁੰਦੇ ਹਾਂ ਕਿ ਐਮਾਜ਼ਾਨ ਕੰਪਨੀ ਦੀਆਂ ਯੂਨੀਅਨ ਵਿਰੋਧੀ, ਕਿਊਬਿਕ ਵਿਰੋਧੀ ਕਾਰਵਾਈਆਂ ਦੌਰਾਨ ਵਰਕਰਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਯੂਨੀਅਨ ਨੇ ਕੰਪਨੀ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ ਜਦ ਤੱਕ ਐਮਾਜ਼ਾਨ ਆਪਣੀਆਂ ਸਹੂਲਤਾਂ ਦੁਬਾਰਾ ਨਹੀਂ ਖੋਲ੍ਹਦਾ ਜਾਂ ਆਪਣੇ ਸਾਰੇ ਨੌਕਰੀ ਤੋਂ ਕੱਢੇ ਗਏ ਕਰਮਚਾਰੀਆਂ ਨੂੰ ਲਾਭਾਂ ਦੇ ਨਾਲ ਇਕ ਸਾਲ ਦੀ ਤਨਖਾਹ ਦੇਣ ਲਈ ਸਹਿਮਤ ਨਹੀਂ ਹੁੰਦਾ।ਅਸੀਂ ਚਾਹੁੰਦੇ ਹਾਂ ਕਿ ਸਰਕਾਰ ਦੇ ਵੱਖ-ਵੱਖ ਪੱਧਰਾਂ - ਮਿਊਂਸਪਲ, ਸੂਬਾਈ ਅਤੇ ਸੰਘੀ 'ਤੇ ਸਰਕਾਰ ਨਾ ਸਿਰਫ ਐਮਾਜ਼ਾਨ ਤੋਂ ਖਰੀਦਣਾ ਬੰਦ ਕਰੇ, ਬਲਕਿ ਐਮਾਜ਼ਾਨ ਅਤੇ ਇਸ ਦੇ ਸਾਰੇ ਸਹਿਯੋਗੀਆਂ ਦੇ ਇਕਰਾਰਨਾਮਿਆਂ ਨੂੰ ਕੈਂਸਲ ਕੀਤਾ ਜਾਵੇ। ਐਮਾਜ਼ਾਨ ਨੇ ਪਹਿਲਾਂ ਇਸ ਗੱਲ ਨੂੰ ਖਾਰਜ ਕੀਤਾ ਹੈ ਕਿ ਇਸ ਬੰਦ ਦਾ ਸੂਬੇ ਵਿੱਚ ਯੁਨੀਅਨੀਕਰਨ ਦੇ ਖਿਲਾਫ਼ ਕੋਈ ਸਬੰਧ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦਾ ਉਦੇਸ਼ ਗਾਹਕਾਂ ਨੂੰ ਕੁਸ਼ਲ ਅਤੇ ਲਾਗਤ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਦਾਨ ਕਰਨਾ ਹੈ। ਕਿਊਬੇਕ ਸਹੂਲਤਾਂ ਦੇ ਬੰਦ ਹੋਣ ਦਾ ਮਤਲਬ ਇਹ ਹੋਵੇਗਾ ਕਿ ਐਮਾਜ਼ਾਨ 2020 ਤੱਕ ਸੂਬੇ ਵਿੱਚ ਵਰਤੇ ਗਏ ਕਾਰੋਬਾਰੀ ਮਾਡਲ 'ਤੇ ਵਾਪਸ ਆ ਜਾਵੇਗਾ, ਜਿਸ ਨੇ ਪੈਕੇਜ ਡਿਲੀਵਰੀ ਲਈ ਸਥਾਨਕ, ਤੀਜੀ ਧਿਰ ਦੀਆਂ ਕੰਪਨੀਆਂ ਨੂੰ ਨਿਯੁਕਤ ਕੀਤਾ ਸੀ। ਇਸੇ ਦੌਰਾਨ ਮਾਂਟਰੀਅਲ ਦੇ ਮੇਅਰ ਵੈਲੇਰੀ ਪਲਾਂਟੇ ਨੇ ਵਰਕਰਾਂ ਦੇ ਹੱਕ ਵਿੱਚ ਕਾਰਵਾਈ ਕਰਦਿਆਂ 'ਐਕਸ' ਤੇ ਐਲਾਨ ਕੀਤਾ ਕਿ ਮਾਂਟਰੀਅਲ ਸ਼ਹਿਰ "ਅਗਲੇ ਨੋਟਿਸ ਤੱਕ" ਐਮਾਜ਼ਾਨ 'ਤੇ ਆਰਡਰ ਕਰਨਾ ਬੰਦ ਕਰ ਦੇਵੇਗਾ।

ਇਹ ਗੱਲ ਸਪਸ਼ਟ ਹੈ ਕਿ ਐਮਾਜ਼ਾਨ ਦਾ ਇਹ ਫੈਸਲਾ ਕੁਝ ਸਮੇਂ ਤੋਂ ਤੇਜ਼ੀ ਨਾਲ ਵਿਸਥਾਰ ਤੋਂ ਇੱਕਦਮ ਬਾਅਦ ਅਤੇ ਇਹਨਾਂ ਸਹੂਲਤਾਂ ਵਿੱਚੋਂ ਇੱਕ ਵਿੱਚ ਵਰਕਰ ਯੂਨੀਅਨ ਦੇ ਗਠਨ ਤੋਂ ਬਾਅਦ ਆਇਆ ਹੈ। ਕੰਪਨੀ ਦੇ ਇਤਿਹਾਸ ਦੀ ਨਜ਼ਰਸਾਨੀ ਕਰੀਏ ਤਾਂ ਪਤਾ ਲਗਦਾ ਹੈ ਕਿ 2010 ਤੋਂ ਲੈ ਕੇ ਹੁਣ ਤੱਕ ਐਮਾਜ਼ਾਨ ਨੇ ਕੈਨੇਡਾ 'ਚ 50 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ ਅਤੇ ਦੇਸ਼ ਭਰ 'ਚ 46,000 ਵਰਕਰ ਭਰਤੀ ਕੀਤੇ ਹਨ। ਇਸ ਨੇ 2023 ਵਿੱਚ ਕੈਨੇਡਾ ਵਿੱਚ 12 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਸੀ। ਇਕੱਲੇ ਕਿਊਬਿਕ ਵਿਚ ਐਮਾਜ਼ਾਨ ਨੇ ਅਰਬਾਂ ਨਿਵੇਸ਼ ਕੀਤੇ ਹਨ। ਬੰਦ ਹੋਣ ਵਾਲੀਆਂ ਕਿਊਬਿਕ ਸਹੂਲਤਾਂ ਨੂੰ ਛੱਡ ਕੇ, ਐਮਾਜ਼ਾਨ ਇਸ ਸਮੇਂ ਕੈਨੇਡਾ ਭਰ ਵਿੱਚ 22 ਪੂਰਤੀ ਕੇਂਦਰ, ਚਾਰ ਛਾਂਟੀ ਕੇਂਦਰ, 31 ਡਿਲੀਵਰੀ ਸਟੇਸ਼ਨ ਅਤੇ ਪੰਜ ਏਐਮਐਕਸਐਲ ਡਿਲੀਵਰੀ ਸਟੇਸ਼ਨ ਕੰਮ ਕਰਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਓਂਟਾਰੀਓ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਹਨ। ਇਸ ਦੇ ਤਿੰਨ ਕੈਨੇਡੀਅਨ ਕਾਰਪੋਰੇਟ ਦਫਤਰ ਅਤੇ ਟੋਰਾਂਟੋ ਅਤੇ ਵੈਨਕੂਵਰ ਵਿੱਚ ਦੋ ਤਕਨੀਕੀ ਕੇਂਦਰ ਵੀ ਹਨ।

ਕਿਊਬਿਕ ਸੂਬੇ ਵਿੱਚ ਮਿਤੀ 14 ਜੁਲਾਈ, 2020 ਨੂੰ ਐਮਾਜ਼ਾਨ ਨੇ ਆਪਣੀ ਲਾਚੀਨ ਸੁਵਿਧਾ ਖੋਲ੍ਹੀ, ਜਿਸ ਵਿੱਚ ਤਿੰਨ ਸੌ ਸਥਾਈ ਨੌਕਰੀਆਂ ਹਨ। ਮਿਤੀ 19 ਜਨਵਰੀ, 2021 ਨੂੰ, ਐਮਾਜ਼ਾਨ ਨੇ ਪੰਜ ਸਹੂਲਤਾਂ ਦਾ ਐਲਾਨ ਕੀਤਾ, ਇਨ੍ਹਾਂ ਵਿੱਚ ਮਾਂਟਰੀਅਲ ਤੋਂ ਲਗਭਗ 60 ਕਿਲੋਮੀਟਰ ਦੂਰ ਕੋਟੀਓ-ਡੂ-ਲੈਕ, ਕਿਊ ਵਿੱਚ ਇੱਕ ਛਾਂਟੀ ਕੇਂਦਰ ਅਤੇ ਨਾਲ ਹੀ ਲੋਂਗੂਏਲ ਵਿੱਚ ਇੱਕ ਹੋਰ ਸ਼ਾਮਲ ਹੈ। ਕੰਪਨੀ ਸੂਬੇ ਵਿਚ ਤਿੰਨ ਡਿਲੀਵਰੀ ਸਟੇਸ਼ਨ ਵੀ ਖੋਲ੍ਹਦੀ ਹੈ, ਲਾਵਲ ਵਿਚ ਦੋ ਅਤੇ ਲਾਚੀਨ ਵਿਚ ਇਕ। ਮਿਤੀ 27 ਅਕਤੂਬਰ, 2021 ਨੂੰ, ਐਮਾਜ਼ਾਨ ਕੋਟੀਓ-ਡੂ-ਲੈਕ ਸੁਵਿਧਾ ਨੂੰ ਦੇਸ਼ ਵਿੱਚ ਆਪਣਾ ਸਭ ਤੋਂ ਉੱਨਤ ਸੋਰਟਿੰਗ ਸੈਂਟਰ ਦਸਦਾ ਹੈ ਜਿਸਨੇ ਪੰਜ ਸੌ ਫੁਲ ਟਾਇਮ ਨੌਕਰੀਆਂ ਪੈਦਾ ਹੁੰਦੀਆਂ ਹਨ।

ਮਿਤੀ 22 ਅਪ੍ਰੈਲ, 2024 ਨੂੰ ਯੂਨੀਅਨ ਫੈਡਰੇਸ਼ਨ ਸੀ.ਐਸ.ਐਨ ਨੇ ਕਿਊਬਿਕ ਵਿੱਚ ਪਹਿਲੀ ਵਾਰ ਲਾਵਲ ਦੇ ਇੱਕ ਗੋਦਾਮ ਵਿੱਚ 200 ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਲਈ ਪ੍ਰਸ਼ਾਸਕੀ ਕਿਰਤ ਟ੍ਰਿਬਿਊਨਲ ਕੋਲ ਅਰਜ਼ੀ ਦਾਇਰ ਕੀਤੀ। ਯੂਨੀਅਨ ਦਾ ਕਹਿਣਾ ਹੈ ਕਿ ਮਜ਼ਦੂਰ "ਆਪਣੇ ਕੰਮ-ਹਾਲਾਤਾਂ ਦੀ ਪ੍ਰੇਸ਼ਾਨੀ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਕਿ ਕੰਮ ਦੀ ਤੇਜ਼ ਰਫਤਾਰ, ਸਿਹਤ ਅਤੇ ਸੁਰੱਖਿਆ ਉਪਾਵਾਂ ਦੀ ਮਾੜੀ ਘਾਟ ਅਤੇ ਕਿਊਬਿਕ ਦੇ ਗੋਦਾਮਾਂ ਅਤੇ ਪੂਰਤੀ ਕੇਂਦਰਾਂ ਵਿੱਚ




ਤਨਖਾਹ ਨਿਯਮਾਂ ਤੋਂ ਬਹੁਤ ਘੱਟ ਹੈ। ਸੀ.ਐਸ.ਐਨ ਦੀ ਪ੍ਰਧਾਨ ਕੈਰੋਲੀਨ ਸੇਨੇਵਿਲੇ ਨੇ ਕਿਹਾ, "ਐਮਾਜ਼ਾਨ ਦੇ ਕਰਮਚਾਰੀਆਂ ਵਿੱਚ ਇਹ ਸਹਿਮਤੀ ਬਣ ਗਈ ਕਿ ਆਪਣੀਆਂ ਸਹੂਲਤਾਂ ਪ੍ਰਾਪਤ ਕਰਨ ਲਈ ਜੱਥੇਬੰਦ ਹੋਣ ਚਾਹੀਦਾ ਹੈ। ਮਿਤੀ 13 ਮਈ, 2024 ਨੂੰ, ਐਪਲੀਕੇਸ਼ਨ ਨੂੰ ਪ੍ਰਮਾਣਿਤ ਕੀਤਾ ਗਿਆ ਹੈ, ਜਿਸ ਨਾਲ ਲਾਵਲ ਦਾ ਗੋਦਾਮ ਵਰਕਰ ਯੂਨੀਅਨ ਵਾਲਾ ਕੈਨੇਡਾ ਦਾ ਪਹਿਲਾ ਐਮਾਜ਼ਾਨ ਵੇਅਰਹਾਊਸ ਬਣ ਗਿਆ ਹੈ। ਐਮਾਜ਼ਾਨ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਅਤੇ ਯੂਨੀਅਨ ਨੂੰ ਮਾਨਤਾ ਦਾ ਸਮਰਥਨ ਨਹੀਂ ਕੀਤਾ। ਮਿਤੀ 1 ਅਗਸਤ, 2024 ਨੂੰ, ਇੱਕ ਐਡਮਿਨਿਸਟ੍ਰੇਟਿਵ ਲੇਬਰ ਟ੍ਰਿਬਿਊਨਲ ਦੇ ਜੱਜ ਨੇ ਐਮਾਜ਼ਾਨ ਪ੍ਰਬੰਧਕਾਂ ਨੂੰ ਲਾਚਿਨ ਵਿੱਚ ਆਪਣੀ ਸੁਵਿਧਾ ਵਿੱਚ ਯੂਨੀਅਨ ਮਾਮਲਿਆਂ ਵਿੱਚ ਦਖਲ-ਅੰਦਾਜ਼ੀ ਬੰਦ ਕਰਨ ਦਾ ਨਿਰਦੇਸ਼ ਦਿੱਤਾ। ਜੱਜ ਹੈਨਰਿਕ ਐਲੇਫਸਨ ਨੇ ਐਮਾਜ਼ਾਨ ਨੂੰ ਆਦੇਸ਼ ਦਿੱਤਾ ਕਿ ਉਹ ਕੰਪਨੀ ਵੱਲੋਂ ਆਪਣੀਆਂ ਸੁਵਿਧਾਵਾਂ 'ਤੇ ਸਾਰੇ ਯੂਨੀਅਨ ਵਿਰੋਧੀ ਪੋਸਟਰਾਂ ਨੂੰ ਹਟਾਵੇ ਅਤੇ ਨਸ਼ਟ ਕਰੇ। ਐਮਾਜ਼ਾਨ ਕੰਪਨੀ ਨੂੰ ਨੈਤਿਕ ਅਤੇ ਦੰਡਾਤਮਕ ਹਰਜਾਨੇ ਵਜੋਂ ਕੁੱਲ 30,000 ਡਾਲਰ ਦਾ ਭੁਗਤਾਨ ਕਰਨ ਦਾ ਆਦੇਸ਼ ਦਿੱਤਾ ਗਿਆ। ਇਸ ਦੇ ਬਾਅਦ ਮਿਤੀ 22 ਜਨਵਰੀ, 2025 ਨੂੰ, ਐਮਾਜ਼ਾਨ ਨੇ ਐਲਾਨ ਕੀਤਾ ਕਿ ਉਹ ਆਉਣ ਵਾਲੇ ਹਫਤਿਆਂ ਵਿੱਚ ਕਿਊਬਿਕ ਵਿੱਚ ਆਪਣੀਆਂ ਸਹੂਲਤਾਂ ਨੂੰ ਬੰਦ ਕਰ ਦੇਵੇਗਾ। ਕੰਪਨੀ ਨੇ ਆਪਣਾ ਕੰਮ ਛੋਟੇ ਠੇਕੇਦਾਰਾਂ ਨੂੰ ਆਊਟਸੋਰਸ ਕਰਨ ਦਾ ਐਲਾਨ ਕੀਤਾ।

ਲਾਵਲ ਵਿਚ ਐਮਾਜ਼ਾਨ ਦੇ ਡੀ.ਐਕਸ.ਟੀ4 ਗੋਦਾਮ ਵਿਚ ਕਾਮਿਆਂ ਲਈ ਖੜ੍ਹੀ ਕਨਫੈਡਰੇਸ਼ਨ ਡੇਸ ਸਿੰਡੀਕੈਟਸ ਨੇਸ਼ਨੈਕਸ (ਸੀਐਸਐਨ) ਯੂਨੀਅਨ ਦੀ ਪ੍ਰਧਾਨ ਕੈਰੋਲੀਨ ਸੇਨੇਵਿਲੇ ਨੇ ਮੰਗ ਕੀਤੀ ਕਿ ਐਮਾਜ਼ਾਨ ਕੰਪਨੀ ਵੱਲੋਂ ਕਿਊਬਿਕ 'ਚ ਇਸ ਵੇਲੇ ਦੁਕਾਨ ਬੰਦ ਕਰਨਾ ਗੈਰ-ਕਾਨੂੰਨੀ ਹੈ ਕਿਉਂਕਿ ਵਰਕਰ ਹੁਣ ਯੂਨੀਅਨ 'ਚ ਹਨ। ਮਜ਼ਦੂਰ ਅਤੇ ਕਿਰਤ ਵਕੀਲ ਵੀ ਇਸ ਕਦਮ ਨੂੰ ਪਿਛਲੇ ਮਈ ਵਿੱਚ ਲਾਵਲ ਵਿੱਚ ਮਜ਼ਦੂਰਾਂ ਦੇ ਸਫਲਤਾਪੂਰਵਕ ਯੂਨੀਅਨ ਬਣਨ ਤੋਂ ਬਾਅਦ ਸੰਗਠਿਤ ਕੋਸ਼ਿਸ਼ਾਂ ਨੂੰ ਰੱਦ ਕਰਨ ਦੀ ਕੋਸ਼ਿਸ਼ ਵਜੋਂ ਦੇਖਦੇ ਹਨ। ਮਜ਼ਦੂਰ ਕਿਊਬਿਕ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਹ ਐਮਾਜ਼ਾਨ ਦੀ ਇਸ ਕਾਰਵਾਈ ਨੂੰ ਰੋਕਣ ਲਈ ਮਜਬੂਰ ਕਰੇ। ਜੇ ਅਜਿਹਾ ਨਹੀਂ ਹੁੰਦਾ ਹੈ, ਤਾਂ ਉਹ ਚਾਹੁੰਦੇ ਹਨ ਕਿ ਡਿਲੀਵਰੀ ਡਰਾਈਵਰਾਂ ਸਮੇਤ ਐਮਾਜ਼ਾਨ ਦੇ ਸਾਰੇ ਕਰਮਚਾਰੀਆਂ ਨੂੰ ਸੀ.ਐਨ.ਈ.ਐਸ.ਟੀ ਨਿਯਮਾਂ ਦੇ ਤਹਿਤ ਕਰਮਚਾਰੀਆਂ ਵਜੋਂ ਮਾਨਤਾ ਦਿੱਤੀ ਜਾਵੇ, ਇਹ ਯਕੀਨੀ ਬਣਾਉਣ ਲਈ ਕਿ ਉਹ ਗੋਦਾਮ ਦੇ ਕਰਮਚਾਰੀਆਂ ਵਾਂਗ ਸੁਰੱਖਿਆ ਅਤੇ ਸਵੀਅਰਨੈਸ ਭੱਤੇ ਦੇ ਪ੍ਰਾਪਤ ਕਰਣ। ਉਹ ਰੁਜ਼ਗਾਰ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਹਰੇਕ ਪ੍ਰਭਾਵਿਤ ਕਰਮਚਾਰੀ ਲਈ ਲਾਭਾਂ ਸਮੇਤ ਇੱਕ ਸਾਲ ਦੇ ਮੁਆਵਜ਼ੇ ਦੀ ਵੀ ਮੰਗ ਕਰ ਰਹੇ ਹਨ। ਉਨ੍ਹਾਂ ਦੀਆਂ ਮੰਗਾਂ ਐਮਾਜ਼ਾਨ ਨਾਲ ਸਾਰੇ ਸਰਕਾਰੀ ਇਕਰਾਰਨਾਮਿਆਂ ਨੂੰ ਕੱਟਣ ਅਤੇ ਕੰਪਨੀ ਨੂੰ ਪ੍ਰਾਪਤ ਹੋਈਆਂ ਕਿਸੇ ਵੀ ਜਨਤਕ ਸਬਸਿਡੀਆਂ ਨੂੰ ਮੁੜ ਪ੍ਰਾਪਤ ਕਰਨ ਤੱਕ ਫੈਲੀਆਂ ਹੋਈਆਂ ਹਨ। ਸੇਨੇਵਿਲੇ ਨੇ ਕਿਹਾ ਕਿ ਸਨ 2005 ਵਾਲੇ ਵਾਲਮਾਰਟ ਜੌਨਕੁਏਰ ਕੇਸ ਨੇ ਇੱਕ ਕਾਨੂੰਨੀ ਮਿਸਾਲ ਕਾਇਮ ਕੀਤੀ ਹੈ ਅਤੇ ਸੀ.ਐਸ.ਐਨ. ਯੂਨੀਅਨ ਇਸ ਸਮੇਂ ਆਪਣੇ ਕਾਨੂੰਨੀ ਵਿਕਲਪਾਂ ਦੀ ਪੜਚੋਲ ਵੀ ਕਰ ਰਹੀ ਹੈ।


ਆਮ ਲੋਕਾਂ ਵਿੱਚ ਵੀ ਐਮਾਜ਼ਾਨ ਕੰਪਨੀ ਦੀ ਇਹ ਕਾਰਵਾਈ ਵਰਕਰ ਯੂਨੀਅਨ ਬਨਣ ਦੇ ਪ੍ਰਤੀਕਰਮ ਵਜੋਂ ਦੇਖੀ ਜਾ ਰਹੀ ਹੈ ਅਤੇ ਇਸ ਕੰਪਨੀ ਦਾ ਮਜ਼ਦੂਰ ਵਿਰੋਧੀ ਰਵੱਈਆ ਉਜਾਗਰ ਹੋ ਰਿਹਾ ਹੈ। ਵਰਕਰਾਂ ਦੀ ਜੱਥੇਬੰਦੀ ਇੱਕ ਕਾਨੂੰਨੀ ਹੱਕ ਹੈ ਅਤੇ ਸਰਕਾਰਾਂ ਨੂੰ ਇਸ ਕਾਨੂੰਨੀ ਹੱਕ ਤੇ ਹੋ ਰਹੇ ਹਮਲੇ ਨੂੰ ਕਾਨੂੰਨੀ ਉਲੰਘਣਾ ਦੇ ਤੌਰ 'ਤੇ ਲੈਣਾ ਚਾਹੀਦਾ ਹੈ। ਵਰਕਰਾਂ ਦੀ ਰੋਜ਼ੀ-ਰੋਟੀ ਤੇ ਹੋ ਰਹੇ ਇਸ ਹਮਲੇ ਖਿਲਾਫ਼ ਸਰਕਾਰਾਂ ਨੂੰ ਫੋਰੀ ਤੇ ਦਖ਼ਲ ਦੇਣਾ ਬਣਦਾ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵਰਕਰਾਂ ਅਤੇ ਪ੍ਰਬੰਧਕਾਂ ਦੇ ਇਸ ਝਗੜੇ ਵਿੱਚ ਸਰਕਾਰ ਕਿਹੜੇ ਪਾਸੇ ਖੜ੍ਹਦੀ ਹੈ।

# ਮਨੁੱਖਤਾ ਦਾ ਸਾਹਿਤਕਾਰ ਮੈਕਸਿਮ ਗੋਰਕੀ

ਇਲੀਆ ਅਹਿਰਨਬਰਗ

ਮਨੁੱਖ ਨੂੰ ਇਤਿਹਾਸ ਦੀ ਸੂਝ ਲਾਜਮੀ ਹੋਣੀ ਚਾਹੀਦੀ ਹੈ। ਚੁੱਪ ਦੀ ਇੱਕ ਘੜੀ ਵਿੱਚ ਪਹਾੜੀ ਦੀ ਟੀਸੀ ਤੋਂ ਤੱਕੇ ਇੱਕ ਦ੍ਰਿਸ਼ ਵਾਂਗ! ਮੈਂ ਜਦੋਂ ਵੀ ਗੋਰਕੀ ਨੂੰ ਮਿਲ਼ਿਆ, ਮੈਨੂੰ ਇਤਿਹਾਸ ਦੀ ਹੋਂਦ ਦਾ ਅਨੁਭਵ ਹੋਇਆ। ਉਹ ਇੱਕ ਸਾਦ-ਮੁਰਾਦਾ, ਦਿਲਚਸਪ ਗੱਲਾਂ ਕਰਨ ਵਾਲ਼ਾ ਆਦਮੀ ਸੀ। ਉਸਦੀ ਹਰ ਵਿਸ਼ੇਸ਼ਤਾ ਇੱਕ ਜਜਬੇ ਵਿੱਚੋਂ, ਸੰਘਰਸ਼ ਵਿੱਚੋਂ, ਜੀਵਨ ਵਿੱਚੋਂ, ਜਨਮ ਲੈਂਦੀ ਸੀ ਅਤੇ ਉਹ ਸਾਧਾਰਨ ਜਿਹੇ ਕਮਰੇ ਨੂੰ ਇੱਕ ਅਜਿਹਾ ਪਿੜ ਬਣਾ ਦੇਂਦਾ ਸੀ ਜਿੱਥੇ ਸਦੀਆਂ ਗੁੱਥਮ-ਗੁੱਥਾ ਹੋ ਰਹੀਆਂ ਹੁੰਦੀਆਂ।

ਇਹ ਉਹ ਸਮਾਂ ਸੀ ਜਦੋਂ ਸੋਵੀਅਤ ਸਾਹਿਤ ਹਾਲੇ ਆਪਣੇ ਪੈਰਾਂ 'ਤੇ ਖਲੋ ਹੀ ਰਿਹਾ ਸੀ। ਅਸੀਂ ਲਿਖਣ ਤੇ ਪੜ੍ਹਨ ਦੀ ਜਾਂਚ ਸਿੱਖ ਰਹੇ ਸਾਂ। ਅਸੀਂ ਸਮਝਦੇ ਸਾਂ ਕਿ ਮਨੁੱਖਤਾ ਨੇ ਅਲਫ-ਬੇ ਤੋਂ ਹੀ ਆਰੰਭ ਕੀਤਾ ਹੈ। ਗੋਰਕੀ ਸਾਡੇ ਕੋਲ਼ ਮਹਾਨ ਰੂਸੀ ਸਾਹਿਤ ਦੇ ਇੱਕ ਦੂਤ ਵਾਂਗ ਆਇਆ। ਉਹ ਹੱਸ-ਹੱਸ ਗੱਲਾਂ ਕਰਦਾ ਤੇ ਆਪਣੀਆ ਮੁੱਛਾਂ 'ਤੇ ਹੱਥ ਫੇਰਦਾ : ਅਸੀਂ ਬੱਚੇ ਸਾਂ। ਉਸਨੇ ਸਾਨੂੰ ਯਾਦ ਦਵਾਇਆ ਕਿ ਅਸੀਂ ਯਤੀਮ, ਸਾਕ ਸਬੰਧੀਆਂ ਤੋਂ ਵਾਂਝੇ ਹੋਏ ਨਹੀਂ ਸਾਂ। ਉਹਦੇ ਲਈ ਤਾਲਸਤਾਏ ਜਾਂ ਚੈਖਵ ਕਲਾਸਕੀ ਸਾਹਿਤਕਾਰ ਨਹੀਂ ਸਨ ਸਗੋਂ ਸਮਕਾਲੀ ਸਨ, ਜੀਊਂਦੇ ਜਾਗਦੇ ਸਾਥੀ ਸਨ। ਉਹ ਉਹਨਾਂ ਨੂੰ ਮਿਲ਼ਿਆ ਸੀ, ਉਹਨਾਂ ਨਾਲ਼ ਹਾਸਾ-ਠੱਠਾ ਕੀਤਾ ਸੀ। ਉਹ ਉੱਤਰ-ਅਧਿਕਾਰ ਦਾ ਕੌਲ-ਇਕਰਾਰ ਸੀ। ਅਸੀਂ ਜੀਊਂਦੇ ਜਾਗਦੇ ਗੋਰਕੀ ਨੂੰ



ਜਾਣਦੇ ਸਾਂ। ਉਹ ਮੁਰਦਿਆਂ ਦਾ ਭਗਤ ਨਹੀਂ ਸੀ। ਉਸ ਨੇ ਸਾਨੂੰ ਕੰਮ ਜਾਰੀ ਰੱਖਣ ਦਾ ਹੀ ਨਹੀਂ ਸਗੋਂ ਨਵੇਂ ਸਿਰਿਉਂ ਸ਼ੁਰੂ ਕਰਨ ਦਾ ਸੱਦਾ ਦਿੱਤਾ। ਉਸਨੂੰ ਆਪਣੇ ਆਰੰਭ ਦਾ - ਸਾਹਿਤਕ ਚਿੱਟ-ਕੱਪੜੀਆਂ, ਅਧੋਗਤੀ ਵੱਲ ਜਾਂਦਿਆਂ ਤੇ ਨਕਲਚੂਆਂ ਦੀ ਅੰਨ੍ਹੀ ਦੁਸ਼ਮਣੀ ਦਾ - ਚੇਤਾ ਸੀ।

ਉਸ ਦੀ ਉੱਚ ਦਰਜੇ ਦੀ ਸਜੀਵਤਾ ਤੇ ਜੀਵਨ ਪ੍ਰਤੀ ਲਗਨ ਅਚੰਭਾਦਾਇਕ ਸੀ। ਸਾਲਾਂ-ਬੱਧੀ ਉਸਨੇ ਮੌਤ ਨਾਲ਼ ਘੋਲ਼ ਕੀਤਾ। ਉਹ ਇੱਕ ਬਲਵਾਨ ਗੱਠਲ ਰੁੱਖ ਵਾਂਗ ਸੀ ਜਿਹੜਾ ਸਭ ਮੁਸ਼ਕਲਾਂ ਦੇ ਬਾਵਜੂਦ ਵਧਿਆ-ਫੁੱਲਿਆ ਹੋਵੇ। ਉਸਨੂੰ ਰੁੱਖਾਂ ਨਾਲ਼ ਪਿਆਰ ਸੀ, ਉਸਨੂੰ ਬੱਚਿਆਂ ਨਾਲ਼ ਪਿਆਰ ਸੀ। ਉਹ ਲੋਕਾਂ ਨੂੰ, ਉਹਨਾਂ ਦੇ ਜਜਬਿਆਂ ਨੂੰ, ਉਹਨਾਂ ਦੇ ਨਿੱਜੀ ਗੁਣਾਂ-ਔਗੁਣਾਂ ਨੂੰ, ਉਹਨਾਂ ਦੇ ਡੂੰਘੇ ਮੱਤਭੇਦਾਂ ਨੂੰ ਅਤੇ ਲੋਕਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਵਾਲ਼ੀ ਚੀਜ-ਮਾਨਵ-ਹਿੱਤ - ਨੂੰ ਪਿਆਰ ਕਰਦਾ ਸੀ।

ਉਸ ਨੂੰ ਤਰੱਕੀ ਵਿੱਚ ਬਹੁਤ ਪੱਕਾ, ਆਸ਼ਕਾਂ ਵਾਲ਼ਾ ਵਿਸ਼ਵਾਸ ਸੀ। ਜਦੋਂ ਉਹ ਨਵੀਂ ਕਾਢ ਦੀ ਗੱਲ ਕਰਦਾ ਉਹ ਬੱਚੇ ਵਾਂਗ ਮੁਸਕਰਾਉਂਦਾ। (ਨਿੱਕੇ ਤੇ ਵੱਡੇ ਲਿਖਾਰੀਆਂ ਦੀ ਬਣਾਉਟੀ ਸਿਆਣਪ ਵਾਲ਼ੀ ਨਿਸ਼ਚੈਹੀਨਤਾ ਲਈ ਇਹ ਮਨੁੱਖ, ਜੀਵਨ ਦੀ ਨਿਰਦੈਤਾ ਦਾ ਮਾਰਿਆ ਹੋਇਆ, ਆਪਣੇ ਸੂਝਵਾਨ ਬਚਪਨ ਦੀ ਪਵਿੱਤਰਤਾ ਤੇ ਅਖੰਡਤਾ ਦਾ ਵਿਰੋਧੀ ਸੀ।)

ਇੱਕ ਜਮਾਂਦਰੂ ਕਵੀ ਹੋਣ ਦੇ ਨਾਤੇ ਉਹ ਸਾਡਾ ਉਸਤਾਦ ਬਣਿਆ, ਇਸ ਲਈ ਨਹੀਂ ਕਿ ਉਸਨੂੰ ਝਾੜਨ ਡਾਂਟਣ ਦਾ ਸ਼ੌਕ ਸੀ ਸਗੋਂ ਇਸ ਲਈ ਕਿ ਉਸ ਨੂੰ ਭਵਿੱਖ ਨਾਲ਼ ਪਿਆਰ ਸੀ।

# ਭਗਤ ਸਿੰਘ ਯੁਗਾਂ ਤੱਕ ਜਿਊਂਦਾ ਰਹੇਗਾ

*ਪਾਕਿਸਤਾਨ ਦੀ ਉੱਘੀ ਲੇਖਕਾ ਅਫਜ਼ਲ ਤੌਸੀਫ਼ (18 ਮਈ 1936 – 30 ਦਸੰਬਰ 2014) ਦਾ ਜਨਮ ਚੜ੍ਹਦੇ ਪੰਜਾਬ ਦੇ ਪਿੰਡ ਕੂੰਮਕਲਾਂ 'ਚ ਹੋਇਆ ਤੇ ਦੇਸ਼ਵੰਡ ਪਿੱਛੋਂ ਉਨ੍ਹਾਂ ਦਾ ਪਰਿਵਾਰ ਲਾਹੌਰ ਜਾ ਵਸਿਆ। ਉਨ੍ਹਾਂ ਨੇ ਕੌਇਟਾ ਦੇ ਕਾਲਜ ਵਿੱਚ ਲੈਕਚਰਾਰ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਲਾਹੌਰ ਉਹ ਜਿਸ ਕਾਲੋਨੀ 'ਚ ਰਹਿੰਦੇ ਸਨ ਉਹ ਸ਼ਾਦਮਾਨ ਚੌਕ ਦੇ ਨਾਲ ਲੱਗਦੀ ਸੀ ਜਿੱਥੇ ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਉਸ ਧਰਤੀ ਨੂੰ ਆਪਣੀ ਇਸ ਰਚਨਾ ਨਾਲ ਸਿਜਦਾ ਕੀਤਾ ਜਿਸ ਦਾ ਅਨੁਵਾਦ ਅਜਮੇਰ ਸਿੱਧੂ (ਸੰਪਰਕ: 94630-63990) ਨੇ ਕੀਤਾ ਹੈ।*



ਇਤਿਹਾਸ ਕਿਤੇ ਵੀ ਉਪਜ ਸਕਦਾ ਹੈ ਅਤੇ ਇਸ ਨੂੰ ਕਿਤੋਂ ਵੀ ਖੋਜਿਆ ਜਾ ਸਕਦਾ ਹੈ। ਇਤਿਹਾਸਕ ਤੱਥ ਲੰਮੇ ਸਮੇਂ ਲਈ ਛੁਪੇ ਨਹੀਂ ਰਹਿ ਸਕਦੇ। ਕਦੇ ਨਾ ਕਦੇ ਕਹਾਣੀਆਂ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਣਾ, ਇਤਿਹਾਸ ਦਾ ਗੁਣ ਹੈ। ਕਦੇ-ਕਦੇ ਕੌੜੇ ਸੱਚ ਕਹਾਣੀਆਂ ਦਾ ਰੂਪ ਲੈ ਲੈਂਦੇ ਹਨ, ਜਦੋਂ ਉਹ ਵਾਰ-ਵਾਰ ਦੁਹਰਾਈਆਂ ਜਾਂ ਦੁਬਾਰਾ ਲਿਖੀਆਂ ਜਾਂਦੀਆਂ ਹਨ। ਭਗਤ ਸਿੰਘ ਵੀਹਵੀਂ ਸਦੀ ਦਾ ਮਹਾਨ ਨਾਇਕ ਅਤੇ ਪੰਜਾਬ ਦੀਆਂ ਦੰਦਕਥਾਵਾਂ ਦਾ ਇੱਕ ਪਾਤਰ ਹੈ। ਇਸ ਮਹਾਨ ਆਜ਼ਾਦੀ ਘੁਲਾਟੀਏ ਬਾਰੇ ਬਹੁਤ ਸਾਰੀਆਂ ਕਹਾਣੀਆਂ ਚਰਚਿਤ ਹਨ ਅਤੇ ਭਗਤ ਸਿੰਘ ਬਾਰੇ ਘੱਟੋ-ਘੱਟ ਚਾਰ ਫਿਲਮਾਂ ਭਾਰਤ ਵਿੱਚ ਬਣੀਆਂ ਹਨ।

ਲਾਹੌਰ ਦਾ ਰਹਿਣ ਵਾਲਾ ਮਜੀਦ ਸ਼ੇਖ਼ ਕਹਾਣੀਆਂ ਦੀ ਪੇਸ਼ਕਾਰੀ ਆਪਣੇ ਢੰਗ ਨਾਲ ਕਰਦਾ ਹੈ। ਉਸ ਅਨੁਸਾਰ ਬਹੁਤੇ ਲੋਕ ਇਸ ਤੱਥ ਤੋਂ ਵਾਕਫ਼ ਨਹੀਂ ਹਨ ਕਿ ਸ਼ਾਹ ਜਮਾਲ ਅਤੇ ਸ਼ਾਦਮਾਨ ਦਾ ਇਲਾਕਾ ਕਦੇ ਲਹਿਣਾ ਸਿੰਘ ਦੀ ਛਾਉਣੀ ਵਜੋਂ ਜਾਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਤੋਂ ਪਹਿਲਾਂ ਲਾਹੌਰ ਉੱਤੇ ਰਾਜ ਕਰਨ ਵਾਲੇ ਤਿੰਨ ਸ਼ਾਸਕਾਂ ਵਿੱਚੋਂ ਇੱਕ ਸੀ ਲਹਿਣਾ ਸਿੰਘ (ਜ਼ਿਕਰਯੋਗ ਹੈ ਕਿ ਲਹਿਣਾ ਸਿੰਘ ਨੇ ਭੰਗੀ ਮਿਸਲ ਦੇ ਸਰਦਾਰ ਗੁੱਜਰ ਸਿੰਘ ਅਤੇ ਕਨ੍ਹੱਈਆ ਮਿਸਲ ਦੇ ਸਰਦਾਰ ਸੋਭਾ ਸਿੰਘ ਨਾਲ ਮਿਲ ਕੇ 1765 ਵਿੱਚ ਅਫ਼ਗਾਨ ਸ਼ਾਸਕਾਂ ਤੋਂ ਲਾਹੌਰ ਜਿੱਤਿਆ ਸੀ)। ਉਸ ਦੀ ਛਾਉਣੀ ਵਿੱਚ ਇੱਕ ਵੱਡੀ ਹਵੇਲੀ ਸੀ। ਉਸ ਜਗ ?ਹਾ 'ਤੇ ਅੱਜਕੱਲ੍ਹ ਸ਼ਾਦਮਾਨ ਚੌਕ ਬਣਾਇਆ ਗਿਆ ਹੈ। ਸੂਫ਼ੀ ਸੰਤ ਬਾਬਾ ਸ਼ਾਹ ਜਮਾਲ ਦੇ ਮਕਬਰੇ ਦੇ ਬਹੁਤ ਨੇੜੇ ਇਹ ਗੋਲਾਕਾਰ ਚੌਕ ਬਣਿਆ ਹੋਇਆ ਹੈ।

ਕਹਾਣੀ ਇਹ ਹੈ ਕਿ ਕਸੂਰ ਦੇ ਖ਼ਾਨ, ਜਿਹੜੇ ਲਾਹੌਰ ਦੇ ਤਖ਼ਤ ਨੂੰ ਉਲਟਾਉਣ ਵਿੱਚ ਗੋਰਿਆਂ ਦੇ ਭਾਈਵਾਲ ਸਨ, ਨੇ ਮਹਾਰਾਜਾ ਰਣਜੀਤ ਸਿੰਘ ਦਾ ਕਤਲ ਕਰਨ ਲਈ ਸਿੱਖਾਂ ਦੇ ਸਰਦਾਰ ਕੋਲ ਇੱਕ ਦੂਤ ਭੇਜਿਆ। ਗੱਲ ਪੁੱਠੀ ਪੈ ਗਈ ਅਤੇ ਦੂਤ ਮੌਕੇ 'ਤੇ ਹੀ ਮਾਰਿਆ ਗਿਆ।

ਜਦੋਂ ਅੰਗਰੇਜ਼ਾਂ ਨੇ ਲਾਹੌਰ 'ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਲਹਿਣਾ ਸਿੰਘ ਦੀ ਛਾਉਣੀ ਨੂੰ ਢਾਹ ਕੇ ਪੰਜਾਬ ਦੀ ਇੱਕ ਵੱਡੀ ਜੇਲ੍ਹ ਦਾ ਰੂਪ ਦੇ ਦਿੱਤਾ, ਜਿੱਥੇ ਲੰਮੀ ਕੈਦ ਅਤੇ ਕਤਲ ਦੇ ਮੁਜਰਮਾਂ ਨੂੰ ਰੱਖਿਆ ਜਾਂਦਾ ਸੀ। ਲਹਿਣਾ ਸਿੰਘ ਦੇ ਘਰ ਵਾਲੀ ਥਾਂ ਮਕਤਲ ਵਿੱਚ ਤਬਦੀਲ ਕਰ ਦਿੱਤੀ ਗਈ, ਜਿੱਥੇ ਆਜ਼ਾਦੀ ਘੁਲਾਟੀਏ ਅਤੇ ਸਿਆਸੀ ਕੈਦੀ ਰੱਖੇ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।

ਸੰਨ 1928 ਵਿੱਚ ਬ੍ਰਿਟਿਸ਼ ਸਰਕਾਰ ਨੇ ਸਰ ਜੌਹਨ ਸਾਈਮਨ ਦੀ ਅਗਵਾਈ ਹੇਠ ਇੱਕ ਕਮਿਸ਼ਨ ਬਿਠਾਇਆ, ਜਿਸ ਨੇ ਹਿੰਦੋਸਤਾਨ ਵਿੱਚ ਸਿਆਸੀ ਹਾਲਾਤ ਬਾਰੇ ਤਾਜ਼ਾ ਰਿਪੋਰਟ ਤਿਆਰ ਕਰਨੀ ਸੀ। ਭਾਰਤੀ ਸਿਆਸੀ ਪਾਰਟੀਆਂ ਨੇ ਇਸ ਕਮਿਸ਼ਨ ਦਾ ਬਾਈਕਾਟ ਕੀਤਾ ਕਿਉਂਕਿ ਇਸ ਕਮਿਸ਼ਨ ਵਿੱਚ ਕਿਸੇ ਭਾਰਤੀ ਨੂੰ ਮੈਂਬਰ ਨਹੀਂ ਲਿਆ ਗਿਆ ਸੀ। ਇਸ ਕਰਕੇ ਦੇਸ਼ ਭਰ ਵਿੱਚ ਇਸ ਦਾ ਵਿਰੋਧ ਹੋਇਆ। 30 ਅਕਤੂਬਰ 1928 ਨੂੰ ਇਹ ਕਮਿਸ਼ਨ ਲਾਹੌਰ ਪੁੱਜਾ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਲੋਕਾਂ ਨੇ ਪੁਰਅਮਨ ਅਤੇ ਅਹਿੰਸਕ ਤਰੀਕੇ ਨਾਲ ਇਸ ਦਾ ਵਿਰੋਧ ਕਰਦਿਆਂ ਮਾਰਚ ਕੀਤਾ ਪਰ ਪੁਲੀਸ ਨੇ ਇਸ ਨੂੰ ਹਿੰਸਕ ਬਣਾ ਦਿੱਤਾ। ਪੁਲੀਸ ਮੁਖੀ ਸਕੌਟ ਨੇ ਲਾਲਾ ਲਾਜਪਤ ਰਾਏ ਅਤੇ ਪ੍ਰਦਰਸ਼ਨਕਾਰੀ ਲੋਕਾਂ 'ਤੇ ਬੁਰੀ ਤਰਾਂ ਲਾਠੀਚਾਰਜ ਕਰਵਾਇਆ। ਇਸ ਦੌਰਾਨ ਲਾਲਾ ਜੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਭਗਤ ਸਿੰਘ ਇਸ ਘਟਨਾ ਦਾ ਚਸ਼ਮਦੀਦ ਗਵਾਹ ਸੀ ਅਤੇ ਮਾਰਚ ਵਿੱਚ ਸ਼ਾਮਿਲ ਸੀ। ਭਗਤ ਸਿੰਘ ਨੇ ਇਸ ਘਟਨਾ ਦਾ ਬਦਲਾ ਲੈਣ ਦੀ ਸਹੁੰ ਖਾਧੀ। ਉਸ ਨੇ ਹੋਰ ਇਨਕਲਾਬੀਆਂ ਸ਼ਿਵਰਾਮ ਰਾਜਗੁਰੂ, ਜੈ ਗੋਪਾਲ ਅਤੇ ਸੁਖਦੇਵ ਥਾਪਰ ਨੂੰ ਨਾਲ ਲਿਆ ਅਤੇ ਪੁਲੀਸ ਮੁਖੀ ਨੂੰ ਮਾਰਨ ਦੀ ਯੋਜਨਾ ਬਣਾਈ। ਜੈ ਗੋਪਾਲ ਨੇ ਸਕੌਟ ਵੱਲ ਇਸ਼ਾਰਾ ਕਰਨਾ ਸੀ ਅਤੇ ਭਗਤ ਸਿੰਘ ਨੇ ਉਸ ਨੂੰ ਗੋਲੀ ਮਾਰਨੀ ਸੀ। ਜੈ ਗੋਪਾਲ ਨੇ ਗ਼ਲਤੀ ਨਾਲ ਜੇ.ਪੀ. ਸਾਂਡਰਸ ਵੱਲ ਇਸ਼ਾਰਾ ਕੀਤਾ, ਜੋ ਪੁਲਿਸ ਦਾ ਡਿਪਟੀ ਸੁਪਰਡੈਂਟ ਸੀ। ਇਸ ਤਰ੍ਹਾਂ ਸਕੌਟ ਦੀ ਥਾਂ ਸਾਂਡਰਸ ਮਾਰਿਆ ਗਿਆ। ਉਹ ਪੁਲੀਸ ਤੋਂ ਬਚਣ ਲਈ ਉਸੇ ਵੇਲੇ ਲਾਹੌਰ ਛੱਡ ਗਏ। ਪੁਲੀਸ ਨੂੰ ਝਕਾਨੀ ਦੇਣ ਲਈ ਭਗਤ ਸਿੰਘ ਨੇ ਆਪਣੀ ਦਾੜ੍ਹੀ ਤੇ ਵਾਲ ਕਟਵਾ ਲਏ।

ਇਨਕਲਾਬੀਆਂ ਦੀ ਇਸ ਦਲੇਰਾਨਾ ਕਾਰਵਾਈ ਮਗਰੋਂ ਬ੍ਰਿਟਿਸ਼ ਸਰਕਾਰ ਨੇ ਡਿਫੈਂਸ ਇੰਡੀਆ ਐਕਟ ਅਧੀਨ ਪੁਲੀਸ ਨੂੰ ਵਾਧੂ ਸ਼ਕਤੀਆਂ ਦੇ ਦਿੱਤੀਆਂ। ਇਹ ਕਾਨੂੰਨ ਕਾਂਉਸਿਲ ਵਿੱਚ ਇੱਕ ਵੋਟ ਤੋਂ ਹਾਰ ਗਿਆ। ਫੇਰ ਹਰ ਹੀਲੇ ਇਸ ਨੂੰ ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕੀਤਾ ਗਿਆ ਅਤੇ ਇਹ ਦਾਅਵਾ ਕੀਤਾ ਗਿਆ ਕਿ ਇਹ ਆਰਡੀਨੈਂਸ ਲੋਕਾਂ ਦੇ ਵੱਡੇ ਹਿੱਤ ਵਿੱਚ ਹੈ। ਇਸ ਕਾਨੂੰਨ ਦੇ ਵਿਰੋਧ ਵਿੱਚ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਨੇ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫ਼ੈਸਲਾ ਕੀਤਾ, ਜਿੱਥੇ ਇਹ ਕਾਨੂੰਨ ਪਾਸ ਕੀਤਾ ਜਾਣਾ ਸੀ। ਇਹ ਫ਼ੈਸਲਾ ਹੋਇਆ ਕਿ ਭਗਤ ਸਿੰਘ ਅਤੇ ਇੱਕ ਹੋਰ ਕ੍ਰਾਂਤੀਕਾਰੀ ਬਟੁਕੇਸ਼ਵਰ ਦੱਤ ਅਸੈਂਬਲੀ ਵਿੱਚ ਬੰਬ ਸੁੱਟਣਗੇ। ਅੱਠ ਅਪਰੈਲ 1929 ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਅਸੈਂਬਲੀ ਦੀ ਗੈਲਰੀ ਵਿੱਚੋਂ ਬੰਬ ਸੁੱਟਿਆ, 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾਏ ਅਤੇ ਨਾਲ ਹੀ ਇਸ਼ਤਿਹਾਰ ਸੁੱਟੇ। ਉਨ੍ਹਾਂ ਕਿਹਾ ਕਿ ਬੰਬ ਸੁੱਟਣ ਦਾ ਮਕਸਦ ਬੋਲੀ ਬ੍ਰਿਟਿਸ਼ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣਾ ਹੈ। ਇਸ ਬੰਬ ਨਾਲ ਨਾ ਕੋਈ ਜ਼ਖ਼ਮੀ ਹੋਇਆ ਅਤੇ ਨਾ ਹੀ ਕਿਸੇ ਦੀ ਮੌਤ ਹੋਈ। ਵਿਦੇਸ਼ੀ ਅਸਲਾ ਮਾਹਿਰਾਂ ਨੇ ਵੀ ਭਗਤ ਸਿੰਘ ਅਤੇ ਦੱਤ ਦੇ ਦਾਅਵੇ ਨੂੰ ਸਹੀ ਠਹਿਰਾਇਆ ਕਿ ਇਹ ਬੰਬ ਸ਼ਕਤੀਸ਼ਾਲੀ ਬੰਬ ਨਹੀਂ ਸੀ ਜਿਸ ਨਾਲ ਕੋਈ ਜ਼ਖ਼ਮੀ ਹੁੰਦਾ। ਅਸਲ ਵਿੱਚ ਇਹ ਬੰਬ ਲੋਕਾਂ ਦੀ ਆਵਾਜ਼ ਅਤੇ ਬਰਤਾਨਵੀ ਸਰਕਾਰ ਲਈ ਸਮੂਹਿਕ ਵੰਗਾਰ ਸੀ। ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ ਅਤੇ ਦੋਵਾਂ ਨੂੰ 12 ਜੂਨ 1929 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਇਸ ਗ੍ਰਿਫ਼ਤਾਰੀ ਤੋਂ ਬਾਅਦ ਅਤੇ ਅਸੈਂਬਲੀ ਬੰਬ ਕੇਸ ਦੌਰਾਨ ਪਤਾ ਲੱਗਾ ਕਿ ਜੇ.ਪੀ. ਸਾਂਡਰਸ ਦੀ ਮੌਤ ਦੇ ਜ਼ਿੰਮੇਵਾਰ ਵੀ ਇਹ ਹੀ ਹਨ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਿਰ ਇਹ ਕਤਲ ਦਾ ਕੇਸ ਪਾ ਦਿੱਤਾ ਗਿਆ। ਭਗਤ ਸਿੰਘ ਹੋਰਾਂ ਨੇ ਮਤਾ ਪਕਾਇਆ ਸੀ ਕਿ ਅਦਾਲਤ ਨੂੰ ਭਾਰਤ ਦੀ ਆਜ਼ਾਦੀ ਲਈ ਪ੍ਰਾਪੇਗੰਡੇ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਵੇ। ਉਸ ਨੇ ਇਸ ਕਤਲ ਨੂੰ ਆਪਣੇ ਜ਼ਿੰਮੇ ਲੈ ਲਿਆ ਤੇ ਚਲਦੇ ਕੇਸ ਦੌਰਾਨ ਅੰਗਰੇਜ਼ ਸਰਕਾਰ ਵਿਰੁੱਧ ਆਪਣਾ ਹਲਫ਼ਨਾਮਾ ਪੇਸ਼ ਕੀਤਾ। ਇਸ ਕੇਸ ਦੀ ਸੁਣਵਾਈ ਸਮੇਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਮੈਂਬਰਾਂ ਤੋਂ ਸਿਵਾਏ ਹੋਰ ਕੋਈ ਨਹੀਂ ਸੀ। ਇਸ ਨਾਲ ਭਗਤ ਸਿੰਘ ਦੇ ਸਾਥੀਆਂ ਵਿੱਚ ਰੋਸ ਫੈਲ ਗਿਆ।

ਉਕਤ ਜੇਲ੍ਹ ਵਿੱਚ ਭਗਤ ਸਿੰਘ ਅਤੇ ਦੂਸਰੇ ਕੈਦੀਆਂ ਨੇ ਕੈਦੀਆਂ ਦੀਆਂ ਕੁਝ ਮੰਗਾਂ ਦੇ ਸਬੰਧ ਵਿੱਚ ਭੁੱਖ ਹੜਤਾਲ ਕੀਤੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਸਿਆਸੀ ਕੈਦੀਆਂ ਨੂੰ ਕਾਨੂੰਨ ਮੁਤਾਬਿਕ ਜ਼ਿਆਦਾ ਹੱਕ ਪ੍ਰਾਪਤ ਸਨ ਪਰ ਕਾਤਲਾਂ ਅਤੇ ਚੋਰਾਂ ਨਾਲ ਸਿਆਸੀ ਕੈਦੀਆਂ ਨਾਲੋਂ ਚੰਗਾ ਵਤੀਰਾ ਕੀਤਾ ਜਾਂਦਾ ਸੀ। ਇਸ ਹੜਤਾਲ ਦਾ ਮੁੱਖ ਮੰਤਵ ਸਿਆਸੀ ਕੈਦੀਆਂ ਲਈ ਚੰਗੇ ਭੋਜਨ, ਕਿਤਾਬਾਂ ਅਤੇ ਰੋਜ਼ਾਨਾ ਅਖ਼ਬਾਰਾਂ, ਕੱਪੜਿਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰਨਾ ਸੀ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਿਆਸੀ ਕੈਦੀਆਂ ਕੋਲੋਂ ਕੋਈ ਭਾਰੀ ਮੁਸ਼ੱਕਤ ਵਾਲਾ ਜਿਸਮਾਨੀ ਅਤੇ ਬੇਹੂਦਾ ਕੰਮ ਨਾ ਕਰਵਾਇਆ ਜਾਵੇ।

ਇਹ ਭੁੱਖ ਹੜਤਾਲ 63 ਦਿਨ ਤੱਕ ਚੱਲੀ ਅਤੇ ਬ੍ਰਿਟਿਸ਼ ਸਰਕਾਰ ਨੂੰ ਬਹੁਤ ਸਾਰੀਆਂ ਮੰਗਾਂ ਮੰਨਣੀਆਂ ਪਈਆਂ। ਦੇਸ਼ ਭਰ ਦੇ ਲੋਕਾਂ ਵਿੱਚ ਭਗਤ ਸਿੰਘ ਅਤੇ ਸਾਥੀ ਹਰਮਨ ਪਿਆਰੇ ਹੋ ਗਏ। ਇਸ ਹੜਤਾਲ ਤੋਂ ਪਹਿਲਾਂ ਭਗਤ ਸਿੰਘ ਦੀ ਪਛਾਣ ਸਿਰਫ਼ ਪੰਜਾਬ ਖਿੱਤੇ ਤੱਕ ਹੀ ਸੀਮਿਤ ਸੀ।

ਭਗਤ ਸਿੰਘ ਨੂੰ 7 ਅਕਤੂਬਰ 1930 ਨੂੰ ਫਾਂਸੀ ਦੇ ਦਿੱਤੀ ਜਾਣੀ ਸੀ। ਅੰਗਰੇਜ਼ ਇਸ ਕਾਰਵਾਈ ਤੋਂ ਇੰਨਾ ਡਰਦੇ ਸਨ ਕਿ ਸਾਰੇ ਦੇਸ਼ ਵਿੱਚ ਭਗਤ ਸਿੰਘ ਦੀ ਮੌਤ ਦੇ ਵਾਰੰਟ ਉੱਤੇ ਦਸਤਖ਼ਤ ਕਰਨ ਲਈ ਕੋਈ ਮੈਜਿਸਟ ?ਰੇਟ ਸਾਹਮਣੇ ਨਾ ਆਇਆ। ਅੰਤ ਗੋਰੇ ਕਸੂਰ ਪਹੁੰਚ ਗਏ, ਜਿੱਥੇ ਵਫ਼ਾਦਾਰ ਮੈਜਿਸਟ ?ਰੇਟ ਲੱਭਿਆ ਗਿਆ। ਆਖ਼ਰ ਨਵਾਬ ਮੁਹੰਮਦ ਅਹਿਮਦ ਖਾਨ ਇਨਕਲਾਬੀਆਂ ਦੀ ਮੌਤ ਦੇ ਵਾਰੰਟ 'ਤੇ ਦਸਤਖ਼ਤ ਕਰਨ ਲਈ ਮੰਨ ਗਿਆ ਅਤੇ ਉਸ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਸਮੇਂ ਹਾਜ਼ਰ ਹੋਣ ਲਈ ਹਾਮੀ ਭਰ ਦਿੱਤੀ। ਨਿਡਰ ਤੇ ਬਹਾਦਰ ਯੋਧਿਆਂ ਨੇ ਹਿੰਦੋਸਤਾਨ ਦੀ ਆਜ਼ਾਦੀ ਅਤੇ ਸਮਾਜਵਾਦ ਜ਼ਿੰਦਾਬਾਦ ਦੇ ਨਾਅਰੇ ਲਗਾਏ। ਬਰਤਾਨਵੀ ਸਾਮਰਾਜ ਉਸ ਸਮੇਂ ਦੁਨੀਆ ਦੀ ਇੱਕ ਵੱਡੀ ਤਾਕਤ ਮੰਨਿਆ ਜਾਂਦਾ ਸੀ। ਇਹ ਯੋਧੇ ਉਸ ਵਿਰੁੱਧ ਅਤੇ ਦੇਸ਼ ਦੀ ਆਜ਼ਾਦੀ ਲਈ ਲੜੇ।

ਤੇਈ ਮਾਰਚ 1931 ਨੂੰ ਭਗਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਉਸ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ, ਜਿਹੜੀ ਲਹਿਣਾ ਸਿੰਘ ਦੀ ਵੱਡੀ ਹਵੇਲੀ ਵਿੱਚ ਬਣਾਈ ਗਈ ਸੀ।

ਕੁਝ ਹੋਰ ਕਹਿਣ ਤੋਂ ਪਹਿਲਾਂ ਮੈਂ ਕੁਝ ਹੋਰ ਦੱਸਣਾ ਚਾਹੁੰਦੀ ਹਾਂ ਕਿ 44 ਸਾਲ ਬਾਅਦ ਭਾਵ 1975 ਵਿੱਚ ਨਵਾਬ ਮੁਹੰਮਦ ਅਹਿਮਦ ਖ਼ਾਨ ਨੂੰ ਵੀ ਉਸੇ ਥਾਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ। ਨਵਾਬ ਦੇ ਪੁੱਤਰ ਅਹਿਮਦ ਰਜ਼ਾ ਕਸੂਰੀ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜ਼ੁਲਫ਼ ?ਕਾਰ ਅਲੀ ਭੁੱਟੋ ਵਿਰੁੱਧ ਕੇਸ ਕੀਤਾ ਸੀ। ਕੁਝ ਸਾਲਾਂ ਬਾਅਦ ਜਨਰਲ ਜ਼ਿਆ-ਉਲ-ਹੱਕ ਨੇ ਪਾਕਿਸਤਾਨ ਦੀ ਪੀਪਲਜ਼ ਪਾਰਟੀ ਦੇ ਲੋਕ ਰਾਜ ਦਾ ਤਖਤਾ ਪਲਟਾ ਦਿੱਤਾ ਅਤੇ ਮਾਰਸ਼ਲ ਲਾਅ ਲਾ ਦਿੱਤਾ।

ਜ਼ੁਲਫ਼ ?ਕਾਰ ਅਲੀ ਭੁੱਟੋ ਪਾਕਿਸਤਾਨ ਦੀ ਪੀਪਲਜ਼ ਪਾਰਟੀ ਦਾ ਬਾਨੀ ਸੀ ਅਤੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਸੀ। ਉਸ ਨੂੰ 4 ਅਪਰੈਲ 1979 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਭਾਵੇਂ ਇਹ ਸਾਰੇ ਜਾਣਦੇ ਸਨ ਕਿ ਉਸ ਨੂੰ ਫ਼ੌਜੀ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਦੇ ਕਹਿਣ 'ਤੇ ਹੋਈ ਸੀ। ਇਸ ਦੁਖਾਂਤ ਦੀਆਂ ਤਾਰਾਂ ਵੀ ਉਸੇ ਜਗ ?ਹਾ, ਸ਼ਾਹ ਜਮਾਲ, ਮੁਹੰਮਦ ਅਹਿਮਦ ਕਸੂਰੀ ਅਤੇ ਉਸ ਦੇ ਪੁੱਤਰ ਅਹਿਮਦ ਰਜ਼ਾ ਕਸੂਰੀ ਨਾਲ ਜੁੜਦੀਆਂ ਹਨ। ਅੱਜਕੱਲ੍ਹ ਇਸ ਜਗ ?ਹਾ ਸ਼ਾਦਮਾਨ ਚੌਕ ਬਣਿਆ ਹੋਇਆ ਹੈ। ਇਸ ਚੌਕ ਦੇ ਨਾਲ ਹੀ ਸਰਕਾਰੀ ਕਾਲੋਨੀ ਬਣੀ ਹੋਈ ਹੈ। ਇਹ ਚੌਕ ਅਤੇ ਕਾਲੋਨੀ ਦੀ ਜਗ ?ਹਾ ਸਾਡੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ। ਅੱਜਕੱਲ੍ਹ ਮੈਂ ਇਸ ਕਾਲੋਨੀ ਦੀ ਵਸਨੀਕ ਹਾਂ। ਮੈਨੂੰ ਲਗਦਾ ਹੈ, ਇਹ ਮੇਰੇ ਵੀਰ ਮੇਰੇ ਨਾਲ ਹੀ ਜੀਅ ਰਹੇ ਹਨ। ਕਹਿ ਰਹੇ ਹਨ- ਲੜਨ ਵਾਲਿਆਂ ਦੀ ਲੜਾਈ ਅਜੇ ਮੁੱਕੀ ਨਹੀਂ।




# ਜਮਹੂਰੀ ਹੱਕਾਂ ਦੇ ਉੱਘੇ ਝੰਡਾਬਰਦਾਰ ਹਿਮਾਂਸ਼ੂ ਕੁਮਾਰ ਦੀ ਪੰਜਾਬ ਫੇਰੀ ਦਾ ਪੁਰਜ਼ੋਰ ਸੰਦੇਸ਼

## 'ਮੁਕਾਬਲਿਆਂ' ਦੇ ਨਾਂਅ ਹੇਠ ਆਦਿਵਾਸੀਆਂ ਦੀਆਂ ਗ਼ੈਰ ਅਦਾਲਤੀ ਹੱਤਿਆਵਾਂ ਬੰਦ ਕਰੇ ਭਾਜਪਾ ਸਰਕਾਰ





ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੱਦੇ 'ਤੇ ਹਿਮਾਂਸ਼ੂ ਕੁਮਾਰ ਜੀ 22 ਮਾਰਚ ਤੋਂ ਲੈ ਕੇ 8 ਅਪ੍ਰੈਲ ਤੱਕ ਪੰਜਾਬ ਫੇਰੀ 'ਤੇ ਹਨ । ਇਹ ਮੁਹਿੰਮ ਕੇਂਦਰੀ ਹਕੂਮਤ ਵੱਲੋਂ ਅਖੌਤੀ ਆਰਥਕ ਵਿਕਾਸ ਦੇ ਨਾਂਅ ਹੇਠ ਆਦਿਵਾਸੀ ਲੋਕਾਂ ਦੇ ਕੀਤੇ ਜਾ ਰਹੇ ਉਜਾੜੇ, ਕਤਲੇਆਮ ਅਤੇ ਆਦਿਵਾਸੀ ਇਲਾਕਿਆਂ ਦੇ ਜਲ, ਜੰਗਲ, ਜ਼ਮੀਨ ਅਤੇ ਖਣਿਜ ਪਦਾਰਥਾਂ ਦੀ ਅੰਨੇਵਾਹ ਕੀਤੀ ਜਾ ਰਹੀ ਲੁੱਟ ਦੇ ਖਿਲਾਫ਼ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਲੀਕੀ ਗਈ ਹੈ। ਹਿਮਾਂਸ਼ੂ ਜੀ ਦੀ ਪੰਜਾਬ ਫੇਰੀ ਦਾ ਆਗਾਜ਼ 22 ਮਾਰਚ ਨੂੰ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜੱਦੀ ਘਰ ਖਟਕੜ ਕਲਾਂ ਤੋਂ ਹੋਇਆ ਜਿੱਥੇ ਉਨ੍ਹਾਂ ਨੇ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਵੱਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਹਰ ਸਾਲ ਆਯੋਜਤ ਕੀਤੇ ਜਾਂਦੇ ਸ਼ਹੀਦੀ ਸਮਾਗਮ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕੀਤਾ। ਅਗਲੇ ਦਿਨ ਇਹ ਕਾਫ਼ਲਾ ਸ਼ਹੀਦ ਅਵਤਾਰ ਪਾਸ਼ ਦੇ ਪਿੰਡ ਤਲਵੰਡੀ ਸਲੇਮ ਪਹੁੰਚਿਆ। ਉੱਥੇ ਇਨਕਲਾਬੀ ਕਵੀ ਪਾਸ਼ ਸਮੇਤ 23 ਮਾਰਚ ਦੇ ਸਮੂਹ ਸ਼ਹੀਦਾਂ ਨੂੰ ਸੰਬੋਧਨ ਕਰਦਿਆਂ ਹਿਮਾਂਸ਼ੂ ਕੁਮਾਰ ਨੇ ਕਾਰਪੋਰੇਟ 'ਵਿਕਾਸ' ਮਾਡਲ ਦੇ ਹਿੱਸੇ ਵਜੋਂ ਆਦਿਵਾਸੀਆਂ ਅਤੇ ਇਨਕਲਾਬੀ ਕਾਰਕੁਨਾਂ ਦੇ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। 25 ਮਾਰਚ ਨੂੰ ਉਨ੍ਹਾਂ ਜੱਲਿਆਂਵਾਲਾ ਬਾਗ਼ ਦੇ ਸਾਮਰਾਜਵਾਦ ਅਤੇ ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਮੋਈ ਬੈਠੀ ਅੰਮ੍ਰਿਤਸਰ ਦੀ ਧਰਤੀ ਉੱਪਰ ਜਾ ਕੇ ਵਿਰਸਾ ਵਿਹਾਰ ਵਿਖੇ ਫਰੰਟ ਵੱਲੋਂ ਆਯੋਜਤ ਜਨਤਕ ਕਨਵੈਨਸ਼ਨ ਨੂੰ ਸੰਬੋਧਨ ਕੀਤਾ। 28 ਮਾਰਚ ਨੂੰ ਉਨ੍ਹਾਂ ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਦੀ ਸ਼ਹਾਦਤ ਦੇ ਪ੍ਰਤੀਕ ਇਤਿਹਾਸਕ ਸਥਾਨ ਹੁਸੈਨੀਵਾਲਾ (ਫ਼ਿਰੋਜ਼ਪੁਰ) ਵਿਖੇ ਛੋਟੀ ਇਕੱਤਰਤਾ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੇ ਜ਼ਿਲ੍ਹਾ ਧਰਨੇ ਨੂੰ ਵੀ ਸੰਬੋਧਨ ਕੀਤਾ। ਇਸੇ ਤਰ੍ਹਾਂ 30 ਮਾਰਚ ਨੂੰ ਉਨ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਨਕ ਇਕਾਈ ਵੱਲੋਂ ਹਰਿਆਣਾ (ਹੁਸ਼ਿਆਰਪੁਰ) ਅਤੇ 31 ਮਾਰਚ ਨੂੰ ਡੈਮੋਕਰੇਟਿਕ ਡਿਸਕਸ਼ਨ ਫੋਰਮ ਵੱਲੋਂ ਪ੍ਰਭਾਤ ਪਰਵਾਨਾ ਹਾਲ ਪਟਿਆਲਾ ਵਿਖੇ ਆਯੋਜਤ ਇਕੱਠਾਂ ਨੂੰ ਸੰਬੋਧਨ ਕੀਤਾ। ਇਸੇ ਲੜੀ 'ਚ ਉਹ 4 ਅਪ੍ਰੈਲ ਨੂੰ ਕੇਂਦਰੀ ਸਿੰਘ ਸਭਾ ਭਵਨ (ਸੈਕਟਰ 28 ਚੰਡੀਗੜ੍ਹ), 5 ਅਪ੍ਰੈਲ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ 'ਤੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਤਰਕਸ਼ੀਲ ਇਕੱਤਰਤਾ, 6 ਅਪ੍ਰੈਲ ਨੂੰ ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਜਲੰਧਰ ਇਕਾਈ ਦੇ ਸੱਦੇ 'ਤੇ ਦੇਸ਼ਭਗਤ ਯਾਦਗਾਰ ਹਾਲ ਜਲੰਧਰ, 7 ਅਪ੍ਰੈਲ ਨੂੰ ਫਰੰਟ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਆਯੋਜਤ ਇਕੱਠ ਨੂੰ ਸੰਬੋਧਨ ਕਰਨਗੇ ਅਤੇ ਮੁਹਿੰਮ ਦੇ ਸਿਖ਼ਰ 'ਤੇ ਕਾਲੇ ਕਾਨੂੰਨਾਂ ਵਿਰੋਧੀ ਇਤਿਹਾਸਕ ਦਿਨ 8 ਅਪ੍ਰੈਲ ਨੂੰ ਮੌਕੇ ਟੀਚਰਜ਼ ਹੋਮ ਬਠਿੰਡਾ ਵਿਖੇ ਫਰੰਟ ਵੱਲੋਂ ਆਯੋਜਤ ਇਕੱਠ ਨੂੰ ਸੰਬੋਧਨ ਕਰਕੇ ਮੁਹਿੰਮ ਦੀ ਸਮਾਪਤੀ ਕਰਨਗੇ। 8 ਅਪ੍ਰੈਲ 1929 ਨੂੰ ਸ਼ਹੀਦ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਭਾਰਤ ਵਿਚ ਅੰਨ੍ਹੀ-ਬੋਲੀ ਅੰਗਰੇਜ਼ ਹਕੂਮਤ ਦੇ ਬਹਿਰੇ ਕੰਨਾਂ ਤੱਕ ਕਾਲੇ ਕਾਨੂੰਨਾਂ ਵਿਰੁੱਧ ਭਾਰਤੀ ਲੋਕਾਂ ਦੀ ਆਵਾਜ਼ ਪਹੁੰਚਾਉਣ ਲਈ ਅਸੰਬਲੀ ਹਾਲ ਦਿੱਲੀ ਵਿਚ ਨੁਕਸਾਨਰਹਿਤ ਬੰਬ ਸੁੱਟਿਆ ਸੀ ।

ਇਸ ਮੁਹਿੰਮ ਨੂੰ ਸੰਬੋਧਨ ਕਰਦਿਆਂ ਹਿਮਾਂਸ਼ੂ ਕੁਮਾਰ ਨੇ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੇ ਵਿਕਾਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀ ਲੋਕਾਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕੇ ਖਾਲੀ ਕਰਾਕੇ ਉੱਥੇ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਜਿਸ ਨੂੰ ਕਿਸੇ ਵੀ ਬਹਾਨੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਜਨਵਰੀ 2024 ਤੋਂ ਲੈ ਕੇ ਹੁਣ ਤੱਕ ਇਕ ਸਾਲ ਦੇ ਅਰਸੇ ਅੰਦਰ ਭਾਜਪਾ ਦੀ ਕੇਂਦਰ ਸਰਕਾਰ ਦੀ ਸਿੱਧੀ ਅਗਵਾਈ ਹੇਠ ਚਲਾਏ ਜਾ ਰਹੇ 'ਓਪਰੇਸ਼ਨ ਕਗਾਰ' ਤਹਿਤ ਬਸਤਰ ਖੇਤਰ ਅੰਦਰ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂ ਹੇਠ 400 ਦੇ ਕਰੀਬ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ 140 ਔਰਤਾਂ ਅਤੇ ਬਹੁਤ ਸਾਰੇ ਬੱਚੇ ਵੀ ਕਤਲ ਕਰ ਦਿੱਤੇ ਗਏ ਹਨ। ਹਿਮਾਂਸ਼ੂ ਕੁਮਾਰ ਨੇ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਇਹ ਕਤਲੇਆਮ ਬਸਤਰ (ਛੱਤੀਸਗੜ੍ਹ), ਝਾਰਖੰਡ-ਉੜੀਸਾ ਦੇ ਆਦਿਵਾਸੀ ਖੇਤਰਾਂ ਅਤੇ ਕਸ਼ਮੀਰ-ਮਨੀਪੁਰ ਤੱਕ ਸੀਮਤ ਰਹਿਣ ਵਾਲਾ ਨਹੀਂ ਹੈ। ਇਹ ਮੁਲਕ ਦੇ ਹਰ ਹਿੱਸੇ ਆਪਣੇ ਖ਼ੂਨੀ ਪੈਰ ਪਸਾਰੇਗਾ। ਜੇ ਇਸ ਨੂੰ ਰੋਕਣ ਲਈ ਵਿਆਪਕ ਜਨਤਕ ਜਮਹੂਰੀ ਵਿਰੋਧ ਲਾਮਬੰਦ ਨਾ ਕੀਤਾ ਗਿਆ ਤਾਂ ਪੰਜਾਬ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕਰਨ ਲਈ ਕੇਂਦਰੀ ਸੁਰੱਖਿਆ ਲਸ਼ਕਰ ਪੰਜਾਬ ਦੇ ਪਿੰਡਾਂ ਵਿਚ ਵੀ ਬਸਤਰ ਦੀ ਤਰ੍ਹਾਂ ਦਣਦਣਾਉਣਗੇ। ਇਨ੍ਹਾਂ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਸੂਬਾ ਕਮੇਟੀ ਮੈਂਬਰਾਂ ਸੁਮੀਤ ਸਿੰਘ, ਰਾਮ ਸਵਰਨ ਆਜ਼ਾਦ, ਜਗਸੀਰ ਜੀਦਾ ਅਤੇ ਹੋਰ ਆਗੂਆਂ ਨੇ ਕਿਹਾ ਕਿ ਮਾਓਵਾਦੀ ਲਹਿਰ, ਭਾਰਤੀ ਸਟੇਟ ਵੱਲੋਂ ਆਦਿਵਾਸੀ ਲੋਕਾਂ ਨਾਲ ਕੀਤੇ ਜਾ ਰਹੇ ਨੰਗੇ ਚਿੱਟੇ ਅਨਿਆਂ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਉਪਜੀ ਸਮਾਜਿਕ-ਬੇਚੈਨੀ ਦਾ ਨਤੀਜਾ ਹੈ ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੇ ਹਨ। ਉਨ੍ਹਾਂ ਨੇ ਸਾਰੀਆਂ ਹੀ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਅਤੇ ਸਮਾਜ ਦੇ ਸਮੂਹ ਚੇਤਨ ਲੋਕਾਂ ਨੂੰ ਹੁਕਮਰਾਨਾਂ ਦੇ ਇਨ੍ਹਾਂ ਮਨਸੂਬਿਆਂ ਅਤੇ ਕਤਲੇਆਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਪੁਰਜ਼ੋਰ ਅਪੀਲ ਕੀਤੀ।

ਇਸ ਮੁਹਿੰਮ ਦੌਰਾਨ ਮਤੇ ਪਾਸ ਕਰਕੇ ਜ਼ੋਰਦਾਰ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਕਾਨੂੰਨ ਵਾਪਸ ਲਏ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਸੰਵਿਧਾਨ ਦੀ ਪੰਜਵੀਂ ਸੂਚੀ ਤਹਿਤ ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਸਮਾਜਿਕ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ। ਇਸ ਮੁਹਿੰਮ ਵਿਚ ਪਲਸ ਮੰਚ, ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ ਪੰਜਾਬ, ਬੀਕੇਯੂ (ਏਕਤਾ-ਉਗਰਾਹਾਂ), ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ ਪੰਜਾਬ,ਪੀ ਐੱਸ ਯੂ (ਸ਼ਹੀਦ ਰੰਧਾਵਾ), ਪੀਐੱਸਯੂ (ਲਲਕਾਰ), ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਵੱਲੋਂ ਵਿਸ਼ੇਸ਼ ਸਹਿਯੋਗ ਦੇ ਕੇ ਮੁਹਿੰਮ ਵਿਚ ਵਿਸ਼ੇਸ਼ ਯੋਗਦਾਨ ਪਾਇਆ ਗਿਆ।

# 'ਏਵਮ ਇੰਦਰਜੀਤ' ਬੰਗਾਲੀ ਨਾਟਕ ਨੇ ਪਾਈ ਧੂਮ













'ਏਵਮ ਇੰਦਰਜੀਤ' ਬੰਗਾਲੀ ਨਾਟਕ ਨੇ ਪਾਈ ਧੂਮ, ਇਸ ਵਾਰ ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦਾ ਸਮਾਗਮ ਕੌਮਾਂਤਰੀ ਥੀਏਟਰ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਇਹ ਸਮਾਗਮ ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮੱਰਪਿਤ ਕੀਤਾ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਕਨਵੀਨਰ ਡਾਕਟਰ ਸੁਰਿੰਦਰ ਧੰਜਲ ਜੀ, ਡਾ. ਨਿਰਮਲ ਜੌੜਾ, ਡਾ. ਸ਼ਸ਼ੀ ਪੁਰੀ, ਡਾ. ਅਵਤਾਰ ਸਿੰਘ ਪ੍ਰਿੰਸੀਪਲ, ਡਾ. ਜਗਦੇਵ ਸਿੰਘ ਕਹਿਲ, ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੀਤਮ ਸਿੰਘ ਭਰੋਵਾਲ ਅਤੇ ਹਰਕੇਸ਼ ਚੌਧਰੀ ਨੇ ਕੀਤਾ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਦਰਸ਼ਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਦਰਸ਼ਕਾਂ ਨੂੰ ਸੰਸਥਾ ਦੇ ਕਾਰਜ਼ਾਂ ਦੀ ਜਾਣਕਾਰੀ ਦਿੱਤੀ। ਡਾ. ਸੁਰਿੰਦਰ ਧੰਜਲ ਜੀ ਨੇ ਆਪਣੇ ਸੰਬੋਧਨ ਵਿੱਚ ਲੋਕ ਕਲਾ ਮੰਚ ਰਜਿ ਮੰਡੀ ਮੁੱਲਾਂਪੁਰ ਦੇ ਕੰਮ ਦੀ ਪ੍ਰਸੰਸ਼ਾ ਕਰਦਿਆਂ ਕਿਹਾ ਕਿ ਸੰਸਥਾ ਗੁਰਸ਼ਰਨ ਭਾਅ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੇ ਲਈ ਯਤਨਸ਼ੀਲ ਹੈ। ਡਾ. ਨਿਰਮਲ ਜੌੜਾ ਜੀ ਨੇ ਕਿਹਾ ਕਿ ਥੀਏਟਰ ਸੱਚ ਦੀ ਗੱਲ ਕਰਦਾ ਹੈ। ਹਕੂਮਤਾਂ ਦੀ ਸਰਪ੍ਰਸਤੀ ਥੀਏਟਰ ਨੂੰ ਕਦੇ ਨਹੀਂ ਮਿਲਦੀ ਇਸ ਦੇ ਬਾਵਜੂਦ ਲੋਕ ਕਲਾ ਮੰਚ ਵਾਲੇ ਵੱਡਾ ਯਤਨ ਕਰ ਰਹੇ ਹਨ। ਇਹੋ ਜਿਹੇ ਸਮਾਗਮ ਲਗਾਤਾਰ ਕਰ ਰਹੇ ਹਨ। ਇਸ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਅਤੇ ਫਿਲਮ ਪ੍ਰੋਡਕਸ਼ਨਜ਼ ਵਿਭਾਗ ਦੇ ਵਿਦਿਆਰਥੀਆਂ ਨੇ ਡਾ. ਜਸਪਾਲ ਕੌਰ ਦਿਓਲ ਦੀ ਨਿਰਦੇਸ਼ਨਾ ਹੇਠ ਨਾਟਕ 'ਏਵਮ ਇੰਦਰਜੀਤ' ਪੇਸ਼ ਕੀਤਾ। ਜਿਸ ਦੇ ਲੇਖਕ 'ਬਾਦਲ ਸਰਕਾਰ' ਹਨ। ਬੰਗਲਾ ਭਾਸ਼ਾ ਦਾ ਨਾਟਕ ਪੰਜਾਬੀ ਭਾਸ਼ਾ ਵਿੱਚ ਉਲੱਥਾ ਕਰਕੇ ਖੇਡਿਆ ਗਿਆ। ਨਾਟਕ ਨੇ ਸਵਾ ਘੰਟਾ ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ। ਨਾਟਕ ਨੇ ਜੀਵਨ ਦੀ ਸਾਰਥਿਕਤਾ ਅਤੇ ਨਿਰਾਰਥਕਤਾ ਦੀ ਗੱਲ ਕਰਦਿਆਂ ਕਿਹਾ ਕਿ ਜ਼ਿੰਦਗੀ ਆਪਣੀ ਤੋਰ ਤੁਰਦੀ ਰਹਿੰਦੀ ਹੈ। ਨਾਟਕ ਆਪਣਾ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ। ਮਾਸਟਰ ਦੀਪਕ ਰਾਏ ਜੀ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਇਸ ਮੌਕੇ 'ਤੇ ਪੱਤਰਕਾਰ ਸੰਤੋਖ ਗਿੱਲ, ਮਾਸਟਰ ਉਜਾਗਰ ਸਿੰਘ, ਸਰਪੰਚ ਜਾਂਗਪੁਰ, ਬੀਡੀਪੀਓ ਧਰਮ ਸਿੰਘ, ਬੀਪੀਈਓ ਨਿਰੰਜਣ ਸਿੰਘ, ਲੈਕ. ਪ੍ਰਗਟ ਸਿੰਘ, ਲੈਕ. ਗੁਰਦਾਸ ਸਿੰਘ, ਲੈਕ. ਇਕਬਾਲ ਸਿੰਘ, ਪਰਮਜੀਤ ਸਿੰਘ ਪੰਮੀ, ਕਮਲਜੀਤ ਮੋਹੀ, ਰਣਵੀਰ ਸਿੰਘ, ਜੁਝਾਰ ਸਿੰਘ, ਇੰਦਰਪਾਲ ਸਿੰਘ, ਨਿਰਮਲ ਧਾਲੀਵਾਲ, ਰਾਜਾ ਬੜੂੰਦੀ ਸੁਖਦੀਪ ਸਿੰਘ ਚਾਨਾ, ਮਾਸਟਰ ਜਗਦੀਪ ਧਾਲੀਵਾਲ ਆਦਿ ਹਾਜ਼ਰ ਸਨ।

# ਪ੍ਰੇਮ ਪ੍ਰਕਾਸ਼ ਪੰਜਾਬੀ ਦਾ ਉਚ ਦੁਮਾਲੜਾ ਕਹਾਣੀਕਾਰ ਸੀ

ਪ੍ਰੇਮ ਪ੍ਰਕਾਸ਼ ਪੰਜਾਬੀ ਦਾ ਉੱਚ ਦੁਮਾਲੜਾ ਕਹਾਣੀਕਾਰ ਸੀ, ਪਰ ਉਹ ਉਸ ਤੋਂ ਵੀ ਵੱਡਾ ਪੰਜਾਬੀ ਸੀ। ਉਸ ਦੀ ਸ਼ਖਸੀਅਤ 'ਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਸੀ।

ਉਸ ਨੇ ਲਾਲਿਆਂ ਦੇ ਉਰਦੂ ਅਖਬਾਰ ਵਿੱਚ ਕੰਮ ਕੀਤਾ। ਹਿੰਦ ਸਮਾਚਾਰ ਦੇ ਸੰਪਾਦਕੀ ਮੰਡਲ ਦਾ ਹਿੱਸਾ ਰਿਹਾ, ਪਰ ਸਾਹਿਤ ਪੰਜਾਬੀ ਵਿੱਚ ਰਚਿਆ। ਸੱਤਰਵਿਆਂ ਵਿੱਚ ਅਜੀਤ ਅਖ਼ਬਾਰ ਤੇ ਹਿੰਦ ਸਮਾਚਾਰ ਵਿਚਾਲੇ ਸੰਪਾਦਕੀਆਂ ਵਿੱਚ ਲੜਾਈ ਚੱਲਿਆ ਕਰਦੀ ਸੀ। ਹਮਦਰਦ ਜੀ ਲਾਲਾ ਜਗਤ ਨਾਰਾਇਣ ਨੂੰ ਜ਼ਹਿਰ ਦੇ ਵਪਾਰੀ ਲਿਖਿਆ ਕਰਦੇ ਸਨ ਕਿਉਂਕਿ ਲਾਲਾ ਜੀ ਪੰਜਾਬ ਦੇ ਹਿੰਦੂਆਂ ਨੂੰ ਮਰਦਮਸ਼ੁਮਾਰੀ ਸਮੇਂ ਆਪਣੀ ਬੋਲੀ ਹਿੰਦੀ ਲਿਖਾਉਣ ਦਾ ਮਸ਼ਵਰਾ ਦਿੰਦੇ ਸਨ। ਪ੍ਰੇਮ ਪ੍ਰਕਾਸ਼ ਉਹਨਾਂ ਦਿਨਾਂ ਵਿੱਚ ਪੰਜਾਬੀ ਦਾ ਮਾਸਿਕ ਪਰਚਾ 'ਲਕੀਰ' ਕੱਢਿਆ ਕਰਦੇ ਸਨ। ਉਹ ਇਸ ਨੂੰ ਛਪਵਾਇਆ ਵੀ ਅਜੀਤ ਦੀ ਪ੍ਰੈਸ 'ਚੋਂ ਕਰਦੇ ਸਨ। ਮੈਨੂੰ ਯਾਦ ਹੈ, ਉਹ ਪਰੂਫ ਪੜ੍ਹਨ ਆਇਆ ਕਰਦੇ ਸਨ ਤਾਂ ਮੈਗਜੀਨ ਵਿਭਾਗ ਵਿਚ ਬੈਠ ਕੇ ਪੜ੍ਹਿਆ ਕਰਦੇ ਸਨ। ਅਕਸਰ ਹੀ ਉਹ ਮੇਰੀ ਮੇਜ਼ 'ਤੇ ਸਾਹਮਣੇ ਬੈਠ ਜਾਂਦੇ। ਗੱਲਬਾਤ ਵਿੱਚ ਉਹ ਹਮੇਸ਼ਾ ਹਿੰਦ ਸਮਾਚਾਰ ਦੀ ਨੀਤੀ ਦਾ ਸਖ਼ਤ ਵਿਰੋਧ ਕਰਦੇ। ਆਪਣੇ ਸੁਭਾਅ ਅਨੁਸਾਰ ਗਾਹਲਾਂ ਵਰਗੀ ਭਾਸ਼ਾ ਵੀ ਵਰਤਦੇ। ਹਿੰਦੂ ਪਰਿਵਾਰ ਵਿੱਚ ਜਨਮੇ, ਹਿੰਦੂ ਪ੍ਰੈਸ ਦੇ ਸੰਪਾਦਕੀ ਮੰਡਲ ਦੇ ਕਰਮੀ ਵੱਲੋਂ ਬੋਲੇ



ਜਾਂਦੇ ਇਹ ਸ਼ਬਦ, ਇਹ ਵਿਚਾਰ ਨਿਰੋਲ ਪੰਜਾਬੀ ਦੇ ਵਿਚਾਰ ਜਾਪਦੇ।

ਉਹ ਮੰਟੋ, ਰਜਿੰਦਰ ਸਿੰਘ ਬੇਦੀ ਹੋਰਾਂ ਵਾਂਗ ਉਰਦੂ ਵਿੱਚ ਲਿਖ ਸਕਦੇ ਸਨ, ਪਰ ਉਨ੍ਹਾਂ ਪੰਜਾਬੀ ਵਿੱਚ ਲਿਖਣ ਨੂੰ ਮਹੱਤਤਾ ਦਿੱਤੀ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਾਲਾ ਡੰਗ ਉਸ ਦੀਆਂ ਕਹਾਣੀਆਂ ਵਿੱਚ ਮਿਲਦਾ ਹੈ। ਉਹ ਦੋਵੇਂ ਦੋਸਤ ਵੀ ਸਨ। ਵਿਰਕ ਖੇਤੀਬਾੜੀ ਯੂਨੀਵਰਸਿਟੀ ਵਿੱਚ ਲੁਧਿਆਣੇ ਹੁੰਦਾ ਸੀ। ਉਸਦਾ ਜਦ ਵੀ ਗੱਪਾਂ ਮਾਰਨ ਨੂੰ ਜੀਅ ਕਰਦਾ ਸੀ, ਜਲੰਧਰ ਪ੍ਰੇਮ ਪ੍ਰਕਾਸ਼ ਕੋਲ ਆ ਜਾਂਦਾ ਸੀ। ਦੋਹਾਂ ਦੀ ਦੋਸਤੀ ਦੋਹਾਂ ਦੀਆਂ ਕਹਾਣੀਆਂ ਦੇ ਸਟਾਈਲ ਦੀ ਵਿਧਾ 'ਚੋਂ ਵੀ ਨਜ਼ਰ ਆ ਜਾਂਦੀ ਹੈ। ਅਜੋਕੀ ਪੰਜਾਬੀ ਕਹਾਣੀ 'ਚੋਂ ਕਹਾਣੀ ਕਲਾ, ਕਹਾਣੀ ਵਿਧੀ ਵਿਧਾਨ ਦਾ ਹੋ ਰਿਹਾ ਖ਼ਾਤਮਾ ਕਿਤੇ ਪ੍ਰੇਮ ਨੂੰ ਰੜਕਦਾ ਸੀ। ਲਕੀਰ ਤੋਂ ਅਲੱਗ ਹੋਣ ਵਿਚ ਇਹ ਉਦਰੇਵਾਂ ਵੀ ਹੋ ਸਕਦਾ ਹੈ। ਉਹ ਆਪਣੀ ਜ਼ੁਬਾਨ ਤੇ ਸਖਤੀ ਨਾਲ ਪਹਿਰਾ ਦੇਣ ਵਾਲਾ ਮਰਦ ਸੀ। ਜਦ ਚੰਨ ਪ੍ਰਦੇਸੀ ਫਿਲਮ ਦੇ ਨਿਰਮਾਤਾਵਾਂ ਨੂੰ ਮੈਂ ਸੋਹਣ ਸਿੰਘ ਦੇ ਨਾਵਲ ਕਾਰੇ ਹੱਥੀਂ ਤੇ ਫਿਲਮ ਬਣਾਉਣ ਦਾ ਸੁਝਾਅ ਦਿੱਤਾ ਤਾਂ ਇਸ ਕਹਾਣੀ ਨੇ ਬੰਬਈ ਵਿਚ ਕਾਫੀ ਚਰਚਾ ਛੇੜ ਦਿੱਤੀ। ਰਾਜ ਬੱਬਰ ਮੈਨੂੰ ਕਹਿਣ ਲੱਗਾ- ਬਾਈ ਜੀ, ਇਹੋ ਜਿਹੀ ਕਹਾਣੀ ਸਾਨੂੰ ਵੀ ਦੱਸੋ। ਉਦੋਂ ਉਸ ਦਾ ਤੇ ਸਮਿਤਾ ਪਾਟਿਲ ਦਾ ਪ੍ਰੇਮ ਸਿਖਰਾਂ 'ਤੇ ਸੀ। ਮੈਂ ਰਾਜ ਬੱਬਰ ਨੂੰ ਪ੍ਰੇਮ ਪ੍ਰਕਾਸ਼ ਦੀ ਕਹਾਣੀ ਡੈੱਡਲਾਈਨ ਦਾ ਆਈਡੀਆ ਸੁਣਾਇਆ। ਉਹ ਦਿਵਾਨਾ ਹੀ ਹੋ ਗਿਆ। ਭਾਬੀ ਦੇ ਕਿਰਦਾਰ ਵਿੱਚ ਸਮਿਤਾ ਨੇ ਕੀ ਕਮਾਲ ਅਦਾਇਗੀ ਕਰਨੀ ਸੀ, ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਪਰ ਪ੍ਰੇਮ ਪ੍ਰਕਾਸ਼ ਨੇ ਇਸ ਕਹਾਣੀ ਦੇ ਅਧਿਕਾਰ ਦੇਣ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਯਾਰ ਇਸ ਕਹਾਣੀ ਤੇ ਸੁੱਖਵੰਤ ਨਾਂ ਦਾ ਨਵਾਂ ਮੁੰਡਾ ਫਿਲਮ ਬਣਾਉਣ ਬਾਰੇ ਮੈਥੋਂ ਵਾਅਦਾ ਲੈ ਚੁੱਕਾ ਹੈ। ਉਸ ਨੇ ਇੱਕ ਨਵੇਂ ਫਿਲਮ ਨਿਰਮਾਤਾ ਨਾਲ ਹੋਈ ਗੱਲ ਦਾ ਮਾਣ ਤਾਂ ਰੱਖ ਲਿਆ, ਹਜ਼ਾਰਾਂ ਰੁਪਇਆਂ ਦਾ ਨੁਕਸਾਨ ਸਹਿ ਲਿਆ।


ਅੱਜ ਉਹ ਆਪਣੀ ਰਜਾਈ ਵਿੱਚੋਂ ਵੱਖ ਹੋ ਗਿਆ ਹੋਵੇਗਾ, ਪਰ ਪੰਜਾਬੀ ਸਾਹਿਤ ਦੀ ਰਜਾਈ ਉਹ ਹਮੇਸ਼ਾ ਬਣਿਆ ਰਹੇਗਾ। ਪੰਜਾਬੀ ਕਹਾਣੀ ਹਮੇਸ਼ਾ ਉਸਦਾ ਨਿੱਘ ਮਾਣਦੀ ਰਹੇਗੀ।

ਪ੍ਰੇਮ ਪ੍ਰਕਾਸ਼ ਜੀ, ਤੁਸੀਂ ਅੱਜ ਆਪਣੇ ਮਾੜੂਏ ਜਿਹੇ ਸਰੀਰ 'ਚੋਂ ਨਿਕਲ ਕੇ ਸਮੂਹ ਪੰਜਾਬੀਆਂ ਦੇ ਦਿਲਾਂ ਵਿੱਚ ਹਮੇਸ਼ਾ ਲਈ ਵਾਸ ਕਰ ਲਿਆ ਹੈ।

-ਬਲਦੇਵ ਸਿੰਘ ਗਰੇਵਾਲ


ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ
ਸਾਲ 2025 ਦਾ ਪਹਿਲਾ
ਪੁਸਤਕ ਮੇਲਾ
ਮਿਤੀ : 6 ਅਪ੍ਰੈਲ 2025 (ਐਤਵਾਰ)
ਸਮਾਂ : 11 ਵਜੇ ਤੋਂ ਸ਼ਾਮੀਂ 6 ਵਜੇ ਤੱਕ
ਸਥਾਨ : ਗਰੀਨ ਪਲਾਜ਼ਾ (ਡਾ. ਭੁੱਲਰ)
Telus/Koodo 4818 Westwinds Dr NE #1114, Calgary, AB T3J 3Z5


ਮਾਸਟਰ ਭਜਨ: 403-455-4220 | ਹਰਚਰਨ ਪਰਹਾਰ: 403-681-8689

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom

Harmanjot Dhudike
403-975-0006
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com


Universal Health
It's all about "U"
PHARMACY

Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne, Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਭਾਰਤ ਵਿੱਚ ਮੱਧਵਰਗ ਦੀ ਵਿਗੜਦੀ ਹਾਲਤ

**ਮਾਨਵ**

ਜਦੋਂ ਨੱਬੇਵਿਆਂ ਵਿੱਚ ਭਾਰਤ ਅੰਦਰ ਨਵਉਦਾਰੀਕਰਨ ਦੀਆਂ ਨੀਤੀਆਂ ਲਿਆਂਦੀਆਂ ਗਈਆਂ ਤਦ ਬੜਾ ਪ੍ਰਚਾਰ ਕੀਤਾ ਗਿਆ ਸੀ ਕਿ ਇਹਨਾਂ ਨੀਤੀਆਂ ਨਾਲ਼ ਭਾਰਤ ਵਿੱਚ ਵੱਡਾ ਖੁਸ਼ਹਾਲ ਮੱਧਵਰਗ ਵਧੇ ਫੁੱਲੇਗਾ। ਨਵੇਂ-ਨਵੇਂ ਆਏ ਕੇਬਲ ਟੀਵੀ ਉੱਤੇ ਐੱਮਟੀਵੀ ਜਿਹੇ ਅਨੇਕਾਂ ਚੈਨਲ ਇਸ ਨਵੇਂ ਮੱਧਵਰਗ ਦੀ ਜੀਵਨ ਸ਼ੈਲੀ ਤੇ ਸੁਹਜ ਸਵਾਦ ਨੂੰ ਪੇਸ਼ ਕਰਦੀਆਂ ਮਸ਼ਹੂਰੀਆਂ, ਸੀਰੀਅਲ ਆਦਿ ਬਣਾਉਣ ਲੱਗੇ। ਪਰ ਇਹ ਸੁਪਨਾ ਜਲਦ ਹੀ ਟੁੱਟਦਾ ਨਜਰ ਆਇਆ। ਯੂਪੀਏ ਸਰਕਾਰ ਦੇ ਦੂਜੇ ਕਾਰਜਕਾਲ ਤੱਕ (2009-14) ਆਉਂਦੇ-ਆਉਂਦੇ ਚੰਗੀ ਪੜ੍ਹਾਈ ਕੀਤੇ ਨੌਜਵਾਨਾਂ ਨੂੰ ਵੀ ਚੰਗੀ ਤਨਖਾਹ ਵਾਲ਼ੀਆਂ ਨੌਕਰੀਆਂ ਮਿਲ਼ਣੀਆਂ ਮੁਸ਼ਕਲ ਹੋ ਗਈਆਂ, ਉਹਨਾਂ ਦੇ ਪੈਕੇਜ ਘਟਣ ਲੱਗੇ। ਮੱਧਵਰਗ ਦੇ ਇਸੇ ਗੁੱਸੇ ਤੇ ਨਿਰਾਸ਼ਾ ਨੂੰ ਸੰਬੋਧਿਤ ਹੋ ਭਾਰਤੀ ਜਨਤਾ ਪਾਰਟੀ ਤੇ ਨਰਿੰਦਰ ਮੋਦੀ ਨੇ 2014 ਦੀਆਂ ਚੋਣਾਂ ਸਮੇਂ ਖੁਦ ਨੂੰ ਮੱਧਵਰਗ ਦੇ ਰਾਖੇ ਵਜੋਂ ਪੇਸ਼ ਕੀਤਾ। 2014 ਵਿੱਚ ਕੇਂਦਰੀ ਸੱਤ?ਹਾ ਉੱਤੇ ਕਾਬਜ ਹੋਣ ਦੀ ਦੌੜ ਵਿੱਚ ਮੱਧਵਰਗ ਅੰਦਰ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਮੋਦੀ ਨੇ ਕਈ ਲੋਕ ਲੁਭਾਉਣੇ ਵਾਅਦੇ ਕੀਤੇ। ਭਾਜਪਾ ਦੀ ਮਾਂ ਜਥੇਬੰਦੀ ਰਾਸ਼ਟਰੀ ਸਵੈਸੇਵਕ ਸੰਘ (ਰਸਸ) ਦਾ ਵੀ ਮੁੱਖ ਜਨਤਕ ਅਧਾਰ ਮੱਧਵਰਗ ਤੇ ਖਾਸ ਕਰਕੇ ਹੇਠਲੇ ਮੱਧਵਰਗ ਵਿੱਚ ਹੈ। ਰਸਸ ਦੀਆਂ ਬਹੁਤੀਆਂ ਸ਼ਾਖਾਵਾਂ ਦਾ ਅਧਾਰ ਵੀ ਇਹੋ ਅਬਾਦੀ ਹੈ, ਇਸ ਵਿੱਚੋਂ ਹੀ ਇਸਨੂੰ ਆਪਣੀ ਮੁੱਖ ਲੜਾਕੂ ਤਾਕਤ ਹਾਸਲ ਹੁੰਦੀ ਹੈ। ਸਿੱਟੇ ਵਜੋਂ ਦੋਹੇਂ ਭਾਜਪਾ ਤੇ ਰਸਸ ਲਈ ਲੋੜੀਂਦਾ ਹੈ ਕਿ ਮੱਧਵਰਗ ਦੇ ਵੱਡੇ ਹਿੱਸੇ ਨੂੰ ਆਪਣੇ ਵੱਲ ਜਿੱਤਣ ਦੀ ਕੋਸ਼ਿਸ਼ ਕੀਤੀ ਜਾਵੇ। ਪਰ ਕੀ ਭਾਜਪਾ ਦੇ ਸੱਤ?ਹਾ ਵਿੱਚ ਆਉਣ ਮਗਰੋਂ ਭਾਰਤ ਦੇ ਮੱਧਵਰਗ ਦਾ ਜੀਵਨ ਪੱਧਰ ਬਿਹਤਰ ਹੋ ਗਿਆ ਹੈ ਜਿਵੇਂ ਗੋਦੀ ਮੀਡੀਆ ਦਾਅਵਾ ਕਰਦਾ ਨਹੀਂ ਥੱਕਦਾ?

ਅਸਲੀਅਤ ਉੱਤੇ ਇੱਕ ਸਰਸਰੀ ਜਹੀ ਝਾਤ ਨਾਲ਼ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਹਕੀਕਤ ਇਸ ਦੇ ਐਨ ਉਲਟ ਹੈ। ਇਸ ਲੇਖ ਵਿੱਚ ਕੁੱਝ ਅੰਕੜਿਆਂ ਨਾਲ਼ ਇਹ ਗੱਲ ਅਸੀਂ ਸਾਫ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਕਿਵੇਂ ਭਾਰਤ ਵਿੱਚ ਮੱਧ-ਵਰਗ ਦੀ ਹਾਲਤ ਲਗਾਤਾਰ ਨਿੱਘਰਦੀ ਜਾ ਰਹੀ ਹੈ। ਦੂਜਾ ਕੀ ਮੱਧ ਵਰਗ ਲਈ ਇਸ ਢਾਂਚੇ ਵਿੱਚ ਸਥਾਈ ਤੌਰ ਉੱਤੇ ਚੰਗਾ ਜੀਵਨ ਸੰਭਵ ਹੈ?

**ਭਾਰਤ ਵਿੱਚ ਮੱਧਵਰਗ ਦੀ ਵਿਗੜਦੀ ਹਾਲਤ** : ਭਾਰਤ ਵਿੱਚ ਮੱਧਵਰਗ ਦੀ ਬਿਹਤਰੀ ਦੇ ਵੱਡੇ ਦਾਅਵੇ ਕੀਤੇ ਜਾਂਦੇ ਹਨ। ਇਸ ਮਕਸਦ ਲਈ ਮੋਬਾਈਲਾਂ, ਗੱਡੀਆਂ, ਸ਼ਹਿਰਾਂ ਵਿੱਚ ਘਰਾਂ ਆਦਿ ਦੀ ਵਿਕਰੀ ਦੇ ਅੰਕੜੇ ਪੇਸ਼ ਕੀਤੇ ਜਾਂਦੇ ਹਨ। ਪਰ ਜੇ ਇਹਨਾਂ ਅੰਕੜਿਆਂ ਨੂੰ ਧਿਆਨ ਨਾਲ ਦੇਖੀਏ ਤਾਂ ਸਮਝ ਪੈਂਦੀ ਹੈ ਕਿ ਭਾਰਤ ਵਿੱਚ ਇਸ



ਖੁਸ਼ਹਾਲ ਮੱਧਵਰਗ ਦਾ ਘੇਰਾ ਕਿੰਨਾ ਛੋਟਾ ਹੈ ਤੇ ਭਾਰਤ ਵਿੱਚ ਹੁੰਦੀ ਟਿਕਾਊ ਵਸਤਾਂ ਦੀ ਵਿੱਕਰੀ, ਜਿਸ ਵਿੱਚ ਗੱਡੀਆਂ, ਘਰ, ਫਰਨੀਚਰ, ਬਿਜਲੀ ਵਸਤਾਂ, ਹੋਰ ਘਰੇਲੂ ਸਮਾਨ ਆਦਿ ਸ਼ਾਮਲ ਹੈ, ਵਿੱਚ ਵੱਡਾ ਹਿੱਸਾ ਬਹੁਤ ਹੀ ਛੋਟੇ ਘੇਰੇ ਜਾਣੀ ਉੱਪਰਲੇ 15-20% ਪਰਿਵਾਰਾਂ ਤੱਕ ਸੀਮਤ ਹੈ। ਇਹੀ ਤਬਕਾ ਇਹਨਾਂ ਉਪਭੋਗਤਾ ਜਿਣਸਾਂ ਦਾ ਵੱਡਾ ਗਾਹਕ ਹੈ। ਇਹੀ ਤਬਕਾ ਸ਼ੇਅਰ ਬਜਾਰ ਵਿੱਚ ਪੈਸਾ ਨਿਵੇਸ਼ ਕਰਨ ਵਾਲ਼ੀ ਨਵੀਂ ਜਮਾਤ ਵਿੱਚ ਸ਼ਾਮਲ ਹੈ ਜਿਸ ਸਦਕਾ ਬਹੁਤ ਪ੍ਰਚਾਰੀ ਜਾ ਰਹੀ ਸ਼ੇਅਰ ਬਜਾਰ ਦੀ ਤਰੱਕੀ ਸਾਨੂੰ ਦਿਸਦੀ ਹੈ ਤੇ ਜਿੱਥੋਂ ਤੱਕ ਦਰਮਿਆਨੇ ਤਬਕੇ ਦੀ ਟਿਕਾਊ ਵਸਤਾਂ ਦੀ ਖਰੀਦਦਾਰੀ ਹੈ ਤਾਂ ਇਹ ਵੱਧੋ-ਵੱਧ ਕਰਜੇ ਉੱਤੇ ਨਿਰਭਰ ਹੁੰਦੀ ਜਾ ਰਹੀ ਹੈ ਜਿਸ ਕਰਕੇ ਅੱਜ ਮੱਧਵਰਗ ਦਾ ਠੀਕ-ਠਾਕ ਹਿੱਸਾ ਕਰਜੇ ਦੇ ਜਾਲ਼ ਵਿੱਚ ਫਸਦਾ ਜਾ ਰਿਹਾ ਹੈ।

ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਸਰਕਾਰੀ ਅਦਾਰੇ 'ਕੌਮੀ ਨਮੂਨਾ ਸਰਵੇਖਣ' ਸੰਸਥਾ ਦੀ ਰਿਪੋਰਟ ਆਈ ਜਿਸ ਵਿੱਚ ਭਾਰਤ ਦੇ "ਪੰਜ ਖਰਬ ਡਾਲਰ ਦਾ ਅਰਥਚਾਰਾ", "ਵਿਸ਼ਵਗੁਰੂ" ਤੇ "ਵਿਕਸਤ ਭਾਰਤ" ਆਦਿ ਦੇ ਫੋਕੇ ਸਰਕਾਰੀ ਦਾਅਵਿਆਂ ਦੀ ਫੂਕ ਨਿੱਕਲ਼ੀ ਤੇ ਅਜਿਹੇ ਭਾਰਤ ਦੀ ਤਸਵੀਰ ਆਈ ਜਿੱਥੋਂ ਦੇ ਮੱਧਵਰਗ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ, ਲਗਾਤਾਰ ਬੇਚੈਨੀ ਵਧਦੀ ਜਾ ਰਹੀ ਹੈ। 'ਕੌਮੀ ਨਮੂਨਾ ਸਰਵੇਖਣ' ਸੰਸਥਾ ਬੇਹੱਦ ਵੱਕਾਰੀ ਸੰਸਥਾ ਹੈ ਤੇ 1972 ਤੋਂ ਹਰ ਪੰਜ ਸਾਲ ਬਾਅਦ ਅੰਕੜੇ ਜਾਰੀ ਕਰਦੀ ਰਹਿੰਦੀ ਹੈ। ਆਪਣੇ ਸਰਵੇਖਣ ਵਿੱਚ ਇਹ ਮੁਕਾਬਲਤਨ ਵੱਡਾ ਨਮੂਨਾ, 2.6 ਲੱਖ ਪਰਿਵਾਰ, ਸ਼ਾਮਲ ਕਰਦੇ ਹਨ। ਪਰ ਮੋਦੀ ਸਰਕਾਰ ਨੇ ਇਹਨਾਂ ਅੰਕੜਿਆਂ ਉੱਤੇ ਧਿਆਨ ਤਾਂ ਕੀ ਦੇਣਾ ਸੀ, ਆਪਣੀ ਆਦਤ ਮੁਤਾਬਕ ਇਹਨਾਂ ਨੂੰ ਰੱਦ ਹੀ ਕਰ ਦਿੱਤਾ!

ਇਹਨਾਂ ਅੰਕੜਿਆਂ ਮੁਤਾਬਕ ਭਾਰਤ ਦੇ ਪਿੰਡਾਂ ਵਿੱਚ ਸਿਖਰਲੇ ਪੰਜ ਫੀਸਦੀ ਖਪਤਕਾਰਾਂ ਦਾ ਮਹੀਨਾਵਾਰ ਖਰਚ 10,500 ਰੁਪਏ ਹੈ ਜਦਕਿ ਸ਼ਹਿਰਾਂ ਵਿੱਚ ਇਹ 20,500 ਰੁਪਏ ਹੈ। ਡਾਲਰਾਂ ਵਿੱਚ ਵੇਖਣਾ ਹੋਵੇ ਤਾਂ ਇਹ 100-125 ਤੋਂ ਲੈ ਕੇ 300 ਡਾਲਰ ਮਹੀਨਾ ਹੀ ਬੈਠਦਾ ਹੈ ਜੋ ਕਿ ਸੰਸਾਰ ਦੇ ਹੋਰਾਂ ਵਿਕਸਤ ਮੁਲਕਾਂ ਦੇ ਮਾਮਲੇ ਵਿੱਚ ਬੇਹੱਦ ਥੋੜ੍ਹਾ ਹੈ ਤੇ ਇਸ ਪੈਮਾਨੇ ਮੁਤਾਬਕ ਭਾਰਤ ਗਰੀਬ ਮੁਲਕ ਦੀ ਵੰਨਗੀ ਵਿੱਚ ਹੀ ਆਉਂਦਾ ਹੈ। ਇਹ ਅੰਕੜਾ ਲਾਜਮੀ ਹੀ ਭਾਰਤ ਦੇ ਵਿਕਸਤ ਹੋਣ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੰਦਾ ਹੈ। ਦੂਸਰਾ ਅੰਕੜਾ ਇਸ ਤੋਂ ਵੀ ਵੱਧ ਹੈਰਾਨ ਕਰਨ ਵਾਲ਼ਾ ਹੈ। ਸਿਖਰਲੇ ਅਮੀਰਾਂ ਦੀ ਖਪਤ ਦੇ ਅੰਕੜੇ ਮੁਤਾਬਕ ਵੀ ਭਾਰਤ ਗਰੀਬ ਮੁਲਕਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਪਰ ਇਹਨਾਂ ਅਮੀਰਾਂ ਦੀ ਖਪਤ ਪੇਂਡੂ ਖੇਤਰ ਵਿੱਚ ਗਰੀਬ ਤਬਕੇ ਤੋਂ ਅੱਠ ਗੁਣਾ ਤੇ ਸ਼ਹਿਰੀ ਖੇਤਰ ਦੇ ਗਰੀਬਾਂ ਦੀ ਖਪਤ ਤੋਂ ਦਸ ਗੁਣਾ ਵੱਧ ਹੈ! ਜਾਣੀ ਭਾਰਤ ਵਿੱਚ ਆਮ ਪਰਿਵਾਰਾਂ ਦੀ ਕਮਾਈ ਬਹੁਤ ਹੀ ਬੁਨਿਆਦੀ ਜਿਹੀਆਂ ਲੋੜਾਂ ਵਿੱਚ ਖਪਦੀ ਹੈ। ਇਸੇ ਲਈ ਐਥੇ ਚੋਣਾਂ ਵਿੱਚ ਹਜਾਰ ਰੁਪਏ ਮਹੀਨਾ ਦੀ ਗਰੰਟੀ ਵੀ ਆਮ ਲੋਕਾਂ ਨੂੰ ਬਹੁਤ ਵੱਡਾ ਵਾਅਦਾ ਲਗਦੀ ਹੈ। ਇਸ ਕਰਕੇ ਭਾਰਤ ਦੇ ਲੋਕਾਂ ਦਾ ਵਿਕਸਤ ਮੁਲਕਾਂ ਦੇ ਆਮ ਲੋਕਾਂ ਦੇ ਰਹਿਣ-ਸਹਿਣ ਨਾਲ਼ ਮੁਕਾਬਲਾ ਕਰਨਾ ਉੱਕਾ ਹੀ ਫਜੂਲ ਹੈ ਤੇ ਸਰਕਾਰੀ ਦਾਅਵੇ ਕੋਰੀ ਗੱਪ ਤੇ ਦਿਲ ਪਰਚਾਵੇ ਤੋਂ ਵਧਕੇ ਕੁਝ ਨਹੀਂ।

2022 ਵਿੱਚ 'ਆਰਥਿਕ ਸਲਾਹਕਾਰ ਕਾਉਂਸਲ' ਵੱਲੋਂ ਤਿਆਰ ਕੀਤੀ 'ਭਾਰਤ ਵਿੱਚ ਗੈਰਬਰਾਬਰੀ ਦੀ ਸਥਿਤੀ' ਰਿਪੋਰਟ ਮੁਤਾਬਕ ਭਾਰਤ ਵਿੱਚ 25,000 ਰੁਪਏ ਪ੍ਰਤੀ ਮਹੀਨਾ ਕਮਾਉਣ ਵਾਲ਼ੇ ਲੋਕ ਸਿਖਰਲੇ 10% ਅਮੀਰਾਂ ਵਿੱਚ ਆਉਂਦੇ ਹਨ। ਅਸੀਂ ਉੱਪਰ ਜਿਕਰ ਕੀਤਾ ਕਿ ਭਾਰਤ ਵਿੱਚ ਟਿਕਾਊ ਸਮਾਨ ਦੀ ਖਰੀਦਦਾਰੀ ਵਿੱਚ ਵੱਡਾ ਹਿੱਸਾ ਅਮੀਰਾਂ ਤੇ ਉੱਪਰਲੇ ਮੱਧਵਰਗ ਦਾ ਹੈ ਜੋ ਕੁੱਲ ਅਬਾਦੀ ਵਿੱਚ ਛੋਟਾ ਹਿੱਸਾ ਬਣਦਾ ਹੈ। ਛੋਟੇ ਤਬਕੇ ਦੀ ਖਰੀਦ ਹਿੱਸੇਦਾਰੀ ਕਾਫੀ ਘੱਟ ਹੈ। ਉੱਪਰੋਂ, ਪਿਛਲੇ ਦਸ-ਪੰਦਰਾਂ ਸਾਲਾਂ ਤੋਂ ਨਵਾਂ ਵਰਤਾਰਾ ਇਹ ਸਾਹਮਣੇ ਆਇਆ ਹੈ ਕਿ ਇਸ ਤਬਕੇ ਨੂੰ ਖਰੀਦਦਾਰੀ ਲਈ ਵੱਧ ਤੋਂ ਵੱਧ ਕਰਜਾ ਲੈਣਾ ਪੈ ਰਿਹਾ ਹੈ। ਜਾਣੀ ਇਸ ਤਬਕੇ ਅੰਦਰ ਕਿਸ਼ਤਾਂ ਉੱਤੇ ਸਮਾਨ ਲੈਣ ਦਾ ਵਰਤਾਰਾ ਚਿੰਤਾਜਨਕ ਹੱਦ ਤੱਕ ਵਧ ਚੁੱਕਾ ਹੈ ਤੇ ਇਸ ਨੇ ਹਾਕਮ ਘੇਰੇ ਦੇ ਬੁੱਧੀਜੀਵੀਆਂ ਨੂੰ ਵੀ ਫਿਕਰਾਂ ਵਿੱਚ ਪਾ ਦਿੱਤਾ ਹੈ। 'ਵਿੱਤੀ ਸਥਿਰਤਾ ਰਿਪੋਰਟ' ਮੁਤਾਬਕ ਕੁੱਲ ਕਰਜਿਆਂ ਵਿੱਚ ਅਸੁਰੱਖਿਅਤ ਨਿੱਜੀ ਕਰਜ਼ਿਆਂ ਦਾ ਹਿੱਸਾ ਲਗਾਤਾਰ ਵਧ ਰਿਹਾ ਹੈ। ਕੁੱਲ ਕਰਜਿਆਂ ਵਿੱਚ ਨਿੱਜੀ ਕਰਜਿਆਂ ਦਾ ਹਿੱਸਾ ਇੱਕ-ਤਿਹਾਈ ਤੋਂ ਵਧ ਗਿਆ ਹੈ। ਬੈਂਕਾਂ ਦੀ ਪਿਛਲੇ ਸਾਲਾਂ ਵਿੱਚ ਵਿਆਜ ਦਰਾਂ ਘਟਾਉਣ ਦੀ ਨੀਤੀ ਤੋਂ ਫੌਰੀ ਫਾਇਦਾ ਲੈਂਦਿਆਂ ਮੱਧਵਰਗ ਦੇ ਦਰਮਿਆਨੇ ਤੇ ਉੱਪਰਲੇ ਤਬਕੇ ਨੇ ਵੱਡੀ ਪੱਧਰ ਉੱਤੇ ਕਰਜਾ ਲਿਆ ਤੇ ਟੀਵੀ, ਸਮਾਰਟਫੋਨ, ਦੋਪਹੀਏ ਵਾਹਨ, ਕਾਰਾਂ ਆਦਿ ਜਿਹੀਆਂ ਘਰ ਦੀਆਂ ਜਰੂਰਤਾਂ ਤੋਂ ਬਿਨਾਂ ਪੜ੍ਹਾਈ ਵਾਸਤੇ, ਖੇਤੀ ਸੰਦਾਂ ਆਦਿ ਵਾਸਤੇ ਵੱਡੀ ਪੱਧਰ ਉੱਤੇ ਕਰਜਾ ਲਿਆ। ਬੈਂਕਾਂ ਨੇ ਵੀ ਤੱਟਫੱਟ ਕਰਜੇ ਦੀ ਇਸ ਖੇਡ ਵਿੱਚ ਧੜਾਧੜ ਕਰਜੇ ਦਿੱਤੇ, ਜੀਰੋ ਡਾਊਨਪੇਮੈਂਟ ਉੱਤੇ ਸਮਾਨ ਵੇਚਣ ਦਾ ਹੜ੍ਹ ਜਿਹਾ ਆ ਗਿਆ। ਮੁਨਾਫੇ ਦੀ ਇਸ ਅੰਨ੍ਹੀ ਦੌੜ ਵਿੱਚ ਸਰਕਾਰੀ ਬੰਦਸ਼ਾਂ ਨੂੰ ਬਾਈਪਾਸ ਕਰਨ ਲਈ ਸ਼ੈਡੋ ਬੈਂਕਿੰਗ ਦਾ ਵਰਤਾਰਾ ਵੀ ਸਾਹਮਣੇ ਆਇਆ। ਵਧਦੇ ਕਰਜ ਖਤਰੇ ਨੂੰ ਦੇਖਦਿਆਂ ਜਦੋਂ ਬੈਂਕਾਂ ਨੇ ਹੱਥ ਪਿੱਛੇ ਖਿੱਚਣਾ ਸ਼ੁਰੂ ਕੀਤਾ ਤਾਂ ਕਰਜਾ ਦੇਣ ਲਈ ਮਿਊਚੁਅਲ ਫੰਡ ਤੇ ਬੀਮਾ ਕੰਪਨੀਆਂ ਅੱਗੇ ਆਈਆਂ। ਪਰ ਘੁੰਡੀ ਇਹ ਹੈ ਕਿ ਇਹ ਸਾਰੇ ਅਦਾਰੇ ਆਪਸ ਵਿੱਚ ਇਸ ਕਦਰ ਨੱਥੀ ਹਨ ਕਿ ਜੇ ਇੱਕ ਡੁੱਬਦਾ ਹੈ ਤਾਂ ਨਾਲ਼ ਦੂਜੇ ਨੂੰ ਵੀ ਲੈ ਡੁੱਬੇਗਾ। ਇਸ ਵਰਤਾਰੇ ਤੋਂ ਫਿਕਰਮੰਦ ਹੋ ਹੁਣ ਕਈ ਸਰਮਾਏਦਾਰ ਆਪਣੇ ਵੱਡੇ ਹਿੱਤਾਂ ਨੂੰ ਦੇਖਦਿਆਂ ਆਪ ਹੀ ਜੀਰੋ ਡਾਊਨਪੇਮੈਂਟ ਉੱਤੇ ਕਰਜਾ ਦੇਣ ਦੀ ਬੈਂਕਾਂ ਦੀ ਨੀਤੀ ਨੂੰ ਬੰਦ ਕਰਨ ਲਈ ਸਰਕਾਰ ਉੱਤੇ ਜੋਰ ਪਾ ਰਹੇ ਹਨ। ਪਿਛਲੇ ਦਿਨੀਂ ਨੈਸਲੇ ਮੁਖੀ ਨੇ ਬਿਆਨ ਦਿੰਦਿਆਂ ਕਿਹਾ ਕਿ ਲੋਕਾਂ ਦੀਆਂ ਬੱਚਤਾਂ ਘਟ ਰਹੀਆਂ ਹਨ ਜਿਸ ਕਰਕੇ ਲੋਕਾਂ ਦੀ ਆਮਦਨ ਤੇ ਦੇਣਦਾਰੀਆਂ ਵਿੱਚ ਪਾੜਾ ਵਧਦਾ ਜਾ ਰਿਹਾ ਹੈ, ਕਿ ਭਾਰਤ ਵਿੱਚ ਟਿਕਾਊ ਸਮਾਨ ਦੀ ਵਿੱਕਰੀ ਵੱਧੋ-ਵੱਧ ਛੋਟੇ ਜਿਹੇ ਤਬਕੇ ਤੱਕ ਸੀਮਤ ਹੁੰਦੀ ਜਾ ਰਹੀ ਹੈ ਜਦਕਿ ਆਮ ਲੋਕਾਂ ਦਾ ਵੱਡਾ ਹਿੱਸਾ ਆਪਣੀ ਤਨਖਾਹ ਵਿੱਚੋਂ ਆਪਣੀਆਂ ਬੁਨਿਆਦੀ ਲੋੜਾਂ ਹੀ ਮੁਸ਼ਕਲ ਨਾਲ਼ ਪੂਰੀਆਂ ਕਰ ਪਾ ਰਿਹਾ ਹੈ।

**ਸਰਮਾਏਦਾਰਾ ਪ੍ਰਬੰਧ ਵਿੱਚ ਮੱਧਵਰਗ ਦੀ ਹੋਣੀ** : ਨਵਉਦਾਰਵਾਦੀ ਨੀਤੀਆਂ ਤੋਂ ਮਗਰੋਂ ਹੋਏ ਮੁਕਾਬਲਤਨ ਤੇਜ ਰਫਤਾਰ ਸਰਮਾਏਦਾਰਾ ਵਿਕਾਸ ਨਾਲ਼ ਭਾਰਤ ਵਿੱਚ ਜਮਾਤੀ ਧਰੁਵੀਕਰਨ ਕਾਫੀ ਵਧਿਆ ਹੈ। ਇਸ ਸਮੇਂ ਭਾਰਤ ਦੀ ਲੱਗਭੱਗ 80% ਅਬਾਦੀ ਮਜਦੂਰ, ਅਰਧ-ਮਜਦੂਰ ਹੈ। ਆਰਥਿਕ ਸੰਕਟ ਤੇ ਨਾਲ਼ ਹੀ ਮੋਦੀ ਸਰਕਾਰ ਵੱਲੋਂ ਅਪਣਾਈਆਂ ਨੀਤੀਆਂ ਨੇ ਬਚੇ-ਖੁਚੇ ਮੱਧ-ਵਰਗ ਦੇ ਵੱਡੇ ਹਿੱਸੇ ਦਾ ਵੀ ਤ੍ਰਾਹ ਕੱਢ ਰੱਖਿਆ ਹੈ ਤੇ ਲਗਾਤਾਰ ਇਸ ਨੂੰ ਖੋਰ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਦੀ ਖੋਜ ਸੰਸਥਾ 'ਪੀਊ ਖੋਜ ਕੇਂਦਰ' ਅਨੁਸਾਰ ਇਕੱਲੇ ਕਰੋਨਾਕਾਲ ਵਿੱਚ ਹੀ ਭਾਰਤ ਦੇ ਮੱਧ ਵਰਗ ਦੀ ਗਿਣਤੀ 9.9 ਕਰੋੜ ਤੋਂ ਘਟਕੇ 6.6 ਕਰੋੜ ਰਹਿ ਗਈ ਸੀ। ਨਿੱਜੀਕਰਨ ਤੇ ਕਿਰਤ ਕਨੂੰਨਾਂ ਵਿੱਚ ਸੋਧਾਂ ਰਾਹੀਂ ਸਰਕਾਰਾਂ ਲਗਾਤਾਰ ਕਾਮਿਆਂ ਦੇ ਭੱਤਿਆਂ, ਪੈਨਸ਼ਨ ਸਕੀਮਾਂ ਆਦਿ ਉੱਤੇ ਹੋਣ ਵਾਲ਼ੇ ਖਰਚੇ ਘਟਾ ਰਹੀਆਂ ਹਨ। ਜਾਣੀ ਪੱਕੀ ਸਰਕਾਰੀ ਨੌਕਰੀ ਦਾ "ਸਵਰਗ" ਮੱਧਵਰਗ ਲਈ ਲੱਗਭੱਗ ਖੁੱਸ ਚੁੱਕਾ ਹੈ ਤੇ ਉਹ ਨਿੱਜੀ ਖੇਤਰ ਦੇ ਬੇਯਕੀਨੇ, ਘੱਟ ਗੁਣਵੱਤਾ ਵਾਲ਼ੇ ਰੁਜਗਾਰ ਦੇ ਹਵਾਲੇ ਹੈ।

ਦੂਜੀ ਸਰਕਾਰੀ ਨੀਤੀ ਜੋ ਵੱਡੇ ਪੱਧਰ ਉੱਤੇ ਮੱਧ-ਵਰਗ ਦੀ ਖੁਸ਼ਹਾਲ ਪਰਤ ਦਾ ਜੀਵਨ ਪੱਧਰ ਹੇਠਾਂ ਸਿੱਟ ਰਹੀ ਹੈ ਉਹ ਹੈ ਬੱਚਤ ਖਾਤਿਆਂ ਉੱਤੇ ਜਮਾਂਕਾਰਾਂ ਨੂੰ ਹਾਸਲ ਵਿਆਜ ਦਰਾਂ ਦਾ ਹੇਠਾਂ ਜਾਣਾ। ਵੱਖੋ-ਵੱਖ ਤਰ੍ਹਾਂ ਦੇ ਬੱਚਤ ਖਾਤਿਆਂ ਉੱਤੇ ਮਿਲ਼ਦੇ ਵਿਆਜ 2014 ਤੋਂ ਲਗਾਤਾਰ ਘਟਾਏ ਗਏ ਹਨ। ਇਸ ਦਾ ਮੁੱਖ ਕਾਰਨ ਸਰਮਾਏਦਾਰਾਂ ਨੂੰ ਘੱਟ ਵਿਆਜ ਦਰਾਂ ਉੱਤੇ ਕਰਜਾ, ਨਿਵੇਸ਼ ਲਈ ਵਧੇਰੇ ਧਨ ਆਦਿ ਉਪਲੱਬਧ ਕਰਾਉਣਾ ਹੈ ਜਿਸ ਲਈ ਜਰੂਰੀ ਹੈ ਕਿ ਜਮ੍ਹਾਂਕਾਰਾਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਵਿਆਜ ਦਰਾਂ ਹੇਠਾਂ ਸੁੱਟੀਆਂ ਜਾਣ। ਉਦਾਹਰਨ ਵਜੋਂ ਬਜੁਰਗ ਨਾਗਰਿਕ ਬੱਚਤ ਖਾਤਾ ਸਕੀਮ, ਕੌਮੀ ਬੱਚਤਾਂ ਆਵਰਤੀ ਜਮ੍ਹਾਂਖਾਤਾ ਸਕੀਮ, ਕੌਮੀ ਬੱਚਤਾਂ ਸਮਾਂ ਜਮ੍ਹਾਂਖਾਤਾ ਸਕੀਮ ਉੱਤੇ ਇੱਕ, ਦੋ ਤੇ ਤਿੰਨ ਸਾਲ ਵਾਲ਼ੇ ਖਾਤਿਆਂ ਉੱਤੇ ਵਿਆਜ ਦਰ ਤੇ ਸਟੇਟ ਬੈਂਕ ਔਫ ਇੰਡੀਆ ਦੇ ਪੱਕੇ ਜਮ੍ਹਾਂ ਖਾਤਿਆਂ ਉੱਤੇ 5-10 ਸਾਲ ਵਾਲ਼ੀ ਮਿਆਦ ਵਾਲ਼ੇ ਖਾਤਿਆਂ ਉੱਤੇ ਵਿਆਜ ਦਰ ਵਗੈਰਾ 2014 ਦੇ 8-9% ਤੋਂ ਘਟਕੇ ਅੱਜ 5-6% ਦੇ ਗੇੜ ਵਿੱਚ ਹੀ ਰਹਿ ਗਈਆਂ ਹਨ। ਵਧਦੀ ਮਹਿੰਗਾਈ ਦੇ ਨਾਲ਼ ਮੇਲ਼ਕੇ ਦੇਖੀਏ ਤਾਂ ਇਹ ਵਿਆਜ ਦਰਾਂ ਬਹੁਤ ਕਰਕੇ ਮਹਿੰਗਾਈ ਦੀ ਦਰ ਤੋਂ ਹੇਠਾਂ ਹੀ ਚੱਲ ਰਹੀਆਂ ਹਨ। ਇਸੇ ਕਰਕੇ ਭਾਰਤ ਵਿੱਚ ਜਮ੍ਹਾਂ ਬੱਚਤਾਂ ਤੇਜੀ ਨਾਲ਼ ਘਟੀਆਂ ਹਨ। ਸਰਕਾਰੀ ਸਕੀਮਾਂ ਜਾਂ ਬੈਂਕਾਂ ਦੇ ਜਮਾਂ ਖਾਤਿਆਂ ਵਿੱਚ ਵਿਆਜ ਉੱਤੇ ਪੈਸੇ ਰੱਖਣਾ ਮੱਧਵਰਗ ਦੇ ਠੀਕ-ਠਾਕ ਹਿੱਸੇ ਦਾ ਆਪਣੇ ਭਵਿੱਖ ਸੁਰੱਖਿਅਤ ਕਰਨ ਦਾ ਭਾਰਤ ਵਿੱਚ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਤਰੀਕਾ ਸੀ

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਡ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਜੋ ਹੁਣ ਅਪ੍ਰਸੰਗਿਕ ਹੋ ਗਿਆ ਜਾਪਦਾ ਹੈ। ਇਹਦੇ ਨਾਲ਼ ਹੀ ਸਰਕਾਰੀ ਮੁਲਾਜਮਾਂ ਲਈ ਵੀ ਪੁਰਾਣੀ ਸੁਰੱਖਿਅਤ ਪੈਨਸ਼ਨ ਸਕੀਮਾਂ ਦੀ ਥਾਵੇਂ ਨਵੀਂ ਪੈਨਸ਼ਨ ਸਕੀਮ ਲਿਆਂਦੀ ਗਈ ਜਿਸ ਵਿੱਚ ਸਰਕਾਰੀ ਮੁਲਾਜਮਾਂ ਨੂੰ ਸੇਵਾਮੁਕਤੀ ਤੋਂ ਬਾਅਦ ਮਿਲ਼ਣ ਵਾਲ਼ੀ ਪੈਨਸ਼ਨ ਰਕਮ ਸੁਰੱਖਿਅਤ ਨਹੀਂ ਸਗੋਂ ਬਹੁਤ ਕਰਕੇ ਮੰਡੀ ਤੇ ਸੱਟਾ ਬਜਾਰ ਦੇ ਉਤਾਰ ਚੜ੍ਹਾਵਾਂ ਉੱਤੇ ਨਿਰਭਰ ਹੋਵੇਗੀ। ਅੱਜ ਵਧਦੀ ਮਹਿੰਗਾਈ, ਰੁਪਏ ਦੀ ਲਗਾਤਾਰ ਹੋ ਰਹੀ ਕਦਰ ਘਟਾਈ, ਮਹਿੰਗਾਈ ਨਾਲ਼ ਮੇਲ ਨਾ ਖਾਂਦੀਆਂ ਉਜਰਤਾਂ, ਲੋਕਾਈ ਉੱਤੇ ਲਗਾਤਾਰ ਵਧਦਾ ਕਰਾਂ ਦਾ ਬੋਝ ਆਦਿ ਮੱਧ ਵਰਗ ਸਮੇਤ ਕਿਰਤੀ ਲੋਕਾਈ ਦੇ ਵੱਡੇ ਹਿੱਸੇ ਦਾ ਰੱਤ ਨਿਚੋੜ ਰਿਹਾ ਹੈ।

ਭਾਰਤ ਵਿੱਚ ਮੱਧ-ਵਰਗ ਵਧੇਰੇ ਤੋਂ ਵਧੇਰੇ ਮਜਦੂਰਾਂ ਵਿੱਚ ਸ਼ੁਮਾਰ ਹੁੰਦਾ ਜਾ ਰਿਹਾ ਹੈ, ਨਾ ਸਿਰਫ ਭਾਰਤ ਦੇ ਸੰਦਰਭ ਵਿੱਚ ਸਗੋਂ ਕਿਸੇ ਵੀ ਸਰਮਾਏਦਾਰਾ ਮੁਲਕ ਵਿੱਚ ਇਹੋ ਮੱਧਵਰਗ ਦੀ ਹੋਣੀ ਹੈ। ਇਹ ਸਰਮਾਏਦਾਰਾ ਅਰਥਚਾਰੇ ਦਾ ਅੰਦਰੂਨੀ ਤਰਕ ਹੈ। ਮੱਧਵਰਗ ਸਮੇਤ ਕੁੱਲ ਕਿਰਤੀ ਲੋਕਾਈ ਦਾ ਹੀ ਸਾਂਝਾ ਦੁਸ਼ਮਣ ਸਰਮਾਇਆ (ਤੇ ਸਰਮਾਏਦਾਰ) ਹੈ। ਇਹੋ ਹੈ ਜੋ ਇਹਨਾਂ ਦੀ ਲੁੱਟ-ਖਸੁੱਟ ਕਰਦਾ ਹੈ, ਲਗਾਤਾਰ ਇਹਨਾਂ ਦੇ ਜੀਵਨ ਪੱਧਰ ਨੂੰ ਹੇਠਾਂ ਸੁੱਟਣ ਦੀ ਤਾਕ ਵਿੱਚ ਰਹਿੰਦਾ ਹੈ ਤੇ ਇਹਨਾਂ ਦਾ ਰੱਤ ਨਿਚੋੜਕੇ ਖੁਦ ਵਧਦਾ ਜਾਂਦਾ ਹੈ। ਮੱਧਵਰਗ ਦਾ ਸਰਮਾਏਦਾਰਾ ਅਰਥਚਾਰੇ ਵਿੱਚ ਮਜਦੂਰਾਂ ਵਿੱਚ ਰੂਪਾਂਤਰਣ ਕਿਸੇ ਵੀ ਨੀਤੀ ਰਾਹੀਂ ਰੋਕਿਆ ਨਹੀਂ ਜਾ ਸਕਦਾ ਬਸ ਇਸਦੀ ਗਤੀ ਨੂੰ ਹੌਲ਼ੀ ਜਾਂ ਵਧੇਰੇ ਤੇਜ ਕੀਤਾ ਜਾ ਸਕਦਾ ਹੈ। ਸਰਕਾਰੀ ਅਰਥਸ਼ਾਸਤਰੀ ਤਾਂ ਅੱਡ, ਖੁਦ ਨੂੰ ਲੋਕਪੱਖੀ ਅਖਵਾਉਣ ਵਾਲ਼ੇ ਕਈ ਅਰਥਸ਼ਾਸਤਰੀ ਮੱਧਵਰਗ ਨੂੰ "ਬਚਾਉਣ" ਦੇ ਨਾਂ ਹੇਠ ਅਸਲ ਵਿੱਚ ਇਸ ਢਾਂਚੇ ਦੀ ਉਮਰ ਲੰਬੀ ਕਰਨ ਦਾ ਕੰਮ ਹੀ ਕਰਦੇ ਹਨ। ਮਿਸਾਲ ਦੇ ਤੌਰ ਉੱਤੇ ਅਰਥਸ਼ਾਸਤਰੀ ਜਯਤੀ ਘੋਸ਼ ਦਾ ਕਹਿਣਾ ਹੈ ਕਿ ਭਾਰਤ ਵਿੱਚ ਮੱਧਵਰਗ ਦਾ ਕਾਇਮ ਰਹਿਣਾ ਛੋਟੇ ਤੇ ਦਰਮਿਆਨੇ ਉਦਯੋਗਾਂ ਰਾਹੀਂ ਹੀ ਸੰਭਵ ਹੈ, ਕਿ ਇਹ ਜਰੂਰੀ ਹੈ ਭਾਰਤ ਵਿੱਚ ਉਜਰਤਾਂ ਤੇ ਰੁਜਗਾਰ ਮੁਖੀ ਵਿਕਾਸ ਹੋਵੇ। ਪਰ ਸਰਮਾਏ ਦਾ ਤਰਕ ਇਹਨਾਂ ਭੋਲ਼ੀਆਂ ਆਤਮਾਵਾਂ ਦੀਆਂ ਇੱਛਾਵਾਂ ਦਰੜਦਾ ਹੋਇਆ ਲਗਾਤਾਰ ਮੱਧਵਰਗ ਦੇ ਵੱਡੇ ਹਿੱਸੇ ਨੂੰ ਮਜਦੂਰਾਂ ਦੀਆਂ ਸਫਾਂ ਵਿੱਚ ਸੁੱਟ ਰਿਹਾ ਹੈ। ਅਸਲ ਵਿੱਚ ਮੱਧਵਰਗ ਦੇ ਹਿੱਤ ਮਜਦੂਰਾਂ, ਅਰਧ-ਮਜਦੂਰਾਂ ਨਾਲ਼ ਹੀ ਮੇਲ ਖਾਂਦੇ ਹਨ ਤੇ ਇਹਨਾਂ ਸਭ ਵਰਗਾਂ ਦੀ ਸਾਂਝੀ ਲੜਾਈ ਸਰਮਾਏਦਾਰੀ ਵਿਰੁੱਧ ਬਣਦੀ ਹੈ, ਇਸ ਪੱਖੋਂ ਇਸ ਦੀ ਇੱਕ ਅਗਾਂਹਵਧੂ ਭੂਮਿਕਾ ਬਣਦੀ ਹੈ। ਪਰ ਮੱਧਵਰਗ ਸਰਮਾਏਦਾਰ ਤੇ ਮਜਦੂਰਾਂ ਵਿੱਚ ਝੂਲਦੀ ਜਮਾਤ ਹੈ, ਇਸਦਾ ਵੱਡਾ ਹਿੱਸਾ ਆਰਥਿਕ ਪੱਖੋਂ ਮਜਦੂਰਾਂ ਦੇ ਨੇੜੇ ਹੁੰਦਾ ਹੈ ਪਰ ਖਵਾਇਸ਼ਾਂ ਪੱਖੋਂ ਸਰਮਾਏਦਾਰੀ ਦੇ। ਉਜਾੜੇ ਦੀ ਹਾਲਤ ਵਿੱਚ ਇਹ ਆਪਣੇ ਖੁੱਸੇ ਹੋਏ ਸਵਰਗ, ਛੋਟੀ ਦੁਕਾਨ, ਛੋਟਾ ਕਾਰੋਬਾਰ, ਛੋਟੀ ਮਾਲਕੀ ਨੂੰ ਵਾਪਸ ਪਾਉਣ ਲਈ ਹੱਥ ਪੱਲੇ ਮਾਰਦਾ ਹੈ, ਇਸ ਜਮਾਤ ਅੰਦਰ ਇੱਕ ਪ੍ਰਭਾਵਸ਼ਾਲੀ ਅਤੀਤਮੁਖੀ ਰੁਝਾਨ ਹੁੰਦਾ ਹੈ। ਇਸੇ ਨੂੰ ਫਾਸ਼ੀਵਾਦੀ ਤਾਕਤਾਂ ਆਪਣੇ ਲੋਕ ਵਿਰੋਧੀ ਏਜੰਡੇ ਲਈ ਵਰਤ ਸਕਦੀਆਂ ਹਨ। ਰਸਸ ਦੇ ਹਿੰਦੂ ਰਾਸ਼ਟਰ, ਗੁਪਤਾ ਕਾਲ ਦੇ ਸੁਨਹਿਰੀ ਸਮੇਂ, ਰਾਮ ਰਾਜ ਜਿਹੇ ਭਰਮਾਊ ਨਾਅਰਿਆਂ ਵਿੱਚੋਂ ਇਹਨਾਂ ਨੂੰ ਆਪਣੀ ਗਵਾਚੀ ਹੋਈ ਮਾਲਕੀ/ਸਥਿਤੀ ਫੇਰ ਹਾਸਲ ਕਰਨ ਦੀ ਸੰਭਾਵਨਾ ਦਿਖਦੀ ਹੈ। ਕਿਸੇ ਇਨਕਲਾਬੀ ਤਾਕਤ ਦੀ ਅਗਵਾਈ ਦੀ ਅਣਹੋਂਦ ਵਿੱਚ ਇਸ ਜਮਾਤ ਦੀ ਇਸ ਪ੍ਰਬੰਧ ਸਬੰਧੀ ਬੇਚੈਨੀ ਫਾਸ਼ੀਵਾਦੀ ਤਾਕਤਾਂ ਵੱਲੋਂ ਇਸ ਪ੍ਰਬੰਧ ਦੀ ਰਾਖੀ ਲਈ ਹੀ ਵਰਤੇ ਜਾਣ ਤੇ ਇਹਨਾਂ ਰਾਹੀਂ ਭਿਅੰਕਰ ਕਤਲੇਆਮ ਨੂੰ ਅੰਜਾਮ ਦੇਣ ਦਾ ਖਤਰਾ ਬਣਿਆ ਰਹਿੰਦਾ ਹੈ। ਇੱਥੇ ਲੋੜ ਹੈ ਕਿ ਇਹਨਾਂ ਹਿੱਸਿਆਂ ਨੂੰ ਆਪਣੀ ਅਸਲ ਸਥਿਤੀ, ਦੁਸ਼ਮਣ ਤੇ ਦੋਸਤ ਤੋਂ ਜਾਣੂ ਕਰਵਾਕੇ ਇਹਨਾਂ ਦੀ ਊਰਜਾ ਨੂੰ ਇਸ ਢਾਂਚੇ ਦੀ ਇਨਕਲਾਬੀ ਤਬਦੀਲੀ ਲਈ ਵਰਤਿਆ ਜਾਵੇ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਰੂਸ-ਯੂਕਰੇਨ ਜੰਗ ਦੇ ਤਿੰਨ ਵਰ੍ਹੇ



ਮਨਦੀਪ
(438-924-2052)
mandeepsaddowal@gmail.com

ਬੀਤੇ ਕੁਝ ਸਾਲਾਂ 'ਚ ਕੁੱਲ ਸੰਸਾਰ ਨੂੰ ਕਰੋਨਾ ਮਹਾਂਮਾਰੀ, ਰੂਸ-ਯੂਕਰੇਨ ਤੇ ਇਜ਼ਰਾਇਲ-ਫਲਸਤੀਨ ਜੰਗ ਅਤੇ ਅਮਰੀਕਾ-ਚੀਨ ਵਪਾਰਕ ਜੰਗ ਨੇ ਆਰਥਿਕ-ਸਮਾਜਿਕ ਤੌਰ ਤੇ ਬੁਰੇ ਰੁੱਖ ਪ੍ਰਭਾਵਿਤ ਕੀਤਾ ਹੈ। ਵਿਸ਼ਵਵਿਆਪੀ ਪੱਧਰ ਤੇ ਵੱਧਦੀ ਮਹਿੰਗਾਈ, ਰਾਜਨੀਤਿਕ ਅਸਥਿਰਤਾ, ਜੰਗੀ ਤਣਾਅ, ਪ੍ਰਵਾਸ ਸੰਕਟ, ਲਗਾਤਾਰ ਨਿਘਾਰ ਵੱਲ ਧਸਦਾ ਜਾ ਰਿਹਾ ਗਲੋਬਲ ਅਰਥਚਾਰਾ, ਗਲੋਬਲ ਆਰਥਿਕ ਸ਼ਕਤੀਆਂ ਦੀ ਘੱਟ ਰਹੀ ਕਾਬਲੀਅਤ ਆਦਿ ਅਲਾਮਤਾਂ ਨੇ ਕੁੱਲ ਆਲਮ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਸੰਸਾਰ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਵਰਤਮਾਨ ਦੋ ਜੰਗਾਂ (ਯੂਕਰੇਨ, ਇਜ਼ਰਾਇਲ) ਤੇ ਵਪਾਰਕ ਜੰਗ ਦੁਆਲੇ ਹੋ ਰਹੀ ਕਤਾਰਬੰਦੀ ਨਵੀਂ ਵਿਸ਼ਵ ਵਿਵਸਥਾ ਲਈ ਹਲਚਲ ਵਧਾ ਰਹੀ ਹੈ। ਅਮਰੀਕੀ ਸਾਮਰਾਜ ਵੱਲੋਂ ਟਰੰਪ ਪ੍ਰਸ਼ਾਸ਼ਨ ਹੇਠ ਅਪਣਾਈਆਂ ਜਾ ਰਹੀਆਂ ਨਵੀਆਂ ਦਹਿਸ਼ਤੀ ਪੈਂਤੜੇਬਾਜ਼ੀਆਂ ਸੰਸਾਰ ਭਰ ਦੇ ਆਰਥਿਕ-ਸਿਆਸੀ ਮਾਹਿਰਾਂ-ਵਿਸ਼ਲੇਸ਼ਕਾਂ ਨੂੰ ਅਚੰਬੇ ਵਿੱਚ ਪਾ ਰਹੀਆਂ ਹਨ। ਅਮਰੀਕਾ ਅੰਦਰ ਟਰੰਪ-ਜ਼ੇਲੈਂਸਕੀ ਮਿਲਣੀ ਦੀ ਅਸਫਲਤਾ ਤੋਂ ਬਾਅਦ ਵਿਸ਼ਵ ਭੂ-ਰਾਜਨੀਤੀ 'ਚ ਆਏ ਭੂਚਾਲ ਕਾਰਨ ਕਿਆਸਰਾਈਆਂ ਹੋਰ ਤੀਬਰ ਹੋ ਗਈਆਂ।

ਟਰੰਪ ਵੱਲੋਂ ਆਪਣੇ 'ਨਾਸ਼ੁਕਰੇ' ਮੇਜ਼ਬਾਨ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੂੰ ਓਵਲ ਦਫ਼ਤਰ ਸੱਦਕੇ ਮੀਡੀਆ ਜ਼ਰੀਏ ਸੰਸਾਰ ਸਾਹਮਣੇ ਬੇਇਜ਼ਤ ਕਰਨਾ ਇੱਕ ਇਤਿਹਾਸਕ ਘਟਨਾ ਬਣ ਗਈ। ਜ਼ੇਲੈਂਸਕੀ ਨੂੰ ਵਾਇਟ ਹਾਊਸ ਦੀ ਗਰਿਮਾ ਮੁਤਾਬਕ ਵਧੀਆ ਡਰੈੱਸ ਪਾਉਣ ਦੀ ਗੈਰ-ਮਿਆਰੀ ਤਨਜ਼ ਕਸਣਾ ਉਸ ਨਾਲ ਬਦਸਲੂਕੀ ਕਰਨ ਬਰਾਬਰ ਸੀ। ਯੁੱਧ ਨਿਪਟਾਰੇ ਲਈ ਯੂਕਰੇਨ ਦੀ ਰੂਸ ਤੋਂ 'ਸੁਰੱਖਿਆ ਗਰੰਟੀ' ਦਾ ਅਮਰੀਕੀ ਵਾਅਦਾ ਅਤੇ ਇਵਜ਼ਾਨੇ ਵਿੱਚ ਅਮਰੀਕਾ ਦੀ ਯੂਕਰੇਨ ਦੇ ਬੇਸ਼ਕੀਮਤੀ ਖਣਿਜ਼ ਸ੍ਰੋਤਾਂ (ਮਾਈਕ੍ਰੋਚਿੱਪਾਂ ਤੇ ਨਵੀਨ ਤਕਨਾਲੋਜੀ ਲਈ ਧਰਤੀ ਦੇ ਦੁਰਲੱਭ ਖਣਿਜ਼) ਵਿੱਚ ਹਿਸੇਦਾਰੀ, ਸੌਦੇ ਦੇ ਦੋ ਮੁੱਖ ਨੁਕਤੇ ਸਨ। ਇਹ ਸੌਦਾ ਯੂਕਰੇਨ ਨੂੰ ਜੰਗ ਵਿੱਚ ਹੁਣ ਤੱਕ ਦਿੱਤੀ ਗਈ ਅਮਰੀਕੀ ਸਹਾਇਤਾ ਦੀ ਅਦਾਇਗੀ ਦੇ ਸਿੱਟੇ ਵਜ਼ੋਂ ਹੋਣਾ ਸੀ। ਪਰੰਤੂ, ਜ਼ੇਲੈਂਸਕੀ ਦੀ ਪੁਤਿਨ ਉੱਤੇ ਬੇਭਰੋਸਗੀ ਅਤੇ ਅਮਰੀਕਾ ਵੱਲੋਂ ਜ਼ੇਲੈਂਸਕੀ ਦੇ ਨਿਰਾਦਰ ਨਾਲ ਇਹ ਸੌਦਾ ਵਿਚਾਲੇ ਟੁੱਟ ਗਿਆ। ਮਿਲਣੀ ਤੋਂ ਪਹਿਲਾਂ ਜ਼ੇਲੈਂਸਕੀ ਨੂੰ ਟਰੰਪ ਵੱਲੋਂ ਤਾਨਾਸ਼ਾਹ ਕਹਿਣਾ ਅਤੇ ਫਿਰ ਮੀਡੀਆ ਸਾਹਮਣੇ ਉਸਨੂੰ ਤੀਜੀ ਸੰਸਾਰ ਜੰਗ ਲਈ ਜ਼ਿੰਮੇਵਾਰ ਕਰਾਰ ਦੇਣਾ ਸਿੱਧੇ-ਅਸਿੱਧੇ ਤੌਰ 'ਤੇ ਯੂਕਰੇਨ ਸਮੇਤ ਟਰਾਂਸਅਟਲਾਂਟਿਕ ਗੱਠਜੋੜ (ਅਮਰੀਕਾ, ਨਾਟੋ, ਯੂਰਪੀਅਨ ਯੂਨੀਅਨ) ਦੇ ਵਿਰੁੱਧ ਅਤੇ ਰੂਸ ਦੇ ਪੱਖ ਵਿੱਚ ਭੁਗਤਣ ਵਾਲਾ ਬਿਆਨ ਸੀ। ਮੀਟਿੰਗ ਦੀ ਅਸਫਲਤਾ ਬਾਅਦ ਟਰੰਪ ਵੱਲੋਂ ਕੀਵ ਤੇ ਜੰਗਬੰਦੀ ਲਈ ਦਬਾਅ ਵਧਾਉਣ ਲਈ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਫੌਜ਼ੀ, ਖੁਫੀਆ ਤੇ ਵਿੱਤੀ ਸਹਾਇਤਾ ਤੇ ਰੋਕ ਲਗਾਉਣ ਅਤੇ ਰੂਸ ਉੱਤੇ ਪੱਛਮੀ ਪਾਬੰਧੀਆਂ ਨੂੰ ਘਟਾਉਣ ਦੇ ਬਿਆਨ ਨਾਲ ਟਰੰਪ ਉੱਤੇ ਰੂਸ ਦਾ ਜਾਸੂਸ ਹੋਣ ਦੇ ਕਈ 'ਸਾਜ਼ਿਸ਼ੀ ਸਿਧਾਂਤਾਂ' ਦਾ ਬਾਜ਼ਾਰ ਗਰਮ ਹੋ ਗਿਆ। ਨਾ ਤਾਂ ਅਮਰੀਕਾ ਸ਼ਾਂਤੀ ਦਾ ਪੁਜਾਰੀ ਹੈ ਤੇ ਨਾ ਹੀ ਟਰੰਪ ਜੰਗਬੰਦੀ ਦੀ ਲੜਾਈ ਲੜ੍ਹਨ ਵਾਲਾ ਸ਼ਾਂਤੀਦੂਤ। ਸ਼ਾਂਤੀ ਬਹਾਨੇ ਇਹ ਸਮਝੌਤਾ ਯੂਕਰੇਨ ਦੇ ਬੇਸ਼ਕੀਮਤੀ ਸ੍ਰੋਤਾਂ ਤੇ ਕਬਜ਼ੇ, ਯੂਕਰੇਨ ਅੰਦਰ ਨਵਉਦਾਰਵਾਦੀ ਨੀਤੀਆਂ ਦੇ ਮਾਡਲ ਦਾ ਰਾਹ ਹੋਰ ਵੱਧ ਪੱਧਰਾ ਕਰਨ ਅਤੇ ਜੰਗ ਦਾ ਮੁਹਾਣ ਰੂਸ ਵੱਲੋਂ ਮੋੜਕੇ ਮੁੱਖ ਦੁਸ਼ਮਣ ਚੀਨ ਵੱਲ ਕਰਨ ਲਈ ਸੀ। ਅਮਰੀਕੀ ਸਾਮਰਾਜੀ ਦਬਦਬੇ ਲਈ ਅੱਜ ਸਭ ਤੋਂ ਵੱਡੀ ਚੁਣੌਤੀ ਚੀਨ ਹੈ ਤੇ ਅਮਰੀਕੀ ਸਾਮਰਾਜੀਆਂ ਅੰਦਰ ਚੀਨੀ ਸਮਾਰਾਜ ਦਾ ਖੌਫ਼ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ।

ਉਧਰ, ਵਾਇਟ ਹਾਊਸ ਤੋਂ ਬੇਆਬਰੂ ਹੋ ਕੇ ਵਾਪਸ ਪਰਤੇ ਜ਼ੇਲੈਂਸਕੀ ਨੂੰ ਫਰਾਂਸ, ਬ੍ਰਿਟੇਨ ਸਮੇਤ ਯੂਰਪੀਅਨ ਮੁਲਕਾਂ ਦਾ ਥਾਪੜਾ ਪ੍ਰਾਪਤ ਹੋਇਆ। ਟਰੰਪ ਵੱਲੋਂ ਪੱਛਮੀ ਯੂਰਪੀ ਭਾਈਵਾਲਾਂ ਨੂੰ ਦਰਕਿਨਾਰ ਕਰਕੇ ਰੂਸ-ਯੂਕਰੇਨ ਜੰਗਬੰਦੀ ਦੀ ਸਾਲਸੀ ਵਿੱਚੋਂ ਯੂਕਰੇਨ ਨਾਲ ਇਕੱਲਿਆਂ 500 ਅਰਬ ਡਾਲਰ ਦੇ ਖਣਿਜ਼ ਸਮਝੌਤੇ ਕਰਨ ਦੀ ਮਸਕ ਫਿਲਹਾਲ ਅਧੂਰੀ ਰਹਿ ਗਈ। ਜੰਗ ਪ੍ਰਤੀ ਅਮਰੀਕੀ ਨੀਤੀ ਵਿੱਚ ਆਏ ਵੱਡੇ ਬਦਲਾਅ ਕਾਰਨ ਪੁੱਠੀ ਪਈ ਬਾਜ਼ੀ 'ਚੋਂ ਯੂਰਪੀਅਨ ਮੁਲਕ ਸ਼ਾਂਤੀ ਯੋਜਨਾ ਦਾ ਸਿਹਰਾ ਆਪਣੇ ਸਿਰ ਬੰਨ੍ਹਕੇ ਯੂਕਰੇਨੀਅਨ ਮੰਡੀ ਵਿੱਚੋਂ ਹਿੱਸੇਪੱਤੀ ਲਈ ਉਤਾਵਲੇ ਹੋ ਗਏ। ਕਿੰਗ ਚਾਰਲਸ ਨਾਲ ਜ਼ੇਲੈਂਸਕੀ ਦੀ ਮਿਲਣੀ ਤੇ ਯੂਕਰੇਨ ਦੀ ਸਰਬਸੱਤਾ ਲਈ ਲੰਡਨ ਵਿੱਚ ਹੋਏ ਸ਼ਿਖਰ ਸੰਮੇਲਨ ਵਿੱਚ 18 ਯੂਰਪੀ ਮੁਲਕਾਂ ਨੇ ਯੂਕਰੇਨ ਨੂੰ ਫੌਜ਼ੀ ਤੇ ਵਿੱਤੀ ਸਹਾਇਤਾ ਦੇਣ ਦੀ ਵਚਨਵੱਧਤਾ ਦਿਖਾਈ ਹੈ ਅਤੇ ਇੰਗਲੈਂਡ ਨੇ 1.6 ਅਰਬ ਪੌਂਡ ਦੀਆਂ 5,000 ਹਵਾਈ ਰੱਖਿਆ ਮਿਜ਼ਾਇਲਾਂ ਦੀ ਸਪਲਾਈ ਦੇ ਸਮਝੌਤੇ ਦਾ ਐਲਾਨ ਕਰ ਦਿੱਤਾ।

ਦੁਨੀਆਂ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਦੀ ਆਪਸੀ ਖਿੱਚੋਤਾਣ ਦਾ ਕੇਂਦਰ ਬਣੀ ਯੂਕਰੇਨ ਜੰਗ ਦਾ ਦਾਰੋਮਦਾਰ ਬਹੁਪਸਾਰੀ ਹੈ। ਇਸ ਯੁੱਧ ਵਿੱਚ ਸਿੱਧੇ-ਅਸਿੱਧੇ ਤੌਰ ਤੇ ਸ਼ਾਮਲ ਤਾਕਤਾਂ 'ਚੋਂ ਕਿਸੇ ਇਕ ਧਿਰ ਦੇ ਕੋਣ ਤੋਂ ਖੜਕੇ ਦੇਖਣ ਨਾਲ ਜੰਗ ਦੀ ਰਾਜਨੀਤਿਕ-ਆਰਥਿਕਤਾ ਨੂੰ ਨਹੀਂ ਸਮਝਿਆ ਜਾ ਸਕਦਾ। ਮਸਲਨ, ਜ਼ੇਲੈਂਸਕੀ ਦੇ ਸੰਦਰਭ ਵਿੱਚ ਇਹ ਧਾਰਨਾ ਕਿ 'ਇੱਕ ਜੋਕਰ ਨੇ ਦੇਸ਼ ਡੋਬ ਦਿੱਤਾ', ਜੰਗ ਦੇ ਕੁੱਲ ਪਹਿਲੂਆਂ ਦਾ ਸਧਾਰਨੀਕਰਨ ਕਰਨ ਤੇ ਜੰਗ ਵਿੱਚ ਸ਼ਾਮਲ ਵੱਡੀਆਂ ਬਾਹਰੀ ਤਾਕਤਾਂ ਦੀ ਭੂਮਿਕਾ ਨੂੰ ਮੇਸਣ ਜਾਂ ਘੱਟ ਕਰਕੇ ਆਂਕਣ ਬਰਾਬਰ ਹੈ। ਇਤਿਹਾਸਕ ਤੌਰ ਤੇ ਇਸ ਜੰਗ ਵਿੱਚ ਰੂਸ ਦੀ ਭੂਮਿਕਾ ਅਟੁੱਟ ਤੌਰ ਤੇ ਜੁੜੀ ਹੋਈ ਹੈ। ਸੋਵੀਅਤ ਯੂਨੀਅਨ ਦੇ ਢਹਿਢੇਰੀ ਹੋਣ ਬਾਅਦ ਯੂਕਰੇਨ ਸਮੇਤ ਅਨੇਕਾਂ ਕੌਮੀਅਤਾਂ ਵੱਖ ਹੋ ਕੇ ਇੱਕ ਸੁਤੰਤਰ ਦੇਸ਼ ਵਜ਼ੋਂ ਹੋਂਦ 'ਚ ਆਈਆਂ ਸਨ। ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪਤਨ ਬਾਅਦ ਰੂਸ ਨੇ ਸਾਮਰਾਜੀ ਪਦਚਿੰਨ੍ਹਾਂ ਤੇ ਚੱਲਦਿਆਂ ਆਪਣੇ ਪਸਾਰਵਾਦੀ ਹਿੱਤਾਂ ਤਹਿਤ ਆਪਣੇ



ਖੁੱਸੇ ਹੋਏ ਖੇਤਰ ਨੂੰ ਮੁੜ ਹਾਸਲ ਕਰਨ ਦੀ ਹਿਰਸ ਪਾਲੀ ਹੋਈ ਹੈ। ਜਿਸ ਤਹਿਤ ਰੂਸ ਨੇ ਸਾਲ 2003 'ਚ ਯੂਕਰੇਨ ਦੇ ਤੁਜ਼ਲਾ ਟਾਪੂ ਉੱਤੇ ਡੈਮ ਬਣਾਕੇ ਜਬਰੀ ਘੁਸਪੈਠ ਕੀਤੀ। ਅਮਰੀਕਾ ਨੇ ਯੂਕਰੇਨ ਦੇ ਰੂਸ ਪੱਖੀ ਰਾਸ਼ਟਰਪਤੀ ਵਿਕਟਰ ਯਾਨਕੋਵਿਚ ਨਾਲ ਕਈ ਊਰਜਾ ਸਮਝੌਤੇ ਕਰਕੇ ਯੂਕਰੇਨ ਦੇ ਬੇਸ਼ਕੀਮਤੀ ਖੇਤਰਾਂ ਵਿੱਚ ਆਪਣੀ ਦਖਲਅੰਦਾਜ਼ੀ ਵਿੱਚ ਵਾਧਾ ਕੀਤਾ। ਯਾਨਕੋਵਿਚ ਨੇ ਰੂਸ ਦੇ ਪ੍ਰਭਾਵ ਹੇਠ ਆ ਕੇ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤੇ ਰੱਦ ਕੀਤੇ ਅਤੇ ਸਾਲ 2014 ਵਿੱਚ ਰੂਸ ਨੇ ਕ੍ਰੀਮੀਆ ਤੇ ਸੇਵਾਸਤੋਪੋਲ ਦੀ ਬੰਦਰਗਾਹ ਉੱਤੇ ਕਬਜਾ ਕੀਤਾ। ਰੂਸ ਨੇ 2014 ਤੋਂ ਬਾਅਦ ਜੰਗਬੰਦੀ ਲਈ ਹੋਏ 'ਮਿੰਸਕ ਸਮਝੌਤੇ' ਦੀ ਉਲੰਘਣਾ ਕਰਕੇ ਲਗਾਤਾਰ ਪੂਰਬੀ ਡੋਨਬਾਸ ਵਿੱਚ ਰੂਸੀ ਵੱਖਵਾਦੀਆਂ ਰਾਹੀਂ ਘੁਸਪੈਠ ਜਾਰੀ ਰੱਖੀ। ਇਸੇ ਦੌਰਾਨ ਯੂਕਰੇਨ ਨੇ ਆਪਣੇ ਪੱਛਮੀ ਖੇਤਰ ਵਿੱਚ ਰੂਸੀ ਘੁਸਪੈਠ ਦੇ ਖਤਰੇ ਤੋਂ ਬਚਾਅ ਲਈ ਨਾਟੋ ਦਾ ਆਸਰਾ ਤੱਕਣਾ ਸ਼ੁਰੂ ਕਰ ਦਿੱਤਾ। ਉਧਰ ਅਮਰੀਕਾ ਤੇ ਉਸਦੇ ਪੱਛਮੀ ਭਾਈਵਾਲ ਜੋ ਲਗਾਤਾਰ ਰੂਸ ਦੇ ਗੁਆਂਢੀ ਮੁਲਕਾਂ 'ਚ ਨਾਟੋ ਦਾ ਵਿਸਤਾਰ ਕਰਦੇ ਆ ਰਹੇ ਸਨ, ਲਈ ਇਹ ਸੁਨਹਿਰੀ ਮੌਕਾ ਵਰਦਾਨ ਬਣਕੇ ਬਹੁੜਿਆ।

ਇਸ ਜੰਗ ਵਿੱਚ ਜ਼ੇਲੈਂਸਕੀ ਦੀ ਇਤਿਹਾਸਕ ਤੇ ਬੱਜ਼ਰ ਗਲਤੀ ਇਹ ਸੀ ਕਿ ਉਸਨੂੰ ਸਾਮਰਾਜੀ ਤਾਕਤਾਂ ਦੇ ਵਿਸਥਾਰਵਾਦੀ ਚਰਿੱਤਰ ਦਾ ਇਲਮ ਨਹੀ ਸੀ। ਉਸਨੇ ਰੂਸੀ ਸਾਮਰਾਜ ਦੀ ਥਾਂ ਵੱਧ ਖੂੰਖਾਰ ਅਮਰੀਕੀ ਸਾਮਰਾਜ ਦੀ ਸ਼ਰਨ ਲੈ ਕੇ ਵੱਡੀ ਭੁੱਲ ਕੀਤੀ, ਜਿਸਦਾ ਖਾਮੀਆਜ਼ਾ ਅੱਜ ਯੂਕਰੇਨੀ ਲੋਕ ਭੁਗਤ ਰਹੇ ਹਨ। ਇਸ ਯੁੱਧ ਵਿੱਚ ਸਭ ਤੋਂ ਵੱਧ ਵਿੱਤੀ ਤੇ ਫੌਜ਼ੀ ਸਹਾਇਤਾ ਅਮਰੀਕਾ ਨੇ ਪ੍ਰਦਾਨ ਕੀਤੀ ਹੈ। ਅਮਰੀਕਾ ਨੇ ਰੂਸ ਖਿਲਾਫ ਯੂਕਰੇਨ ਦੀ ਧਰਤੀ ਤੇ ਲੁਕਵੀਂ ਜੰਗ (ਪ੍ਰੌਕਸੀ) ਲੜਨ ਲਈ ਜੰਗ ਦੇ ਕੁੱਲ ਫੌਜ਼ੀ ਹਾਰਡਵੇਅਰ ਦਾ 20% ਅਤੇ 180 ਅਰਬ ਅਮਰੀਕੀ ਡਾਲਰ (ਪੈਂਟਾਗਨ ਮੁਤਾਬਕ) ਤੋਂ ਵੱਧ ਦੀ ਵਿੱਤੀ ਸਹਇਤਾ ਪ੍ਰਦਾਨ ਕੀਤੀ ਹੈ। ਇਹਨਾਂ ਵਿਚੋਂ 33.8 ਅਰਬ ਡਾਲਰ ਦੇ ਹਥਿਆਰ ਤੇ ਗੋਲਾ-ਬਰੂਦ ਦਿੱਤਾ ਗਿਆ। ਅਮਰੀਕਾ ਦੀ ਜੰਗੀ ਨੀਤੀ ਅਤੇ ਉਸਦੇ ਪੱਛਮੀ ਭਾਈਵਾਲਾਂ ਦੀ ਹੱਲਾਸ਼ੇਰੀ ਕਾਰਨ ਯੂਕਰੇਨ ਜੰਗ ਦਾ ਪੱਧਰ ਤੇ ਪ੍ਰਭਾਵ ਵਿਸ਼ਵਵਿਆਪੀ ਬਣ ਗਿਆ। ਯੂਕਰੇਨ ਜੰਗ ਵਿੱਚ ਐਨਾ ਅੱਗੇ ਨਿਕਲ ਆਇਆ ਕਿ ਹੁਣ ਉਸਨੂੰ ਜੰਗ ਵਿੱਚੋਂ ਨਿਕਲਣ ਲਈ ਸਾਮਰਾਜੀ ਤਾਕਤਾਂ ਦੇ ਇੱਕ ਜਾਂ ਦੂਸਰੇ ਧੜੇ ਦੀ ਢੋਈ ਲੈਣੀ ਪੈ ਰਹੀ ਹੈ। ਰੂਸ ਨਾਲ ਸਨਮਾਨਜਨਕ ਸਮਝੌਤੇ ਉੱਤੇ ਪਹੁੰਚਣ ਲਈ ਉਸ ਨੂੰ ਰੂਸ ਉੱਤੇ ਜੰਗੀ ਦਬਾਅ ਲਈ ਅਮਰੀਕੀ ਹਵਾਈ ਰੱਖਿਆ, ਬੇਲਿਸਟਿਕ ਮਿਜ਼ਾਇਲਾਂ, ਸੈਟੇਲਾਈਟ ਸੰਚਾਰ (ਸਟਾਰਲਿੰਕ), ਫੌਜੀ ਤੇ ਵਿੱਤੀ ਸਹਾਇਤਾ ਦੀ ਜ਼ਰੂਰਤ ਵੀ ਹੈ ਅਤੇ ਜੰਗ ਦੁਆਲੇ ਸਾਮਰਾਜੀ ਤਾਕਤਾਂ ਤੇ ਕੂਟਨੀਤਿਕ ਦਬਾਅ ਬਣਾਉਣ ਅਤੇ ਵਿੱਤੀ ਸਹਾਇਤਾ ਲਈ ਯੂਰਪੀ ਸ਼ਕਤੀਆਂ ਦੀ ਵੀ ਲੋੜ ਹੈ। ਜ਼ੇਲੈਂਸਕੀ ਇੱਕ ਵਾਰ ਫਿਰ ਯੂਕਰੇਨ ਦੀ ਖੁਦਮੁਖਤਿਆਰੀ ਦੀ ਲੜਾਈ ਯੂਕਰੇਨੀ ਲੋਕਾਂ ਦੀ ਭਲਾਈ ਨਾਲੋਂ ਵਧਕੇ ਸਾਮਰਾਜੀ ਤਾਕਤਾਂ ਦੀ ਮੁਨਾਫ਼ਾਖੋਰ ਵਿਸਤਾਰਵਾਦੀ ਬਦਨੀਤੀ ਭਰੋਸੇ ਲੜ੍ਹਨ ਦੀ ਕੁਤਾਹੀ ਕਰ ਰਿਹਾ ਹੈ।

ਯੂਕਰੇਨ ਜੰਗ ਦੁਆਲੇ ਪੈਦਾ ਹੋਏ ਨਵੇਂ ਹਾਲਾਤਾਂ ਵਿੱਚੋਂ ਜਿੱਥੇ ਰੂਸ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਜੰਗਾਂ ਤੋਂ ਲਾਂਬੇ ਰਹਿਕੇ ਆਪਣੇ ਵਪਾਰਿਕ ਹਿੱਤਾਂ ਲਈ ਸੰਸਾਰ ਮੰਡੀ ਵਿੱਚ ਲਗਾਤਾਰ ਮਜ਼ਬੂਤੀ ਨਾਲ ਪੈਰ ਪਸਾਰ ਰਿਹਾ ਹੈ। ਟਰੰਪ ਪ੍ਰਸ਼ਾਸ਼ਨ ਦੀ ਯੂਕਰੇਨ ਜੰਗ ਨੂੰ ਲੈ ਕੇ ਬਦਲੀ ਨੀਤੀ ਨਾਲ ਯੂਰਪ ਅੰਦਰ ਅਮਰੀਕੀ ਸ਼ਾਖ਼ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵੱਲੋਂ ਨਾਟੋ 'ਚੋਂ ਬਾਹਰ ਆਉਣ, ਯੂਐਸ ਏਡ ਬੰਦ ਕਰਨ ਅਤੇ ਨਾਟੋ ਭਾਈਵਾਲਾਂ ਉੱਤੇ ਫੌਜ਼ੀ ਖਰਚ ਲਈ ਬਜ਼ਟ ਹੋਰ ਵਧਾਉਣ ਦਾ ਦਬਾਅ ਅਤੇ ਟੈਰਿਫ ਨੂੰ ਲੈ ਕੇ ਯੂਰਪ, ਕੈਨੇਡਾ, ਮੈਕਸੀਕੋ, ਭਾਰਤ ਆਦਿ ਭਾਈਵਾਲਾਂ ਨਾਲ ਸ਼ੁਰੂ ਹੋਈ ਵਪਾਰਕ ਜੰਗ ਕਾਰਨ ਇਹਨਾਂ ਮੁਲਕਾਂ ਨੇ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਤੇ ਆਪਸੀ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਨਾਲ ਯੂਰੋ ਜ਼ੋਨ ਅਤੇ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ। ਚੀਨ, ਰੂਸ, ਯੂਰਪੀਅਨ ਯੂਨੀਅਨ, ਬ੍ਰਿਕਸ ਅਤੇ ਅਮਰੀਕੀ ਸਾਮਰਾਜ ਵਿਰੋਧੀ ਲਾਤੀਨੀ ਮੁਲਕਾਂ ਦੀ ਅਮਰੀਕਾ ਖਿਲਾਫ ਵਧਦੀ ਬੇਭਰੋਸਗੀ ਅਮਰੀਕੀ ਸਾਮਰਾਜ ਲਈ ਖਤਰੇ ਦੀ ਘੰਟੀ ਹੈ।

ਜੰਗਬੰਦੀ ਨੂੰ ਲੈ ਕੇ ਪੈਦਾ ਹੋਈ ਗੁੰਝਲਦਾਰ ਹਾਲਤ ਨਾਲ ਰੂਸ ਦੇ ਹੌਂਸਲੇ ਹੋਰ ਮਜ਼ਬੂਤ ਹੋਏ ਹਨ। ਰੂਸ ਨੇ ਜੰਗ ਦੀ ਤੀਜੀ ਵਰ੍ਹੇਗੰਡ ਮੌਕੇ ਯੂਕਰੇਨ ਉੱਤੇ ਹਮਲੇ ਤੇਜ ਕਰਕੇ ਸੰਕੇਤ ਦੇ ਦਿੱਤੇ ਹਨ ਕਿ ਉਹ ਯੂਕਰੇਨੀ ਸ਼ਰਤਾਂ ਤਹਿਤ ਸਮਝੌਤੇ ਲਈ ਰਾਜੀ ਨਹੀਂ ਹੈ। ਇਸ ਜੰਗ ਦਾ ਹਾਂਪੱਖੀ ਨਿਬੇੜਾ ਨਾ ਹੋਣ ਕਾਰਨ ਇਸਦਾ ਘੇਰਾ ਰੂਸ-ਯੂਕਰੇਨ ਤੋਂ ਵਧਕੇ ਸੰਸਾਰ ਸਾਮਰਾਜੀ ਧਿਰਾਂ ਵਿਚਕਾਰ ਆਪਸੀ ਖਹਿਭੇੜ ਤੱਕ ਫੈਲ ਗਿਆ ਹੈ। ਇਹ ਜੰਗ ਵਿਸ਼ਵ ਦੀਆਂ ਬਹੁਕੌਮੀ ਹਥਿਆਰ ਕਾਰਪੋਰੇਸ਼ਨਾਂ ਦੇ ਜੰਗੀ ਵਪਾਰ ਦੀ ਸ਼ਾਹਰਗ ਬਣ ਗਈ ਹੈ। ਯੂਕਰੇਨ ਜੰਗ ਦੇ ਲਟਕਣ ਨਾਲ ਗਲੋਬਲ ਸਪਲਾਈ ਚੇਨ ਲਗਾਤਾਰ ਪ੍ਰਭਾਵਿਤ ਹੋ ਰਹੀ ਹੈ ਤੇ ਤੇਲ, ਗੈਸ, ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਹੈ। ਰੂਸ-ਯੂਕਰੇਨ ਸਮੇਤ ਸੰਸਾਰ ਭਰ ਦੇ ਲੋਕਾਂ ਨੂੰ ਸਾਮਰਾਜੀ ਜੰਗਾਂ ਦੀ ਕੀਮਤ ਤਾਰਨੀ ਪੈ ਰਹੀ ਹੈ। ਇਹਨਾਂ ਘਾਤਕ ਜੰਗੀ ਹਾਲਾਤਾਂ 'ਚ ਰੂਸੀ ਅਤੇ ਯੂਕਰੇਨੀ ਲੋਕਾਂ ਨੂੰ ਭਾਵੁਕਤਾ ਵਸ ਆਪਣੇ ਦੇਸ਼ ਦੇ ਹਾਕਮਾਂ ਦੇ ਸਰਹੱਦੀ ਸੁਰੱਖਿਆ ਅਤੇ ਰਾਸ਼ਟਰੀ ਵਿਕਾਸ ਦੇ ਰਾਸ਼ਟਰਵਾਦੀ ਗੁਣਗਾਣ ਦੇ ਢਹੇ ਚੜ੍ਹਕੇ ਜੰਗ ਦਾ ਸਾਥ ਨਹੀਂ ਦੇਣਾ ਚਾਹੀਦਾ। ਮੌਜੂਦਾ ਸਾਮਰਾਜੀ ਜੰਗਾਂ ਮਨੁੱਖਤਾ ਦੀ ਬੰਦਖਲਾਸੀ ਲਈ ਨਹੀਂ ਬਲਕਿ ਪਿਛਾਂਹਖਿਚੂ ਜਮਾਤਾਂ ਦੀ ਅਦਲਾ-ਬਦਲੀ ਤੇ ਸਾਮਰਾਜੀ ਮੰਡੀ ਦੇ ਵਿਸਤਾਰ ਲਈ ਲੜੀਆਂ ਜਾ ਰਹੀਆਂ ਹਨ। ਲੋਕਾਂ ਨੂੰ ਸਾਮਰਾਜੀ-ਸਰਮਾਏਦਾਰ ਜੰਗਬਾਜ਼ਾਂ ਤੋਂ ਨਿਜ਼ਾਤ ਪਾਉਣ ਲਈ ਜੰਗ ਵਿੱਚ ਸ਼ਾਮਲ ਸਾਰੀਆਂ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ।






# ਭਗਵੰਤ ਮਾਨ ਸਰਕਾਰ ਨੇ ਆਰਐੱਸਐੱਸ-ਭਾਜਪਾ ਵਾਲਾ ਤਾਨਾਸ਼ਾਹ ਰਾਹ ਫੜਿਆ



ਬੂਟਾ ਸਿੰਘ
ਮਹਿਮੂਦਪੁਰ
94634-74342


*[ਸੰਯੁਕਤ ਕਿਸਾਨ ਮੋਰਚੇ ਵੱਲੋਂ ਲੜੇ ਇਤਿਹਾਸਕ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਮੰਗ ਦੇ ਦਬਾਅ ਹੇਠ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਖੇਤੀ ਸੰਕਟ ਦੇ ਹੱਲ ਦਾ ਨੀਤੀ ਖਰੜਾ ਤਿਆਰ ਕੀਤਾ ਸੀ। ਹੁਣ ਇਹ ਸਰਕਾਰ ਵੀ ਮੋਦੀ ਸਰਕਾਰ ਵਾਂਗ ਕਿਸਾਨੀ ਦੇ ਵੱਡੇ ਮਸਲੇ ਹੱਲ ਕਰਾਉਣ ਲਈ ਯਤਨਸ਼ੀਲ ਕਿਸਾਨ ਜਥੇਬੰਦੀਆਂ ਨੂੰ ਜਬਰ ਨਾਲ ਦਬਾਉਣ ਦੇ ਰਾਹ ਪੈ ਤੁਰੀ ਹੈ। ਹਾਲ ਹੀ ਵਿਚ ਭਗਵੰਤ ਮਾਨ ਕਿਸਾਨ ਮੰਗਾਂ-ਮਸਲਿਆਂ ਪ੍ਰਤੀ ਟਾਲਾ ਵੱਟਦੇ ਨਜ਼ਰ ਆ ਰਹੇ ਹਨ। ਇਸਦੇ ਮਾਇਨੇ ਕੀ ਹਨ? ਕੀ ਮੁੱਖ ਮੰਤਰੀ ਵੱਲੋਂ ਕਿਸਾਨ ਸੰਘਰਸ਼ ਬਾਰੇ ਸਿਰਜੇ ਬਿਰਤਾਂਤ 'ਚ ਕੋਈ ਦਮ ਹੈ? ਕੀ ਕਿਸਾਨ ਜਥੇਬੰਦੀਆਂ ਗ਼ਲਤ ਲੜਾਈ ਲੜ ਰਹੀਆਂ ਹਨ? ਇਨ੍ਹਾਂ ਸਾਰੇ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 3 ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਸੱਦਕੇ ਐੱਸਕੇਐੱਮ (ਸੰਯੁਕਤ ਕਿਸਾਨ ਮੋਰਚੇ) ਦੇ ਵਫ਼ਦ ਨਾਲ ਚੱਲ ਰਹੀ ਮੀਟਿੰਗ ਦੌਰਾਨ ਗੱਲਬਾਤ ਤੋੜਕੇ ਤੁਰ ਜਾਣ, ਮੀਡੀਆ ਤੇ ਸੋਸ਼ਲ ਮੀਡੀਆ ਵਿਚ ਕਿਸਾਨ ਆਗੂਆਂ ਵਿਰੁੱਧ ਬਿਆਨਬਾਜ਼ੀ ਕਰਨ ਅਤੇ ਕਿਸਾਨਾਂ ਦੇ ਚੰਡੀਗੜ੍ਹ ਵੱਲ ਕੂਚ ਨੂੰ ਅਸਫ਼ਲ ਬਣਾਉਣ ਲਈ ਜੰਗੀ ਪੱਧਰ 'ਤੇ ਛਾਪੇਮਾਰੀ ਕਰਕੇ ਤੇ 200 ਤੋਂ ਵੱਧ ਕਿਸਾਨ ਆਗੂਆਂ ਨੂੰ ਗਿ ?ਰਫ਼ਤਾਰ ਕਰਕੇ ਪੰਜਾਬ ਨੂੰ ਪੁਲਿਸ ਰਾਜ ਵਿਚ ਬਦਲਣ ਦੇ ਘਟਨਾਕ੍ਰਮ ਨੇ 'ਆਪ' ਸਰਕਾਰ ਦੀ ਲੋਕ ਵਿਰੋਧੀ ਖਸਲਤ ਸਭ ਨੂੰ ਦਿਖਾ ਦਿੱਤੀ ਹੈ। ਇਹ 'ਬਦਲਾਅ' ਲਿਆਉਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਪਾਰਟੀ ਦਾ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਮਸਲਿਆਂ ਪ੍ਰਤੀ ਅਸਲ ਚਿਹਰਾ ਹੈ। ਕਈ ਪੱਖਾਂ ਤੋਂ ਝਾੜੂ ਬਰਗੇਡ ਦਾ ਵਤੀਰਾ ਪਹਿਲੀਆਂ ਸਰਕਾਰਾਂ ਤੋਂ ਵੀ ਮਾੜਾ ਹੈ।

ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ ਕਿ 'ਅੱਜ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਵਿਚ ਮੈਂ ਕਿਸਾਨ ਜਥੇਬੰਦੀਆਂ ਦੇ ਸਾਰੇ ਸਤਿਕਾਰਤ ਆਗੂਆਂ ਨੂੰ ਅਪੀਲ ਕੀਤੀ ਕਿ ਚੱਕਾ ਜਾਮ ਕਰਨਾ, ਸੜਕਾਂ ਤੇ ਰੇਲਾਂ ਰੋਕਣੀਆਂ ਜਾਂ ਪੰਜਾਬ ਬੰਦ ਕਰਨਾ ਕਿਸੇ ਮਸਲੇ ਦਾ ਹੱਲ ਨਹੀਂ ਹੈ। ਇਹਨਾਂ ਸਭ ਨਾਲ ਆਮ ਲੋਕਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਸਮਾਜ ਦੇ ਬਾਕੀ ਵਰਗਾਂ ਦੇ ਕੰਮਾਂ ਅਤੇ ਕਾਰੋਬਾਰਾਂ 'ਤੇ ਵੀ ਬਹੁਤ ਅਸਰ ਪੈਂਦਾ ਹੈ।' ਜ਼ਰਾ ਦੋਗਲੀ ਜ਼ੁਬਾਨ ਦਾ ਕਮਾਲ ਦੇਖੋ! ਹਰਿਆਣਾ ਸਰਕਾਰ ਵੱਲੋਂ ਡੱਲੇਵਾਲ-ਪੰਧੇਰ ਦੀ ਅਗਵਾਈ ਵਾਲੇ ਕਿਸਾਨ ਮੋਰਚੇ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਲਾਈਆਂ ਰੋਕਾਂ ਬਾਰੇ ਪਿਛਲੇ ਸਾਲ ਭਗਵੰਤ ਮਾਨ ਨੇ ਜੋ ਟਵੀਟ ਕੀਤਾ ਉਸ ਦੇ ਸ਼ਬਦ ਸਨ: 'ਦਿੱਲੀ ਦੇਸ਼ ਦੀ ਰਾਜਧਾਨੀ ਹੈਜਦੋਂ ਦੇਸ਼ ਦੀ ਸਰਕਾਰ ਦਿੱਲੀ ਤੋਂ ਚੱਲਦੀ ਹੈ ਤਾਂ ਫਿਰ ਕਿਸਾਨ ਆਪਣੀਆਂ ਮੰਗਾਂ ਲਈ ਦਿੱਲੀ ਨਹੀਂ ਜਾਣਗੇ ਤਾਂ ਹੋਰ ਕਿੱਥੇ ਜਾਣਗੇ?'। ਭਗਵੰਤ ਮਾਨ ਦੇ ਤਰਕ ਅਨੁਸਾਰ ਦੇਖਿਆ ਜਾਵੇ ਤਾਂ ਪੰਜਾਬ ਦੀ ਸਰਕਾਰ ਵੀ ਤਾਂ ਚੰਡੀਗੜ੍ਹ ਤੋਂ ਚੱਲਦੀ ਹੈ, ਕਿਸਾਨ ਆਪਣੀਆਂ ਮੰਗਾਂ ਵੱਲ ਧਿਆਨ ਦਿਵਾਉਣ ਲਈ ਚੰਡੀਗੜ੍ਹ ਨਹੀਂ ਜਾਣਗੇ ਤਾਂ ਹੋਰ ਕਿੱਥੇ ਜਾਣਗੇ? ਕਿਸਾਨ ਜਥੇਬੰਦੀਆਂ ਜੇ ਉੱਥੇ ਮੋਰਚਾ ਲਾਉਣ ਜਾ ਰਹੀਆਂ ਸਨ ਤਾਂ ਬਿਲਕੁਲ ਠੀਕ ਜਾ ਰਹੀਆਂ ਸਨ। 'ਆਮ ਆਦਮੀ ਪਾਰਟੀ' ਖ਼ੁਦ ਧਰਨੇ ਲਾਉਂਦੀ ਰਹੀ ਹੈ, ਕਿਸਾਨ ਅੰਦੋਲਨ ਸਮੇਂ ਕਿਸਾਨੀ ਦੀਆਂ ਭਾਵਨਾਵਾਂ ਨੂੰ ਵਰਤਕੇ ਵੋਟਾਂ ਬਟੋਰਨ ਲਈ ਕਿਸਾਨ ਮੰਗਾਂ ਉੱਪਰ ਇਕੱਠ ਵੀ ਕਰਦੀ ਰਹੀ ਹੈ, ਹੁਣ ਸ਼ਹੀਦ ਭਗਤ ਸਿੰਘ ਦੀ ਸਹੁੰ ਖਾਣ ਵਾਲੇ ਝਾੜੂ ਬਰਗੇਡ ਨੂੰ ਕਿਸਾਨ ਜਥੇਬੰਦੀਆਂ ਦੇ ਧਰਨਿਆਂ-ਮੁਜ਼ਾਹਰੇ ਐਨੇ ਚੁਭ ਰਹੇ ਹਨ ਕਿ ਭਗਵੰਤ ਮਾਨ ਕਹਿ ਰਿਹਾ ਹੈ ਕਿ ਪੰਜਾਬ ਧਰਨਿਆਂ ਵਾਲਾ ਸਟੇਟ ਬਣਦਾ ਜਾ ਰਿਹਾ ਹੈ।

ਭਗਵੰਤ ਮਾਨ ਦਾ ਇਹ ਕਹਿਣਾ ਪੂਰੀ ਤਰ੍ਹਾਂ ਝੂਠ ਹੈ, ਅਤੇ ਬੇਈਮਾਨੀ ਵੀ, ਕਿ ਕਿਸਾਨਾਂ ਦੇ ਧਰਨਿਆਂ ਕਰਕੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਉਸਨੇ ਇੱਥੋਂ ਤੱਕ ਝੂਠ ਬੋਲਿਆ ਕਿ ਧਰਨਿਆਂ ਕਾਰਨ ਐਮਾਜ਼ੋਨ ਦਾ ਸਮਾਨ ਦਿੱਲੀ ਨਾਲੋਂ ਪੰਜਾਬ ਵਿਚ ਮਹਿੰਗੇ ਭਾਅ ਬੁੱਕ ਹੁੰਦਾ ਹੈ। ਕਿਸਾਨ ਸੰਘਰਸ਼ਾਂ ਨੂੰ ਭੰਡਣ ਲਈ ਉਸ ਵੱਲੋਂ ਐਮਾਜ਼ੋਨ ਦੀ ਮਿਸਾਲ ਦੇ ਕੇ ਕੋਰਾ ਝੂਠ ਬੋਲਣਾ ਜਿੱਥੇ ਉਸ ਦੀਆਂ ਮਹਾਂ ਗੱਪਾਂ ਦਾ ਨਮੂਨਾ ਹੈ, ਉੱਥੇ ਇਹ ਕਾਰਪੋਰੇਟਾਂ ਦੇ ਲੋਟੂ ਕਾਰੋਬਾਰਾਂ ਲਈ ਉਸਦੇ ਫ਼ਿਕਰ ਦਾ ਵੀ ਸਬੂਤ ਹੈ। ਮੋਦੀ ਜੁੰਡਲੀ ਵੀ ਇਹੀ ਦੋਸ਼ ਲਾ ਰਹੀ ਸੀ ਕਿ 'ਅੰਦੋਲਨਜੀਵੀ' ਕਿਸਾਨ ਵਿਕਾਸ ਰੋਕ ਰਹੇ ਹਨ। ਹਕੀਕਤ ਇਹ ਹੈ ਕਿ ਨੁਕਸਾਨ ਸੰਘਰਸ਼ਾਂ ਕਰਕੇ ਨਹੀਂ, ਹੁਣ ਤੱਕ ਬਣਦੀਆਂ ਆ ਰਹੀਆਂ ਸਰਕਾਰਾਂ ਦੀਆਂ ਲੋਕ ਦੋਖੀ ਨੀਤੀਆਂ ਕਰਕੇ ਹੋ ਰਿਹਾ ਹੈ ਜਿਨ੍ਹਾਂ ਕੋਲ ਨਾ ਖੇਤੀ ਸੰਕਟ ਨੂੰ ਹੱਲ ਕਰਨ ਦੀ ਕੋਈ ਨੀਤੀ ਹੈ, ਨਾ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਕੋਈ ਰੁਜ਼ਗਾਰਮੁਖੀ ਯੋਜਨਾ ਹੈ, ਨਾ ਛੋਟੇ ਤੇ ਦਰਮਿਆਨੇ ਕਾਰੋਬਾਰਾਂ/ਸਨਅਤਾਂ ਨੂੰ ਤਬਾਹੀ ਤੋਂ ਬਚਾਉਣ ਦੀ ਕੋਈ ਨੀਤੀ ਹੈ, ਨਾ ਨਸ਼ਿਆਂ ਨੂੰ ਠੱਲ ਪਾਉਣ ਦੀ ਇੱਛਾ ਸ਼ਕਤੀ ਹੈ, ਨਾ ਸਿੱਖਿਆ ਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕੋਈ ਠੋਸ ਪ੍ਰੋਗਰਾਮ ਹੈ। ਤਿੰਨ ਸਾਲ ਤੋਂ ਸੱਤਾਧਾਰੀ 'ਆਮ ਆਦਮੀ ਪਾਰਟੀ' ਨੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਕੁਝ ਵੀ ਅਜਿਹਾ ਨਹੀਂ ਕੀਤਾ ਜੋ ਇਸ ਨੂੰ ਹੋਰ ਹਾਕਮ ਜਮਾਤੀ ਪਾਰਟੀਆਂ ਤੋਂ ਅਲੱਗ ਕਰਦਾ ਹੋਵੇ। ਝੂਠੇ ਵਾਅਦਿਆਂ ਦੀ ਅਸਲੀਅਤ ਸਾਰਿਆਂ ਨੂੰ ਪੂਰੀ ਤਰ੍ਹਾਂ ਸਮਝ ਆ ਚੁੱਕੀ ਹੈ। ਵੱਖ-ਵੱਖ ਹਿੱਸੇ ਵਾਅਦਾ-ਖਿਲਾਫ਼ੀ ਵਿਰੁੱਧ ਅਤੇ ਆਪਣੇ ਹੱਕਾਂ ਲਈ ਲਗਾਤਾਰ ਸੰਘਰਸ਼ਾਂ ਦੇ ਰਾਹ ਪਏ ਹੋਏ ਹਨ। ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ ਵੱਖ-ਵੱਖ ਤਬਕਿਆਂ ਦੇ ਸੰਘਰਸ਼ਸ਼ੀਲ ਲੋਕਾਂ ਉੱਪਰ ਪੁਲਿਸ ਦੀਆਂ ਡਾਗਾਂ ਚੱਲਣ ਦੇ ਮੰਜ਼ਰ ਅਕਸਰ ਹੀ ਮੀਡੀਆ 'ਚ ਸੁਰਖ਼ੀਆਂ ਬਣਦੇ ਹਨ ਜੋ ਪਹਿਲੀਆਂ ਸਰਕਾਰਾਂ ਦੀ ਸੰਘਰਸ਼ਾਂ ਨੂੰ ਜਬਰ ਨਾਲ ਦਬਾਉਣ ਦੀ ਨੀਤੀ ਦੀ ਲਗਾਤਾਰਤਾ ਹਨ। ਇੱਥੋਂ ਤੱਕ ਕਿ ਉਸਦੀ ਸ਼ਿਸ਼ਕੇਰੀ ਪੁਲਿਸ ਨੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਸ਼ਹੀਦੇ-ਆਜ਼ਮ ਦੇ ਸ਼ਹੀਦੀ ਦਿਹਾੜੇ 'ਤੇ 23 ਮਾਰਚ ਨੂੰ ਵੀ ਨਹੀਂ ਬਖ਼ਸ਼ਿਆ ਗਿਆ ਜਿਸ ਭਗਤ ਸਿੰਘ ਨੂੰ ਇਹ ਸ਼ਖ਼ਸ ਆਪਣਾ ਆਦਰਸ਼ ਦੱਸਦਾ ਹੈ। ਸੰਘਰਸ਼ਾਂ ਦੀ ਜ਼ੋਰ ਫੜ ਰਹੀ ਤਾਕਤ ਭਗਵੰਤ ਮਾਨ ਵੱਲੋਂ ਕੀਤੀ ਜਾ ਰਹੀ ਲੋਕ ਦੁਸ਼ਮਣ ਰਾਜ ਦੀ ਸੇਵਾ 'ਚ ਖ਼ਲਲ ਪਾਉਂਦੀ ਹੈ, ਜਿਸ ਤੋਂ ਉਸਦਾ ਬੁਖਲਾਹਟ 'ਚ ਆਉਣਾ, ਕਿਸਾਨ ਜਥੇਬੰਦੀਆਂ ਨੂੰ ਭੰਡਣ ਲਈ ਕੋਈ ਵੀ ਝੂਠ ਬੋਲਣ ਤੱਕ ਚਲੇ ਜਾਣਾ ਸੁਭਾਵਿਕ ਹੈ।

ਤੱਥ ਇਹ ਹੈ ਕਿ ਸੰਯੁਕਤ ਕਿਸਾਨ ਮੋਰਚਾ ਨਾ ਤਾਂ ਰੇਲਵੇ ਲਾਈਨਾਂ ਜਾਂ ਸੜਕਾਂ ਜਾਮ ਕਰਨ ਜਾ ਰਿਹਾ ਸੀ, ਨਾ ਪੰਜਾਬ ਬੰਦ ਕਰਨ ਜਾ ਰਿਹਾ ਸੀ। ਉਨ੍ਹਾਂ ਦਾ ਪ੍ਰੋਗਰਾਮ ਐੱਸਕੇਐੱਮ ਦੇ 5 ਮਾਰਚ ਤੋਂ ਸ਼ੁਰੂ ਕਰਕੇ 1 ਹਫ਼ਤੇ ਲਈ ਵੱਖ-ਵੱਖ ਰਾਜਾਂ ਦੀਆਂ ਰਾਜਧਾਨੀਆਂ ਵਿਚ ਮੋਰਚੇ ਲਾਉਣ ਦੇ ਭਾਰਤ ਪੱਧਰੀ ਸੱਦੇ ਤਹਿਤ ਚੰਡੀਗੜ੍ਹ ਵਿਚ ਮੋਰਚਾ ਲਾਉਣ ਦਾ ਸੀ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਸੈਕਟਰ 34 ਵਿਚ ਇਸ ਲਈ ਜਗ੍ਹਾ ਦੇਵੇ । ਮੋਰਚੇ ਦੀ ਮੰਗ ਰਾਜ ਸਰਕਾਰ ਨਾਲ ਸੰਬੰਧਤ ਮੰਗਾਂ ਨੂੰ ਲਾਗੂ ਕਰਨ ਅਤੇ ਕੇਂਦਰ ਸਰਕਾਰ ਨਾਲ ਸੰਬੰਧਤ ਮੰਗਾਂ ਉੱਪਰ ਰਾਜ ਸਰਕਾਰ ਨੂੰ ਕਿਸਾਨਾਂ ਦੇ ਹਿਤਾਂ ਦੀ ਪੈਰਵਾਈ ਕਰਨ ਦੀ ਸੀ। ਮੀਟਿੰਗ ਵਿਚ ਕਿਸਾਨ ਆਗੂ ਇਕ-ਇਕ ਮੰਗ ਨੂੰ ਤਰਤੀਬਵਾਰ ਚਰਚਾ 'ਚ ਲਿਆ ਕੇ ਆਪਣਾ ਪੱਖ ਪੇਸ਼ ਕਰ ਰਹੇ ਸਨ। ਅਜੇ ਅੱਠ ਮੰਗਾਂ ਉੱਪਰ ਹੀ ਚਰਚਾ ਹੋਈ ਸੀ ਕਿ ਮੁੱਖ ਮੰਤਰੀ ਨੇ ਬੇਤੁਕਾ ਸਵਾਲ ਉਠਾ ਦਿੱਤਾ ਕਿ 'ਪਰਸੋਂ ਆਲੇ ਮੋਰਚੇ ਦਾ ਕੀ ਬਣੂੰਗਾ' ਅਤੇ ਇਹ ਧਮਕੀਆਂ ਦਿੰਦਾ ਹੋਇਆ ਮੀਟਿੰਗ ਛੱਡ ਕੇ ਤੁਰ ਗਿਆ ਕਿ ਫਿਰ ਜੋ ਕਰਨਾ ਕਰ ਲਓ। ਉਸ ਦੇ ਪ੍ਰਤੀਕਰਮ ਤੋਂ ਸਪਸ਼ਟ ਹੋ ਗਿਆ ਕਿ ਉਸਦਾ ਮੰਗਾਂ ਨਾਲ ਕੋਈ ਸਰੋਕਾਰ ਨਹੀਂ ਹੈ, ਉਹ ਤਾਂ ਕੇਂਦਰ ਦਾ ਲਫਟੈਣ ਬਣਕੇ ਮੋਰਚਾ ਰੱਦ ਕਰਾਉਣ ਲਈ ਤਹੂ ਸੀ। ਇਹ ਤਾਂ ਉਹੀ ਦੱਸ ਸਕਦਾ ਹੈ ਕਿ 'ਪੰਜਾਬ ਦੇ ਸਾਢੇ ਤਿੰਨ ਕਰੋੜ ਬੰਦਿਆਂ ਦਾ ਕਸਟੋਡੀਅਨ' ਹੋਣ ਦਾ ਦਾਅਵਾ ਕਰਨ ਵਾਲੇ ਦਾ ਅਸਲ ਤੌਖ਼ਲਾ ਕੀ ਹੈ; ਕੀ ਉਹ ਆਪਣੇ ਬੌਸ ਕੇਜਰੀਵਾਲ ਦੇ ਇਸ਼ਾਰੇ 'ਤੇ ਅਜਿਹਾ ਕਰ ਰਿਹਾ ਸੀ ਜਾਂ ਮੋਦੀ-ਸ਼ਾਹ ਦੇ ਇਸ਼ਾਰੇ 'ਤੇ? ਕੀ ਇਸ ਪਿੱਛੇ ਦਸ ਦਿਨ 'ਵਿਪਾਸਨਾ' ਕਰਨ ਲਈ ਪੰਜਾਬ ਵਿਚ ਡੇਰੇ ਲਾਈ ਬੈਠੇ ਕੇਜਰੀਵਾਲ ਵੱਲੋਂ ਉਸ ਨੂੰ ਪਾਸੇ ਕਰ ਦੇਣ ਲਈ ਖੇਡੀਆਂ ਜਾ ਰਹੀਆਂ ਸ਼ਾਤਰ ਚਾਲਾਂ ਦੇ ਪ੍ਰਤੀਕਰਮ 'ਚ ਆਪਣੇ ਆਪ ਨੂੰ ਤਾਕਤਵਰ ਸਾਬਤ ਕਰਨ ਦਾ ਦਬਾਅ ਸੀ?




ਮੀਟਿੰਗ 'ਚੋਂ ਬਾਹਰ ਜਾਕੇ ਭਗਵੰਤ ਮਾਨ ਨੇ ਇਹ ਕਹਿਕੇ ਕਿਸਾਨ ਜਥੇਬੰਦੀਆਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ ਕਿ 'ਖੇਤੀ ਦੇ ਕੰਮਾਂ ਦਾ ਤੁਹਾਡੇ ਨਾਲੋਂ ਮੈਨੂੰ ਵੱਧ ਪਤੈ, ਮੈਂ ਤੁਹਾਡੇ ਨਾਲੋਂ ਵੱਧ ਖੇਤ 'ਚ ਜਾਨਾ।' ਇਸ ਤੋਂ ਪਤਾ ਲੱਗਦਾ ਹੈ ਕਿ ਕਿਸਾਨ ਆਗੂਆਂ ਨਾਲ ਬਦਲੀਲ ਗੱਲ ਕਰਨ ਤੋਂ ਭੱਜਣ ਵਾਲੇ ਇਸ ਸ਼ਖ਼ਸ ਦੀ ਸੋਚ ਰਾਜਨੀਤਕ ਤੌਰ 'ਤੇ ਕਿੰਨੀ ਦੀਵਾਲੀਆ ਹੈ। ਮੀਡੀਆ ਕੈਮਰਿਆਂ ਅੱਗੇ ਉਸਨੇ ਸਰੇਆਮ ਝੂਠ ਬੋਲਿਆ ਕਿ 'ਮੰਗਾਂ ਤਾਂ ਮੇਰੇ ਨਾਲ ਤਾਂ ਮੰਗਾਂ ਸੰਬੰਧਤ ਵੀ ਹੈਨੀ, ਸਾਰੀਆਂ ਮੰਗਾਂ ਤਾਂ ਕੇਂਦਰ ਨਾਲ ਸੰਬੰਧਤ ਨੇ।' ਇਹ ਵੀ ਕਿ ਉਹ ਤਾਂ ਕਿਸਾਨਾਂ ਦਾ ਭਲਾ ਕਰਨ ਵਾਲਾ 'ਮਿੱਤਰ ਕੀੜਾ' ਹੈ। ਇਹ ਝੂਠਾ ਬਿਰਤਾਂਤ ਵਿੱਢਕੇ ਉਸਦੀ ਸ਼ਿਸ਼ਕੇਰੀ ਪੁਲਿਸ ਵੱਲੋਂ ਪੂਰੇ ਪੰਜਾਬ ਵਿਚ ਆਗੂਆਂ ਤੇ ਸਰਗਰਮ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਜੰਗੀ ਮੁਹਿੰਮ ਵਿੱਢ ਦਿੱਤੀ ਗਈ। ਬਜ਼ੁਰਗ, ਬੀਮਾਰ ਆਗੂਆਂ ਨੂੰ ਵੀ ਗਿ ?ਰਫ਼ਤਾਰ ਕਰ ਲਿਆ ਗਿਆ। ਅਜਿਹੇ ਵਿਅਕਤੀਆਂ ਨੂੰ ਵੀ ਫੜ ਲਿਆ ਗਿਆ ਜੋ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਨਹੀਂ ਹਨ।

ਕਿਸਾਨ ਆਗੂ ਮੁੱਖ ਮੰਤਰੀ ਵੱਲੋਂ ਮੀਟਿੰਗ ਦੇਣ ਉਪਰੰਤ ਉਸ ਨਾਲ 18 ਮੰਗਾਂ ਉੱਪਰ ਚਰਚਾ ਕਰਨ ਲਈ ਆਏ ਸਨ। ਜੇ ਭਗਵੰਤ ਮਾਨ ਇਹ ਸਮਝਦਾ ਸੀ ਕਿ ਇਹ ਮੰਗਾਂ ਰਾਜ ਸਰਕਾਰ ਨਾਲ ਸੰਬੰਧਤ ਹੀ ਨਹੀਂ ਹਨ ਤਾਂ ਉਸਨੇ ਐੱਸਕੇਐੱਮ ਨੂੰ ਮੀਟਿੰਗ ਲਈ ਸਮਾਂ ਕਿਉਂ ਦਿੱਤਾ? ਉਸਨੇ ਤਾਂ ਅੱਜ ਤੱਕ ਸਪਸ਼ਟ ਨਹੀਂ ਕੀਤਾ ਕਿ ਇਹ ਮੰਗਾਂ ਪੰਜਾਬ ਸਰਕਾਰ ਨਾਲ ਸੰਬੰਧਤ ਕਿਵੇਂ ਨਹੀਂ ਹਨ। ਨਾ ਹੀ ਇਹ ਕਿ ਜਿਨ੍ਹਾਂ ਅੱਠ ਮੰਗਾਂ ਉੱਪਰ ਉਸਦੀ ਵਜ਼ਾਰਤ ਪਹਿਲਾਂ ਸਹਿਮਤੀ ਪ੍ਰਗਟਾਅ ਚੁੱਕੀ ਸੀ, ਉਨ੍ਹਾਂ ਤੋਂ ਵੀ ਉਹ ਪਿੱਛੇ ਕਿਉਂ ਹਟਿਆ।

ਉਹ ਮੰਗਾਂ ਕੀ ਹਨ, ਜਿਨ੍ਹਾਂ ਬਾਰੇ ਭਗਵੰਤ ਮਾਨ ਕਹਿ ਰਿਹਾ ਕਿ ਸਾਰੀਆਂ ਮੰਗਾਂ ਤਾਂ ਕੇਂਦਰ ਨਾਲ ਸੰਬੰਧਤ ਹਨ?

ਐੱਸਕੇਐੱਮ ਨੇ ਇਹ ਬਿਲਕੁਲ ਨਹੀਂ ਕਿਹਾ ਕਿ ਇਹ ਸਾਰੀਆਂ ਮੰਗਾਂ ਰਾਜ ਸਰਕਾਰ ਨਾਲ ਸੰਬੰਧਤ ਹਨ। ਮੁੱਖ ਮੰਤਰੀ ਨੂੰ ਮੁਖ਼ਾਤਬ ਮੰਗ-ਪੱਤਰ ਦੇ ਸ਼ੁਰੂ 'ਚ ਹੀ ਸਪਸ਼ਟ ਲਿਖਿਆ ਗਿਆ ਹੈ ਕਿ '(ਖੇਤੀ) ਸੰਕਟ ਵਿੱਚੋਂ ਪੈਦਾ ਹੋਏ ਕੁਝ ਮੰਗਾਂ ਮਸਲੇ ਕੇਂਦਰ ਸਰਕਾਰ ਨਾਲ ਸੰਬੰਧਤ ਹਨ ਜਿਨ੍ਹਾਂ ਉੱਪਰ ਸੂਬਾ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਦੀ ਡੱਟ ਕੇ ਪੈਰਵਾਈ ਕਰਨੀ ਚਾਹੀਦੀ ਹੈ। ਜਦੋਂ ਕਿ ਕੁਝ ਮੰਗਾਂ ਮਸਲੇ ਪੰਜਾਬ ਸਰਕਾਰ ਨਾਲ ਸੰਬੰਧਤ ਵੀ ਹਨ ਜਿਨ੍ਹਾਂ ਉੱਪਰ ਯੋਗ ਕਾਰਵਾਈ ਕਰਨ ਦੀ ਆਸ ਨਾਲ ਸੰਯੁਕਤ ਕਿਸਾਨ ਮੋਰਚਾ ਆਪਣਾ ਮੰਗ ਪੱਤਰ ਤੁਹਾਡੇ ਸਨਮੁੱਖ ਕਰ ਰਿਹਾ ਹੈ।'

ਮੰਗ-ਪੱਤਰ ਉੱਪਰ ਸਰਸਰੀ ਝਾਤ ਮਾਰਨ 'ਤੇ ਹੀ ਪਤਾ ਲੱਗ ਜਾਂਦਾ ਹੈ ਕਿ ਕੌਮੀ ਮੰਡੀਕਰਨ ਨੀਤੀ ਖਰੜਾ ਵਾਪਸ ਲੈਣਾ, ਦਿੱਲੀ ਵਿਖੇ ਕਿਸਾਨ ਅੰਦੋਲਨ ਦੀ ਜਿੱਤ ਸਮੇਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਸਰਕਾਰੀ ਚਿੱਠੀ ਅਨੁਸਾਰ ਫ਼ਸਲਾਂ ਦੀ ਐੱਮਐੱਸਪੀ (ਘੱਟੋਘੱਟ ਸਮਰਥਨ ਮੁੱਲ) ਦੀ ਕਾਨੂੰਨੀ ਗਾਰੰਟੀ ਦੇਣ ਸਮੇਤ ਸਾਰੀਆਂ

ਮੰਨੀਆਂ ਮੰਗਾਂ ਨੂੰ ਲਾਗੂ ਕਰਨਾ ਵੱਡੀ ਮੰਗ ਹੈ। ਭਗਵੰਤ ਮਾਨ ਸਰਕਾਰ ਇਨ੍ਹਾਂ ਮੰਗਾਂ ਨੂੰ ਮੰਨਣ ਬਾਰੇ ਕੇਂਦਰ ਸਰਕਾਰ ਉੱਪਰ ਦਬਾਅ ਪਾਉਣ ਲਈ ਕਿਸਾਨ ਸੰਘਰਸ਼ ਦਾ ਸਾਥ ਕਿਉਂ ਨਹੀਂ ਦੇਣਾ ਚਾਹੁੰਦੀ?

ਆਪਣੇ ਮੰਗ-ਪੱਤਰ ਵਿਚ ਐਸਕੇਐਮ ਨੇ ਪੰਜਾਬ ਸਰਕਾਰ ਵੱਲੋਂ ਕੌਮੀ ਖੇਤੀ ਮੰਡੀਕਰਨ ਦੀ ਨੀਤੀ ਦੇ ਖਰੜੇ ਨੂੰ ਰੱਦ ਕਰਨ ਸੰਬੰਧੀ ਕੇਂਦਰ ਸਰਕਾਰ ਨੂੰ ਭੇਜੀ ਚਿੱਠੀ ਦੀ ਜਾਣਕਾਰੀ ਸਾਂਝੀ ਕਰਨ ਅਤੇ ਵਿਧਾਨ ਸਭਾ ਦੇ ਇਜਲਾਸ ਵਿਚ ਇਸ ਖਰੜੇ ਨੂੰ ਰੱਦ ਕਰਨ ਦਾ ਮਤਾ ਪਾਸ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਵੱਲੋਂ ਇਸ ਖਰੜੇ ਦੀਆਂ ਛੇ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਦਿਸ਼ਾ ਵਿਚ ਏਪੀਐਮਸੀ ਐਕਟ ਵਿਚ ਕੀਤੀਆਂ ਸੋਧਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ। ਭਗਵੰਤ ਮਾਨ ਨੂੰ ਇਹ ਜਾਣਕਾਰੀ ਸਾਂਝੀ ਕਰਨ, ਪਿਛਲੀਆਂ ਸਰਕਾਰਾਂ ਵੱਲੋਂ ਮੰਡੀਕਰਨ ਦੇ ਸਰਕਾਰੀ ਢਾਂਚੇ ਨੂੰ ਖ਼ੋਰਾ ਲਾਉਣ ਲਈ ਕੀਤੀਆਂ ਸੋਧਾਂ ਨੂੰ ਰੱਦ ਕਰਨ 'ਚ ਕੀ ਇਤਰਾਜ਼ ਹੈ?

ਐਸਕੇਐਮ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਖੇਤੀ ਨੀਤੀ ਦੇ ਖਰੜੇ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਸਮੇਤ ਖੇਤੀ ਨੀਤੀ ਬਣਾਕੇ ਲਾਗੂ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ, ਅਬਾਦਕਾਰ ਕਿਸਾਨਾਂ ਨੂੰ ਉਜਾੜਨ ਦੀ ਨੀਤੀ ਬੰਦ ਕਰਕੇ ਮਾਲਕੀ ਹੱਕ ਦੇਣ, ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨ ਲਈ ਕੇਂਦਰ ਸਰਕਾਰ ਨਾਲ ਤਾਲਮੇਲ ਬਿਠਾ ਕੇ ਕਰਜ਼ਾ ਨਿਬੇੜੂ ਕਾਨੂੰਨ ਪਾਸ ਕਰਨ, ਪੰਜਾਬ ਵਿਚ ਘੱਟੋਘੱਟ ਛੇ ਫ਼ਸਲਾਂ (ਬਾਸਮਤੀ, ਮੱਕੀ, ਮੂੰਗੀ, ਆਲੂ, ਮਟਰ ਅਤੇ ਗੋਭੀ) ਨੂੰ ਐਮਐਸਪੀ ਦੇ ਤਹਿਤ ਖ਼ਰੀਦਣ ਦੀ ਗਾਰੰਟੀ ਕਰਨ, ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਅਤੇ ਦਰਿਆਵਾਂ ਦੇ ਅਜਾਈਂ ਜਾ ਰਹੇ ਪਾਣੀਆਂ ਦੀ ਸੰਭਾਲ ਲਈ ਕਿਸਾਨ ਜਥੇਬੰਦੀਆਂ ਵੱਲੋਂ ਸੁਝਾਏ ਠੋਸ ਕਦਮ 'ਤੇ ਅਮਲ ਕਰਨ, ਦਿੱਲੀ ਮੋਰਚੇ ਵਿਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਦੇਣ ਅਤੇ ਉਨ੍ਹਾਂ ਦੀ ਯਾਦਗਾਰ ਬਣਾਉਣ, ਭਾਰਤਮਾਲਾ ਪ੍ਰੋਜੈਕਟ ਤਹਿਤ ਪੁਲਿਸ ਜਬਰ ਦੇ ਜ਼ੋਰ ਖੇਤੀ ਜ਼ਮੀਨਾਂ ਐਕਵਾਇਰ ਕਰਨ ਦੀ ਨੀਤੀ ਬੰਦ ਕਰਨ, ਅਵਾਰਾ ਪਸ਼ੂਆਂ ਦਾ ਮਸਲਾ ਹੱਲ ਕਰਨ, ਗੰਨਾ ਕਾਸ਼ਤਕਾਰਾਂ ਦੇ ਮਿੱਲਾਂ ਤੋਂ ਬਕਾਏ ਦਿਵਾਉਣ, ਖਾਦ-ਬੀਜ ਅਤੇ ਜ਼ਮੀਨਾਂ ਦੀ ਤਕਸੀਮ ਦੀ ਵਿਵਸਥਾ ਨੂੰ ਸੁਧਾਰਨ, ਪੁਲਿਸ ਕੇਸ ਰੱਦ ਕਰਨ ਦੀਆਂ ਮੰਗਾਂ ਹਨ ਜੋ ਸਿੱਧੇ ਤੌਰ 'ਤੇ ਰਾਜ ਸਰਕਾਰ ਨਾਲ ਸੰਬੰਧਤ ਹਨ ਅਤੇ ਇਸ ਬਾਰੇ ਫ਼ੈਸਲੇ ਰਾਜ ਸਰਕਾਰ ਨੇ ਹੀ ਲੈਣੇ ਹਨ। ਭਗਵੰਤ ਮਾਨ ਨੇ ਨਿਰੋਲ ਝੂਠ ਬੋਲਕੇ ਆਪਣਾ ਕਿਸਾਨ ਵਿਰੋਧੀ ਚਿਹਰਾ ਨੰਗਾ ਕਰ ਲਿਆ ਕਿ ਇਕ ਵੀ ਮੰਗ ਰਾਜ ਸਰਕਾਰ ਦੇ ਮੰਨਣ ਵਾਲੀ ਨਹੀਂ ਹੈ।

'ਆਮ ਆਦਮੀ ਪਾਰਟੀ' ਸਮੇਤ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਦੀਆਂ ਨੀਤੀਆਂ ਲੋਕ ਵਿਰੋਧੀ ਅਤੇ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏ ਦੇ ਸੇਵਾ ਕਰਨ ਵਾਲੀਆਂ ਹਨ। ਭਗਵੰਤ ਮਾਨ ਸਰਕਾਰ ਨੇ 'ਕੌਮੀ ਖੇਤੀ ਮੰਡੀਕਰਨ ਨੀਤੀ' ਦਾ ਖਰੜਾ ਰੱਦ ਕਰਨ ਦੀ ਰਸਮੀਂ ਕਾਰਵਾਈ ਪਾ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਤਾਂ ਖੇਤੀ ਨੂੰ ਕਾਰਪੋਰੇਟ ਕਬਜ਼ੇ ਤੋਂ ਬਚਾਉਣ ਲਈ ਬਹੁਤ ਫ਼ਿਕਰਮੰਦ ਹੈ। ਕਿਸਾਨ ਵਫ਼ਦ ਵੱਲੋਂ ਇਸ ਫ਼ੈਸਲੇ ਬਾਰੇ ਕੇਂਦਰ ਸਰਕਾਰ ਨੂੰ ਚਿੱਠੀ ਲਿਖਣ ਦੀ ਮੰਗ ਕੀਤੇ ਜਾਣ 'ਤੇ ਭਗਵੰਤ ਮਾਨ ਦੀ ਬੁਖਲਾਹਟ ਤੋਂ ਪਤਾ ਲੱਗਦਾ ਹੈ ਕਿ ਉਹ ਖੇਤੀ ਮੰਡੀਕਰਨ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਦੀ ਭਾਜਪਾ ਦੀ ਨੀਤੀ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਸੰਘਰਸ਼ ਨਾਲ ਖੜ੍ਹਨ ਤੋਂ ਭੱਜ ਰਿਹਾ ਹੈ। ਆਰਐਸਐਸ-ਭਾਜਪਾ ਕਿਸਾਨਾਂ ਨੂੰ ਉਜਾੜਕੇ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏ ਦੇ ਹਵਾਲੇ ਕਰਨਾ ਚਾਹੁੰਦੀ ਹੈ, ਜਿਸਦਾ ਤਾਜ਼ਾ ਸਬੂਤ ਮੋਦੀ ਵਜ਼ਾਰਤ ਅਤੇ ਟਰੰਪ ਦਰਮਿਆਨ ਖੇਤੀ ਖੇਤਰ ਨੂੰ ਆਲਮੀ ਕਾਰਪੋਰੇਟ ਸਰਮਾਏਦਾਰੀ ਲਈ ਚੌਪੱਟ ਖੋਲ੍ਹਣ ਮੁਕਤ ਵਪਾਰ ਸਮਝੌਤਾ ਕਰਨ ਲਈ ਚੱਲ ਰਹੀ ਗੱਲਬਾਤ ਹੈ।

ਕਾਰਪੋਰੇਟ ਪੱਖੀ ਖੇਤੀ ਮਾਡਲ ਨੂੰ ਰੋਕਣ ਦੀ ਲੜਾਈ ਭਾਰਤ ਦੇ ਕਿਸਾਨਾਂ ਲਈ ਜ਼ਿੰਦਗੀ-ਮੌਤ ਦੀ ਲੜਾਈ ਹੈ। ਇਸ ਮੂਲ ਮੁੱਦੇ ਉੱਪਰ ਕਿਸਾਨ ਸੰਘਰਸ਼ ਨੂੰ ਰੋਕਣ ਵਾਲੀ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ, ਉਹ ਇਸ ਮਾਡਲ ਨੂੰ ਭਾਰਤ ਉੱਪਰ ਥੋਪਣ ਦੇ ਕਾਰਪੋਰੇਟ ਸੰਦ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਆਰਐਸਐਸ-ਭਾਜਪਾ ਸਰਕਾਰ ਦੇ ਖੇਤੀ ਖੇਤਰ ਉੱਪਰ ਹਮਲੇ ਵਿਰੁੱਧ ਭਗਵੰਤ ਮਾਨ ਸਰਕਾਰ ਵੱਲੋਂ ਦੋ-ਟੁੱਕ ਸਟੈਂਡ ਨਾ ਲੈਣਾ ਦਰਸਾਉਂਦਾ ਹੈ ਕਿ ਸਿਧਾਂਤਕ ਤੌਰ 'ਤੇ ਕੇਜਰੀਵਾਲ ਗੈਂਗ ਦੀਆਂ ਆਰਥਕ ਨੀਤੀਆਂ ਹੂਬਹੂ ਆਰਐਸਐਸ-ਭਾਜਪਾ ਵਾਲੀਆਂ ਹੀ ਹਨ।

'ਯੁੱਧ ਨਸ਼ਿਆਂ ਵਿਰੁੱਧ' ਤਹਿਤ ਭਾਜਪਾ ਦੇ 'ਬੁਲਡੋਜ਼ਰ ਰਾਜ' ਦੀ ਤਰਜ਼ 'ਤੇ ਛੋਟੇ-ਛੋਟੇ ਨਸ਼ਾ ਤਸਕਰਾਂ ਦੇ ਘਰ ਢਾਹ ਕੇ ਅਤੇ ਗੈਂਗਸਟਰਾਂ ਦੇ ਪੁਲਿਸ ਮੁਕਾਬਲੇ ਬਣਾ ਕੇ ਇਸਨੇ ਸਾਬਤ ਕਰ ਦਿੱਤਾ ਹੈ ਕਿ ਇਸ ਦੀ ਟੇਕ ਮਸਲੇ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਹਕੂਮਤੀ ਦਹਿਸ਼ਤਵਾਦ ਨੂੰ ਅੰਜਾਮ ਦੇਣ ਅਤੇ ਲੋਕਾਂ ਦੀ ਹੱਕ-ਜਤਾਈ ਨੂੰ ਕੁਚਲਣ ਲਈ ਪੰਜਾਬ ਨੂੰ ਭਾਜਪਾ ਦੀਆਂ ਲੀਹਾਂ 'ਤੇ ਪੁਲਿਸ ਰਾਜ ਬਣਾਉਣ ਉੱਪਰ ਹੈ। ਪਿਛਲੇ ਤਿੰਨ ਸਾਲਾਂ 'ਚ ਇਸ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਡਰਾਮੇਬਾਜ਼ੀ ਤੋਂ ਉੱਪਰ ਉੱਠ ਕੇ ਕੋਈ ਠੋਸ ਕਾਰਵਾਈ ਨਹੀਂ ਕੀਤੀ, ਹੁਣ ਖੇਤੀ ਸੰਕਟ ਅਤੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਧਿਆਨ ਹਟਾਉਣ ਲਈ ਮਾਮੂਲੀ ਤਸਕਰਾਂ ਵਿਰੁੱਧ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ ਜਦਕਿ ਥੋਕ ਨਸ਼ਾ ਤਸਕਰ ਕਿਤੇ ਵੀ ਇਸ 'ਯੁੱਧ' ਦੇ ਨਿਸ਼ਾਨੇ 'ਤੇ ਨਹੀਂ ਹਨ।

ਸੱਤਾ ਦੇ ਗ਼ਰੂਰ 'ਚ ਅੰਨ੍ਹਾ ਹੋਇਆ ਹਰੇਕ ਹੁਕਮਰਾਨ ਇਹ ਭਰਮ ਪਾਲਕੇ ਜਬਰ ਕਰਾਉਂਦਾ ਹੈ ਕਿ ਇਸ ਨਾਲ ਲੋਕਾਈ ਦੀ ਹਮੇਸ਼ਾ ਲਈ ਜ਼ੁਬਾਨਬੰਦੀ ਹੋ ਜਾਵੇਗੀ। ਭਗਵੰਤ ਮਾਨ ਦਾ ਰਵੱਈਆ ਅਚਾਨਕ ਭੜਕਾਹਟ 'ਚੋਂ ਪੈਦਾ ਹੋਇਆ ਨਹੀਂ ਹੈ, ਵਿਹਾਰਕ ਸਿਆਸਤ ਵਿਚ ਵੀ ਕੇਜਰੀਵਾਲ ਗੈਂਗ ਹਮੇਸ਼ਾ ਭਾਜਪਾ ਦੀ ਬਹੁਗਿਣਤੀ ਹਿੰਦੂ ਵਿਰਕੇ ਨੂੰ ਖ਼ੁਸ਼ ਕਰਨ ਦੀ ਨੀਤੀ ਦੇ ਨਕਸ਼ੇ-ਕਦਮਾਂ 'ਤੇ ਚੱਲਦਾ ਆਇਆ ਹੈ। ਭਗਵੰਤ ਮਾਨ ਨੇ ਵੀ ਕਿਸਾਨੀ ਨੂੰ ਬਦਨਾਮ ਕਰਕੇ ਗੈਰਕਿਸਾਨੀ ਹਿੱਸਿਆਂ 'ਚ ਉਨ੍ਹਾਂ ਵਿਰੁੱਧ ਨਫ਼ਰਤ ਪੈਦਾ ਕਰਨ ਦੀ ਭਾਜਪਾ ਵਾਲੀ ਰਾਜਨੀਤਕ ਗੇਮ ਖੇਡਣੀ ਸ਼ੁਰੂ ਕਰ ਦਿੱਤੀ ਹੈ। ਸੱਤਾ ਦੇ ਗ਼ਰੂਰ 'ਚ ਉਹ ਲੋਕ ਤਾਕਤ ਨੂੰ ਭੁੱਲ ਚੁੱਕਾ ਹੈ। ਇਤਿਹਾਸ ਗਵਾਹ ਹੈ ਕਿ ਲੋਕ ਤਾਕਤ ਅੱਗੇ ਹੁਕਮਰਾਨਾਂ ਦਾ ਇਹ ਗ਼ਰੂਰ ਬਹੁਤਾ ਚਿਰ ਨਹੀਂ ਟਿਕ ਸਕਦਾ। ਪੰਜਾਬ ਵਿਚ 64 ਥਾਵਾਂ 'ਤੇ ਜੁੜੇ ਕਿਸਾਨ ਇਕੱਠਾਂ ਦੇ ਦਬਾਅ ਹੇਠ ਪੰਜਾਬ ਸਰਕਾਰ ਨੂੰ ਗ੍ਰਿਫ਼ਤਾਰ ਆਗੂ ਰਿਹਾ ਕਰਨੇ ਪੈ ਗਏ। ਕਿਸਾਨ ਕਾਫ਼ਲੇ ਸੜਕਾਂ ਦੇ ਇਕ ਪਾਸੇ ਬੈਠੇ ਸਨ, ਭਗਵੰਤ ਮਾਨ ਦੀਆਂ ਪੁਲਿਸ ਧਾੜਾਂ ਨਾਕੇ ਲਾ ਕੇ ਸੜਕਾਂ ਰੋਕੀ ਬੈਠੀਆਂ ਸਨ ਜੋ ਉਸਦੇ ਇਸ ਦਾਅਵੇ ਦਾ ਮੂੰਹ ਚਿੜਾ ਰਹੀਆਂ ਸਨ ਕਿ ਸੜਕਾਂ-ਰੇਲਾਂ ਰੋਕਣ ਨਾਲ ਹੋਰ ਵਰਗਾਂ ਨੂੰ ਪ੍ਰੇਸ਼ਾਨੀ ਆਉਂਦੀ ਹੈ। ਐਸਕੇਐਮ ਆਗੂਆਂ ਨੇ ਹੰਗਾਮੀ ਮੀਟਿੰਗ ਕਰਕੇ ਚੰਡੀਗੜ੍ਹ ਵਿਚ ਲਾਇਆ ਜਾਣ ਵਾਲਾ ਮੋਰਚਾ ਫ਼ਿਲਹਾਲ ਰੋਕ ਲਿਆ ਅਤੇ 10 ਮਾਰਚ ਨੂੰ ਪੂਰੇ ਪੰਜਾਬ ਵਿਚ ਆਪ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਵੱਡੇ ਇਕੱਠ ਕਰਕੇ ਵਿਰੋਧ ਪ੍ਰਦਰਸ਼ਨ ਕੀਤੇ ਗਏ।

ਭਾਰਤ ਦੀ ਹਾਕਮ ਜਮਾਤੀ ਪਾਰਟੀਆਂ ਦੇ ਆਰਥਿਕਤਾ ਦੇ ਕੁੰਜੀਵਤ ਖੇਤਰਾਂ, ਖ਼ਾਸ ਕਰਕੇ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਮਨਹੂਸ ਇਰਾਦੇ ਸਪਸ਼ਟ ਹਨ ਜੋ ਸਿੱਧੇ ਤੌਰ 'ਤੇ ਸਮਾਜਿਕ ਨਬਰਾਬਰੀ ਅਤੇ ਬੇਇਨਸਾਫ਼ੀ ਨੂੰ ਵਧਾਉਣ ਵਾਲਾ ਆਰਥਕ ਮਾਡਲ ਹੈ। ਹੁਣ ਦੇਖਣਾ ਇਹ ਹੈ ਕਿ ਐਸਕੇਐਮ ਦੇ ਆਗੂ ਕੇਂਦਰ ਦੀ ਸ਼ਹਿ 'ਤੇ ਪੰਜਾਬ ਦੇ ਜੁਝਾਰੂ ਕਿਸਾਨਾਂ ਨੂੰ ਦਿੱਤੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਅਗਲੀ ਰਣਨੀਤੀ ਕੀ ਬਣਾਉਂਦੇ ਹਨ। ਪੂਰੇ ਮੁਲਕ ਦੀਆਂ ਨਜ਼ਰਾਂ ਸੰਯੁਕਤ ਕਿਸਾਨ ਮੋਰਚੇ ਉੱਪਰ ਲੱਗੀਆਂ ਹੋਈਆਂ ਹਨ। ਕੀ ਉਹ ਕਾਰਪੋਰੇਟ ਹਮਲੇ ਨੂੰ ਠੱਲ੍ਹ ਪਾਉਣ ਅਤੇ ਖੇਤੀ ਸੰਕਟ ਦੇ ਪੱਕੇ ਹੱਲ ਲਈ ਤੇ ਖ਼ਤਮ ਹੋ ਰਹੀ ਕਿਸਾਨੀ ਨੂੰ ਬਚਾਉਣ ਲਈ ਇਤਿਹਾਸਕ ਕਿਸਾਨ ਅੰਦੋਲਨ ਦੀ ਤਰਜ਼ 'ਤੇ ਮੁੜ ਫ਼ੈਸਲਾਕੁਨ ਸੰਘਰਸ਼ ਵਿੱਢਣ ਦੀ ਦਿਸ਼ਾ 'ਚ ਅੱਗੇ ਵਧਣਗੇ?

# ਜਦੋਂ ਕੜਾਹ ਖਾਣੇ ਗੁਲਾਮ ਬਣੇ !

ਬੁੱਧ ਸਿੰਘ ਨੀਲੋਂ
9464370823




ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਪਹਿਲਾਂ ਮੁਫ਼ਤ ਦੀ ਚਾਟ ਉੱਤੇ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਨੇ ਲਗਾਇਆ, ਜਦੋਂ ਗਧੇ ਤੇ ਘੋੜਿਆਂ ਨੂੰ ਇੱਕੋ ਕੀਲੇ ਬੰਨ੍ਹਿਆ ਸੀ। ਉਦੋਂ ਹਜ਼ਾਰ ਏਕੜ ਜ਼ਮੀਨ ਵਾਹੁਣ ਵਾਲੇ ਨੂੰ ਵੀ ਤੇ ਇੱਕ ਏਕੜ ਵਾਹੁਣ ਵਾਲੇ ਨੂੰ ਵੀ ਬਿਜਲੀ ਪਾਣੀ ਮੁਫ਼ਤ ਦਿੱਤੀ। ਵਪਾਰੀਆਂ ਨੂੰ ਖ਼ੁਸ਼ ਕਰਨ ਲਈ ਚੁੰਗੀਆਂ ਚੱਕ ਦਿੱਤੀਆਂ। ਪੰਜਾਬ ਸਰਕਾਰ ਵਲੋਂ ਮਹਿੰਗੇ ਭਾਅ ਬਹੁਕੌਮੀ ਕੰਪਨੀਆਂ ਤੋਂ ਬਿਜਲੀ ਖ਼ਰੀਦਣ ਲਈ ਨਿਯਮਾਂ ਨੂੰ ਛਿੱਕੇ ਟੰਗਿਆ। ਪੰਜਾਬ ਵਿੱਚ ਹੁਣ ਵੀ ਝਾਰਖੰਡ ਤੋਂ ਬਿਜਲੀ ਆਉਂਦੀ ਹੈ। ਹਜ਼ਾਰਾਂ ਕਰੋੜਾਂ ਰੁਪਏ ਦੀ ਬਿਜਲੀ ਮੁਫ਼ਤ ਦੇਣ ਕਰਕੇ ਵਿਕਾਸ ਕਾਰਜ ਠੱਪ ਹੋ ਗਏ। ਪੰਜਾਬ ਰਾਜ ਬਿਜਲੀ ਬੋਰਡ ਨੂੰ ਪਾਵਰਕੌਮ ਬਣਾ ਕੇ ਉਸ ਦੇ ਫਿਊਜ਼ ਉਡਾ ਦਿੱਤੇ। ਬੀਬੀਆਂ ਨੂੰ ਮੁਫ਼ਤ ਬੱਸ ਸੇਵਾ ਸ਼ੁਰੂ ਕਰ ਕੇ, ਪੰਜਾਬ ਰੋਡਵੇਜ਼ ਤੇ ਪੇਪਸੂ ਟਰਾਂਸਪੋਰਟ ਵਿਭਾਗ ਦਾ ਬੇੜਾ ਗ਼ਰਕ ਕੀਤਾ। ਬਾਦਲ ਨੇ ਆਪਣੇ ਬੇੜੇ ਨੂੰ ਵਧਾਇਆ। ਆਟਾ ਦਾਲ ਸਕੀਮ ਤਹਿਤ ਅਮੀਰਾਂ ਤੇ ਗਰੀਬਾਂ ਦੇ ਨੀਲੇ ਕਾਰਡ ਬਣਾਏ। ਇਹ ਨੀਲੇ ਕਾਰਡ ਬਣਾਉਣ ਲਈ ਅਣਖੀ ਸੂਰਮਿਆਂ ਨੇ ਮੂੰਹ ਨੂੰ ਮਿੱਟੀ ਮਲੀ। ਚੋਣਾਂ ਵੇਲੇ ਹਰ ਤਰ੍ਹਾਂ ਦਾ ਨਸ਼ਾ ਵੰਡਿਆ ਗਿਆ। ਆਰਥਿਕ ਮੰਦਹਾਲੀ ਕਾਰਨ ਸਰਕਾਰਾਂ ਨੇ ਕਰਜ਼ਾ ਚੁੱਕ ਚੁੱਕ ਕੇ ਵਕਤ ਲੰਘਾਇਆ। ਹੁਣ ਪੰਜਾਬ ਸਰਕਾਰ ਪੌਣੇ ਦੋ ਲੱਖ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਪੰਜਾਬ ਦੀ ਪੱਚੀ ਪ੍ਰਤੀਸ਼ਤ ਜ਼ਮੀਨ ਸੜਕਾਂ ਤੇ ਕਲੋਨੀਆਂ ਹੇਠਾਂ ਆ ਗਈ। ਦਿਨੋਂ ਦਿਨ ਖੇਤੀਬਾੜੀ ਲਈ ਜ਼ਮੀਨ ਘੱਟ ਰਹੀ ਹੈ। ਲੋਕਾਂ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਦੌੜ ਲਗਾਈ ਤੇ ਪਿੰਡਾਂ ਵਿੱਚ ਪਰਵਾਸੀ ਭਾਰਤੀ ਆ ਗਿਆ। ਪੰਜਾਬ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਏ ਖ਼ਰਚ ਕਰ ਕੇ ਵਿਦੇਸ਼ਾਂ ਨੂੰ ਭੇਜਿਆ। ਜ਼ਮੀਨਾਂ ਕੋਠੀਆਂ ਵੇਚ ਕੇ ਨੌਜਵਾਨ ਦੋ ਨੰਬਰ ਦੇ ਵਿਆਹ ਕਰਵਾ ਕੇ, ਡੌਂਕੀ ਲਾ ਕੇ ਵਿਦੇਸ਼ ਪੁੱਜੇ। ਹੁਣ ਉਹਨਾਂ ਨੂੰ ਵਿਦੇਸ਼ਾਂ ਤੋਂ ਵਾਪਸ ਭੇਜਿਆ ਜਾ ਰਿਹਾ ਹੈ। ਹੁਣ ਅਮਰੀਕਾ ਰੋਜ਼ ਫੌਜੀ ਜਹਾਜ਼ ਭਰ ਕੇ ਭੇਜ ਰਿਹਾ। ਫੌਜੀ ਜਹਾਜ਼ ਅਗਲੇ ਸਮਿਆਂ ਵਿੱਚ ਕੀ ਚੰਦ ਚਾੜ੍ਹਦਾ ਹੈ, ਇਹ ਹੁਣ ਮੋਦੀ ਸਰਕਾਰ ਜਾਣਦੀ ਹੈ। ਪੰਜਾਬ ਦੇ ਲੋਕ ਆਪੋ ਆਪਣੀ ਡਫਲੀ ਵਜਾ ਕੇ ਗੁਜ਼ਾਰਾ ਕਰਦੇ ਹਨ। ਕਿਸਾਨ ਜਥੇਬੰਦੀਆਂ ਧਰਨੇ ਲਗਾ ਰਹੀਆਂ ਹਨ। ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਦਾਅ ਪੇਚ ਖੇਡ ਰਹੀਆਂ ਹਨ। ਅਕਾਲੀ ਦਲ ਬਾਦਲ ਤੇ ਅਕਾਲ ਤਖ਼ਤ ਦੇ ਜਥੇਦਾਰ ਵਿਚਕਾਰ ਯੁੱਧ ਚੱਲ ਰਿਹਾ ਹੈ। ਲੋਕ ਤਮਾਸ਼ਬੀਨ ਬਣ ਕੇ ਸੁਆਦ ਲੈਣ ਲੱਗੇ ਹਨ। ਆਮ ਆਦਮੀ ਪਾਰਟੀ ਦਿੱਲੀ ਤੋਂ ਬੋਰੀਆ ਬਿਸਤਰਾ ਗੋਲ ਕਰਕੇ ਪੰਜਾਬ ਆ ਗਈ ਹੈ। ਗ਼ੈਰ ਸੰਵਿਧਾਨਕ ਅਹੁਦੇ ਤੋਂ ਬਗ਼ੈਰ ਮੁਨੀਸ਼ ਸਿਸੋਦੀਆ ਪੰਜਾਬ ਦੇ ਸਕੂਲਾਂ ਦੇ ਦੌਰੇ ਕਰ ਰਿਹਾ ਸੀ। ਅਗਲੇ ਸਮਿਆਂ ਵਿੱਚ ਕੀ ਹੋਣਾ ਹੈ, ਪਤਾ ਨਹੀਂ। ਤੁਸੀਂ ਲਵੋ ਨਜ਼ਾਰੇ। ਹੁਣ ਮੁਨੀਸ਼ ਸਿਸੋਦੀਆ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕਰ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਵਿਰੋਧੀ ਧਿਰ ਦੀ ਮੀਟਿੰਗ ਵਿੱਚ ਦੱਖਣ ਵਿਚ ਭੇਜ ਕੇ ਮਗਰੋਂ ਸ਼ੰਭੂ ਤੇ ਖਨੌਰੀ ਬਾਰਡਰ ਉੱਤੇ ਪੁਲਿਸ ਪ੍ਰਸ਼ਾਸਨ ਦੇ ਨਾਲ ਧਾਵਾ ਬੋਲ ਦਿੱਤਾ ਤੇ ਉਹਨਾਂ ਨੇ ਕੌਮੀ ਮਾਰਗ ਖ਼ਾਲੀ ਕਰਵਾਈ ਦਿੱਤੇ। ਕਹਿੰਦੇ ਕਿਸਾਨਾਂ ਦੇ ਸੜਕਾਂ ਰੋਕਣ ਨਾਲ ਪੰਜਾਬ ਦਾ ਵਿਕਾਸ ਰੁਕਿਆ ਹੋਇਆ ਸੀ। ਹੁਣ ਵਿਕਾਸ ਐਨੀਆਂ ਛਾਲਾਂ ਮਾਰਦਾ ਹੈ ਕਿ ਕਿਸਾਨਾਂ ਨੂੰ ਆਪਣੀਆਂ ਟਰਾਲੀਆਂ ਲੱਭਣ ਲਈ ਛਾਪੇ ਮਾਰਨੇ ਪੈ ਰਹੇ ਹਨ। ਟਰਾਲੀਆਂ ਸੱਤਾਧਾਰੀ ਹਮਾਇਤੀਆਂ ਦੇ ਘਰਾਂ ਵਿੱਚੋਂ ਤੇ ਪੁਲਿਸ ਕਰਮਚਾਰੀਆਂ ਦੇ ਘਰਾਂ ਵਿੱਚੋਂ ਲੱਭ ਰਹੀਆਂ ਹਨ। ਕਿਸਾਨਾਂ ਦੀਆਂ ਸਵਾ ਸੈਂਕੜਾ ਟਰਾਲੀਆਂ ਲਾਪਤਾ ਹਨ। ਅਰਵਿੰਦ ਕੇਜਰੀਵਾਲ ਕਹਿੰਦਾ ਹੈ ਕਿ, ਹੁਣ ਪੰਜਾਬ ਮਾਡਲ ਬਣਾਉਣਾ ਹੈ। ਕੀ ਬਣੇਗਾ ਪੰਜਾਬ ਦਾ ਇਹ ਤਾਂ ਹੁਣ ਉਹੀ ਜਾਣਦਾ ਹੈ। ਉਹ ਭਾਜਪਾ ਦੀਆਂ ਨੀਤੀਆਂ ਨੂੰ ਪੰਜਾਬ ਵਿੱਚ ਲਾਗੂ ਕਰ ਰਿਹਾ ਹੈ। ਉਹਨਾਂ ਦੀ ਅੱਖ ਪੰਜਾਬ ਦੀਆਂ ਜ਼ਮੀਨਾਂ ਉਤੇ ਹੈ। ਪੰਜਾਬ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਿਵੇਂ ਕਰਨਾ ਹੈ, ਇਸ ਦੀ ਸਕੀਮ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸਮੇਂ ਬਣੀ ਸੀ, ਜਦੋਂ ਮੁਫ਼ਤ ਬਿਜਲੀ ਪਾਣੀ ਤੇ ਆਟਾ ਦਾਲ ਸਕੀਮ ਚਲਾਈ ਗਈ ਸੀ। ਉਦੋਂ ਪੰਜਾਬ ਦੇ ਲੋਕਾਂ ਨੇ ਬਹੁਤ ਕੱਛਾਂ ਵਜਾਈਆਂ ਸਨ। ਹੁਣ ਪਤਾ ਲੱਗੂ ਜਦੋਂ ਤੇਜ਼ ਕੱਛਾਂ ਵੀ ਨਾ ਰਿਹਾ। ਪੰਜਾਬ ਦੇ ਲੋਕਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਨਹੀਂ, ਹੋਰ ਹਰ ਤਰ੍ਹਾਂ ਦੇ ਸ਼ੌਕੀਨ ਹਨ। ਇਸੇ ਕਰਕੇ ਇਹਨਾਂ ਦੀ ਵੱਖਰੀ ਪਛਾਣ ਹੈ। ਡੁਕਰੇ ਗੀਤਕਾਰਾਂ ਤੇ ਗਾਇਕਾਂ ਨੇ ਇਹਨਾਂ ਨੂੰ ਵੰਝ ਉੱਤੇ ਅਜਿਹਾ ਚਾੜ੍ਹਿਆ ਹੈ ਹੁਣ ਇਹ ਰਾਂਝੇ ਵਾਂਗੂੰ ਵੰਝਲੀ ਵਜਾਉਂਦੇ ਫਿਰਦੇ ਹਨ। ਹੇਠਾਂ ਵਾਲੀ ਕਥਾ ਪੜ੍ਹ ਲਵੋ। ਦੇ ਕੁੱਝ ਸਮਝ ਆ ਜਾਵੇ।

ਜਦੋਂ ਅੰਗਰੇਜ਼ਾਂ ਨੇ ਅਫਰੀਕਾ ਦੇ ਵਿੱਚ ਜਾ ਆਪਣਾ ਕਾਰੋਬਾਰ ਸ਼ੁਰੂ ਕੀਤਾ ਤਾਂ ਉਥੋਂ ਦੀ ਭੁੱਖਮਰੀ ਦੇਖ ਕੇ ਉਹਨਾਂ ਨੇ ਵੱਖ ਵੱਖ ਇਲਾਕਿਆਂ ਵਿਚ ਗਿਰਜਾ ਘਰ ਬਣਾਏ। ਲੋਕਾਂ ਨੂੰ ਭਰਮਾਉਣ ਲਈ ਉਹਨਾਂ ਇਹਨਾਂ ਗਿਰਜਾ ਘਰਾਂ ਦੇ ਵਿੱਚ ਕੜਾਹ ਖਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਲੋਕ ਚਰਚ ਵਿਚ ਆਉਂਦੇ ਤੇ ਕੜਾਹ ਖਾਂਦੇ। ਚਲੇ ਜਾਂਦੇ, ਪਰ ਇੱਕ ਕਿਸਾਨ ਨਾ ਆਉਂਦਾ। ਅੰਗਰੇਜ਼ਾਂ ਨੇ ਸ਼ਨਾਖ਼ਤ ਕਰਨੀ ਸ਼ੁਰੂ ਕਰ ਦਿੱਤੀ। ਕਿਹੜਾ ਕੜਾਹ ਖਾਣ ਨਹੀਂ ਆਉਂਦਾ, ਕੁੱਝ ਸਮੇਂ ਬਾਅਦ ਦੇਖਿਆ ਇਕ ਕਿਸਾਨ ਨਹੀਂ ਸੀ ਆਉਂਦਾ, ਉਹ ਸਗੋਂ ਅੰਗਰੇਜ਼ਾਂ ਦਾ ਵਿਰੋਧ ਕਰਦਾ ਸੀ ਤੇ ਉਹ ਪਿੰਡ ਵਾਸੀਆਂ ਨੂੰ ਕਹਿੰਦਾ ਸੀ ਕਿ ਇਹ ਮੁਫ਼ਤ ਦਾ ਕੜਾਹ ਤੁਹਾਡੇ ਹੱਡ ਹਰਾਮੀ ਕਰੇਗਾ। ਇਸ ਮਿੱਠੇ ਨੇ ਤੁਹਾਨੂੰ ਤਬਾਹ ਕਰ ਦੇਣਾ ਐ। ਤੁਸੀਂ ਕਾਸੇ ਜੋਗੇ ਨਹੀਂ ਰਹਿਣਾ। ਇਹ ਤੁਹਾਡੀਆਂ ਜ਼ਮੀਨਾਂ ਦੱਬਣਗੇ, ਤੁਹਾਨੂੰ ਵਿਹਲੇ ਕਰਨਗੇ। ਇਕ ਦਿਨ ਤੁਸੀਂ ਇਹਨਾਂ ਦੇ ਗੁਲਾਮ ਬਣ ਜਾਣਾ ਐ। ਫੇਰ ਗ਼ੁਲਾਮੀ ਦੀ ਜੂਨ ਹੰਢਾਉਂਦੇ ਰਿਹੋ। ਉਹ ਆਪਣੇ ਪਿੰਡ ਦੇ ਲੋਕਾਂ ਨੂੰ ਕਲਪਦਾ ਰਹਿੰਦਾ ਐ। ਪਰ ਲੋਕ ਉਸਨੂੰ ਬੁਰਾ ਭਲਾ ਬੋਲਦੇ ਤੇ ਉਸ ਦੀਆਂ ਅੰਗਰੇਜ਼ਾਂ ਕੋਲ ਸ਼ਿਕਾਇਤ ਕਰਦੇ। ਇਕ ਅੰਗਰੇਜ਼ਾਂ ਨੇ ਉਸ ਨੂੰ ਗ੍ਰਿਫਤਾਰ ਕੀਤਾ। ਉਸਨੂੰ ਸਜ਼ਾ ਦਿੱਤੀ ਕਿ ਤੂੰ ਸੱਤ ਸਾਲ ਪਿੰਡ ਨਹੀਂ ਵੜ ਸਕਦਾ। ਪਿੰਡ ਤੋਂ ਦੂਰ ਚਲੇ ਜਾ। ਉਹ ਆਪਣਾ ਪਿੰਡ ਛੱਡ ਕੇ ਦੂਰ ਜੰਗਲ ਵਿੱਚ ਚਲੇ ਗਿਆ। ਸੱਤ ਬੀਤਣ ਤੋਂ ਬਾਅਦ ਜਦ ਉਹ ਪਿੰਡ ਮੁੜਿਆ ਤਾਂ ਉਹ ਹੈਰਾਨ ਰਹਿ ਗਿਆ, ਸਭ ਕੁੱਝ ਦੇਖ ਕੇ। ਉਸਦੇ ਪਿੰਡ ਦੀ ਸਾਰੀ ਜ਼ਮੀਨ ਜਾਇਦਾਦ ਉਪਰ ਕਬਜ਼ਾ ਅੰਗਰੇਜ਼ਾਂ ਦਾ ਸੀ। ਪਿੰਡ ਵਿੱਚ ਜੋ ਜ਼ਮੀਨ ਬਚੀ ਸੀ ਤਾਂ ਉਸ ਦੀ ਸੀ। ਕਿਉਂਕਿ ਉਸਨੇ ਜ਼ਮੀਨ ਉਪਰ ਕੋਈ ਕਰਜ਼ਾ ਤੇ ਮਸ਼ੀਨਰੀ ਨਹੀਂ ਲਈ ਸੀ।

ਇਹ ਸਾਰੀ ਕਹਾਣੀ ਇੱਕ ਅਫਰੀਕੀ ਨਾਵਲ ਸ਼ਨਵਾ ਅਸ਼ਬੀ ਦਾ "ਦਾ ਥਿੰਗਜ਼ ਫਾਲ ਅਪਾਰਟ" ਜਿਸਨੂੰ ਪੰਜਾਬੀ ਵਿਚ ਅਨੁਵਾਦ ਡਾ. ਜੋਗਿੰਦਰ ਕੈਰੋਂ ਨੇ ਕੀਤਾ ਐ 'ਟੁੱਟ ਭੱਜ', ਜਿਸ ਦਾ ਇਕ ਪਾਤਰ ਇਸ ਮੁਫ਼ਤ ਦੇ ਕੜਾਹ ਦਾ ਵਿਰੋਧ ਕਰਦਾ ਐ। ਇਹ ਨਾਵਲ ਪੰਜਾਬ ਦੇ ਭਵਿੱਖ ਦੀ ਨਿਸ਼ਾਨਦੇਹੀ ਕਰਦਾ ਐ।

ਇਹ ਨਾਵਲ ਚੇਤਨਾ ਪ੍ਰਕਾਸ਼ਨ ਲੁਧਿਆਣਾ ਤੋਂ ਮਿਲ ਸਕਦਾ ਐ। ਮੰਗਵਾ ਕੇ ਪੜ੍ਹ ਲਿਓ ਆਪਣਾ ਭਵਿੱਖ।

ਉਦੋਂ ਤੱਕ ਬਾਬਾ ਰਤਨ ਸਿੰਘ ਦੀ ਮੇਰੇ ਨਾਲ ਹੋਈ ਗੱਲਬਾਤ ਸੁਣ ਲਵੋ।

ਅੱਜ ਮੈਨੂੰ ਬਾਬਾ ਰਤਨ ਸਿੰਘ ਦਾ ਫੋਨ ਆਇਆ, ਉਹਨਾਂ ਨੇ ਦੱਸਿਆ ਕਿ ਇਸ ਵਕਤ ਵੰਨਵੇਂ ਸਾਲਾਂ ਦਾ ਐ। ਤੈਨੂੰ ਕੁੱਝ ਦੱਸਣ ਲਈ ਫੋਨ ਕੀਤਾ ਐ, ਕਿ ਤੁਸੀਂ ਇਸਨੂੰ ਆਪਣੀ ਲਿਖਤ ਬਣਾ ਲੈਣਾ।

ਉਹਨਾਂ ਦੱਸਿਆ ਕਿ ਸਾਡੇ ਪਿੰਡ ਦੇ ਬੰਦੇ ਸੱਥਾਂ ਵਿੱਚ ਬੈਠੇ ਤਾਸ਼ ਕੁੱਟਦੇ ਹਨ ਤੇ ਘਰਾਂ ਵਿੱਚ ਪਰਵਾਸੀ ਮੌਜਾਂ ਲੁੱਟਦੇ ਹਨ। ਮੰਡੀ ਵਿੱਚ ਤਲਾਈ ਵੇਲੇ ਸਰਦਾਰ ਜੀ ਜਾਂਦੇ ਹਨ। ਫੇਰ ਜਦੋਂ ਬੈਂਕਾਂ ਵਾਲੇ ਆਉਂਦੇ ਹਨ ਫੇਰ ਕਿਸਾਨ ਇਕੱਠੇ ਹੋ ਕੇ ਧਰਨਾ ਲਗਾਉਂਦੇ ਹਨ। ਇਹ ਨਵਾਂ ਡਰਾਮਾ ਕਰ ਰਹੇ ਹਨ। ਜੇ ਕਰਜ਼ਾ ਲਿਆ ਹੈ, ਉਹ ਮੋੜਨਾ ਵੀ ਹੈ। ਇਹ ਬੈਂਕ ਮੁਲਾਜ਼ਮਾਂ ਨੂੰ ਬੰਦੀ ਬਣਾ ਭਾਸ਼ਣ ਝਾੜਦੇ ਨੇ ਤੇ ਸੌਦੇਬਾਜ਼ੀ ਕਰਦੇ ਹਨ। ਪਹਿਲਾਂ ਇਹਨਾਂ ਨੂੰ ਪੰਜਾਬ ਸਰਕਾਰ ਨੇ ਮੁਫ਼ਤ ਦਾ ਕੜਾਹ ਐਸਾ ਛਕਾਇਆ ਐ, ਲੋਕ ਹੱਕਾਂ ਲਈ ਇਕੱਠੇ ਨਾ ਹੋਣ ਜੇ ਕਿਤੇ ਨੀਲੇ ਕਾਰਡ ਵਿਚੋਂ ਨਾਮ ਕੱਟ ਤਾਂ, ਧਰਨਾ ਲਗਾ ਕੇ ਬਹਿ ਜਾਣਗੇ। ਇਹਨਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਤੁਹਾਡੇ ਪਾਉ ਦਾਦੇ ਜਿਹਨਾਂ ਦੇ ਅੱਧੀ ਦਰਜਨ ਜੁਆਕ ਹੁੰਦੇ, ਉਹ ਨਹੀਂ ਜਿਉਂਦੇ ਰਹੇ। ਤੁਹਾਡੇ ਘਰਾਂ ਵਿੱਚ ਜੁਆਕ ਇਕ ਜਾਂ ਦੋ ਹਨ। ਮਾਪੇ ਤੁਹਾਡੇ ਬਿਰਧ ਆਸ਼ਰਮ ਦੇ ਵਿੱਚ ਤੇ ਤੀਵੀਂਆਂ ਬਿਊਟੀ ਪਾਰਲਰਾਂ ਦੇ ਵਿੱਚ ਜਾਂ ਫੇਰ ਕਿਸੇ ਸਾਧ ਦੇ ਡੇਰੇ ਉਤੇ, ਤੁਸੀਂ ਆਖਦੇ ਸਰਕਾਰ ਸਾਡੇ ਨਾਲ ਧੱਕਾ ਕਰਦੀ ਐ। ਤੁਹਾਡੇ ਹੱਡ ਹਰਾਮੀ ਹੋ ਗਏ ਨੇ, ਤੁਹਾਡੇ ਵਿੱਚ ਸੱਤਿਆ ਨਹੀਂ ਰਹੀ। ਫੁਕਰਪੁਣਾ ਤੁਸੀਂ ਸਿਰੇ ਦਾ ਕਰਦੇ ਓ। ਆਸ਼ਰਮ ਵਿੱਚ ਮਰੀ ਮਾਂ ਦਾ ਭੋਗ ਮੈਰਿਜ ਪੈਲੇਸਾਂ ਵਿੱਚ ਪਾਉਂਦੇ ਓ। ਕੁੜੀਆਂ ਦੇ ਵਿਆਹ ਉਤੇ ਕੰਜਰ ਨਚਾਉਂਦੇ ਓ। ਥੋਨੂੰ ਕੋਈ ਸ਼ਰਮ ਹਿਆ ਐ।

'ਹੋਇਆ ਕੀ ਦੇ ਨੱਚਦੀ ਦੀ ਬਾਂਹ ਫੜ ਲਈ, ਡਾਕਾ ਤਾਂ ਨੀ ਮਾਰਿਆ, ਤੀਜਾ ਪੈੱਗ ਲਾ ਕੇ ਤੇਰੀ ਬਾਂਹ ਫੜਨੀ।'

ਕਿਤੇ ਡੁੱਬ ਕੇ ਮਰ ਜਾਓ। ਸਾਲੇ ਯੋਧੇ ਪੈੱਗ ਲਾ ਕੇ ਬਾਂਹ ਫੜਨ ਦੇ।

ਬਾਬਾ ਹੋਰ ਪਤਾ ਨਹੀਂ ਕੀ ਕੀ ਬੋਲਦਾ ਰਿਹਾ। ਮੇਰੇ ਕੰਨ ਅੰਬ ਹੋ ਗਏ।

ਬਾਬਾ ਬੋਲਦਾ ਸੀ, ਇਹਨਾਂ ਨੂੰ ਜ਼ਮੀਨਾਂ ਦੀ ਘੁਮੇਰ ਚੜ੍ਹੀ ਐ। ਤੂੰ ਦੇਖੀ ਇਹ ਅਗਲੇ ਦਿਨਾਂ ਵਿੱਚ ਇਹ ਨਾ ਘਰ ਦੇ ਨਾ ਘਾਟ ਦੇ ਰਹਿਣੇ ਆ। ਜ਼ਮੀਨਾਂ ਤਾਂ ਬੈਂਕਾਂ ਕੋਲ ਗਿਰਵੀ ਨੇ। ਲਿਮਟਾਂ ਤੇ ਕਰਜ਼ਿਆਂ ਨੇ ਇਹਨਾਂ ਦਾ ਭੁੱਗਾ ਚੌੜ ਚੁਪੱਟ ਕਰਨਾ ਐ। ਤੂੰ ਦੇਖੀ ਇਹ ਦਿਹਾੜੀਆਂ ਕਰਦੇ ਫਿਰਨਗੇ।

ਚੱਲ ਛੱਡ ਆਪਾਂ ਇਹਨਾਂ ਮੰਗਤਿਆਂ ਤੋਂ ਕੀ ਲੈਣਾ ਐ। ਇਹਨਾਂ ਨੂੰ ਮੁਫ਼ਤ ਦਾ ਕੜਾਹ ਖਾਣ ਦਿਓ।

ਬਾਬੇ ਦੀ ਇਹ ਭਵਿੱਖਬਾਣੀ ਨੇ ਮੈਨੂੰ ਚੁੱਪ ਕਰਵਾ ਦਿੱਤਾ ਹੈ।

ਹੁਣ ਮੈਂ ਚੁੱਪ ਆਂ। ਪਰ ਮੇਰੇ ਅੰਦਰ ਮਹਾਂ ਭਾਰਤ ਦੀ ਜੰਗ ਚੱਲਦੀ ਐ।

ਮੇਰਾ ਅੰਦਰ ਕੁਰਕਸ਼ੇਤਰ ਦਾ ਘਮਾਸਾਨ ਯੁੱਧ ਚੱਲ ਰਿਹਾ ਐ।

# 'ਮਾਡਲ ਸਟੇਟ' ਗੁਜਰਾਤ 'ਚੋਂ ਪ੍ਰਵਾਸ ਕਿਉਂ?

ਲੇਖਕ: ਕਰਿਸਟੋਫ ਜੈਫਰਲੈਟ
ਅਨੁਵਾਦ: ਪੁਸ਼ਪਿੰਦਰ

ਇਹ ਖਬਰ ਬਹੁਤ ਗਰਮ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਵਾਪਸ ਭੇਜੇ ਗਏ ਭਾਰਤੀਆਂ ਵਿਚ ਜਿਆਦਾ ਗਿਣਤੀ ਗੁਜਰਾਤੀਆਂ ਦੀ ਹੈ। ਇਹ ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿਚ ਵਸਦੇ ਗੈਰ-ਕਾਨੂੰਨੀ ਭਾਰਤੀਆਂ ਵਿਚੋਂ ਗੁਜਰਾਤੀ ਲੋਕਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। 2023 ਵਿਚ 67391. ਭਾਰਤੀ ਗੈਰ-ਕਾਨੂੰਨੀ ਤੌਰ ਤੇ ਅਮਰੀਕਾ ਗਏ ਸਨ, ਜਿਹਨਾਂ ਵਿਚੋਂ 41330 ਗੁਜਰਾਤੀ ਮੂਲ ਦੇ ਸਨ੍ ਇਹ ਗੁਜਰਾਤੀ ਲੋਕ ਜੋ ਖਤਰੇ ਸਹੇੜਦੇ ਹਨ, ਉਹ ਵੀ ਛੋਟੇ ਨਹੀਂ ਹਨ। 2022 ਵਿਚ ਗੁਜਰਾਤ ਦੇ ਦਿੰਦਾ ਪਿੰਡ ਦੇ ਵਸਨੀਕ ਜਗਦੀਸ਼ ਪਟੇਲ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਸਮੇਤ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕਾ- ਕੈਨੇਡਾ ਸਰਹੱਦ 'ਤੇ ਬਰਫੀਲੇ ਤੂਫਾਨ ਦੀ ਲਪੇਟ ਵਿਚ ਆ ਗਏ ਤੇ ਸਾਰੇ ਬਰਫ ਵਿਚ ਦੱਬੇ ਗਏ ਸਨ।

ਗੁਜਰਾਤੀ ਲੋਕ ਸਦੀਆਂ ਤੋਂ ਅਫਰੀਕਾ ਦੀ ਯਾਤਰਾ ਤੇ ਜਾ ਰਹੇ ਹਨ ਅਤੇ ਉਸ ਤੋਂ ਅੱਗੇ ਪੱਛਮ ਵੱਲ ਚਲੇ ਜਾਂਦੇ ਰਹੇ ਹਨ, ਪਰ ਉਹ ਗੈਰ-ਕਾਨੂੰਨੀ ਤੌਰ 'ਤੇ ਨਹੀਂ ਜਾਂਦੇ ਸਨ। ਕਾਫੀ ਦੇਰ ਤੋਂ ਗੁਜਰਾਤ ਇੱਕ ਅਮੀਰ ਸੂਬਾ ਮੰਨਿਆ ਜਾ ਰਿਹਾ ਹੈ, ਸਗੋਂ 'ਮਾਡਲ ਸਟੇਟ' ਵਜੋਂ ਪਰਚਾਰਿਆ ਜਾਂਦਾ ਹੈ ਤਾਂ ਫਿਰ ਭਾਰਤ ਦੇ ਇਸ ਅਮੀਰ ਪ੍ਰਾਂਤ ਨੂੰ ਐਨੀ ਵੱਡੀ ਗਿਣਤੀ ਲੋਕ ਛੱਡ ਕੇ ਕਿਉਂ ਜਾ ਰਹੇ ਹਨ ਅਤੇ ਉਹ ਵੀ ਚੋਰੀ ਛੁਪੇ-ਪ੍ਰਾਂਤ, ਜਿਸ ਦੀ ਆਰਥਿਕ ਵਿਕਾਸ ਦਰ ਭਾਰਤ ਦੇ ਉਪਰਲਿਆਂ ਸੂਬਿਆਂ ਵਿਚ ਆਉਂਦੀ ਹੈ, ਜਿਸ ਸਟੇਟ ਦਾ ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦਨ 2022-23 ਵਿਚ 181,963 ਰੁਪਏ ਸੀ, ਜਦ ਕਿ ਸਾਰੇ ਦੇਸ਼ ਦੀ ਔਸਤ 99404 ਰੁਪਏ ਸੀ। ਵਿਆਖਿਆ ਬਹੁਤ ਸਰਲ ਹੈ ਗੁਜਰਾਤ ਸੂਬੇ ਵਿਚ ਕੁਝ ਲੋਕ ਬਹੁਤ ਜ਼ਿਆਦਾ ਅਮੀਰ ਹਨ, ਪਰ ਗਰੀਬ ਲੋਕਾਂ ਦੀ ਗਿਣਤੀ ਬਹੁਤ ਜਿਆਦਾ ਹੈ, ਕਿਉਂ ਕਿ ਪ੍ਰਾਂਤ ਵਿਚ ਬਹੁਤ ਦੇਰ ਤੋਂ ਚੰਗੀਆਂ ਨੌਕਰੀਆਂ ਪੈਦਾ ਨਹੀਂ ਹੋ ਰਹੀਆਂ। ਨਾ ਸਿਰਫ ਰੁਜ਼ਗਾਰ ਦੀ ਵਿਕਾਸ ਦਰ ਪ੍ਰਾਂਤ ਦੇ ਕੁਲ ਘਰੇਲੂ ਉਤਪਾਦਨ ਦੀ ਵਾਧਾ ਦਰ ਤੋਂ ਘੱਟ ਰਹੀ, ਸਗੋਂ ਇਹ ਵੀ ਹੈ ਕਿ ਨੌਕਰੀਆਂ ਦੀ ਗੁਣਵੱਤਾ ਵਿਚ ਵੀ ਵਾਧਾ ਨਹੀਂ ਹੋਇਆ। ਇਹ ਨੁਕਤਾ ਰੁਜ਼ਗਾਰ ਬਾਜ਼ਾਰ ਵਿਚ ਨੌਕਰੀਆਂ ਦੇ ਗ਼ੈਰ-ਰਵਾਇਤੀਕਰਨ ਦੀ ਪ੍ਰਕਿਰਿਆ ਤੋਂ ਪ੍ਰਗਟ ਹੋ ਜਾਂਦਾ ਹੈ। ਸੰਨ 2022 ਦੇ ਪੀ ਐੱਲ ਐੱਫ ਐੱਸ ਦੇ ਅਨੁਸਾਰ ਗੁਜਰਾਤ ਦੇ 74 ਫੀਸਦੀ ਮਜ਼ਦੂਰਾਂ ਕੋਲ ਨੌਕਰੀ ਦਾ ਲਿਖਤੀ ਇਕਰਾਰਨਾਮਾ ਨਹੀਂ ਹੈ, ਜਦ ਕਿ ਕਰਨਾਟਕ ਵਿਚ ਇਹ ਦਰ 41 ਫੀਸਦੀ, ਤਾਮਿਲਨਾਡੂ ਅਤੇ ਕੇਰਲਾ ਵਿਚ 53 ਫੀਸਦੀ, ਮੱਧ ਪ੍ਰਦੇਸ਼ ਵਿਚ 57 ਫੀਸਦੀ, ਹਰਿਆਣਾ ਵਿਚ 65 ਫੀਸਦੀ, ਮਹਾਰਾਸ਼ਟਰ ਵਿਚ 65 ਫੀਸਦੀ ਅਤੇ ਬਿਹਾਰ ਵਿਚ 68 ਫੀਸਦੀ ਹੈ।

ਇਸ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਇਹਨਾਂ ਆਰਜ਼ੀ ਨੌਕਰੀਆਂ ਕਾਰਨ ਤਨਖਾਹਾਂ ਵਿਚ ਕਟੌਤੀ ਹੋ ਜਾਂਦੀ ਹੈ। ਸਾਲ 2024 ਦੇ ਦੌਰਾਨ ਗੁਜਰਾਤ ਵਿਚ ਦਿਹਾੜੀਦਾਰ ਮਜ਼ਦੂਰ ਦੀ ਔਸਤ ਉਜਰਤ 375 ਰੁਪਏ ਦੀ ਸੀ, ਜੋ ਕਿ ਕੌਮੀ ਔਸਤ (473 ਰੁਪਏ) ਤੋਂ ਘੱਟ ਹੈ, ਜਦ ਕਿ ਕੇਰਲਾ ਵਿਚ ਇਹ ਔਸਤ ਮਜ਼ਦੂਰੀ 836 ਰੁਪਏ, ਤਾਮਿਲ ਨਾਡੂ ਵਿਚ 584 ਰੁਪਏ, ਹਰਿਆਣਾ ਵਿਚ 486 ਰੁਪਏ, ਪੰਜਾਬ ਵਿਚ 449 ਰੁਪਏ, ਕਰਨਾਟਕ ਵਿਚ 447 ਰੁਪਏ, ਰਾਜਸਥਾਨ ਵਿਚ 442 ਰੁਪਏ, ਉਤਰ ਪ੍ਰਦੇਸ਼ ਵਿਚ 432 ਰੁਪਏ, ਅਤੇ ਬਿਹਾਰ ਵਿਚ ਵੀ 426 ਰੁਪਏ ਸੀ। ਇਕੋ ਪ੍ਰਾਂਤ ਜਿਥੇ ਉਜਰਤ ਗੁਜਰਾਤ ਨਾਲੋਂ ਘੱਟ ਸੀ, ਉਹ ਹੈ ਛੱਤੀਸਗੜ੍ਹ 295 ਰੁਪਏ।

ਗੁਜਰਾਤ ਵਿਚ ਮੁਲਾਜ਼ਮਾਂ ਦੀ ਮਹੀਨਾਵਾਰ ਤਨਖਾਹ ਵੀ ਦੂਸਰੇ ਸੂਬਿਆਂ ਤੋਂ ਬਹੁਤ ਘੱਟ ਹੈ। ਅਪ੍ਰੈਲ-ਜੂਨ 2024 ਦੇ ਦੌਰਾਨ ਇਹ ਤਨਖਾਹ 17,503 ਰੁਪਏ ਸੀ, ਜਦ ਕਿ ਕੌਮੀ ਔਸਤ 21,103 ਰੁਪਏ ਸੀ। ਵੱਡੇ ਸੂਬਿਆਂ ਵਿਚੋਂ ਕੇਵਲ ਪੰਜਾਬ ਹੀ ਅਜਿਹਾ ਹੈ, ਜਿਥੇ ਗੁਜਰਾਤ ਤੋਂ ਘੱਟ ਅੰਕੜਾ 16,161 ਰੁਪਏ ਦਾ ਹੈ। ਕਰਨਾਟਕ ਵਿਚ 25,621 ਰੁਪਏ, ਹਰਿਆਣਾ ਵਿਚ 25,015 ਮਹਾਰਾਸ਼ਟਰ ਵਿਚ 23,723, ਕੇਰਲਾ ਵਿਚ 22,287, ਆਂਧਰਾ ਵਿਚ 21,459, ਤਾਮਿਲ ਨਾਡੂ ਵਿਚ 21,266, ਉਤਰ ਪ੍ਰਦੇਸ਼ ਵਿਚ 19,203, ਰਾਜਿਸਥਾਨ ਵਿਚ 19,105, ਮੱਧ ਪ੍ਰਦੇਸ਼ ਵਿਚ 18,918 ਅਤੇ ਪੱਛਮੀ ਬੰਗਾਲ ਵਿਚ ਮਹੀਨਾਵਾਰ ਔਸਤ 17,559 ਰੁਪੈ ਤਨਖਾਹ ਮਿਲਦੀ ਸੀ।



*[ਪਿਛਲੇ ਦਿਨੀਂ ਟਰੰਪ ਸਰਕਾਰ ਵੱਲੋਂ ਵਾਪਸ ਭੇਜੇ 'ਗ਼ੈਰਕਾਨੂੰਨੀ ਪ੍ਰਵਾਸੀਆਂ' ਵਿਚ ਕਾਫ਼ੀ ਵੱਡੀ ਗਿਣਤੀ ਗੁਜਰਾਤੀਆਂ ਦੀ ਹੈ। ਗੁਜਰਾਤ ਨੂੰ ਭਾਰਤ ਦੇ ਭਗਵਾ ਹੁਕਮਰਾਨ ਵਿਕਾਸ ਦੇ 'ਮਾਡਲ ਰਾਜ' ਵਜੋਂ ਪੇਸ਼ ਕਰਦੇ ਆ ਰਹੇ ਹਨ, ਜ਼ਾਹਿਰ ਹੈ ਕਿ 2047 ਦਾ 'ਵਿਕਸਿਤ ਭਾਰਤ' ਇਸੇ ਨਮੂਨੇ ਦਾ ਹੋਵੇਗਾ। ਸਵਾਲ ਇਹ ਹੈ ਕਿ ਇਸ ਮਾਡਲ ਰਾਜ ਨੂੰ ਛੱਡਕੇ ਗੁਜਰਾਤ ਦੇ ਲੋਕ ਆਪਣੀਆਂ ਜਾਨਾਂ ਜ਼ੋਖ਼ਮ ਵਿਚ ਪਾ ਕੇ ਗ਼ੈਰਕਾਨੂੰਨੀ ਤਰੀਕਿਆਂ ਨਾਲ ਪ੍ਰਵਾਸ ਕਿਉਂ ਕਰ ਰਹੇ ਹਨ। ਇਨ੍ਹਾਂ ਸਵਾਲਾਂ ਦੀ ਬਕਾਇਦਾ ਅੰਕੜਿਆਂ ਦੇ ਅਧਾਰ ' ਚਰਚਾ ਉੱਘੇ ਵਿਦਵਾਨ ਕਰਿਸਟੋਫ ਜੈਫਰਲੈਟ ਵੱਲੋਂ ਆਪਣੇ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ ]*

ਜ਼ਰੂਰੀ ਨਹੀਂ ਕਿ ਜੋ ਲੋਕ ਅਮਰੀਕਾ ਜਾਂਦੇ ਹਨ, ਉਹ ਸਭ ਨੌਕਰੀਪੇਸ਼ਾ ਲੋਕ ਹੀ ਹੋਣ, ਉਹ ਜਿਆਦਾਤਰ ਪੇਂਡੂ ਖੇਤਰਾਂ ਤੋਂ ਆਉਂਦੇ ਹਨ, ਆਮ ਕਰਕੇ ਮੱਧ ਵਰਗੀ ਕਿਸਾਨ ਪਰਵਾਰਾਂ ਤੋਂ, ਜਿਨ੍ਹਾਂ ਦੀ ਆਰਥਿਕ ਹਾਲਤ ਸ਼ਹਿਰੀ ਲੋਕਾਂ ਤੋਂ ਵੀ ਬਦਤਰ ਹੁੰਦੀ ਹੈ। ਸਾਲ 2023 ਵਿਚ ਗੁਜਰਾਤ ਦੇ ਖੇਤ ਮਜ਼ਦੂਰ ਦੀ ਔਸਤ ਦਿਹਾੜੀ 242 ਰੁਪਏ ਸੀ, ਜੋ ਕਿ ਭਾਰਤ ਦੇ ਬਹੁਤ ਗਰੀਬ ਮੰਨੇ ਜਾਂਦੇ ਸੂਬੇ ਬਿਹਾਰ ਦੇ ਮਜ਼ਦੂਰ ਦੀ ਦਿਹਾੜੀ ਤੋਂ ਵੀ ਘੱਟ ਸੀ। ਮਜ਼ਦੂਰ ਜੋ ਖੇਤਾਂ ਵਿਚ ਕੰਮ ਕਰਨ ਦੀ ਬਜਾਏ ਕੋਈ ਛੋਟਾ-ਮੋਟਾ ਹੁਨਰਮੰਦ ਕੰਮ ਕਰਦੇ ਸਨ, ਦੀ ਰੋਜ਼ਾਨਾ ਕਿਰਤ 273 ਰੁਪਏ, ਜੋ ਮਧ ਪ੍ਰਦੇਸ਼ ਦੀ ਕਿਰਤ (246 ਰੁਪਏ) ਤੋਂ ਰਤੀ ਭਰ ਜ਼ਿਆਦਾ ਸੀ, ਜਦ ਕਿ ਬਿਹਾਰੀ ਕਾਮੇ ਦੀ ਔਸਤ 313 ਰੁਪਏ ਸੀ। ਗੁਜਰਾਤ ਦੇ ਇਮਾਰਤ ਉਸਾਰੀ ਵਿਚ ਕੰਮ ਕਰਦੇ ਮਜ਼ਦੂਰ ਦੀ ਰੋਜ਼ਾਨਾ ਮਜ਼ਦੂਰੀ 323 ਰੁਪਏ, ਜੋ ਕਿ ਦੇਸ਼ ਦੇ ਹੇਠਲੇ ਪੱਧਰ ਤੋਂ ਤੀਜੇ ਨੰਬਰ 'ਤੇ ਆਉਂਦੀ, ਮੱਧ ਪ੍ਰਦੇਸ਼ ਦੀ 278 ਰੁਪਏ ਅਤੇ ਤ੍ਰਿਪੁਰਾ ਦੇ ਮਜ਼ਦੂਰ ਦੀ 286 ਰੁਪਏ।

ਕੇਵਲ ਤਨਖਾਹਾਂ ਨੂੰ ਹੀ ਗਰੀਬੀ ਦੇ ਮਾਪਦੰਡ ਦਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ। ਸੂਬੇ ਦੇ ਦਿਹਾਤੀ ਅਤੇ ਸ਼ਹਿਰੀ ਨਾਗਰਿਕਾਂ ਦਾ ਪ੍ਰਤੀ ਜੀਅ ਮਹੀਨੇਵਾਰ ਖਰਚ ਵੀ ਕਈ ਤੱਥਾਂ ਦਾ ਪ੍ਰਗਟਾਵਾ ਕਰਦਾ ਹੈ। ਨੈਸ਼ਨਲ ਸੈਂਪਲ ਸਰਵੇ ਆਫਸ ਦੇ 2022-23 ਦੇ ਸਰਵੇ ਅਨੁਸਾਰ ਗੁਜਰਾਤ ਦੇ ਸ਼ਹਿਰੀ ਲੋਕਾਂ ਦਾ ਪ੍ਰਤੀ ਮਹੀਨਾ ਖਰਚ 6621 ਰੁਪਏ ਅਤੇ ਦਿਹਾਤੀ ਲੋਕਾਂ ਦਾ 3798 ਰੁਪਏ ਸੀ, ਜੋ ਕਿ ਤਾਮਿਲਨਾਡੂ ਵਿਚ ਕਰਮਵਾਰ 7630 ਅਤੇ 5310 ਰੁਪਏ; ਕੇਰਲਾ ਵਿਚ 7078 ਤੇ 5924 ਰੁਪਏ; ਕਰਨਾਟਕ ਵਿਚ 7666 ਤੇ 4397; ਆਂਧਰਾ ਵਿਚ 6782 ਅਤੇ 4870; ਹਰਿਆਣਾ ਵਿਚ 7911 ਅਤੇ 4859, ਮਹਾਰਾਸ਼ਟਰ ਵਿਚ ਕਰਮਵਾਰ 6657 ਅਤੇ 4010 ਰੁਪਏ ਸੀ।

ਸੰਯੁਕਤ ਰਾਸ਼ਟਰ ਨੇ ਗਰੀਬੀ ਮਾਪਣ ਦਾ ਮਲਟੀ ਡਾਇਮੈਨਸ਼ਨਲ ਪਾਵਰਟੀ ਇੰਡੈਕਸ ਬਣਾਇਆ ਹੈ, ਜਿਸ ਵਿਚ ਆਰਥਿਕ ਪੱਧਰ ਤੋਂ ਇਲਾਵਾ ਵਿਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਇਹ ਜ਼ਿਆਦਾ ਕਾਰਗਰ ਹੈ, ਕਿਉਂਕਿ ਆਰਥਿਕ ਪੈਮਾਨੇ ਤੋਂ ਉਪਰ ਚਲੇ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਗੁਜਰਾਤ ਦੇਸ਼ ਵਿਚ ਅੱਧ-ਵਿਚਕਾਰ ਜਿਹੇ ਆਉਂਦਾ ਹੈ।2020-21 ਦੌਰਾਨ ਸੂਬੇ ਵਿਚ 11.66 ਫੀਸਦੀ ਪ੍ਰਤੀਸ਼ਤ ਗਰੀਬ ਸਨ, ਪੱਛਮੀ ਬੰਗਾਲ ਤੋਂ ਥੋੜ੍ਹਾ ਘੱਟ (11.89 ਫੀਸਦੀ), ਪਰ ਮੁੱਖ ਵੱਡੇ ਸਬਿਆਂ ਮਹਾਰਾਸ਼ਟਰ, ਕਰਨਾਟਕ, ਹਰਿਆਣਾ, ਆਂਧਰਾ, ਤਿਲੰਗਾਨਾ, ਹਿਮਾਚਲ ਪ੍ਰਦੇਸ਼, ਪੰਜਾਬ, ਤਾਮਿਲ ਨਾਡੂ, ਜੰਮੂ-ਕਸ਼ਮੀਰ ਅਤੇ ਕੇਰਲਾ ਤੋਂ ਇਹ ਗਿਣਤੀ ਜ਼ਿਆਦਾ ਹੈ ਗੁਜਰਾਤ ਖਾਸ ਕਰਕੇ ਆਪਣੇ ਨਾਗਰਿਕਾਂ ਨੂੰ ਲੜੀਂਦੀ ਖੁਰਾਕ ਦੇਣ ਵਿਚ ਬਹੁਤ ਪਛੜਿਆ ਹੋਇਆ ਹੈ, 38 ਫੀਸਦੀ, ਜਦ ਕਿ ਬਿਹਾਰ ਵਿਚ 42 ਫੀਸਦੀ ਅਤੇ ਝਾਰਖੰਡ ਵਿਚ 40 ਫੀਸਦੀ ਲੋਕ ਹਨ, ਜਿਨ੍ਹਾਂ ਨੂੰ ਜ਼ਰੂਰਤ ਮੁਤਾਬਕ ਖਾਣਾ ਨਸੀਬ ਨਹੀਂ ਹੋ ਰਿਹਾ। ਇਸ ਤਰ੍ਹਾਂ ਮਾਡਲ ਸਟੇਟ ਗੁਜਰਾਤ ਵਿਚ ਸੌ ਵਿਚੋਂ 38 ਵਿਅਕਤੀਆਂ ਨੂੰ ਪੂਰਾ ਖਾਣਾ ਨਹੀਂ ਮਿਲ ਰਿਹਾ।

ਗੁਜਰਾਤ ਪ੍ਰਾਂਤ, ਜੋ ਕਿ ਸਾਰੇ ਦੇਸ਼ ਵਿਚ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ ਦੇ ਪੱਖ ਤੋਂ ਸਿਖਰ 'ਤੇ ਆਉਂਦਾ ਹੈ, ਪਰ ਗਰੀਬੀ ਪੱਖੋਂ ਵੀ ਸਿਖਰ 'ਤੇ ਹੈ ਅਤੇ ਆਪਣੇ ਨਾਗਰਿਕਾਂ ਨੂੰ ਚੰਗੀਆਂ ਨੌਕਰੀਆਂ ਦੇਣ ਵਿਚ ਵੀ ਨਾਕਾਮ ਹੈ। ਇਸ ਆਰਥਿਕ ਮੰਦਹਾਲੀ ਦੇ ਕਾਰਨ ਗੁਜਰਾਤੀ ਲੋਕ ਘਰ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ, ਇਸ ਸਥਿਤੀ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ? ਪੂੰਜੀ ਪ੍ਰਧਾਨ ਰਾਜਨੀਤਕ ਅਰਥ-ਵਿਵਸਥਾ ਅਜਿਹੀਆਂ ਅੰਤਰਵਿਰੋਧੀ ਪ੍ਰਸਥਿਤੀਆਂ ਦੀ ਵਿਆਖਿਆ ਗੁਜਰਾਤ ਵੱਲੋਂ ਨਰਿੰਦਰ ਮੋਦੀ ਸਰਕਾਰ ਦੀ ਅਗਵਾਈ ਹੇਠ ਅਪਣਾਈਆਂ ਆਰਥਿਕ ਨੀਤੀਆਂ ਅਨੁਸਾਰ ਕੀਤੀ ਜਾ ਸਕਦੀ ਹੈ। ਸਾਲ 2001 ਤੋਂ ਲੈ ਕੇ 2014 ਤੱਕ ਸਰਕਾਰ ਵਲੋਂ ਸੂਬੇ ਵਿਚ ਢਾਂਚਾਗਤ ਉਸਾਰੀਆਂ (ਸੜਕਾਂ, ਬੰਦਰਗਾਹਾਂ, ਤਾਪ ਬਿਜਲੀ ਘਰ, ਤੇਲ ਸੋਧਕ ਕਾਰਖਾਨੇ) ਅਤੇ ਪੈਟਰੋਕੈਮੀਕਲ ਉਦਯੋਗ ਵਲ ਧਿਆਨ ਜਾਂਦਾ ਰਿਹਾ ਹੈ। ਮੁਕਾਬਲਤਨ ਸਮਾਜਕ ਖੇਤਰਾਂ (ਸਿਹਤ, ਵਿਦਿਆ) ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਇਸ ਦੇ ਨਾਲ ਹੀ ਰੁਜ਼ਗਾਰ ਮੁਖੀ ਉਦਯੋਗ ਦੀ ਉਸਾਰੀ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ। ਇਹ ਨੀਤੀ ਗੁਜਰਾਤ ਦੀ ਪੁਰਾਤਨ ਉਦਯੋਗਿਕ ਨੀਤੀ ਛੋਟੇ ਅਤੇ ਨਿਮਨ ਵਰਗੀ ਉਦਯੋਗ ਨੂੰ ਪ੍ਰਮੁੱਖਤਾ ਦੇ ਉਲਟ ਚਲਦੀ ਹੋਈ ਨਜ਼ਰ ਆਈ। ਇਸ ਸੂਬੇ ਨੂੰ ਰਵਾਇਤੀ ਤੌਰ 'ਤੇ ਛੋਟੇ ਮਧ-ਵਰਗੀ ਪੂੰਜੀਪਤੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਸੂਬਾ ਸਰਕਾਰ ਵੀ ਇਨ੍ਹਾਂ ਉਦਯੋਗਾਂ ਦੀ ਸਹਾਇਤਾ ਕਰਦੀ ਰਹੀ ਸੀ। 1990ਵਿਆਂ ਤੱਕ ਵੀ ਸੂਬਾ ਸਰਕਾਰ ਦੀ ਉਦਯੋਗ ਨੀਤੀ ਛੋਟੇ ਉਦਯੋਗ ਪੱਖੀ ਰਹੀ ਹੈ। ਇਨ੍ਹਾਂ ਉਦਯੋਗਾਂ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੱਡੇ ਕਾਰਖਾਨਿਆਂ ਦੇ ਮੁਕਾਬਲੇ ਔਸਤਨ ਚਾਰ ਗੁਣਾ ਜ਼ਿਆਦਾ ਹੁੰਦੀਆਂ ਹਨ।



ਸੰਨ 2003 ਵਿਚ ਨਰਿੰਦਰ ਮੋਦੀ ਸਰਕਾਰ ਵੱਲੋਂ ਜਾਰੀ ਕੀਤੀ ਗਈ ਉਦਯੋਗਿਕ ਨੀਤੀ ਨੇ ਰਵਾਇਤੀ ਨੀਤੀ ਤਿਆਗ ਕੇ ਵੱਖਰਾ ਰਸਤਾ ਅਖਤਿਆਰ ਕਰ ਲਿਆ। ਸਾਲ 2009 ਇਸ ਤੋਂ ਵੀ ਅੱਗੇ ਨਿਕਲ ਗਿਆ। ਕਦੇ 'ਨਿੱਕਾ ਖ਼ੂਬਸੂਰਤ ਹੁੰਦਾ ਹੈ' ਦਾ ਅਖਾਣ ਝੂਠਾ ਪੈਣ ਲੱਗਿਆ। ਗੁਜਰਾਤ ਸਪੈਸ਼ਲ ਇਨਵੈਸਟਮੈਂਟ ਰੀਜ਼ਨ ਐਕਟ ਦਾ ਨਵਾਂ ਕਾਨੂੰਨ ਬਣਾਇਆ ਗਿਆ, ਤਾਂ ਕਿ ਸੂਬੇ ਵਿਚ ਵਿਸ਼ਾਲ ਉਦਯੋਗਿਕ ਖੇਤਰ ਅਤੇ ਪੂੰਜੀ ਨਿਵੇਸ਼ ਖੇਤਰ ਵਿਕਸਤ ਕੀਤੇ ਜਾ ਸਕਣ। ਇਸ ਦਾ ਮੁੱਖ ਉਦੇਸ਼ ਸੀ ਕਿ ਗੁਜਰਾਤ ਨੂੰ ਵਿਦੇਸ਼ੀ ਉਦਯੋਗਿਕ ਅਤੇ ਵਿੱਤੀ ਨਿਵੇਸ਼ ਲਈ ਆਕਰਸ਼ਕ ਕੇਂਦਰ ਬਣਾਇਆ ਜਾਵੇ। ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਉਸਾਰਿਆ ਜਾਵੇ। ਇਸ ਦਾ ਨਿਸ਼ਾਨਾ ਵਿਸ਼ਾਲ ਯੋਜਨਾਵਾਂ ਉਸਾਰਨ ਦਾ ਸੀ, ਜਿਨ੍ਹਾਂ ਵਿਚ ਘੱਟ-ਘੱਟ ਲਾਗਤ ਖਰਚਾ 10 ਅਰਬ ਰੁਪਏ ਜਾਂ (125 ਮਿਲੀਅਨ ਡਾਲਰ) ਦਾ ਹੋਵੇ ਅਤੇ ਜਿਨ੍ਹਾਂ ਕਾਰਖਾਨਿਆਂ ਵਿਚ ਮਜ਼ਦੂਰਾਂ ਦੀ ਗਿਣਤੀ ਕੇਵਲ 2000 ਦੀ ਹੋਵੇ, ਯਾਨੀ ਇੱਕ ਨੌਕਰੀ ਪੈਦਾ ਕਰਨ ਦਾ ਖਰਚਾ 500,000 ਰੁਪਏ ਹੋਵੇ। ਸਪੱਸ਼ਟ ਹੈ ਇਹ ਯੋਜਨਾਵਾਂ ਸਰਮਾਏ ਮੁਖੀ ਸਨ, ਯਾਨਿ ਅਜਿਹੇ ਉਦਯੋਗ ਉਸਾਰੇ ਗਏ, ਜਿਨ੍ਹਾਂ ਵਿਚ ਮੁਲਾਜ਼ਮਾਂ ਦੀ ਜ਼ਰੂਰਤ ਜਾਂ ਤਨਖਾਹਾਂ ਦਾ ਖਰਚਾ ਬਹੁਤ ਘੱਟ ਸੀ। ਵਿਸ਼ਵ ਦੀਆਂ ਵੱਡੀਆਂ ਕੰਪਨੀਆਂ ਨੂੰ ਆਕਰਸ਼ਤ ਕਰਨ ਲਈ ਜ਼ਮੀਨ ਮੁਹੱਈਆ ਕਰਨਾ ਬੁਨਿਆਦੀ ਜ਼ਰੂਰਤ ਸਮਝੀ ਗਈ।

ਗੁਜਰਾਤ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ ਇਸ ਮਕਸਦ ਲਈ ਜ਼ਮੀਨ ਦਾ ਅਧਿਗ੍ਰਹਿਣ ਸ਼ੁਰੂ ਕੀਤਾ, ਜੋ ਅੱਗੇ ਪੂੰਜੀਪਤੀਆਂ ਨੂੰ ਸਸਤੇ ਭਾਵਾਂ 'ਤੇ ਦਿੱਤੀ ਗਈ। ਨਹੀਂ ਉਦਯਗ ਨੀਤੀ ਦੇ ਨਾਲ ਨਾ ਸਿਰਫ ਜ਼ਮੀਨ ਮਾਲਕ ਜਾਂ ਕਿਸਾਨ ਹੀ ਪ੍ਰਭਾਵਤ ਹੋਏ, ਸਗੋਂ ਇਹਦੇ ਨਾਲ ਕਿਰਤੀ ਜਮਾਤ ਉਪਰ ਵੀ ਅਸਰ ਹੋਇਆ। 1990ਵਿਆਂ ਤੱਕ ਇਹ ਕਾਨੂੰਨੀ ਤੌਰ 'ਤੇ ਜ਼ਰੂਰੀ ਸੀ ਕਿ ਜੋ ਵਪਾਰੀ ਕੋਈ ਨਵੀਂ ਯੋਜਨਾ ਸ਼ੁਰੂ ਕਰਨ ਲਈ ਸਰਕਾਰੀ ਰਿਆਇਤ ਪ੍ਰਾਪਤ ਕਰਦਾ ਹੈ, ਉਹ ਘੱਟੋ-ਘੱਟ 100 ਕਾਮਿਆਂ ਨੂੰ ਪੱਕਾ ਰੁਜ਼ਗਾਰ ਦੇਵੇਗਾ। ਸੰਨ 2000 ਤੱਕ ਇਹ ਸ਼ਰਤ ਨਰਮ ਹੁੰਦੀ ਚਲੀ ਗਈ।ਗੁਜਰਾਤ ਦੀ ਨਵੀਂ ਉਦਯੋਗਿਕ ਨੀਤੀ ਨੇ ਉਨ੍ਹਾਂ ਕੁਝ ਪੂੰਜੀਪਤੀਆਂ ਨੂੰ ਲਾਭ ਪਹੁੰਚਾਇਆ, ਜਿਹਨਾਂ ਦੇ ਕਾਰਖਾਨੇ ਸਰਮਾਏ ਮੁਖੀ ਸਨ, ਇਨ੍ਹਾਂ ਵਿਚ ਕਿਰਤੀਆਂ ਦੀ ਬਹੁਤ ਘੱਟ ਜ਼ਰੂਰਤ ਸੀ। ਇਸ ਨੀਤੀ ਦਾ ਨਤੀਜਾ ਇਹ ਹੋਇਆ ਕਿ ਸਾਲ 2009-10 ਤੋਂ 2012-13 ਤੱਕ ਦੇਸ਼ ਦੇ ਗੁਜਰਾਤ ਪ੍ਰਾਂਤ ਵਿਚ ਉਦਯੋਗਿਕ ਖੇਤਰ ਵਿਚ ਸਭ ਤੋਂ ਵੱਧ ਨਿਵੇਸ਼ ਹੋਇਆ, ਪਰ ਇਸ ਉਦਯੋਗਿਕ ਕਰਾਂਤੀ ਦੇ ਨਾਲ ਰੁਜ਼ਗਾਰ ਪੈਦਾ ਨਹੀਂ ਹੋਏ। ਇਸ ਦੇ ਉਲਟ ਉਨ੍ਹਾਂ ਸੂਬਿਆਂ ਵਿਚ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਮਿਲਿਆ, ਜਿੱਥੇ ਛੋਟੀਆਂ ਉਦਯੋਗਿਕ ਇਕਾਈਆਂ ਨੇ ਵਿਕਾਸ ਕੀਤਾ ਅਤੇ ਜੋ ਇਕਾਈਆਂ ਰੁਜ਼ਗਾਰ ਮੁਖੀ ਸਨ। ਇਸ ਮਾਮਲੇ ਵਿਚ ਗੁਜਰਾਤ ਦੀ ਤੁਲਨਾ ਤਾਮਿਲਨਾਡੂ ਨਾਲ ਕੀਤੀ ਜਾ ਸਕਦੀ ਹੈ।2013 ਦੇ ਭਾਰਤ ਵਿਚ ਗੁਜਰਾਤ ਦੇ ਉਦਯੋਗਿਕ ਖੇਤਰ ਵਿਚ ਦੇਸ਼ ਦੇ ਕੁਲ ਸਰਮਾਏ ਦਾ 17.7 ਫੀਸਦੀ ਲੱਗਿਆ ਹੋਇਆ ਸੀ, ਜਿਹਦੇ ਨਾਲ ਕੁਲ 9.8 ਫੀਸਦੀ ਨੌਕਰੀਆਂ ਪੈਦਾ ਹੋ ਰਹੀਆਂ ਸਨ ਇਸ ਦੇ ਮੁਕਾਬਲੇ ਤਾਮਿਲਨਾਡੂ ਦੇ ਉਦਯੋਗ ਵਿਚ ਸਰਮਾਏ ਦੀ ਲਾਗਤ 9.8 ਫੀਸਦੀ ਸੀ, ਪਰ ਫੈਕਟਰੀ ਨੌਕਰੀਆਂ 16 ਫੀਸਦੀ ਸਨ।

ਸਿਰਫ ਐਨਾ ਹੀ ਨਹੀਂ ਕਿ ਵੱਡੀਆਂ ਕੰਪਨੀਆਂ ਜ਼ਿਆਦਾਤਰ ਸਰਮਾਏ ਮੁਖੀ ਯੋਜਨਾਵਾਂ ਵਿਚ ਨਿਵੇਸ਼ ਕਰਦੀਆਂ ਹਨ। ਸਮੱਸਿਆ ਇਹ ਵੀ ਹੈ ਕਿ ਇਹਨਾਂ ਨੇ ਗੁਜਰਾਤ ਦੇ ਛੋਟੇ ਤੇ ਦਰਮਿਆਨੇ ਵਰਗੀ ਕਾਰੋਬਾਰੀਆਂ ਦੀ ਗਿਰਾਵਟ ਵਿਚ ਵੀ ਹਿੱਸਾ ਪਾਇਆ ਹੈ, ਜੋ ਛੋਟੇ ਕਾਰੋਬਾਰੀ ਵੱਡੀਆਂ ਕੰਪਨੀਆਂ ਨੂੰ ਮਾਲ ਸਪਲਾਈ ਕਰਦੇ ਹਨ, ਉਨ੍ਹਾਂ ਨੂੰ ਵਕਤ ਤੇ ਅਦਾਇਗੀ ਨਾ ਕਰਨਾ। ਅਡਾਨੀ ਗਰੁੱਪ ਬਿਜਲੀ ਉਤਪਾਦਨ ਦੀ ਗੁਜਰਾਤ ਦੀ ਮੁੱਖ ਕੰਪਨੀ ਸੀ, ਜੋ ਛੋਟੇ ਤੇ ਦਰਮਿਆਨੇ ਵਰਗੀ ਕਾਰੋਬਾਰੀਆਂ ਨੂੰ ਮਹਿੰਗੇ ਭਾਅ ਬਿਜਲੀ ਸਪਲਾਈ ਕਰਦੀ ਰਹੀ ਸੀ। ਇਨ੍ਹਾਂ ਕਾਰਨਾਂ ਸਦਕਾ ਹੀ ਸਾਲ 2004 ਤੇ 2014 ਦੇ ਵਿਚਕਾਰ ਗੁਜਰਾਤ ਦੇ 60,000 ਛੋਟੇ ਕਾਰੋਬਾਰ ਬੰਦ ਹੋ ਗਏ ਸਨ।

ਭਾਰਤ ਦੇ ਸਭ ਤੋਂ ਪ੍ਰਮੁੱਖ ਇਜ਼ਾਰੇਦਾਰ ਗੌਤਮ ਅਡਾਨੀ ਦੇ ਕਾਰੋਬਾਰਾਂ 'ਚ ਮੁਲਾਜ਼ਮਾਂ ਦੀ ਗਿਣਤੀ 36000 ਹੈ, ਜਦ ਕਿ ਦੇਸ਼ ਦੇ ਬਾਕੀ ਦੇ ਛੇ ਮੁੱਖ ਗਰੁੱਪਾਂ ਵਿਚ ਔਸਤ 1,50,000 ਕਿਰਤੀ ਕੰਮ ਕਰਦੇ ਹਨ। [ਦੀ ਵਾਇਰ ਦੇ ਧੰਨਵਾਦ ਸਹਿਤ]

# 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਸਰੀ ਵਿੱਚ







ਸਰੀ, (ਪਰਮਿੰਦਰ ਸਵੈਚ) : 28 ਮਾਰਚ, 2025 ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਈਸਟ ਇੰਡੀਅਨ ਡਿਫੈਂਸ ਕਮੇਟੀ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਹੋਰਾਂ ਦੇ ਸ਼ਹੀਦੀ ਦਿਨ ਦੇ ਮੱਦੇ ਨਜ਼ਰ ਉਹਨਾਂ ਨੂੰ ਸ਼ਰਧਾਂਜ਼ਲੀ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਕਮੇਟੀ ਦੇ ਸਕੱਤਰ ਕ੍ਰਿਪਾਲ ਬੈਂਸ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਨਾਮਵਰ ਕਵੀ ਜਸਵੰਤ ਜ਼ਫ਼ਰ ਦੀ ਭਗਤ ਸਿੰਘ ਬਾਰੇ ਨਜ਼ਮ ਸਾਂਝੀ ਕੀਤੀ। ਡਿਫੈਂਸ ਕਮੇਟੀ ਦੇ ਆਗੂ ਹਰਭਜਨ ਚੀਮਾ ਨੇ ਸ਼ਹੀਦਾਂ ਦੇ ਸੰਘਰਸ਼, ਕੁਰਬਾਨੀ ਤੇ



ਵਿਚਾਰਧਾਰਕ ਮਾਰਕਸੀ ਸਮਝ ਬਾਰੇ ਵਿਸਥਾਰ ਨਾਲ ਦੱਸਿਆ। ਇਸ ਦੇ ਨਾਲ ਨਾਲ ਭਾਰਤ ਦੀਆਂ ਮੌਜੂਦਾ ਹਾਲਤਾਂ ਬਾਰੇ ਬਿਆਨ ਕਰਦਿਆਂ ਅੰਤਰਰਾਸ਼ਟਰੀ ਵੱਡੀਆਂ ਕਾਰਪੋਰੇਸ਼ਨਾਂ ਦੇ ਗਲਬੇ ਥੱਲੇ ਕਿਵੇਂ ਲੋਕਾਂ ਦੇ ਜਲ, ਜੰਗਲ ਤੇ ਜ਼ਮੀਨ 'ਤੇ ਕਬਜ਼ਾ ਕਰਕੇ ਉਹਨਾਂ ਨੂੰ ਉਜਾੜਿਆ ਜਾ ਰਿਹਾ ਹੈ ਅਤੇ ਘਰੋਂ ਬੇਘਰ ਕੀਤਾ ਜਾ ਰਿਹਾ ਹੈ। ਅੱਜ ਦੀਆਂ ਸਰਕਾਰਾਂ ਕਿਵੇਂ ਲੋਕਾਂ ਦੀ ਪ੍ਰਵਾਹ ਕੀਤੇ ਬਿਨਾਂ ਕਾਰਪੋਰੇਸ਼ਨਾਂ ਦੀਆਂ ਹੱਥ ਠੋਕਾ ਬਣੀਆਂ ਹੋਈਆਂ ਹਨ। ਪੱਤਰਕਾਰ ਪ੍ਰੋ. ਗੁਰਬਾਜ਼ ਸਿੰਘ ਬਰਾੜ ਹੋਰਾਂ ਨੇ ਤਿੰਨੇ ਸ਼ਹੀਦਾਂ ਦੀ ਇੱਕੋ ਜਿਹੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਜ਼ਿਆਦਾ ਮਾਨਤਾ ਮਿਲਣ ਦਾ ਕਾਰਣ ਉਹਨਾਂ ਦੀਆਂ ਹੱਥ ਲਿਖਤਾਂ ਪਈਆਂ ਹੋਣ ਕਰਕੇ ਉਹਨਾਂ ਦੀ ਗੱਲ ਜ਼ਿਆਦਾ ਹੁੰਦੀ ਹੈ। ਉਹਨਾਂ ਇਹ ਵੀ ਜ਼ਿਕਰ ਕੀਤਾ ਕਿ ਜਦੋਂ ਲੁਧਿਆਣੇ ਸ਼ਹੀਦ ਭਗਤ ਸਿੰਘ ਦਾ ਚੌਕ ਵਿੱਚ ਬੁੱਤ ਲੱਗਣ ਜਾ ਰਿਹਾ ਸੀ ਤਾਂ ਉਹਨਾਂ ਦੀ ਮਾਤਾ ਵਿਦਿਆਵਤੀ ਨੇ ਕਿਹਾ ਕਿ ਇਕੱਲੇ ਦਾ ਨਹੀਂ ਤਿੰਨੇ ਸ਼ਹੀਦਾਂ ਦੇ ਬੁੱਤ ਲੱਗਣੇ ਚਾਹੀਦੇ ਹਨ। ਪਰਮਿੰਦਰ ਸਵੈਚ ਨੇ ਸ਼ਹੀਦਾਂ ਦੀਆਂ ਲਿਖਤਾਂ ਵਿੱਚੋਂ ਉਹਨਾਂ ਦੀਆਂ ਕੁਟੇਸ਼ਨਾਂ ਨੂੰ ਕੋਡ ਕਰ ਕੇ ਅੱਜ ਦੇ ਹਲਾਤਾਂ 'ਤੇ ਗੱਲ ਕੀਤੀ। ਜਿਵੇਂ ਉਹਨਾਂ ਦੇ ਦਿੱਤੇ ਮੈਨੀਫੈਸਟੋ ਮੁਤਾਬਕ ਜਾਗੀਰਦਾਰੀ ਦਾ ਖ਼ਾਤਮਾ, ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨੇ, ਜ਼ਮੀਨ ਦਾ ਕੌਮੀਕਰਨ - ਸਾਂਝੀ ਖੇਤੀ, ਘਰਾਂ ਦੀ ਗਰੰਟੀ, ਮੁਫ਼ਤ ਪੜ੍ਹਾਈ, ਕੰਮ ਦੇ ਘੰਟਿਆਂ ਦੀ ਲਿਮਟ, ਕਾਰਖ਼ਾਨਿਆਂ ਦਾ ਕੌਮੀਕਰਨ ਆਦਿ। ਉਸ ਨੇ ਦੱਸਿਆ ਕਿ ਉਹਨਾਂ ਦੇ ਮਿੱਥੇ ਇਹ ਸਾਰੇ ਟੀਚੇ ਭਾਰਤ ਵਿੱਚ ਬਦ ਤੋਂ ਬਦਤਰ ਹੋ ਗਏ ਹਨ। ਸ਼ਹੀਦਾਂ ਦੇ ਇਨਕਲਾਬ ਬਾਰੇ, ਨੌਜਵਾਨਾਂ ਬਾਰੇ, ਅਛੂਤਾਂ ਬਾਰੇ, ਔਰਤਾਂ ਬਾਰੇ, ਧਰਮ ਬਾਰੇ, ਅਧਿਅਨ ਕਰਨ ਬਾਰੇ ਦਿੱਤੇ ਵਿਚਾਰਾਂ 'ਤੇ ਸਾਨੂੰ ਸਦੀ ਬਾਅਦ ਵੀ ਉਹੋ ਜਿਹੀ ਹੀ ਨਜ਼ਰਸਾਨੀ ਦੀ ਲੋੜ ਹੈ। ਇਹੋ ਜਿਹੀਆਂ ਮੀਟਿੰਗਾਂ ਵਿੱਚ ਨੌਜਵਾਨਾਂ ਦੀ ਘਾਟ ਨੂੰ ਮਹਿਸੂਸ ਕਰਦਿਆਂ ਇਸ ਦੇ ਕਾਰਣਾਂ ਬਾਰੇ ਸੋਚਣਾ, ਵਿਚਾਰ ਕਰਨਾ ਚਾਹੀਦਾ ਹੈ, ਕਿਹਾ। ਡਾ. ਸਾਧੂ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਮੌਕੇ ਉਦਾਸੀ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਕਮਿਊਨਿਸਟ ਪਾਰਟੀ ਨੇ ਬਹੁਤ ਕੰਮ ਕੀਤਾ ਤੇ ਲੋਕਾਂ ਵਿੱਚ ਰੋਹ ਸਦਕਾ ਹੀ ਦੇਸ਼ ਅਜ਼ਾਦ ਹੋਇਆ ਸੀ। ਬਾਅਦ ਵਿੱਚ ਵੀ ਕੰਮ ਹੁੰਦਾ ਰਿਹਾ ਪਰ ਜਦੋਂ ਪਾਰਟੀ ਵਿੱਚ ਦੁਫੇੜ ਪੈ ਗਈ ਤੇ ਸਾਰੀ ਦੁਨੀਆਂ ਵਿੱਚ ਹੀ ਸਮਾਜਵਾਦੀ ਫਲਸਫੇ ਵਿੱਚ ਵੀ ਪੂੰਜੀਵਾਦ ਦਾ ਬੋਲਬਾਲਾ ਹੋ ਗਿਆ। ਉਦੋਂ ਤੋਂ ਇਨਕਲਾਬ ਦੀ ਸੰਭਾਵਨਾ ਖ਼ਤਮ ਹੋ ਚੁੱਕੀ ਹੈ। ਕਾਨੂੰਨ ਨੂੰ ਕੋਈ ਨਹੀਂ ਪੁੱਛਦਾ ਚਾਹੇ ਅਮਰੀਕਾ, ਕੈਨੇਡਾ ਹੋਵੇ ਜਾਂ ਭਾਰਤ। ਸਰਕਾਰਾਂ ਕਾਰਪੋਰੇਸ਼ਨਾਂ ਦੀ ਜੇਬ ਵਿੱਚ ਹਨ। ਲਹਿਰ ਦੀ, ਪਾਰਟੀ ਦੀ ਗੈਰਮੌਜੂਦਗੀ ਕਾਰਣ ਲੋਕ ਸੰਗਠਿਤ ਨਹੀਂ ਹੋ ਰਹੇ। ਇਸ ਕਰਕੇ ਹੀ ਸਿਰੇ 'ਤੇ ਪਹੁੰਚਿਆ ਕਿਸਾਨੀ ਘੋਲ ਖੇਰੂੰ-ਖੇਰੂੰ ਹੋ ਗਿਆ ਹੈ। ਇਸ ਮੀਟਿੰਗ ਦੇ ਭਾਰਤ ਤੋਂ ਆਏ ਪ੍ਰਮੁੱਖ ਬੁਲਾਰੇ ਪੰਜਾਬੀ ਯੁਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਅਰਵਿੰਦ ਹੋਰਾਂ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਪੰਜਾਬ ਦੇ ਹਲਾਤਾਂ 'ਤੇ ਚਾਨਣਾ ਪਾਇਆ। ਉਹਨਾਂ ਨੇ ਯੁਨੀਵਰਸਿਟੀ ਦੇ ਕਾਲ ਵਿੱਚ ਕਿਹੋ ਜਿਹੀਆਂ ਤਬਦੀਲੀਆਂ ਲਿਆਂਦੀਆਂ ਜਿਨ੍ਹਾਂ ਕਰਕੇ ਪੜ੍ਹਾਈ ਸਿਰਫ਼ ਕਿੱਤੇ ਲਈ ਹੀ ਨਾ ਹੋਵੇ ਸਗੋਂ ਸਮਾਜ ਦੀ ਬਿਹਤਰੀ ਲਈ ਵੀ ਨੌਜਵਾਨ ਵਿਦਿਆਰਥੀ ਆਪਣਾ ਯੋਗਦਾਨ ਪਾ ਸਕਣ।ਨੌਜਵਾਨਾਂ ਨੂੰ ਤਿੰਨ ਤਰ੍ਹਾਂ ਦੇ ਵਿਗਿਆਨ ਪੜ੍ਹਾਏ ਜਾਣੇ ਚਾਹੀਦੇ ਹਨ। ਉਹਨਾਂ ਨੂੰ ਘੱਟੋ ਘੱਟ ਛੇ ਭਾਸ਼ਾਵਾਂ ਪੜ੍ਹਾਈਆਂ ਜਾਣ। ਵਿਦਿਆਰਥੀਆਂ ਦਾ ਵਿਦੇਸ਼ਾਂ ਵੱਲ ਨੂੰ ਰੁੱਖ ਕਰਨ ਦੇ ਕਾਰਣਾਂ 'ਤੇ ਵੀ ਗੰਭੀਰ ਗੱਲਬਾਤ ਕੀਤੀ। ਪੜ੍ਹਾਈ ਨੂੰ ਸਰਕਾਰੀ ਹੱਥਾਂ ਵਿੱਚੋਂ ਕੱਢ ਕੇ ਨਿੱਜੀ ਅਜਾਰੇਦਾਰੀ ਦਾ ਸੋਮਾ ਬਣਾ ਕੇ ਨਿੱਜੀ ਹਿਤਾਂ ਦੀ ਪੂਰਤੀ ਜੋਗਾ ਬਣਨ ਦੀ ਹੋੜ ਹੇਠ ਲੋਕਾਂ ਵਿੱਚੋਂ ਭਾਈ ਭਰੱਪਣ ਦਾ ਸੰਕਲਪ ਖ਼ਤਮ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਵਾਤਾਵਰਣ ਦਾ ਸੰਕਟ ਹੁਣ ਸਿਖ਼ਰ 'ਤੇ ਹੈ ਕਿਉਂਕਿ ਸਿਰਫ਼ 2% ਜੰਗਲ ਹੈ, ਜੀਵ ਜੰਤੂ ਜ਼ਹਿਰੀਲੀਆਂ ਦਵਾਈਆਂ ਕਾਰਣ ਮਰ ਖਪ ਗਏ ਹਨ। ਅੰਤ ਵਿੱਚ ਡਾ. ਛਿੰਦਰ ਪੁਰੇਵਾਲ, ਮੱਖਣ ਟੁੱਟ, ਡਾ. ਰਾਜਵੀਰ ਸਿੰਘ ਚੌਹਾਨ ਤੇ ਲਖਬੀਰ ਖੁਣਖੁਣ ਵਲੋਂ ਸਵਾਲ ਕੀਤੇ ਗਏ ਤੇ ਡਾ. ਅਰਵਿੰਦ ਹੋਰਾਂ ਨੇ ਬਹੁਤ ਹੀ ਵਧੀਆ ਢੰਗ ਨਾਲ ਸਵਾਲਾਂ ਦੇ ਜਵਾਬ ਦਿੱਤੇ। ਇਸ ਸਮੇਂ ਕਿਤਾਬਾਂ ਦਾ ਸਟਾਲ ਵੀ ਲਾਇਆ ਗਿਆ। ਦਰਸ਼ਕਾਂ ਨੇ ਆਪਣੀਆਂ ਮਨਪਸੰਦ ਕਿਤਾਬਾਂ ਵੀ ਖ੍ਰੀਦੀਆਂ । ਅੰਤ ਵਿੱਚ ਕ੍ਰਿਪਾਲ ਬੈਂਸ ਵਲੋਂ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ। ਚਾਹ ਪਾਣੀ ਅਤੇ ਹੋਰ ਸਾਰਾ ਪ੍ਰਬੰਧ ਡਿਫੈਂਸ ਕਮੇਟੀ ਦੇ ਪ੍ਰਧਾਨ ਇਕਬਾਲ ਪੁਰੇਵਾਲ, ਭਿੰਦਰ ਪੁਰੇਵਾਲ, ਹਰਬੰਸ ਦੁਸਾਂਝ, ਮੱਖਣ ਦੁਸਾਂਝ ਤੇ ਮਲਕੀਤ ਸਵੈਚ ਵਲੋਂ ਕੀਤਾ ਗਿਆ।



ਅਹਿਮੀਅਤ ਕੌਰ ਉਮਰ 19 ਸਾਲ ਨੇ ਕੈਲਗਰੀ ਤੋਂ ਨੈਸ਼ਨਲ ਲਈ ਕੋਆਲੀਫਾਈ ਕੀਤਾ। ਉਸ ਨੇ ਅਲਬਰਟਾ ਵਿਚ ਜੂਨੀਅਰ ਵੇਟਲਿਫਟਿੰਗ ਵਿਚ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਤਸਵੀਰ ਵਿਚ ਦਿਖਾਈ ਦੇ ਰਹੇ ਹਨ ਉਨ੍ਹਾਂ ਦੇ ਨਾਨਾ ਜੀ ਸ੍ਰ. ਜੋਗਿੰਦਰ ਸਿੰਘ ਸੰਧੂ ਅਤੇ ਕੋਚ ਮਿਸਟਰ ਹੌਲ।








ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਸੋਸ਼ਲ ਮੀਡੀਏ ਦੀ ਦਹਿਸ਼ਤਗਰਦੀ !



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਾਲ 2017 ਦੀਆਂ ਚੋਣਾਂ ਦੌਰਾਨ ਅਕਾਲੀ ਦਲ, ਕਾਂਗਰਸ ਹੱਥੋਂ ਹਾਰ ਗਿਆ, 2022 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਹਨ੍ਹੇਰੀ ਵਿਚ ਅਕਾਲੀ ਦਲ ਦਾ ਸਫਾਇਆ ਹੋ ਗਿਆ। ਫਿਰ ਵੀ ਵੋਟਰ ਪ੍ਰਤੀਸ਼ਤ ਵਿਚ ਪੰਥਕ ਵੋਟਰਾਂ ਅੰਦਰ ਪਾਰਟੀ ਦੀ ਥੋੜ੍ਹੀ ਬਹੁਤ ਹਾਜ਼ਰੀ ਬਣੀ ਰਹੀ। ਪ੍ਰੰਤੂ ਗੱਲ ਇੱਥੇ ਵੀ ਰੁਕੀ ਨਾ, ਕਹਾਣੀ ਉਸ ਸਮੇਂ ਸਿਰੇ ਲੱਗੀ, ਜਦੋਂ 2024 ਦੀਆਂ ਪਾਰਲੀਮਾਨੀ ਚੋਣਾਂ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਕੋਲ਼ੋਂ ਜ਼ਮਾਨਤਾਂ ਵੀ ਬਚਾਈਆਂ ਨਾ ਜਾ ਸਕੀਆਂ। ਸਭ ਨੂੰ ਪਤਾ ਹੈ ਕਿ ਲੋਕਾਂ ਵਲੋਂ ਸੁਖਬੀਰ ਬਾਦਲ ਤੇ ਉਸਦੀ ਪਾਰਟੀ ਨੂੰ ਇੱਕ ਵਾਰ ਨਹੀਂ, ਬਲਕਿ ਵਾਰ-ਵਾਰ ਰੱਦ ਕਰਕੇ ਸਖ਼ਤ ਤੋਂ ਸਖ਼ਤ ਰਾਜਸੀ ਸਜ਼ਾ ਸੁਣਾ ਦਿੱਤੀ ਗਈ ਸੀ। ਸਾਡੇ ਵਲੋਂ ਬਾਦਲਾਂ ਦਾ ਕੋਈ ਡੀਫੈਂਸ ਨਹੀਂ ਹੈ ਅਤੇ ਇਸ ਲੇਖ ਵਿਚ ਸਾਡਾ ਸੁਖਬੀਰ ਬਾਦਲ ਦਾ ਡੀਫੈਂਸ ਲੈਣ ਦਾ ਕੋਈ ਇਰਾਦਾ ਵੀ ਨਹੀਂ ਹੈ। ਸਾਡਾ ਵਿਸ਼ਾ ਸ੍ਰੀ ਅਕਾਲ ਤਖਤ ਸਾਹਿਬ ’ਤੇ ਉਸਦੀ ਹੋਈ ਪੇਸ਼ੀ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਈ ਪੈਰ ਗੱਡਵੀਂ ਸਿਆਸਤ ਦਾ ਹੈ। ਜੋ ਕਿ ਸ਼ਰ੍ਹੇਆਮ ਜਥੇਦਾਰਾਂ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਲਈ ਲਗਾਤਾਰ ਸ਼ਿਸਤ ਲਗਾ ਕੇ ਕੀਤੀ ਗਈ ਹੈ। ਅਸੀਂ ਕੇਵਲ ਇਹ ਦੇਖਣਾ ਹੈ ਕਿ ਇਹ ਸਾਰਾ ਕੁਝ ਕਿਵੇਂ ਹੋਇਆ? ਇਹ ਸਰਬ-ਪ੍ਰਵਾਨਤ ਨਿਯਮ ਹੈ ਕਿ ਕੋਰਟ ਅੰਦਰ ਲੱਗੇ ਕਿਸੇ ਅਹਿਮ ਕੇਸ ਬਾਰੇ ਮੀਡੀਆ ਅੰਦਰ ਅਜਿਹੀ ਕੋਈ ਟਿੱਪਣੀ ਨਾ ਕੀਤੀ ਜਾਵੇ, ਜਿਸਦੇ ਸਿੱਟੇ ਵਜੋਂ ਜੱਜ ਦਾ ਫੈਸਲਾ ਅਸਰ-ਅੰਦਾਜ਼ ਹੋਣ ਦੀ ਸੰਭਾਵਨਾ ਹੋਵੇ। ਸ੍ਰੀ ਅਕਾਲ ਤਖਤ ਸਾਹਿਬ ਵਰਗੀ ਸਨਮਾਨਿਤ ਕਚਹਿਰੀ ਦੇ ਕੇਸ ਵਿਚ ਤਾਂ ਅਜਿਹੀ ਕੋਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਵੱਖ-ਵੱਖ ਦੇਸ਼ਾਂ ਦੀਆਂ ਰਵਾਇਤਾਂ ਅਨੁਸਾਰ ਅਹਿਮ ਫੈਸਲਿਆਂ ਵਾਸਤੇ ਕੋਰਟ ਦੇ ਜੱਜਾਂ ਲਈ ਜਿਊਰੀ ਦੀ ਵਿਵਸਥਾ ਹੁੰਦੀ ਹੈ। ਤਖਤਾਂ ਦੇ ਜਥੇਦਾਰ ਵੀ ਕਿਸੇ ਅਹਿਮ ਨਾਜ਼ੁਕ ਮਸਲੇ ਸਬੰਧੀ ਕੋਈ ਫੈਸਲਾ ਲੈਣ ਲਈ ਭਾਈਚਾਰੇ ਦੇ ਮੋਹਤਬਰ ਤੇ ਸਤਿਕਾਰਤ ਵਿਅਕਤੀਆਂ ਨਾਲ਼ ਸਲਾਹ-ਮਸ਼ਵਰਾ ਕਰ ਸਕਦੇ ਹਨ। ਪ੍ਰੰਤੂ ਕੀ ਅਜਿਹੇ ਸਲਾਹ-ਮਸ਼ਵਰੇ ਸੋਸ਼ਲ ਮੀਡੀਆ ’ਤੇ ਨੰਗੀ ਚਿੱਟੀ ਪ੍ਰਵਚਨੀ ਦਹਿਸ਼ਤਗਰਦੀ ਨਾਲ਼ ਦਿੱਤੇ ਜਾਣੇ ਚਾਹੀਦੇ ਹਨ? ਜਿਸ ਤਰ੍ਹਾਂ ਕਿ ਇਸ ਵਿਵਾਦ ਦੇ ਸਾਰੇ ਅਰਸੇ ਦੌਰਾਨ ਭਾਂਤ-ਭਾਂਤ ਦੇ ਚੈਨਲਾਂ ਰਾਹੀਂ ਸਾਡੇ ਬੁੱਧੀਜੀਵੀਆਂ ਅਤੇ ਨਾਮਵਰ ਸੀਨੀਅਰ ਪੱਤਰਕਾਰਾਂ ਵਲੋਂ ਜਥੇਦਾਰਾਂ ਨੂੰ ਕਾਰਨਰ ਕਰਨ ਦੀ ਕੋਸ਼ਿਸ਼ ਕਰਦਿਆਂ, ਉਨ੍ਹਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਦਿੱਤੇ ਜਾਂਦੇ ਰਹੇ ਹਨ।

ਸ਼ੁਰੂ-ਸ਼ੁਰੂ ਵਿਚ ਇਨ੍ਹਾਂ ਦਾ ਸਾਰਾ ਜ਼ੋਰ ਜਥੇਦਾਰਾਂ ਨੂੰ ਇੱਕੋ ਗੱਲ ਜਚਾਉਣ ’ਤੇ ਲੱਗਾ ਰਿਹਾ ਕਿ ਉਨ੍ਹਾਂ ਕੋਲ਼ ਦੋ ਹੀ ਰਾਹ ਹਨ: ‘ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਬਣ ਕੇ ਜੱਸ ਖੱਟਣਾ ਹੈ ਜਾਂ ਜਥੇਦਾਰ ਗੁਰਬਚਨ ਸਿੰਘ ਵਾਂਗੂੰ ਆਪਣਾ ਮੂੰਹ ਕਾਲ਼ਾ ਕਰਾ ਕੇ ਪੰਥਕ ਕਚਹਿਰੀ ਵਿਚੋਂ ਬੇਆਬਰੂ ਹੋ ਕੇ ਬਾਹਰ ਜਾਣਾ ਹੈ’। ਇਨ੍ਹਾਂ ਵਿਚੋਂ ਜ਼ਿਆਦਾ ਜੋਸ਼ੀਲੇ ਸੱਜਣ, ਵਾਰ-ਵਾਰ ਇਹ ਵੀ ਦੁਹਰਾਈ ਜਾਂਦੇ ਸਨ ਕਿ ਅਸੀਂ ਤੁਹਾਨੂੰ ਸਲਾਹਾਂ ਦੇਣ ਵਾਲ਼ੇ ਕੌਣ ਹੁੰਦੇ ਹਾਂ। ਪਰ ਸਥਿਤੀ ਸਾਫ ਹੈ ਕਿ ਤੁਹਾਡੇ ਕੋਲ਼ ਸਿਰਫ ਦੋ ਹੀ ਰਾਹ ਹਨ, ਬਾਕੀ ਫੈਸਲਾ ਤੁਹਾਡੇ ਹੱਥ ਹੈ। ਚੈਨਲ ਸੁਣਦਿਆਂ ਹੈਰਾਨੀ ਹੁੰਦੀ ਹੈ ਕਿ ਇਹ ਗੱਲ ਇਨ੍ਹਾਂ ਭਲੇਮਾਣਸਾਂ ਵਲੋਂ ਆਪਣੀ ਹਰ ਵੀਡੀਓ ਵਿਚ ਨਹੀਂ ਤਾਂ ਦੂਜੀ-ਤੀਜੀ ਵੀਡੀਓ ਵਿਚ ਜ਼ਰੂਰ ਦੁਹਰਾਈ ਹੋਈ ਹੈ। ਕਈ ਵੀਡੀਓਜ਼ ਤਾਂ ਅਜਿਹੀਆਂ ਹਨ ਕਿ ਯੂਨੀਵਰਸਿਟੀ ਦੇ ਕਿਸੇ ਪ੍ਰੋਫੈਸਰ ਨੂੰ ਆਪਣੇ ਕਿਸੇ ਵਿਦਿਆਰਥੀ ਤੋਂ ਇਸ ਉਪਰ ਥੀਸਸ ਹੀ ਲਿਖਵਾ ਲੈਣਾ ਚਾਹੀਦਾ ਹੈ ਤਾਂ ਕਿ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਲਈ ਇਨ੍ਹਾਂ ਦੀ ਇਹ ਕਲਾਕਾਰੀ ਸਾਂਭੀ ਰਹੇ। ਦੂਸਰਾ ਅਹਿਮ ਫੰਡਾ ਇਨ੍ਹਾਂ ਸੱਜਣਾਂ ਦੇ ਹੱਥ 2 ਦਸੰਬਰ ਤੋਂ ਬਾਅਦ ਆ ਜਾਂਦਾ ਹੈ ਕਿ ਜਥੇਦਾਰ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੁਕਮਨਾਮਾ ਸੁਣਾਉਂਦਿਆਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੀ ਲੀਡਰਸ਼ਿਪ ਨੂੰ ਇਖਲਾਕੀ ਤੌਰ ’ਤੇ ਅਗਵਾਈ ਕਰਨ ਦੇ ਅਯੋਗ ਕਰਾਰ ਦਿੱਤਾ ਹੈ। ਹੁਕਮਨਾਮਾ-ਹੁਕਮਨਾਮਾ ਹੁੰਦਾ ਹੈ, ਇਹ ਇੰਨ-ਬਿੰਨ ਲਾਗੂ ਹੋਣਾ ਚਾਹੀਦਾ ਹੈ। ਜਥੇਦਾਰਾਂ ਨੂੰ ਵਾਰ-ਵਾਰ ਇਹ ਗੱਲ ਚੇਤੇ ਕਰਾਉਣ ਤੁਰ ਪੈਂਦੇ ਹਨ ਕਿ ਹੁਕਮਨਾਮਾ ਲਾਗੂ ਕਰਾਉਣ ਦੀ ਇਖਲਾਕੀ ਜ਼ਿੰਮੇਵਾਰੀ ਤੋਂ ਉਹ ਹੁਣ ਭੱਜ ਨਹੀਂ ਸਕਦੇ।

ਸੁਖਬੀਰ ਬਾਦਲ ਅਤੇ ਉਸਦੇ ਸਾਥੀ ਆਗੂ ਪਸ਼ਚਾਤਾਪ ਵਜੋਂ ਸ੍ਰੀ ਅਕਾਲ ਤਖਤ ਤੋਂ ਲੱਗੀ ਸਜ਼ਾ ਪੂਰੀ ਕਰ ਲੈਂਦੇ ਹਨ, ਸੌਦਾ ਸਾਧ ਨੂੰ ਦਿੱਤੀ ਮੁਆਫੀ ਨੂੰ ਜਸਟੀਫਾਈ ਕਰਨ ਲਈ ਦਿੱਤੇ ਇਸ਼ਤਿਹਾਰਾਂ ਦਾ ਖਰਚਾ ਵਿਆਜ ਸਮੇਤ ਸ਼੍ਰੋਮਣੀ ਕਮੇਟੀ ਦੇ ਖਾਤੇ ਵਿਚ ਜਮ੍ਹਾਂ ਵੀ ਕਰਾ ਦਿੰਦੇ ਹਨ। ਉਸ ਤੋਂ ਬਾਅਦ ਮੁਕਤਸਰ ਸਾਹਿਬ, ਵਿਖੇ ਮਾਘੀ ਮੇਲੇ ਦੌਰਾਨ ਆਪਣੀ ਕਾਨਫਰੰਸ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਅਦਾਲਤ ’ਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਵਾਪਿਸ ਲਏ ‘ਫਖਰ-ਏ-ਕੌਮ’ ਅਵਾਰਡ ਦੇ ਫੈਸਲੇ ’ਤੇ ਨਵੇਂ ਸਿਰਿਉਂ ਨਜ਼ਰਸਾਨੀ ਕਰਨ ਲਈ ਸੰਗਤ ਤੋਂ ਹੱਥ ਖੜ੍ਹੇ ਕਰਾ ਕੇ ਦਰਖਾਸਤ ਦਿੰਦੇ ਹਨ। ਹੁਣ ਇਹ ਸੱਜਣ ਇਸ ਅਪੀਲ ਨੂੰ ਅਕਾਲ ਤਖਤ ਤੋਂ ਆਏ ਹੁਕਮਨਾਮੇ ਨੂੰ ਚੁਣੌਤੀ ਦੱਸਣੀ ਸ਼ੁਰੂ ਕਰ ਦਿੰਦੇ ਹਨ। ਅਜਿਹਾ ਪ੍ਰਬੰਧ ਤਾਂ ਦੁਨਿਆਵੀ ਸੁਪਰੀਮ ਕੋਰਟਾਂ ਵਿਚ ਵੀ ਹੁੰਦਾ ਹੈ ਕਿ ਕਥਿਤ ਦੋਸ਼ੀ ਅਪੀਲ ਕਰ ਸਕਦਾ ਹੈ। ਭਾਵੇਂ ਕਿ ਬਾਦਲ ਇਸ ਗੱਲ ਨੂੰ ਉਥੇ ਹੀ ਛੱਡ ਦਿੰਦੇ ਹਨ ਅਤੇ ਮੁੜ ਕਿਤੇ ਜ਼ਿਕਰ ਨਹੀਂ ਕਰਦੇ। ਹੁਣ ਅਕਾਲੀ ਦਲ ਦੀ ਨਵੀਂ ਭਰਤੀ ਦੀ ਨਿਗਰਾਨੀ ਲਈ ਬਣਾਈ 7 ਮੈਂਬਰੀ ਕਮੇਟੀ ਦਾ ਗੁੰਝਲਦਾਰ ਮਸਲਾ ਆ ਜਾਂਦਾ ਹੈ। ਇਸ ਮਸਲੇ ’ਤੇ ਅਕਾਲੀ ਆਗੂ ਜਥੇਦਾਰ ਕੋਲ਼ ਵਾਰ-ਵਾਰ ਗੁਹਾਰ ਲਗਾਉਂਦੇ ਹਨ ਕਿ ਅਜਿਹਾ ਕਰਨ ਨਾਲ਼ ਉਨ੍ਹਾਂ ਨੂੰ ਪਾਰਟੀ ਲਈ ਸੰਵਿਧਾਨਕ ਅੜਚਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੀ ਇਹ ਆਖਣ ਦੀ ਜ਼ੁਰਅਤ ਨਹੀਂ ਪੈਂਦੀ ਕਿ ਇਸ ਤਰ੍ਹਾਂ ਰਾਜਸੀ ਪਾਰਟੀਆਂ ਅੰਦਰ ਨਾ ਕਦੇ ਏਕਾ ਹੋਇਆ ਹੈ ਅਤੇ ਨਾ ਹੀ ਹੁਣ ਹੋਣਾ ਹੈ।

ਵੇਖਣਾ ਇਹ ਹੈ ਕਿ ਸਿੱਖ ਪੰਥ ਵਿਚ ਇਸ ਵਕਤ ਇੱਕ ਨਹੀਂ ਅਨੇਕ ਪੰਥਕ ਧਿਰਾਂ ਹਨ, ਕੀ ਇਨ੍ਹਾਂ ਸਾਰਿਆਂ ਦੀ ਹੁਕਮਨਾਮਿਆਂ ਰਾਹੀਂ ਧੱਕੇ ਨਾਲ਼ ਏਕਤਾ ਕਰਾਈ ਜਾ ਸਕਦੀ ਹੈ? ਕੀ ਕਿਸੇ ਵੀ ਪਾਰਟੀ ਦਾ ਕੋਈ ਆਗੂ, ਕਦੇ ਵੀ ਸ਼ਰ੍ਹੇਆਮ ਆਪਣੇ ਰਾਜਨੀਤਕ ਵਿਰੋਧੀ ਨਾਲ਼ ਇਕੱਠਿਆਂ ਚੱਲ ਸਕਦਾ ਹੈ? ਪਰ ਪੱਤਰਕਾਰਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ। ਉਹ ਹੁਕਮਨਾਮਾ-ਹੁਕਮਨਾਮਾ ਹੁੰਦਾ ਹੈ ਅਤੇ ਇਸਦੀ ਸਰਬਉਚਤਾ ’ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ; ਜਥੇਦਾਰਾਂ ਨੂੰ ਵਾਰ-ਵਾਰ, ਇਹ ਪ੍ਰਵਚਨੀ ਚਿਤਾਵਨੀਆਂ ਜਾਰੀ ਰੱਖਦੇ ਹਨ ਕਿ ਜਥੇਦਾਰ ਜੇਕਰ ਰਤਾ ਵੀ ਪਿੱਛੇ ਹਟੇ ਤਾਂ ਉਨ੍ਹਾਂ ਨੇ ਸਾਰਾ ਕੇਸ ਦੁਬਾਰਾ ਸੰਗਤਾਂ ਦੀ ਕਚਹਿਰੀ ਵਿਚ ਲੈ ਜਾਣਾ ਹੈ।

ਰਾਜਸੀ ਲੀਡਰਾਂ ਦੀਆਂ ਅਜਿਹੀਆਂ ਏਕਤਾਵਾਂ ਨੂੰ ਸਮਝਣ ਲਈ ਇੰਦਰਾ ਗਾਂਧੀ ਦੇ ਸਮੇਂ ਕਾਂਗਰਸੀ ਲੀਡਰਾਂ ਦੀ ਫੁੱਟ ਤੇ ਏਕਤਾ ਦਾ ਵਰਤਾਰਾ ਸਹਾਈ ਹੋ ਸਕਦਾ ਹੈ। ਸਾਲ 1969 ਦੀਆਂ ਮੱਧਕਾਲੀ ਚੋਣਾਂ ਵਿਚ ਉਸਦੀ ਪਾਰਟੀ ਕਈ ਰਾਜਾਂ ਵਿਚ ਚੋਣਾਂ ਹਾਰ ਗਈ ਤਾਂ ਨਿਜਲਿਨਗੱਪਾ, ਕਾਮਰੇਜ਼, ਅਤੁਲਿਆ ਘੋਸ਼ ਵਰਗੇ ਸਿੰਡੀਕੇਟ ਦੇ ਸੀਨੀਅਰ ਕਾਂਗਰਸੀ ਨੇਤਾਵਾਂ ਨੇ ਉਸਨੂੰ ਪਾਰਟੀ ਵਿਚੋਂ ਕੱਢ ਮਾਰਿਆ ਸੀ। ਪਰ ਇੰਦਰਾ ਗਾਂਧੀ ਨੇ ਹੌਸਲਾ ਨਾ ਛੱਡਿਆ ਅਤੇ ਆਪਣੇ ਨਾਮ ’ਤੇ ਇੰਦਰਾ ਕਾਂਗਰਸ ਨਵੀਂ ਪਾਰਟੀ ਬਣਾਈ। ਸਾਲ 1971-72 ਦੌਰਾਨ ਪਹਿਲਾਂ ਪਾਰਲੀਮਾਨੀ ਤੇ ਫਿਰ ਦੇਸ਼ ਭਰ ਵਿਚ ਸੂਬਾਈ ਚੋਣਾਂ ਦੌਰਾਨ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਤੋਂ ਕੇਵਲ 2-3 ਵਰ੍ਹਿਆਂ ਬਾਅਦ ਹੀ ਲੋਕ ਉਸ ਦੀਆਂ ਨੀਤੀਆਂ ਤੋਂ ਬਦਜ਼ਨ ਹੋ ਗਏ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਪੂਰੇ ਦੇਸ਼ ਅੰਦਰ ਉਸ ਵਿਰੁੱਧ ਵਿਸ਼ਾਲ ਅੰਦੋਲਨ ਖੜਾ ਹੋ ਗਿਆ। ਅਜਿਹੇ ਹਾਲਤਾਂ ਵਿਚ ਉਸਨੇ 1975 ਵਿਚ ਐਮਰਜੈਂਸੀ ਲਗਾਉਣ ਦਾ ਫੈਸਲਾ ਕਰ ਲਿਆ। ਐਮਰਜੈਂਸੀ ਤੋਂ ਬਾਅਦ ਉਸਦੀ ਸਥਿਤੀ ਸੁਖਬੀਰ ਬਾਦਲ ਦੀ ਹੁਣ ਵਾਲ਼ੀ ਸਥਿਤੀ ਤੋਂ ਵੀ ਭੈੜੀ ਹੋ ਗਈ ਸੀ। ਫਰਵਰੀ, 1977 ਦੀਆਂ ਚੋਣਾਂ ਵਿਚ ਕਸ਼ਮੀਰ ਤੋਂ ਨਾਗਾਲੈਂਡ ਤੱਕ ਉਸਦਾ ਬੁਰੀ ਤਰ੍ਹਾਂ ਸਫਾਇਆ ਹੋ ਗਿਆ। 1978 ਦੇ ਸ਼ੁਰੂ ਵਿਚ ਹੀ ਬ੍ਰਹਮਾਨੰਦ ਰੈਡੀ, ਵਾਈ ਬੀ ਚੌਹਾਨ, ਸਵਰਨ ਸਿੰਘ ਆਦਿ ਕੱਦਾਵਰ ਆਗੂਆਂ ਨੇ ਉਸਨੂੰ ਪਾਰਟੀ ਵਿਚੋਂ ਮੁੜ ਬਾਹਰ ਦਾ ਰਸਤਾ ਦਿਖਾ ਦਿੱਤਾ। ਇਸ ਮੌਕੇ ਪੱਛਮੀ ਬੰਗਾਲ ਤੋਂ ਉਸਦੇ ਵਿਸ਼ਵਾਸਪਾਤਰ ਆਗੂ ਪ੍ਰੀਆ ਰੰਜਨਦਾਸ ਮੁਣਸ਼ੀ ਨੇ ਉਸਨੂੰ ਪਾਰਟੀ ਅੰਦਰ ‘ਕੈਂਸਰ ਦੀ ਗਦੂਦ’ ਦੱਸਿਆ ਸੀ, ਜਿਸਨੂੰ ਬਾਹਰ ਕੱਢ ਕੇ ਕੈਂਸਰ ਦਾ ਓਪਰੇਸ਼ਨ ਕਰ ਦਿੱਤਾ ਗਿਆ ਸੀ। ਜਦੋਂ ਉਸਦੀ ‘ਇੰਦਰਾ ਕਾਂਗਰਸ’ ਦੇ ਵੀ ਤਕਰੀਬਨ ਸਾਰੇ ਵੱਡੇ ਸੀਨੀਅਰ ਆਗੂ ਉਸਦਾ ਸਾਥ ਛੱਡ ਚੁੱਕੇ ਸਨ ਅਤੇ ਉਸ ਦਾ ਪੂਰੇ ਇੰਡੀਆ ਵਿਚ ਲਗਭਗ ਸਫਾਇਆ ਹੋ ਗਿਆ ਸੀ। ਜੇ ਇੰਦਰਾ ਗਾਂਧੀ ਦੀ ਸ਼ਰੂਡ ਰਾਜਨੀਤੀ ਕਿਸੇ ਨੂੰ ਚੰਗੀ ਨਾ ਲੱਗੇ ਤਾਂ ਅਕਾਲੀ ਨੇਤਾਵਾਂ ਲਈ ਆਪਣੀ ਪਾਰਟੀ ਦੇ ਇਤਿਹਾਸ ਵਿਚੋਂ ਮਾਸਟਰ ਤਾਰਾ ਸਿੰਘ ਦੀ ਮਿਸਾਲ ਢੁਕਵੀਂ ਹੋ ਸਕਦੀ ਹੈ। ਉਹ ਅਨੇਕਾਂ ਮੌਕਿਆਂ ’ਤੇ ਇਕੱਲੇ ਰਹਿ ਜਾਂਦੇ ਰਹੇ। ਕਈ ਵਾਰ ਸੀਨੀਅਰ ਨੇਤਾਵਾਂ ਨੇ ਉਨ੍ਹਾਂ ਦਾ ਸਾਥ ਛੱਡਿਆ। ਉਹ ਇਕੱਲੇ ਆਪਣੀ ਵੱਖਰੀ ਅਕਾਲੀ ਪਾਰਟੀ ਬਣਾ ਕੇ ਕਾਮਯਾਬ ਹੁੰਦੇ ਰਹੇ ਸਨ ਕਿ ਨਹੀਂ? ਉਨ੍ਹਾਂ ਵਾਂਗ ਹੀ ਮੈਡਮ ਇੰਦਰਾ ਗਾਂਧੀ ਨੇ ਇੱਕ ਵਾਰ ਨਹੀਂ ਬਲਕਿ ਦੋ ਵਾਰੀ ਆਪਣੇ ਸੀਨੀਅਰ ਨੇਤਾਵਾਂ ਨਾਲੋਂ ਲੀਹਾਂ ਪਾੜ ਕੇ ਵੱਖਰੀ ਪਾਰਟੀ ਬਣਾਈ ਅਤੇ ਹਰ ਵਾਰ ਭਾਰੀ ਬਹੁਮਤ ਨਾਲ ਸਰਕਾਰਾਂ ਬਣਾਉਣ ਵਿਚ ਕਾਮਯਾਬ ਹੁੰਦੀ ਰਹੀ। ਚਾਹੀਦਾ ਤਾਂ ਇਹ ਸੀ ਕਿ ਬਾਦਲ ਅਕਾਲੀ ਦਲ ਦੇ ਬਾਗੀ ਆਗੂ, ਲੋਕਾਂ ਵਲੋਂ ਨਕਾਰੇ ਜਾ ਚੁੱਕੇ ਸੁਖਬੀਰ ਬਾਦਲ ਨਾਲ਼ੋਂ ਵੱਖ ਹੋ ਕੇ ਪੰਥਕ ਕਚਹਿਰੀ ਵਿਚ ਜਾਂਦੇ। ਪਰੰਤੂ ਉਨ੍ਹਾਂ ਅੰਦਰ ਅਜਿਹਾ ਕਰਨ ਲਈ ਲੋੜੀਂਦੀ ਇਖਲਾਕੀ ਜੁਰਅਤ ਬਿਲਕੁਲ ਨਹੀਂ ਸੀ। ਉਨ੍ਹਾਂ ਨੇ ਆਪਣੀ ਸਾਖ ਬਣਾਈ ਰੱਖਣ ਲਈ ਅਕਾਲ ਤਖਤ ਦਾ ਸਹਾਰਾ ਲੈਣਾ ਹੀ ਬੇਹਤਰ ਸਮਝਿਆ। ਕੀ ਉਨ੍ਹਾਂ ਨੂੰ ਕਹੇ ਜਾਂਦੇ ‘ਸੁਖਬੀਰ ਰੂਪੀ ਕੈਂਸਰ’ ਨੂੰ ਲਾਂਭੇ ਕਰਕੇ ਆਪਣਾ ਨਵਾਂ ਸ਼੍ਰੋਮਣੀ ਅਕਾਲੀ ਦਲ ਸਥਾਪਿਤ ਕਰਨ ਦਾ ਹੌਸਲਾ ਨਹੀਂ ਕਰਨਾ ਚਾਹੀਦਾ ਸੀ? ਜ਼ਰੂਰ ਇਉਂ ਹੀ ਹੋਣਾ ਚਾਹੀਦਾ ਸੀ।

1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਪਿਛਲੇ 50-60 ਵਰ੍ਹਿਆਂ ਤੋਂ ਸਾਡਾ ਭਾਈਚਾਰਾ ਪਹਿਲਾਂ ਹੀ ਅਨੇਕਾਂ ਦੁਸ਼ਵਾਰੀਆਂ, ਖੁਆਰੀਆਂ ਝੱਲ ਚੁੱਕਾ ਹੈ। ਕੀ ਸਿੱਖ ਲੀਡਰਾਂ, ਵਿਦਵਾਨਾਂ, ਬੁੱਧੀਜੀਵੀਨੁਮਾ ਪੱਤਰਕਾਰਾਂ ਦੀ ਸੁਪਨਸਾਜ਼ੀ ਦਾ ਅਮਲ ਛੱਡ ਕੇ ਭੋਲ਼ੀਆਂ-ਭਾਲ਼ੀਆਂ ਸਿੱਖ ਸੰਗਤਾਂ ਨੂੰ ਸਪੱਸ਼ਟ ਅਗਵਾਈ ਦੇਣ ਦੀ ਇਖਲਾਕੀ ਜ਼ਿੰਮੇਵਾਰੀ ਨਹੀਂ ਬਣਦੀ? ਕੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਪੂਰੇ ਸੰਜਮ ਤੇ ਦੂਰ-ਅੰਦੇਸ਼ੀ ਨਾਲ਼ ਨਹੀਂ ਨਿਭਾਉਣੀ ਚਾਹੀਦੀ? ਪ੍ਰੰਤੂ ਉਸ ਤਰ੍ਹਾਂ ਬਿਲਕੁਲ ਨਹੀਂ, ਜਿਸ ਅੰਦਾਜ਼ ਵਿਚ ਜਗਤਾਰ ਸਿੰਘ, ਜਤਿੰਦਰ ਪੰਨੂੰ, ਅਜਮੇਰ ਸਿੰਘ, ਹਮੀਰ ਸਿੰਘ, ਜਸਪਾਲ ਸਿੰਘ ਸਿੱਧੂ, ਹਰਵਿੰਦਰ ਭੱਟੀ, ਜਸਵੀਰ ਸਿੰਘ ਪੱਟੀ ਆਦਿ ਕਾਮਰੇਡੀ ਬਿਰਤੀ ਵਾਲ਼ੇ ਜਿਹਾਦੀ ਪੱਤਰਕਾਰਾਂ ਵਲੋਂ ਪਿਛਲੇ 6-7 ਮਹੀਨਿਆਂ ਦੇ ਵਾਦ-ਵਿਵਾਦ ਦੌਰਾਨ ਨਿਭਾਈ ਜਾ ਰਹੀ ਹੈ। ਕੀ ਇਨ੍ਹਾਂ ਸਾਬਕਾ ਕਾਮਰੇਡਾਂ ਦਾ ਸ੍ਰੀ ਅਕਾਲ ਤਖਤ ਅਤੇ ਅਕਾਲੀ ਰਾਜਨੀਤੀ ਪ੍ਰਤੀ ਅਨੋਖਾ ਹੇਰਵਾ ਦੇਖ ਕੇ ਹੈਰਾਨੀ ਨਹੀਂ ਹੁੰਦੀ? ਵੈਸੇ ਇਸ ਸਾਬਕਾ ਕਾਮਰੇਡੀ ਵਿਆਖਿਆ ਪ੍ਰਣਾਲ਼ੀ ਦਾ ਸ਼੍ਰੀ ਗਣੇਸ਼ 26 ਜਨਵਰੀ, 1986 ਨੂੰ ਸਿਰਮੌਰ ਪੱਤਰਕਾਰ ਭਾਅ ਜੀ ਦਲਬੀਰ ਸਿੰਘ ਵਲੋਂ ਕੀਤਾ ਗਿਆ ਸੀ। ਦਲਬੀਰ ਸਿੰਘ ਦੇ ਇਨ੍ਹਾਂ ਅਜੋਕੇ ਪੈਰੋਕਾਰਾਂ ਦੇ ਜਿਹਾਦੀ ਜੋਸ਼ ਅਤੇ ਉਤਸ਼ਾਹ ਨੂੰ ਵੇਂਹਦਿਆਂ, ਕੀ ਇਹ ਇਉਂ ਨਹੀਂ ਲਗਦਾ, ਜਿਵੇਂ ਕਹਿੰਦੇ ਹੁੰਦੇ ਆ ‘ਪਵਿੱਤਰ ਆਇਤਾਂ’ ਦੀ ਵਿਆਖਿਆ, ‘ਸ਼ੈਤਾਨ’ ਕਰ ਰਿਹਾ ਹੈ, ‘ਅੱਲਾ ਖ਼ੈਰ’ ਕਰੇ!

ਆਓ ਹੁਣ ਇਨ੍ਹਾਂ ਦੀ ਕਲਾਕਾਰੀ ਦੀਆਂ ਵੀਡੀਓਜ਼ ਦੇ ਕੁਝ ਵਿਸ਼ੇਸ਼ ਨਮੂਨੇ ਦੇਖੀਏ। ਸ੍ਰੀ ਅਕਾਲ ਤਖਤ ਸਾਹਿਬ ’ਤੇ ਹਾਜ਼ਰ ਹੋਣ ਤੋਂ ਪਹਿਲਾਂ ਸੁਖਬੀਰ ਬਾਦਲ ਪ੍ਰਧਾਨਗੀ ਤੋਂ ਲਾਂਭੇ ਹੋ ਕੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਐਕਟਿੰਗ ਪ੍ਰਧਾਨ ਬਣਾ ਦਿੰਦਾ ਹੈ। ‘ਪੰਜਾਬ ਟੈਲੀਵਿਜਨ’ ਉਪਰ 29 ਅਗਸਤ, 2024 ਨੂੰ ‘ਪਾਲਿਟਿਕਸ ’ਚ ਭੂਚਾਲ਼’ ਕਰ ਲਈ ਤਿਆਰੀ ਜਥੇਦਾਰਾਂ; ਰਾਜਨੀਤੀ ਹੇਠ ਪਿਛਾਂਹ ਹਟੇ ਸੁਖਬੀਰ ਬਾਦਲ’ ਦੇ ਸਿਰਲੇਖ ਹੇਠ ਇੱਕ ਵੀਡੀਓ ਹੈ। ਚੈਨਲ ਦਾ ਸੂਤਰਧਾਰ ਹਰਜਿੰਦਰ ਰੰਧਾਵਾ ਆਉਂਦੇ ਸਾਰ ਕਹਿੰਦਾ ਹੈ, ‘ਅਕਾਲੀ ਦਲ ਦੇ ਪ੍ਰਧਾਨ ਨੇ ਬੜੀ ਚੁਸਤ ਚਾਲ ਚੱਲਦਿਆਂ, ਆਪਣੀ ਜਗ੍ਹਾ ’ਤੇ ਬਲਵਿੰਦਰ ਸਿੰਘ ਭੂੰਦੜ ਨੂੰ ਐਕਟਿੰਗ ਪ੍ਰਧਾਨ ਬਣਾ ਦਿੱਤਾ ਹੈ’। ਸ੍. ਜਗਤਾਰ ਸਿੰਘ ਜੀ ਮੇਰਾ ਪਹਿਲਾ ਸਵਾਲ ਹੈ ਕਿ ਜੇਕਰ ਸਿੰਘ ਸਾਹਿਬ ਨੇ ਪੰਥਕ ਰਹੁਰੀਤਾਂ ਅਨੁਸਾਰ ਫੈਸਲਾ ਲੈਣਾ ਹੋਵੇ ਤਾਂ ਭਲਾ ਦੱਸਿਓ, ਪੰਥਕ ਰਹੁਰੀਤਾਂ ਕੀ ਹਨ? ਇੱਥੇ ਦੋਸ਼ੀਆਂ ਦੇ ਕੋਰੜੇ ਵੀ ਵੱਜੇ, ਗਲ਼ਾਂ ’ਚ ਤਖਤੀਆਂ ਵੀ ਪਈਆਂ, ਥਮਲਿਆਂ ਨਾਲ਼ ਵੀ ਬੰਨ੍ਹਿਆ ਗਿਆ। ਹੁਣ ਇੱਥੇ ਜਥੇਦਾਰਾਂ ਵਲੋਂ ਕਿਸ ਕਿਸਮ ਦਾ ਪੈਂਤੜਾ ਲਿਆ ਜਾਵੇਗਾ। ਅੱਗਿਓਂ ਜਗਤਾਰ ਸਿੰਘ ਕਹਿੰਦੇ: ਪੁਰਾਣਾ ਇਤਿਹਾਸ ਹੈ ਕਿ ਮੋਰਚਿਆਂ ਦੌਰਾਨ ਜੇਲ੍ਹਾਂ ’ਚ ਜਾਣ ਸਮੇਂ ਪਾਰਟੀ ਪ੍ਰਧਾਨ ਵਲੋਂ, ਆਪਣੀ ਥਾਂ ਐਕਟਿੰਗ ਪ੍ਰਧਾਨ ਬਣਾ ਕੇ ਜਾਣ ਦੀ ਪ੍ਰਥਾ ਰਹੀ ਹੈ। ਪ੍ਰੰਤੂ ਅੱਜ ਵਾਂਗੂੰ ਕਦੇ ਵੀ ਨਹੀਂ ਸੀ। ਜਦੇ ਹੀ ਉਹ ਅਕਾਲੀ ਪਾਰਟੀ ਦੇ ਸੰਵਿਧਾਨ ਦੀ ਕਾਪੀ ਚੁੱਕ ਕੇ ਉਸ ਵਿਚੋਂ ਛੇਵੀਂ ਕਲਾਜ ਪੜ੍ਹ ਕੇ ਸੁਣਾਉਣੀ ਸ਼ੁਰੂ ਕਰ ਦਿੰਦੇ ਹਨ।

ਇਨ੍ਹਾਂ ਵਲੋਂ 16 ਅਕਤੂਬਰ, 2024 ਨੂੰ ‘ਪੰਜਾਬ ਟੈਲੀਵਿਜਨ’ ’ਤੇ ਮਾਰੀਆਂ ਕੁਝ ਕਿਲਕਾਰੀਆਂ ਜ਼ਰਾ ਵੇਖੋ; ‘ਬਲੰਡਰ ਇੱਕ ਹੋਰ, ਠੁਕਿਆ ਇੱਕ ਹੋਰ ਕਿੱਲ’, ‘ਹੋਏਗਾ ਆਦੇਸ਼, ਅਸਤੀਫਾ ਨਾ-ਮਨਜ਼ੂਰ ਕਰਨ ਦਾ’, ਸਿਰਲੇਖ ਹੇਠਲੇ ਨਾਟਕੀ ਸੀਨ ਵਿਚ ਵਿਰਸਾ ਸਿੰਘ ਵਲਟੋਹਾ ਦੀ ਗੁਸਤਾਖੀ ਅਤੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਸਤੀਫਾ ਦੇਣ ਵਾਲ਼ੀ ਸ਼ਾਮ ਨੂੰ ਇਨ੍ਹਾਂ ਦੀ ਨਾਟਕੀ ਅਦਾਕਾਰੀ ਹਮੇਸ਼ਾਂ ਯਾਦ ਰੱਖੀ ਜਾਣ ਵਾਲ਼ੀ ਸੀ। ਨਾਟਕ ਦਾ ਸੂਤਰਧਾਰ ਹਰਜਿੰਦਰ ਸਿੰਘ ਰੰਧਾਵਾ, ਸੀਨ ’ਤੇ ਆਉਂਦਿਆਂ ਹੀ ‘ਗਿਆਨੀ ਹਰਪ੍ਰੀਤ ਸਿੰਘ ਦੀ ਅਸਤੀਫਾ ਦਿੰਦਿਆਂ ਰੂਹ ਕੁਰਲਾ ਰਹੀ ਸੀ’, ਸ਼ਬਦ ਬੋਲ ਕੇ ਕਿਸੇ ਮੰਝੇ ਹੋਏ ਗੇਂਦਬਾਜ਼ ਵਾਂਗ ਜਗਤਾਰ

ਸਿੰਘ ਅੱਗੇ ਗੁਗਲੀ ਸੁੱਟਦਾ ਹੋਇਆ ਕਹਿੰਦਾ ਹੈ: 'ਕੀ ਇਸ ਅਸਤੀਫੇ ਨੇ ਪੰਥਕ ਸਿਆਸਤ ਵਿਚ ਵੱਡਾ ਸੰਕਟ 'ਤੇ ਨਹੀਂ ਖੜਾ ਕਰ ਦਿੱਤਾ'? ਅੱਗੋਂ ਜਗਤਾਰ ਸਿੰਘ ਫੌਰਮ ਵਿਚ ਆਏ ਬੈਟਸਮੈਨ ਵਾਂਗੂੰ ਗੁਗਲੀ 'ਤੇ ਛੱਕਾ ਮਾਰਦੇ ਹੋਏ ਕਹਿੰਦੇ ਹਨ: 'ਇਸਨੂੰ ਸੰਕਟ ਕਹਿਣਾ ਤਾਂ ਬਹੁਤ ਛੋਟੀ ਗੱਲ ਹੈ, ਪੰਥਕ ਸੰਸਥਾਵਾਂ ਦੇ ਟਕਰਾਅ 'ਚ ਆਉਣ ਨਾਲ਼ ਇਹ ਤਾਂ ਬਹੁਤ ਵੱਡਾ ਕਹਿਰ ਵਾਪਰ ਗਿਆ ਹੈ, ਟੈਂਕਾਂ ਜਾਂ ਤੋਪਾਂ ਦਾ ਵਾਰ ਤਾਂ ਕੌਮਾਂ ਸਹਾਰ ਲੈਂਦੀਆਂ ਹਨ। ਪਰ ਆਪਣੇ ਅੰਦਰਲੇ ਦੁਸ਼ਮਣਾਂ ਵਲੋਂ ਕੀਤੇ ਜਾਂਦੇ ਵਿਚਾਰਧਾਰਕ ਅਟੈਕਾਂ ਨਾਲ਼ ਤਾਂ ਕੌਮਾਂ ਕਦੇ ਉਠ ਹੀ ਨੀ ਸਕਦੀਆਂ'। ਇਸੇ ਤਰ੍ਹਾਂ ਉਹ 2 ਦਸੰਬਰ, 2024 ਨੂੰ 'ਪੰਜਾਬ ਟੈਲਵਿਜਨ' 'ਤੇ ਆਪਣੀ ਪੇਸ਼ਕਾਰੀ ਇਸ ਸਨਸਨੀਖੇਜ਼ ਹੈਡਿੰਗ ਨਾਲ਼ ਕਰਦੇ ਹਨ: 'ਮੁੱਕਿਆ ਦੌਰ ਦਹਾਕਿਆਂ ਤੱਕ ਫੈਲੀ ਪਰਿਵਾਰਕ ਸਿਆਸਤ ਦਾ', 'ਇੱਕ-ਇੱਕ ਨੁਕਤੇ ਤੋਂ ਇਤਿਹਾਸਕ ਹੈ ਫੈਸਲਾ, ਸਿੰਘ ਸਾਹਿਬ ਦਾ'। ਇਸ ਸਿਰਲੇਖ ਹੇਠ ਜਗਤਾਰ ਸਿੰਘ ਦੀ ਖੁਸ਼ੀ ਤੇ ਤਸੱਲੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹ ਕਹਿੰਦੇ ਹਨ, ਇਸ ਤਰ੍ਹਾਂ ਦੇ ਇਤਿਹਾਸਕ ਫੈਸਲੇ ਦਾ ਜਲਵਾ ਮੈਂ 1979 ਵਿਚ ਉਦੋਂ ਦੇਖਿਆ ਸੀ, ਜਦੋਂ ਅਕਾਲੀ ਲੀਡਰ ਜਗਦੇਵ ਸਿੰਘ ਤਲਵੰਡੀ ਤੇ ਸਾਥੀਆਂ ਦੀ ਪੇਸ਼ੀ ਅਕਾਲ ਤਖਤ 'ਤੇ ਪਈ ਸੀ। ਮੈਨੂੰ ਅੱਜ ਪਤਾ ਲੱਗਾ ਕਿ ਛੇਵੇਂ ਪਾਤਸ਼ਾਹ ਵਲੋਂ ਸਥਾਪਿਤ ਤਖਤ ਦੀ ਪ੍ਰਭੂਸੱਤਾ ਦੀ ਆਨ-ਸ਼ਾਨ ਮੁੜ ਜਥੇਦਾਰਾਂ ਨੇ ਬਹਾਲ ਕਰ ਦਿੱਤੀ ਹੈ। ਜਿਹੜੀ ਪਿਛਲੇ 20-25 ਸਾਲਾਂ ਤੋਂ ਇੱਕ ਪਰਿਵਾਰ ਵਲੋਂ ਰੋਲ਼ੀ ਹੋਈ ਸੀ। ਸਾਡੇ ਇਨ੍ਹਾਂ ਵਿਦਵਾਨਾਂ ਦੀਆਂ ਯੂ-ਟਿਊਬ ਵੀਡੀਓਜ਼ ਦੇ ਸਨਸਨੀਖੇਜ਼ ਹੈਡਿੰਗ ਦੇਖੋ: 'ਉਡਾਤਾ ਹੁਕਮ ਹਵਾ 'ਚ ਸੁਪਰੀਮ ਸੰਸਥਾ ਦਾ', ਲਾਹ 'ਤੇ ਪਾਣੀ 'ਚ ਅਣਖੀ ਆਗੂ ਨੇ', 'ਪਾਤੀ ਹੱਥਾਂ ਪੈਰਾਂ ਦੀ ਸ਼ਰੀਕਾਂ ਨੂੰ; ਖੇਡਤਾ ਮਾਸਟਰ ਸਟਰੋਕ', 'ਦਿਖਾਤੀ ਥਾਂ ਅਕਾਲੀਆਂ ਨੂੰ ਜਥੇਦਾਰਾਂ ਨੇ', 'ਪਾਤੀ ਗੁਗਲੀ, ਕਰਤੇ ਕਲੀਨ ਬੋਲਡ ਘਾਗ ਪਲੇਅਰ ਗੇਮ ਦੇ' ਆਦਿ। ਇਸੇ ਤਰ੍ਹਾਂ 25 ਨਵੰਬਰ, 2024 ਦੀ; 'ਰੌਂਅ ਸਖਤ; ਹੋਣਗੇ ਬਾਹਰ ਪ੍ਰਧਾਨ ਸਮੇਤ ਵਜ਼ੀਰ ਤੇ ਕੋਰ ਕਮੇਟੀ ਲੀਡਰ; ਕਰਨਗੇ ਇੰਕਸ਼ਾਫ ਤਿੰਨ ਸਾਬਕਾ ਜਥੇਦਾਰ' ਸਿਰਲੇਖ ਹੇਠਲੀ ਵੀਡੀਓ ਵਿਚ ਰੰਧਾਵਾ ਸਵਾਲ ਸੁੱਟਦਾ ਹੈ। ਅੱਗੋਂ ਭੱਟੀ ਸਾਹਿਬ ਕਹਿੰਦੇ ਹਨ: 'ਜਿਸ ਤਰ੍ਹਾਂ ਪਿਛਲੇ ਸਮੇਂ 'ਚ ਅਕਾਲੀਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ। ਪੰਥ ਦੀਆਂ ਤਿੰਨੋਂ ਪ੍ਰਮੁੱਖ ਸੰਸਥਾਵਾਂ ਦੀ ਹਰ ਢੰਗ ਨਾਲ਼ ਹੇਠੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਹੁਣ ਤਾਂ ਸਪੱਸ਼ਟ ਲੱਗਦਾ ਹੈ ਕਿ ਉਹ ਇਨ੍ਹਾਂ ਦੇ ਜਕੜਜੱਫੇ ਵਿਚੋਂ ਮੁਕਤ ਹੋ ਕੇ ਇੱਕ ਧਿਰ ਦੇ ਪਾਲ਼ੇ 'ਚ ਖੜ ਗਏ ਹਨ। ਸੁਖਬੀਰ ਸਮੇਤ ਸਭ ਨੇਤਾਵਾਂ ਨੂੰ ਅਕਾਲ ਤਖਤ ਉਪਰ ਬੁਲਾ ਲਿਆ ਹੈ। ਇੱਥੋਂ ਨਵੀਂ ਸਿਆਸਤ ਦੀ ਸ਼ੁਰੂਆਤ ਹੋ ਸਕਦੀ ਹੈ, ਜਥੇਦਾਰਾਂ ਨੂੰ ਉਸ ਸਿਆਸਤ ਦਾ ਭੋਗ ਪਾਉਣਾ ਹੀ ਪੈਣਾ ਹੈ, ਜੋ 1996 ਤੋਂ ਆਨਵਰਡ ਚੱਲ ਰਹੀ ਸੀ।

ਇਸ ਚੱਲ ਰਹੀ ਚਰਚਾ ਵਿਚ ਇੱਕ ਹੋਰ ਅਨੁਭਵੀ ਸਿੱਖ ਚਿੰਤਕ ਪ੍ਰੋ. ਕੇਹਰ ਸਿੰਘ ਵੀ ਵੱਖ-ਵੱਖ ਚੈਨਲਾਂ 'ਤੇ ਤਕਰੀਬਨ ਰੋਜ਼ਾਨਾ ਵਿਚਾਰ ਦਿੰਦੇ ਹਨ। ਉਨ੍ਹਾਂ ਦੀ ਸੁਰ ਜਗਤਾਰ ਸਿੰਘ, ਹਮੀਰ ਸਿੰਘ, ਜਤਿੰਦਰ ਪੰਨੂੰ ਆਦਿ ਦੀ ਹੁਕਮਰਾਨਾ ਸੁਰ ਤੋਂ ਬੇਸ਼ੱਕ ਥੋੜ੍ਹੀ ਵੱਖਰੀ ਹੈ। ਪਰ ਉਹ ਵੀ ਵਾਰ-ਵਾਰ ਇੱਕੋ ਰਾਗ ਅਲਾਪਦੇ ਰਹੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਸਰਬਉਚ ਹੈ, ਬਖਸ਼ਿੰਦ ਹੈ ਅਤੇ ਉਥੋਂ ਜਾਰੀ ਹੁਕਮਨਾਮਿਆਂ ਨੂੰ ਨਾ ਮੰਨ ਕੇ ਪੰਜਾਬ ਅੰਦਰ ਕਿਸੇ ਪੰਥਕ ਧਿਰ ਦਾ ਗੁਜ਼ਾਰਾ ਹੋ ਹੀ ਨਹੀਂ ਸਕਦਾ। ਉਹ ਵੀ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿ ਕੀ ਅਕਾਲੀ ਧੜਿਆਂ ਦੀ ਅਜਿਹੀ ਜਬਰੀ ਏਕਤਾ ਕਦੇ ਸੰਭਵ ਹੋ ਸਕਦੀ ਹੈ? ਉਹ ਬੜੇ ਸੂਝਵਾਨ ਵਿਦਵਾਨ ਹਨ, ਪਰ ਪਤਾ ਨਹੀਂ ਕਿਸ ਆਧਾਰ 'ਤੇ ਹੁਕਮਨਾਮਿਆਂ ਦੇ ਇੰਨ-ਬਿੰਨ ਲਾਗੂ ਹੋਣ ਦੀ ਮੁਹਾਰਨੀ ਪੜ੍ਹੀ ਜਾਂਦੇ ਹਨ? ਬੜੀ ਹੈਰਾਨੀ ਹੁੰਦੀ ਹੈ ਕਿ ਦਾਨਸ਼ਵਰ ਸਿੱਖ ਚਿੰਤਕ ਅੰਦਰ ਏਨੀ ਗੱਲ ਕਹਿਣ ਦੀ ਵੀ ਇਖਲਾਕੀ ਜ਼ੁਰਅਤ ਨਹੀਂ ਹੈ ਕਿ ਜਥੇਦਾਰਾਂ ਵਲੋਂ ਅਕਾਲੀ ਆਗੂਆਂ ਨੂੰ ਸਖਤ ਧਾਰਮਿਕ ਸਜ਼ਾਵਾਂ ਲਗਾਉਣੀਆਂ ਤਾਂ ਠੀਕ ਹੋ ਸਕਦੀਆਂ ਸਨ, ਪਰ ਇੱਕ ਦੂਜੇ ਦੇ ਜਾਨੀ-ਦੁਸ਼ਮਣ ਬਣੇ ਹੋਏ ਆਗੂਆਂ ਨੂੰ ਇਸ ਤਰੀਕੇ ਧੱਕੇ ਨਾਲ਼ ਇਕੱਠੇ ਹੋਣ ਲਈ ਮਜਬੂਰ ਕਰਨਾ, ਸੰਭਵ ਨਹੀਂ ਸੀ। ਪ੍ਰੋ. ਕੇਹਰ ਸਿੰਘ ਨੂੰ ਤਾਂ ਸਗੋਂ ਜਥੇਦਾਰਾਂ ਨੂੰ ਇਸ ਰਾਜਸੀ ਸੰਕਟ ਮੌਕੇ ਉਚੀ ਸੁਰ ਵਿਚ ਕਹਿਣਾ ਚਾਹੀਦਾ ਸੀ ਕਿ ਸੋਸ਼ਲ ਮੀਡੀਆ ਅੰਦਰ ਪੱਤਰਕਾਰਾਂ ਦੇ ਪ੍ਰਭਾਵ ਹੇਠ ਆ ਕੇ ਫੈਸਲੇ ਨਾ ਕਰਨ। ਗਿਆਨੀ ਹਰਪ੍ਰੀਤ ਸਿੰਘ ਦੀ ਬਗਾਵਤ ਗਲਤ ਪਿਰਤ ਪਾਵੇਗੀ, ਜੋ ਕਿਸੇ ਵੀ ਸੂਰਤ ਵਿਚ ਨਹੀਂ ਪਾਉਣੀ ਚਾਹੀਦੀ। ਪ੍ਰੋ. ਕੇਹਰ ਸਿੰਘ ਧਰਮ, ਰਾਜਨੀਤੀ ਤੇ ਇਤਿਹਾਸ ਦੇ ਵਿਦਿਆਰਥੀ ਹਨ। ਸ਼ਾਇਦ ਉਨ੍ਹਾਂ ਨੂੰ ਪਤਾ ਹੋਵੇ ਕਿ ਇੰਗਲੈਂਡ ਦੇ ਬਾਦਸ਼ਾਹ ਹੈਨਰੀ ਦੂਜੇ ਵਲੋਂ ਨਿਯੁਕਤ ਕੀਤੇ ਆਪਣੇ ਵਿਸ਼ਵਾਸ ਪਾਤਰ, 'ਆਰਕ ਵਿਸ਼ਵ ਆਫ ਕੈਂਟਰਬਰੀ', ਥਾਮਸ ਬੈਕਟ ਵਿਚਾਲ਼ੇ ਅਜਿਹੇ ਹੀ ਕਿਸੇ ਨੁਕਤੇ 'ਤੇ ਇੱਕ ਦੂਜੇ ਦੇ ਅਧਿਕਾਰਾਂ ਦੇ ਸਵਾਲ 'ਤੇ 1163 ਤੋਂ 1170 ਤੱਕ ਜਦੋਂ ਰੌਲ਼ਾ ਪਿਆ ਰਿਹਾ ਸੀ ਤਾਂ ਅਖੀਰੀ ਸਿੱਟੇ ਕਿਤਨੇ ਭਿਆਨਕ ਨਿਕਲੇ ਸਨ। ਬੇਸ਼ੱਕ ਪ੍ਰੋ. ਸਾਹਿਬ ਨੂੰ ਇਹ ਤਾਂ ਪਤਾ ਹੈ ਕਿ ਜਥੇਦਾਰਾਂ ਨੂੰ ਲਗਾਉਣ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ਼ ਹੀ ਹੈ, ਫਿਰ ਵੀ ਉਹ ਲੋਕਾਂ ਨੂੰ ਭੁਲੇਖੇ ਜਿਹੇ ਵਿਚ ਪਾਈ ਰੱਖਣ ਲਈ ਕਹਿ ਰਹੇ ਹਨ ਕਿ ਜਥੇਦਾਰ ਦੀ ਪੜਤਾਲ ਦਾ ਹੱਕ ਜਥੇਦਾਰ ਅਕਾਲ ਤਖਤ ਨੂੰ ਦੇ ਦਿੱਤਾ ਜਾਣਾ ਚਾਹੀਦਾ ਹੈ। ਗੁਰਦੁਆਰਾ ਐਕਟ ਵਿਚ ਤਾਂ ਜਥੇਦਾਰਾਂ ਕੋਲ਼ ਅਜਿਹਾ ਕੋਈ ਅਧਿਕਾਰ ਨਹੀਂ ਹੈ। ਲਗਦਾ ਹੈ ਕਿ ਪ੍ਰੋ. ਸਾਹਿਬ ਨੂੰ ਇਹ ਵੀ ਝੋਰਾ ਹੈ ਕਿ ਉਹ ਅਕਾਲੀ ਆਗੂਆਂ ਨੂੰ ਸਿਆਣੇ ਸਮਝਦੇ ਸਨ, ਪਰ ਉਹ ਉਤਨੇ ਸਿਆਣੇ ਨਿਕਲ਼ੇ ਨਹੀਂ। ਅਖੀਰ 'ਚ ਉਹ ਵੀ ਇਸ ਗੱਲ 'ਤੇ ਪਹੁੰਚ ਜਾਂਦੇ ਹਨ ਕਿ ਅਕਾਲੀਆਂ ਨੇ ਇਕੱਠੇ ਤਾਂ ਹੋਣਾ ਨਹੀਂ, ਹੁਣ ਸੰਗਤਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹੀ ਫੈਸਲਾ ਕਰਨਗੀਆਂ। ਕੀ ਇਹੋ ਗੱਲ ਹਜ਼ਾਰਾ ਸਿੰਘ ਮਿਸੀਸਾਗਾ ਨੇ 'ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਉਹਲੇ ਚੱਲ ਰਿਹਾ ਰਾਜਸੀ ਖੇਲ' ਸਿਰਲੇਖ ਹੇਠਲੇ ਅਕਾਲ ਤਖਤ ਦੀ ਫਸੀਲ ਤੋਂ 2 ਦਸੰਬਰ ਨੂੰ ਜਾਰੀ ਹੋਏ ਹੁਕਮ ਤੋਂ ਤੁਰੰਤ ਬਾਅਦ ਲਿਖੇ ਲੇਖ ਵਿਚ ਪਹਿਲਾਂ ਹੀ ਬੜੀ ਸਪੱਸ਼ਟਤਾ ਨਾਲ਼ ਨਹੀਂ ਕਹੀ ਹੋਈ?

ਗਿਆਨੀ ਹਰਪ੍ਰੀਤ ਸਿੰਘ ਦੇ ਮੁੱਦੇ 'ਤੇ ਵੀ ਪ੍ਰੋ. ਕੇਹਰ ਸਿੰਘ ਇੱਕ ਵਾਰ ਫਿਰ ਉਸੇ ਤਰ੍ਹਾਂ ਦੀ ਲਿੱਪਾ-ਪੋਚੀ ਕਰੀ ਜਾਂਦੇ ਹਨ। ਉਨ੍ਹਾਂ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦੀ ਸਭ ਤੋਂ ਵੱਧ ਸਤਿਕਾਰਤ ਸੰਸਥਾ ਹੈ; ਜਿਹੋ-ਜਿਹੀ ਵੀ ਸ਼੍ਰੋਮਣੀ ਕਮੇਟੀ ਹੈ, ਉਹ ਹੀ ਸਰਬਉਚ ਹੋ ਸਕਦੀ ਹੈ ਕਿਉਂਕਿ ਉਹ ਸਿੱਖ ਸੰਗਤਾਂ ਵਲੋਂ ਚੁਣੀ ਹੋਈ ਸਿੱਖਾਂ ਦੀ ਪਾਰਲੀਮੈਂਟ ਹੈ। ਸ਼ਾਇਦ ਉਨ੍ਹਾਂ ਵਿਚ ਇਹ ਕਹਿਣ ਦਾ ਜ਼ੇਰਾ ਨਹੀਂ ਹੈ ਕਿ ਹਰਪ੍ਰੀਤ ਸਿੰਘ ਨੂੰ ਵੀ ਇਸੇ ਕਮੇਟੀ ਨੇ ਨਿਯੁਕਤ ਕੀਤਾ ਸੀ ਅਤੇ ਹੁਣ ਉਨ੍ਹਾਂ ਨੇ ਹੀ ਬਹੁ-ਗਿਣਤੀ ਮੈਂਬਰਾਂ ਦੀ ਰਾਏ ਨਾਲ਼ ਸੇਵਾ ਮੁਕਤ ਕਰਨ ਦਾ ਫੈਸਲਾ ਲੈ ਲਿਆ ਹੈ। ਇਸ ਫੈਸਲੇ ਨਾਲ਼ ਕਿਸੇ ਦੇ ਵੀ ਮੱਤਭੇਦ ਹੋ ਸਕਦੇ ਹਨ, ਪਰ ਕੁਝ ਪੱਤਰਕਾਰਾਂ ਵਲੋਂ ਫੈਲਾਈ ਜਾ ਰਹੀ 'ਬੇ-ਪਾਹਰਿਆ' ਦਾ ਲਾਹਾ ਲੈ ਕੇ ਜਥੇਦਾਰ ਨੂੰ ਕਿਸੇ ਕਿਸਮ ਦੀ ਰਾਜਨੀਤਕ 'ਗੱਤਕੇਬਾਜ਼ੀ' ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਜਿਸ ਤਰ੍ਹਾਂ ਕਿ ਜਥੇਦਾਰ ਹਰਪ੍ਰੀਤ ਸਿੰਘ ਨੇ 11 ਫਰਵਰੀ ਨੂੰ ਸੁਖਬੀਰ ਸਿੰਘ ਬਾਦਲ ਨੂੰ ਉਸ ਦੀ ਖਬਰ ਲੈਣ ਲਈ ਜਲਦੀ ਹੀ ਕਿਸੇ ਭਾਈ ਬਚਿੱਤਰ ਸਿੰਘ ਵਰਗੇ ਯੋਧੇ ਦੇ ਬਹੁੜ ਪੈਣ ਵਰਗੀ ਬਿਆਨਬਾਜ਼ੀ ਨਾਲ ਸ਼ੁਰੂ ਕਰ ਵੀ ਦਿੱਤੀ ਹੋਈ ਹੈ। ਉਘੇ, ਦਬੰਗ ਪੱਤਰਕਾਰ ਮਾਲਵਿੰਦਰ ਸਿੰਘ ਮਾਲੀ ਤੋਂ ਵੀ ਜਥੇਦਾਰ ਦੇ ਅਜਿਹੇ ਲਹਿਜ਼ੇ 'ਤੇ ਇਤਰਾਜ਼ ਜਤਾਉਣੋਂ ਰਿਹਾ ਨਹੀਂ ਗਿਆ।

ਅਜਿਹੀ ਰਾਜਨੀਤਕ ਖੇਡ ਖੇਡ ਕੇ ਸਿੱਖਾਂ ਦੀ ਇੱਕੋ-ਇੱਕ ਚੁਣੀ ਹੋਈ ਸੰਸਥਾ ਦੇ ਵਕਾਰ ਨੂੰ ਦਾਅ 'ਤੇ ਨਹੀਂ ਲਗਾਉਣਾ ਚਾਹੀਦਾ। ਆਪਣੇ ਪ੍ਰਵਚਨਾਂ ਦੇ ਤਰਕ ਦੇ ਲੋਰ ਵਿਚ ਸ਼ਾਇਦ ਉਹ ਭੁੱਲ ਜਾਂਦੇ ਹਨ ਕਿ ਪੰਜਾਬ ਦੀਆਂ 5-5 ਸਾਲ ਚੱਲਣ ਵਾਲ਼ੀਆਂ ਤਿੰਨ ਮਾੜੀਆਂ-ਚੰਗੀਆਂ ਅਕਾਲੀ ਸਰਕਾਰਾਂ ਸ੍. ਪ੍ਰਕਾਸ਼ ਸਿੰਘ ਬਾਦਲ ਵਲੋਂ 1994 ਵਿਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਰਾਹੀਂ ਕਰਾਈ ਗਈ ਜਬਰੀ ਏਕਤਾ ਨੂੰ ਨਜ਼ਰਅੰਦਾਜ਼ ਕਰਕੇ ਹੀ ਸੰਭਵ ਹੋਈਆਂ ਸਨ। ਪ੍ਰੋ. ਕੇਹਰ ਸਿੰਘ ਉਸ ਵਕਤ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਪ੍ਰਮੁੱਖ ਸਲਾਹਕਾਰ ਸਨ। ਕੀ ਉਨ੍ਹਾਂ ਨੂੰ ਯਾਦ ਨਹੀਂ ਕਿ ਉਹ ਏਕਤਾ ਕਿਤਨੇ ਕੁ ਦਿਨ ਚੱਲੀ ਸੀ।

ਪੱਤਰਕਾਰ ਹਮੀਰ ਸਿੰਘ ਵਲੋਂ ਚਲਾਏ ਜਾ ਰਹੇ ਯੂ ਟਿਊਬ ਚੈਨਲ 'ਪੁਲਾਂਘ-ਇੱਕ ਉਮੀਦ' ਵਿਚ ਪਾਈਆਂ ਜਾ ਰਹੀਆਂ ਵੀਡੀਓਜ਼ ਵੀ ਇਸ ਚਰਚਾ ਨੂੰ ਸਮਝਣ ਲਈ ਸੁਣਨਯੋਗ ਹਨ। ਉਸਦੀ ਪ੍ਰਵਚਨੀ ਵੰਨਗੀ ਦਾ ਨਮੂਨਾ ਵੀ ਦੇਖੋ: 'ਭੰਨਿਆ ਬੁੱਕਲ਼ 'ਚ ਗੁੜ; ਚੱਕ 'ਤੇ ਪਰਦੇ ਗਿਆਨੀ ਹਰਪ੍ਰੀਤ ਸਿੰਘ ਨੇ' ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ, ਪ੍ਰੋ. ਮਨਜੀਤ ਸਿੰਘ ਨੂੰ ਨਾਲ਼ ਬਿਠਾ ਕੇ ਵੀਡੀਓ ਹੈ: 'ਲਾਗੂ ਹੋਏਗਾ, ਹੁਕਮ ਸੁਪਰੀਮ ਸੰਸਥਾ ਦਾ, ਹੱਥ ਲਿਆ ਕੰਟਰੋਲ ਜਥੇਦਾਰਾਂ ਨੇ'। ਇਸ ਵੀਡੀਓ ਵਿਚ ਉਹ ਬੜੇ ਭੋਲ਼ੇ ਜਿਹੇ ਅੰਦਾਜ਼ ਵਿਚ ਕਹਿੰਦੇ ਹਨ: '2 ਦਸੰਬਰ ਵਾਲ਼ੇ ਅਹਿਮ ਫੈਸਲੇ ਵਿਚ ਜਥੇਦਾਰਾਂ ਨੇ ਅਕਾਲੀ ਫੂਲਾ ਸਿੰਘ ਵਾਂਗ ਫੈਸਲਾ ਲਿਆ, ਪਰ ਸਥਿਤੀ ਅਜੇ ਵੀ ਡਾਵਾਂਡੋਲ ਹੈ; ਸਹਿਮਤੀ ਦਾ ਮਾਹੌਲ ਬਣ ਨਹੀਂ ਰਿਹਾ'। ਅੱਗੋਂ ਪ੍ਰੋ. ਮਨਜੀਤ ਸਿੰਘ, ਸੰਤ ਸਿੰਘ ਮਸਕੀਨ ਵਾਲ਼ੇ ਮਾਖਿਓਂ ਮਿੱਠੇ ਅੰਦਾਜ਼ ਵਿਚ, ਆਪਣੀ ਸੁੱਚੀ ਭਾਵਨਾ ਵਾਲ਼ਾ ਪ੍ਰਵਚਨ ਸ਼ੁਰੂ ਕਰ ਦਿੰਦੇ ਹਨ: 'ਹਮੀਰ ਸਿੰਘ ਜੀ, ਲੀਡਰਾਂ ਦੀ ਭਾਵਨਾ ਸੁੱਚੀ ਨਹੀਂ, ਪਰ ਇਸ ਵਾਰ ਜਥੇਦਾਰ ਚੇਤੰਨ ਹਨ। ਹੁਣ ਉਨ੍ਹਾਂ ਨੇ ਇਨ੍ਹਾਂ ਨੂੰ ਭੱਜਣ ਨਹੀਂ ਦੇਣਾ'।

ਪਿਛਲ਼ੇ ਸਾਲ ਜੁਲਾਈ ਮਹੀਨੇ ਦੌਰਾਨ ਜਦੋਂ ਅਕਾਲੀਆਂ ਦਾ ਬਾਗੀ ਧੜਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੇ ਆਗੂ ਸੁਖਬੀਰ ਬਾਦਲ ਕੋਲ਼ੋਂ ਆਪ ਹੋਈਆਂ ਅਤੇ ਉਨ੍ਹਾਂ ਤੋਂ ਕਰਾਈਆਂ ਗਈਆਂ ਬੱਜਰ ਭੁੱਲਾਂ ਲਈ ਸਜ਼ਾ ਦੀ ਜਾਚਨਾ ਸਬੰਧੀ ਮੰਗ ਪੱਤਰ ਦੇ ਕੇ ਆਇਆ ਸੀ ਤਾਂ ਬਾਦਲਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਕਾਇਮ ਰੱਖਣ ਲਈ ਦਰਜਨ ਕੁ ਸਾਬਕਾ ਪਿਛੋਕੜ ਵਾਲ਼ੇ ਪੱਤਰਕਾਰ ਮੈਦਾਨ ਵਿਚ ਆਏ, ਉਨ੍ਹਾਂ ਵਿਚੋਂ ਨਵੇਂ ਬਣੇ ਸਿੱਖ ਚਿੰਤਕਾਂ ਹਮੀਰ ਸਿੰਘ ਅਤੇ ਪ੍ਰੋ. ਹਰਵਿੰਦਰ ਸਿੰਘ ਭੱਟੀ ਦੇ ਜੋਸ਼ ਨੂੰ ਦੇਖਦਿਆਂ ਤਾਂ ਨਵੇਂ ਬਣੇ ਮੁਸਲਮਾਨਾਂ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾ ਸਕਦਾ ਹੈ। ਉਂਜ ਪ੍ਰੋ. ਭੱਟੀ ਨੂੰ ਅਚਾਰੀਆ ਰਜਨੀਸ਼ ਵਾਂਗ ਸਰੋਤਿਆਂ ਨੂੰ ਆਪਣੇ ਲਤੀਫਿਆਂ ਰਾਹੀਂ ਮੰਤਰ-ਮੁਗਧ ਕਰਨ ਵਾਲ਼ੀ ਪ੍ਰਵਚਨ ਸ਼ੈਲੀ ਨਾਲ਼, ਇਸ ਸਾਰੇ ਨੀਰਸ ਨਾਟਕ ਨੂੰ ਸ਼ਿੰਗਾਰਨ ਦਾ ਸਿਹਰਾ ਜ਼ਰੂਰ ਜਾਂਦਾ ਹੈ। ਪ੍ਰੋ. ਭੱਟੀ ਦੀਆਂ ਇਸੇ ਅਰਸੇ ਦੌਰਾਨ 'ਆਰਬਾਈਡ ਵਰਲਡ ਚੈਨਲ' 'ਤੇ 'ਕੁਦਰਤ ਦੇ ਨਾਲ਼ ਮਨਾਂ ਨੂੰ ਵੀ ਗੰਦਗੀ ਤੋਂ ਬਚਾਉਣ ਦੀ ਲੋੜ', 'ਮਨੁੱਖ ਦੇ ਸਰਵਨਾਸ਼ ਦਾ ਇੱਕ ਵੱਡਾ ਕਾਰਨ ਕ੍ਰੋਧ', 'ਗੁਰਬਾਣੀ 'ਚ ਮਨੂਵਾਦ, ਜਾਤ-ਪਾਤ ਤੇ ਨਿਵਾਰਨ' ਵਰਗੀਆਂ ਕਈ ਸੰਜੀਦਾ ਵੀਡੀਓ ਪਈਆਂ ਹਨ। ਉਥੇ ਪ੍ਰਵਚਨ ਕਰਦਿਆਂ, ਉਹ ਉਚੇ ਮੁਕਾਮ 'ਤੇ ਪਹੁੰਚੇ ਗੁਣੀ ਅਧਿਆਪਕ ਨਜ਼ਰ ਆਉਂਦੇ ਹਨ, ਪਰ ਹੈਰਾਨੀ ਹੁੰਦੀ ਹੈ ਕਿ 'ਪੰਜਾਬ ਟੈਲੀਵਿਜਨ ਚੈਨਲ' ਉਪਰ ਹਰਜਿੰਦਰ ਰੰਧਾਵਾ ਅਤੇ ਜਗਤਾਰ ਸਿੰਘ ਵਿਚਾਲ਼ੇ ਬਹਿੰਦਿਆਂ ਸਾਰ ਹੀ ਉਨ੍ਹਾਂ ਵਿਚ ਕਿੱਥੋਂ ਲੋਹੜੇ ਦਾ ਜੋਸ਼ ਆ ਜਾਂਦਾ ਹੈ ਕਿ ਉਨ੍ਹਾਂ ਤੋਂ ਵੀ ਵੱਧ ਉਚੀ ਸੁਰ 'ਚ ਉਨ੍ਹਾਂ ਵਾਲ਼ੀ ਮੁਹਾਵਰੀ ਪੜ੍ਹਨ ਲੱਗ ਜਾਂਦੇ ਹਨ। ਸਾਡੇ ਇੱਕ ਦੋਸਤ ਨੇ ਇਨ੍ਹਾਂ ਵਿਦਵਾਨਾਂ ਦੇ ਪਿਛਲੇ 5-6 ਮਹੀਨਿਆਂ ਤੋਂ ਅਕਾਲੀਆਂ ਤੇ ਅਕਾਲ ਤਖਤ ਦੇ ਮਸਲੇ 'ਤੇ ਦਿਖਾਏ ਜਾ ਰਹੇ ਜਾਹੋ-ਜਲਾਲ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ: 'ਇਹ ਖੜਗਧਾਰੀ ਟੋਲਾ, ਰੋਜ਼ ਸਵੇਰੇ-ਸਵੇਰੇ ਆਪਣੀਆਂ ਘਰ ਵਾਲ਼ੀਆਂ ਕੋਲ਼ੋਂ ਦਹੀਂ ਨਾਲ਼ ਮੇਥੀ ਵਾਲ਼ੀਆਂ ਪਰੌਠੀਆਂ ਖਾ ਕੇ ਵੱਖ-ਵੱਖ ਚੈਨਲਾਂ 'ਤੇ ਆ ਬਹਿੰਦਾ ਹੈ। ਮਹੀਨਿਆਂਬੱਧੀ ਇੱਕੋ ਸਾਹੇ ਘਰਾਟ ਰਾਗ ਅਲਾਪਦਿਆਂ, ਇਨ੍ਹਾਂ ਨੂੰ ਆਪਣੇ-ਆਪ 'ਤੇ ਜ਼ਰਾ ਜਿੰਨਾ ਹਾਸਾ ਨਹੀਂ ਆਉਂਦਾ। ਪਤਾ ਨਹੀਂ ਇਨ੍ਹਾਂ ਨੂੰ ਇਸ ਵਿਚੋਂ ਲੱਭਦਾ ਕੀ ਹੈ? ਕਾਲੀ ਮਾਂ ਦੇ ਚਰਨਾਂ 'ਚ ਲੇਟੇ ਪਏ ਸ਼ਿਵ ਜੀ ਵਾਂਗੂੰ ਸਿੱਖ ਵੋਟਰਾਂ ਦੀ ਕਚਹਿਰੀ ਅੰਦਰ ਚੌਫਾਲ਼ ਢੱਠੇ ਪਏ ਸੁਖਬੀਰ ਬਾਦਲ ਨੂੰ ਦੂ-ਹੋ-ਦੂ ਮਿੱਧਦੇ ਇਹ ਕਿੰਨੇ ਕਹਿਰੀ ਲਗਦੇ ਹਨ'! ਸਾਡੇ ਇਸ ਮਿੱਤਰ ਦਾ ਇਹ ਵੀ ਕਹਿਣਾ ਸੀ ਕਿ ਇਨ੍ਹਾਂ ਹੀ ਦਿਨਾਂ ਦੌਰਾਨ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਕਾਸ ਨਾਲ਼ ਪੂਰੀ ਇਨਸਾਨੀਅਤ ਲਈ ਸੰਭਾਵਿਤ ਖਤਰਿਆਂ ਤੋਂ ਜਾਣੂ ਕਰਾਉਂਦੀ ਪ੍ਰੋ. ਜਵਾਲ ਹਰਾਰੀ ਦੀ ਕਿਤਾਬ 'ਨੈਕਸੱਸ' ਆਈ ਹੈ। ਜੋ ਸਾਰੀ ਦੁਨੀਆ ਵਿਚ ਚਿੰਤਾ ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਮਰੀਕਾ ਦੀ ਸ਼ਹਿ 'ਤੇ ਇਜ਼ਰਾਈਲ ਦੇ ਜੰਗਬਾਜ਼ਾਂ ਨੇ ਗਾਜ਼ਾ ਦੇ ਨਿਹੱਥੇ ਮਾਸੂਮ ਲੋਕਾਂ ਦੀ ਬੇਸ਼ਰਮੀ ਤੇ ਬੇਦਰਦੀ ਨਾਲ਼ ਇਨ੍ਹਾਂ ਦਿਨਾਂ 'ਚ ਤਬਾਹੀ ਕੀਤੀ ਜਾਂਦੀ ਰਹੀ ਹੈ। ਕੀ ਸਾਡੇ ਇਹ ਮਹਾਨ ਚਿੰਤਕ ਕਦੇ ਮਨੁੱਖਤਾ ਨੂੰ ਦਰਪੇਸ਼ ਅਜਿਹੇ ਖਤਰਿਆਂ ਲਈ ਵੀ ਕੋਈ ਸਮਾਂ ਕੱਢਣਗੇ?

ਪਰ ਕਾਮਰੇਡ ਜਤਿੰਦਰ ਪੰਨੂੰ ਦਾ ਤਾਂ ਰੱਬ ਹੀ ਰਾਖਾ ਹੈ। ਉਸ ਵਲੋਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ 'ਲੰਗਰ ਵਾਲ਼ੇ ਵਿਵਾਦਤ ਹੁਕਮਨਾਮੇ' ਬਾਰੇ ਲੇਖਾਂ 'ਤੇ ਆਧਾਰਤ ਸੰਪਾਦਿਤ ਪੁਸਤਕ 'ਸੰਗਤ ਇੱਕੀ ਵਿਸਵੇ', ਪਾਠਕਾਂ ਨੂੰ ਪੜ੍ਹ ਲੈਣੀ ਚਾਹੀਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਪੰਨੂੰ ਸਾਹਿਬ ਅਕਾਲ ਤਖਤ ਅਤੇ ਜਥੇਦਾਰਾਂ ਦੀ ਪਿਛਲੀ ਕਾਰਗੁਜ਼ਾਰੀ ਦਾ ਕਿਤਨਾ ਕੁ ਕਦਰਦਾਨ ਰਿਹਾ ਹੈ, ਜਦੋਂ ਉਹ ਹੁਕਮਨਾਮਿਆਂ ਨੂੰ 'ਕੂੜਨਾਮੇ' ਕਹਿੰਦਾ ਸੀ। ਇਸ ਪੁਸਤਕ ਦੀਆਂ ਕੁਝ ਲਾਈਨਾਂ ਹਨ: 'ਮੁਕਤਸਰ ਤੋਂ ਇੱਕ ਸੱਜਣ ਨੇ ਮੇਰੇ ਲੇਖਾਂ 'ਤੇ ਇਤਰਾਜ਼ ਕਰਦਿਆਂ ਲਿਖਿਆ ਹੈ; 'ਤਖਤਾਂ ਦੇ ਜਥੇਦਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਨੁਕਤਾਚੀਨੀ ਦਾ ਅਧਾਰ ਨਹੀਂ ਬਣਾਉਣਾ ਚਾਹੀਦਾ'। ਪਰ ਮੈਂ ਦੋਨਾਂ ਧਾਰਨਾਵਾਂ ਨਾਲ਼ ਸਹਿਮਤ ਨਹੀਂ। ਲੰਗਰ ਦੇ ਹੁਕਮਨਾਮੇ ਵਾਲ਼ੀ ਸਮੱਸਿਆ ਇੱਕ ਅਜਿਹੇ ਜਨੂੰਨੀ ਵਿਅਕਤੀ ਵਲੋਂ ਖੜੀ ਕੀਤੀ ਗਈ ਹੈ, ਜੋ ਖਾਲਿਸਤਾਨੀ ਤੱਤਾਂ ਦੇ ਹੱਥਾਂ 'ਚ ਖੇਡ ਰਿਹਾ ਹੈ। ਜਿੱਥੇ ਤੱਕ ਤਖਤਾਂ 'ਤੇ ਸੁਸ਼ੋਭਿਤ ਜਥੇਦਾਰਾਂ ਦੇ ਸਤਕਿਾਰ ਦੀ ਗੱਲ ਹੈ, ਇਹ ਉਨ੍ਹਾਂ ਪਦਵੀਆਂ 'ਤੇ ਬੈਠੇ ਵਿਅਕਤੀਆਂ ਦੇ ਆਚਾਰ-ਵਿਹਾਰ ਅਤੇ ਔਕਾਤ 'ਤੇ ਨਿਰਭਰ ਕਰਦਾ ਹੈ। ਤਖਤ 'ਤੇ ਬੈਠ ਜਾਣ ਨਾਲ਼ ਕੋਈ ਸਿਰਮੌਰ ਨਹੀਂ ਹੋ ਜਾਂਦਾ। (ਪੰਨਾ-79)

ਇਸੇ ਕਿਤਾਬ ਵਿਚ ਪੰਨੂੰ ਸਾਹਿਬ ਅੱਗੇ ਲਿਖਦੇ ਹਨ: 'ਅਕਾਲ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਗੁਰਦੁਆਰਾ ਐਕਟ 1925 ਅਨੁਸਾਰ ਚੁਣਦੀ ਹੈ, ਜਥੇਦਾਰ ਸ਼੍ਰੋਮਣੀ ਕਮੇਟੀ ਦਾ ਇੱਕ ਮੁਲਾਜ਼ਮ ਹੈ। ਜੋ ਸ਼੍ਰੋਮਣੀ ਕਮੇਟੀ ਤੋਂ ਤਨਖਾਹ ਲੈਂਦਾ ਹੈ, ਉਹ ਤਾਂ ਆਪ ਤਨਖਾਹੀਆ ਹੈ। ਇਸ ਐਕਟ ਅਨੁਸਾਰ ਜਥੇਦਾਰ ਕੋਲ਼ ਕਿਸੇ ਵਿਅਕਤੀ ਨੂੰ ਸੰਮਣ ਕਰਨ, ਤਨਖਾਹੀਆ ਕਰਾਰ ਦੇਣ ਅਤੇ ਪੰਥ ਵਿਚੋਂ ਛੇਕਣ ਦਾ ਕੋਈ ਅਧਿਕਾਰ ਨਹੀਂ। ਕਿਸੇ ਵਿਅਕਤੀ ਨੂੰ ਆਪੇ ਗੁਨਾਹਗਾਰ ਠਹਿਰਾ ਕੇ 'ਤਨਖਾਹੀਆ' ਕਰਾਰ ਦੇਣਾ, ਭਾਰਤ ਦੇ ਕਾਲ਼ੇ ਕਨੂੰਨ 'ਟਾਡਾ' ਤੋਂ ਘੱਟ ਨਹੀਂ, ਜਿਸ ਅਨੁਸਾਰ ਸਰਕਾਰ ਕਿਸੇ ਨੂੰ ਵੀ ਦੋਸ਼ੀ ਐਲਾਨ ਕੇ ਸਾਲਾਂਬੱਧੀ ਜੇਲ੍ਹ ਵਿਚ ਸੁੱਟ ਸਕਦੀ ਹੈ। ਜਦਕਿ ਦੁਨੀਆ ਭਰ ਦੇ ਕਾਨੂੰਨਾਂ ਅਨੁਸਾਰ ਕੋਈ ਵੀ ਵਿਅਕਤੀ ਉਦੋਂ ਤੱਕ ਦੋਸ਼ੀ ਨਹੀਂ ਹੁੰਦਾ, ਜਦੋਂ ਤੱਕ ਸਬੂਤਾਂ ਸਮੇਤ ਉਸਦੇ ਸਾਰੇ ਦੋਸ਼ ਕੋਰਟ 'ਚ ਸਾਬਿਤ ਨਾ ਹੋ ਜਾਣ'। ਤਖਤਾਂ ਦੇ ਜਥੇਦਾਰਾਂ ਨੂੰ ਇਖਲਾਕੀ ਹੱਲਾਸ਼ੇਰੀ ਦੇਣ ਲਈ ਚੱਲੀ ਇਸ ਮੀਡੀਆ ਮੁਹਿੰਮ ਦੌਰਾਨ ਕਾਮਰੇਡ ਪੰਨੂੰ; ਜਗਤਾਰ ਸਿੰਘ, ਹਰਜਿੰਦਰ ਸਿੰਘ ਰੰਧਾਵਾ ਟੀਮ ਨੂੰ ਵੀ ਪਿੱਛੇ ਛੱਡਦੇ ਨਜ਼ਰ ਆਉਂਦੇ ਹਨ।

ਕੀ ਕੋਈ ਸੂਝਵਾਨ ਵਿਦਵਾਨ ਦੱਸ ਸਕਦਾ ਹੈ ਕਿ ਮਨੁੱਖੀ ਇਤਿਹਾਸ ਵਿਚ ਵਿਟਰ ਗਏ ਦੋ ਰਾਜਸੀ ਧੜੇ ਤਾਂ ਛੱਡੋ, ਪਤੀ-ਪਤਨੀ ਵਿਚ ਵੀ ਇਸ ਤਰ੍ਹਾਂ ਦੀ ਜ਼ੋਰੋ-ਜਬਰੀ ਸੁਲਾਹ-ਸਫਾਈ ਹੁੰਦੀ ਕਦੇ ਕਿਸੇ ਨੇ ਦੇਖੀ ਹੈ? ਜਿਸ ਤਰ੍ਹਾਂ ਦੀ ਏਕਤਾ ਸਾਡੇ ਇਹ ਬੁੱਧੀਜੀਵੀਨੁਮਾ ਪੱਤਰਕਾਰ ਅਕਾਲ ਤਖਤ ਦੇ ਡੰਡੇ ਨਾਲ਼ ਕਰਵਾਉਣੀ ਚਾਹੁੰਦੇ ਹਨ? ਅਜਿਹੀ ਏਕਤਾ ਕਿਤਨੀ ਕੁ ਹੰਢਣਸਾਰ ਹੋਵੇਗੀ? ਕੀ ਇਨ੍ਹਾਂ ਮਹਾਂਪੁਰਸ਼ਾਂ ਨੇ ਪਿਛਲੇ 30-40 ਸਾਲਾਂ ਵਿਚ ਜਥੇਦਾਰਾਂ ਵਲੋਂ ਕਰਵਾਈਆਂ ਏਕਤਾਵਾਂ ਦਾ ਹਸ਼ਰ ਨਹੀਂ ਪੜ੍ਹਿਆ? ਲ਼ਗਦਾ ਹੈ ਕਿ ਜਿਤਨੀ ਇਨ੍ਹਾਂ ਮੀਡੀਆ ਮਹਾਰਥੀਆਂ ਨੇ ਮਿਹਨਤ ਅਤੇ ਸਿਰ-ਖਪਾਈ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਯਾਦਾ ਦੀ ਰਾਖੀ ਕਰਨ ਲਈ ਕੀਤੀ ਹੈ, ਉਸਦਾ ਦਸਵਾਂ ਹਿੱਸਾ ਵੀ ਜੇ ਪੰਜਾਬ ਦੇ ਲੋਕਾਂ ਦੇ ਆਰਥਿਕ, ਰਾਜਨੀਤਕ ਅਤੇ ਹੋਰ ਮੁੱਦਿਆਂ 'ਤੇ ਖਰਚ ਕਰ ਲੈਂਦੇ ਤਾਂ ਸ਼ਾਇਦ ਉਨ੍ਹਾਂ ਦੀ ਘਾਲਣਾ ਕਿਤੇ ਸਕਾਰਥ ਹੋ ਜਾਂਦੀ। ਇਨ੍ਹਾਂ ਸਾਰੇ ਵਿਦਵਾਨਾਂ ਦੀ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸ਼ਰਧਾ, ਸਤਿਕਾਰ ਜਾਂ ਸ਼ੁੱਭ ਇੱਛਾ 'ਤੇ ਕਿਸੇ ਨੂੰ ਭਲਾ ਕੀ ਇਤਰਾਜ਼ ਹੋ ਸਕਦਾ ਹੈ? ਸਵਾਲ ਇਹ ਹੈ ਕਿ ਇਨ੍ਹਾਂ ਦੀਆਂ ਚਰਚਾਵਾਂ ਵਿਚੋਂ ਸਪੱਸ਼ਟ ਨਹੀਂ ਹੁੰਦਾ ਕਿ ਸਮਕਾਲੀ ਸਮੇਂ ਵਿਚ ਇਨ੍ਹਾਂ ਦੀ ਮੀਰੀ-ਪੀਰੀ ਦੇ ਸੰਕਲਪ ਤੋਂ ਮੁਰਾਦ ਕੀ ਹੈ? ਇਹ ਕਹਿਣਾ ਕੀ ਚਾਹੁੰਦੇ ਹਨ? ਇਨ੍ਹਾਂ ਦੇ ਸੁਪਨਿਆਂ ਨੂੰ ਸਮਕਾਲੀ ਸਿਆਸਤ ਦੇ ਸੰਦਰਭ ਵਿਚ ਇਕਸੁਰਤਾ ਨਾਲ਼ ਕਿਵੇਂ ਉਤਾਰਿਆ ਜਾਵੇ? ਇੱਕ ਪਾਸੇ ਤਕਰੀਬਨ ਸਾਰੇ ਸਿੱਖ ਵਿਦਵਾਨ ਇਸ ਗੱਲ ਨਾਲ਼ ਸਹਿਮਤ ਹਨ ਕਿ ਅਕਾਲ ਤਖਤ ਸਿਰਫ ਅਕਾਲੀਆਂ ਦਾ ਨਹੀਂ, ਸਗੋਂ ਸਾਰੇ ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ, ਜੇ ਅਜਿਹਾ ਹੈ ਤਾਂ ਵਿਦਵਾਨ ਇਸ ਮਸਲੇ 'ਤੇ ਚੁੱਪ ਕਿਉਂ ਹਨ ਕਿ ਦੇਸ਼-ਵਿਦੇਸ਼ ਵਿਚ ਵਸਦੇ ਸਾਰੇ ਸਿੱਖ ਭਾਈਚਾਰੇ ਦੀ ਇਸ ਚੋਣ ਵਿਚ ਸ਼ਮੂਲੀਅਤ ਕਿਵੇਂ ਕੀਤੀ ਜਾਵੇ? ਜਿਥੋਂ ਜਥੇਦਾਰ ਵੇਦਾਂਤੀ ਨੇ ਗੱਲ ਛੱਡੀ ਸੀ, ਦੋ ਦਹਾਕੇ ਬਾਅਦ ਵੀ ਗੱਲ ਤਾਂ ਉਥੇ ਹੀ ਖੜ੍ਹੀ ਹੈ, ਇਸ ਬਾਰੇ ਸਾਡੇ ਵਿਦਵਾਨ ਗੱਲ ਕਰਨ ਤੋਂ ਕਿਉਂ ਝਿਜਕਦੇ ਹਨ। ਉਹ ਇਸ ਬਾਰੇ ਕਦੋਂ ਸੰਜੀਦਾ ਵਿਚਾਰ ਕਰਨਗੇ?

ਸ਼੍ਰੋਮਣੀ ਕਮੇਟੀ ਵਿਚ ਹਜ਼ਾਰਾਂ ਖਾਮੀਆਂ ਹੋ ਸਕਦੀਆਂ ਹਨ, ਪਰ ਉਸਦੇ ਮੈਂਬਰਾਂ ਨੂੰ ਸਿੱਖਾਂ ਵਲੋਂ ਲੋਕਤੰਤਰੀ ਢੰਗ ਨਾਲ਼ ਚੁਣਿਆ ਜਾਂਦਾ ਹੈ। ਫਿਰ ਕੀ ਲੋਕਾਂ ਦੁਆਰਾ ਚੁਣੀ ਹੋਈ ਸੰਸਥਾ ਸਿਰਮੌਰ ਹੈ ਜਾਂ ਉਸ ਵਲੋਂ ਚੁਣੇ ਹੋਏ ਜਥੇਦਾਰ ਸਿਰਮੌਰ ਹਨ? ਅੱਜ ਇੱਕ ਵਿਸ਼ੇਸ਼ ਰਾਜਨੀਤਕ ਸਥਿਤੀ ਵਿਚ ਸ਼੍ਰੋਮਣੀ ਕਮੇਟੀ ਬਾਦਲ ਦਲ ਦੇ ਪ੍ਰਭਾਵ ਵਿਚ ਹੈ, ਕੱਲ੍ਹ ਨੂੰ ਲੋਕ ਇਨ੍ਹਾਂ ਨੂੰ ਚੋਣਾਂ ਰਾਹੀਂ ਲਾਂਭੇ ਕਰ ਕੇ ਪੰਥ ਹਿਤੈਸ਼ੀ ਵਿਅਕਤੀਆਂ ਨੂੰ ਵੀ ਚੁਣ ਸਕਦੇ ਹਨ? ਕੀ ਉਸ ਸਰਬਉਚ ਸੰਸਥਾ ਤੋਂ ਲਾਂਭੇ ਹੋ ਕੇ ਸ੍ਰੀ ਅਕਾਲ ਤਖਤ ਦੀ ਸੰਸਥਾ ਦੇ ਸਰਬਉਚ ਹੋਣ ਦਾ ਤਸੱਵਰ ਕੀਤਾ ਜਾ ਸਕਦਾ ਹੈ? ਸਾਡੀ ਸਮਝ ਅਨੁਸਾਰ ਸੁਖਬੀਰ ਬਾਦਲ ਨੇ ਅਕਾਲ ਤਖਤ ਸਾਹਿਬ ਵਲੋਂ ਮਿਲ਼ੀ ਸਜ਼ਾ ਕਿਤਨੀ ਕੁ ਦਿਆਨਦਤਦਾਰੀ ਨਾਲ਼ ਭੁਗਤੀ ਹੈ ਜਾਂ ਇਸ ਨਾਲ਼ ਅਕਾਲੀ ਸਿਆਸਤ ਨੂੰ ਕਿਤਨਾ ਕੁ ਫਰਕ ਪੈਂਦਾ ਹੈ? ਜਾਂ ਅਕਾਲ ਤਖਤ ਵਲੋਂ ਸੁਖਬੀਰ ਬਾਦਲ ਨੂੰ ਸਜ਼ਾ ਮਿਲਦੀ ਜਾਂ ਨਾ ਮਿਲਦੀ? ਕੋਈ ਫਰਕ ਨਹੀਂ ਸੀ

ਪੈਣਾ, ਉਸਨੂੰ ਤਾਂ ਵੋਟਰਾਂ ਵਲੋਂ ਪਿਛਲੇ ਇੱਕ ਦਹਾਕੇ ਵਿਚ ਕਈ ਵਾਰ ਸਜ਼ਾ ਦਿੱਤੀ ਹੀ ਗਈ ਸੀ। ਉਸਨੇ ਮੰਨੀ ਵੀ ਹੋਈ ਹੈ। ਇਹ ਵੀ ਪਤਾ ਨਹੀਂ ਕਿ ਲੋਕਾਂ ਵਲੋਂ ਇਹ ਸਜ਼ਾ ਅਜੇ ਹੋਰ ਕਿਤਨਾ ਕੁ ਚਿਰ ਜਾਰੀ ਰਹਿਣੀ ਹੈ। ਇਸ ਤੋਂ ਵੱਡੀ ਭਲਾ ਹੋਰ ਕੀ ਸਜ਼ਾ ਹੋ ਸਕਦੀ ਹੈ? ਇਸ ਵਿਚ ਜਥੇਦਾਰਾਂ ਨੂੰ ਘਸੀਟਣ ਨਾਲ਼ ਕੀ ਨਿਕਲ਼ਿਆ ਹੈ ਜਾਂ ਭਵਿੱਖ ਵਿਚ ਨਿਕਲੇਗਾ? ਕੀ ਇਸਦਾ ਜਵਾਬ ਕਿਸੇ ਕੋਲ਼ ਹੈ?

ਬਾਦਲਕਿਆਂ ਉਪਰ ਹੋਰ ਦੋਸ਼ਾਂ ਦੇ ਨਾਲ਼-ਨਾਲ਼ ਸਭ ਤੋਂ ਵੱਡਾ ਦੋਸ਼, ਆਰਥਿਕ ਪੱਖੋਂ ਪੰਜਾਬ ਦਾ ਭੱਠਾ ਬਿਠਾਉਣ ਦਾ ਵੀ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਅਹਿਦ ਦੌਰਾਨ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਚੜ੍ਹਿਆ। ਆਰਥਿਕ ਮਾਹਿਰ ਦੱਸਦੇ ਹਨ ਕਿ ਹਰਿਆਣਾ ਜਾਂ ਕੇਰਲਾ ਵਰਗੇ ਰਾਜਾਂ ਕੋਲ਼ ਵੀ ਕਰਜ਼ਾ, ਪੰਜਾਬ ਨਾਲ਼ੋਂ ਘੱਟ ਨਹੀਂ ਹੈ। ਕੀ ਰਾਜਾਂ ਸਿਰ ਕਰਜ਼ੇ ਵਧਦੇ ਜਾਣ ਦੇ ਕਾਰਨ ਕਿਤੇ ਹੋਰ ਜਗ੍ਹਾ ਛੁਪੇ ਹੋਏ ਤਾਂ ਨਹੀਂ ਹਨ? ਉਂਜ ਵੀ ਬਾਦਲਕੇ ਤਾਂ ਪਿਛਲੇ 8 ਵਰ੍ਹਿਆਂ ਤੋਂ ਸੱਤਾ ਤੋਂ ਲਾਂਭੇ ਹਨ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਸਿਰੋਂ ਕਰਜ਼ਾ ਕਿਤਨਾ ਕੁ ਘਟਿਆ ਹੈ? ਮਾਹਿਰਾਂ ਅਨੁਸਾਰ 1990-91 ਵਿਚ ਚੀਨੀਆਂ ਦਾ ਆਰਥਿਕ ਕੰਗਾਲੀ ਪੱਖੋਂ ਹਾਲ, ਪੰਜਾਬ ਜਾਂ ਪੂਰੇ ਭਾਰਤ ਨਾਲ਼ੋਂ ਵੀ ਮਾੜਾ ਸੀ, ਪਰ ਉਨ੍ਹਾਂ ਨੇ ਸਾਲ 2000 ਤੱਕ ਅਗਲੇ 8 ਵਰ੍ਹਿਆਂ ਦੌਰਾਨ ਆਪਣੀ ਕੁੱਲ ਆਮਦਨ ਭਾਰਤ ਤੋਂ ਦੁੱਗਣੀ ਕਰ ਲਈ। ਉਨ੍ਹਾਂ ਆਪਣੇ ਚੇਅਰਮੈਨ ਮਾਓ ਵਾਲ਼ੀਆਂ ਸੁਪਨੇਸਾਜ਼ ਮਾਰਕੇਬਾਜ਼ ਨੀਤੀਆਂ ਤੋਂ ਖਹਿੜਾ ਛੁਡਾਇਆ; ਜ਼ਬਤ ਸਿਆਣਪ ਅਤੇ ਦੂਰ-ਅੰਦੇਸ਼ੀ ਨਾਲ਼ ਨਵੇਂ ਯੁੱਗ ਦੇ ਹਾਣ ਦੀਆਂ ਨੀਤੀਆਂ ਅਪਨਾ ਕੇ ਆਪਣੇ ਲੋਕਾਂ ਦੀ ਆਮਦਨ, ਸਾਡੇ ਲੋਕਾਂ ਦੇ ਮੁਕਾਬਲੇ 5 ਗੁਣਾਂ ਤੋਂ ਵੀ ਵੱਧ ਕਰ ਲਈ ਹੈ। ਸਾਡੇ ਸਾਬਕਾ ਕਾਮਰੇਡ, ਪੰਜਾਬ ਦੇ ਲੋਕਾਂ ਨੂੰ ਇਹ ਕਿਉਂ ਨਹੀਂ ਦੱਸਦੇ ਕਿ ਚੀਨ ਦੇ ਸਾਬਕਾ ਕਾਮਰੇਡਾਂ ਨੇ ਇਹ ਕ੍ਰਿਸ਼ਮਾ ਕਿਵੇਂ ਕੀਤਾ?

ਲੇਖ ਦੇ ਅਖੀਰ ਵਿਚ ਸਾਡੀ ਸਾਰੇ ਪਾਠਕਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਸਾਰੀਆਂ ਨਹੀਂ ਤਾਂ ਘੱਟ-ਘੱਟ 2 ਜਨਵਰੀ, 2025 ਨੂੰ 'ਹਟਣਗੇ ਪਿਛਾਂਹ, ਸਿੰਘ ਸਾਹਿਬ ਭਾਈ ਰਘਬੀਰ ਸਿੰਘ, ਉਭਰੇ ਨਵੇਂ ਕੌਣ, ਐਨ ਸੱਤਾ ਕੇਂਦਰ ਵਿਚ' ਹੇਠਲੇ ਸਿਰਲੇਖ ਵਾਲ਼ੀ ਵੀਡੀਓ ਯੂ-ਟਿਊਬ ਚੈਨਲ 'ਪੰਜਾਬ ਟੈਲੀਵਿਜਨ' 'ਤੇ ਜ਼ਰੂਰ ਦੇਖਣ। ਹੋਸਟ ਹਰਜਿੰਦਰ ਸਿੰਘ ਰੰਧਾਵਾ ਪੂਰਾ ਸੁਆਦ ਲੈਂਦਿਆਂ, ਜਗਤਾਰ ਸਿੰਘ ਅੱਗੇ ਇਹ ਕਹਿ ਕੇ ਗੇਂਦ ਸੁੱਟਦਾ ਹੈ, 'ਕੀ ਜਥੇਦਾਰ, ਸੁਖਬੀਰ ਅਤੇ ਸਾਥੀਆਂ ਦੀ ਈਨ ਮੰਨ ਲੈਣਗੇ-ਕੀ ਫਿਰ ਉਨ੍ਹਾਂ ਦਾ 2 ਦਸੰਬਰ ਵਾਲ਼ਾ ਸਾਰਾ ਹੁਕਮਨਾਮਾ ਬੇਮਾਇਨੇ ਨਹੀਂ ਹੋ ਜਾਵੇਗਾ'। ਇਵੇਂ ਲੱਗਦਾ ਸੀ, ਜਿਵੇਂ ਜਗਤਾਰ ਸਿੰਘ, ਸੁੱਟੀ ਹੋਈ ਗੇਂਦ 'ਤੇ ਚੌਕਾ-ਛੱਕਾ ਲਗਉਣ ਲਈ ਪਹਿਲਾਂ ਹੀ ਤਿਆਰ ਸਨ। ਉਹ ਝੱਟ ਜਵਾਬ ਦਿੰਦੇ ਹਨ: 'ਮੈਂ ਇਹੀ ਤਾਂ ਕਹਿੰਨਾਂ ਕਿ ਇਸਦਾ ਮਤਲਬ ਹੋਵੇਗਾ ਕਿ ਸਿੰਘ ਸਾਹਿਬ ਨੇ ਇਨ੍ਹਾਂ ਦੀ ਕਮੇਟੀ ਨੂੰ ਮੰਨ ਲਿਆ। ਇਹ ਤਾਂ ਅਕਾਲ ਤਖਤ ਦੀ ਇਮਾਰਤ ਢੱਠਣ ਤੋਂ ਕਿਤੇ ਵੱਡਾ ਘੱਲੂਘਾਰਾ ਵਾਪਰੇਗਾ। ਜਿਸ ਨਾਲ਼ ਅਕਾਲ ਤਖਤ ਦੀ ਸਰਬਉੱਚਤਾ ਦਾ ਸਾਰਾ ਸਿਧਾਂਤ ਹੀ ਢਹਿ-ਢੇਰੀ ਹੋ ਜਾਵੇਗਾ'। ਪ੍ਰੋ. ਹਰਵਿੰਦਰ ਭੱਟੀ ਆਪਣੀ ਨਪੀ-ਤੁਲੀ ਸੰਜਮੀ ਸ਼ੈਲੀ ਵਿਚ ਆਪਣੇ ਕਿਸੇ ਸਿਆਣੇ ਮਿੱਤਰ ਦੀ ਚਿੰਤਾ ਦਾ ਹਵਾਲਾ ਦਿੰਦਿਆਂ, ਮੋੜਵਾਂ ਸਵਾਲ ਕਰਦੇ ਹਨ, ਕੀ ਅਕਾਲ ਤਖਤ ਸਿਰਫ ਬਾਦਲ ਅਕਾਲੀ ਦਲ ਦੀ ਜਵਾਬ-ਤਲਬੀ ਤੱਕ ਹੀ ਸੀਮਤ ਹੈ। ਕੀ ਹੋਰ ਪੰਥਕ ਧਿਰਾਂ ਵਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ 'ਤੇ ਚੈਕ ਰੱਖਣ ਦਾ ਵੀ ਜਥੇਦਾਰਾਂ ਦਾ ਕੋਈ ਇਖਲਾਕੀ ਸਰੋਕਾਰ ਹੈ? ਵਿਦਵਾਨ ਪ੍ਰੋ. ਸਾਹਿਬ ਦੇ ਇਨ੍ਹਾਂ ਬੋਲਾਂ ਨੂੰ ਸੁਣਦਿਆਂ, ਵਿਚਾਰ ਚਰਚਾ ਦੇ ਕਿਸੇ ਸਹੀ ਦਿਸ਼ਾ ਵਿਚ ਜਾਣ ਦੀ ਉਮੀਦ ਬੱਝਦੀ ਹੈ। ਫਿਰ ਉਹ ਇੱਕਦਮ ਆਪਣੀ ਸੰਜਮੀ ਧਰਾਤਲ ਨੂੰ ਛੱਡਦਿਆਂ, ਪੁੱਠੀ ਛਲਾਂਗ ਮਾਰਦਿਆਂ, ਜਗਤਾਰ ਸਿੰਘ ਤੋਂ ਵੀ ਪਾਰ ਜਾ ਡਿਗਦੇ ਹਨ ਕਿ ਜਥੇਦਾਰ ਰਘਬੀਰ ਸਿੰਘ ਅਤੇ ਸੁਖਬੀਰ ਬਾਦਲ, ਕਿੱਧਰੇ ਉਨ੍ਹਾਂ ਦੀ ਘੇਰਾਬੰਦੀ ਵਿਚੋਂ ਨਿਕਲ਼ ਨਾ ਜਾਣ। ਉਹ ਉਨ੍ਹਾਂ ਦੀ ਗੁਗਲੀ ਪਿੱਚ 'ਤੇ ਗੇਂਦਾਂ ਦੀ ਬੁਛਾੜ ਲਾ ਦਿੰਦੇ ਹਨ। ਉਹ ਅਜਿਹਾ ਅਲੌਕਿਕ ਨਜ਼ਾਰਾ ਕਿਵੇਂ ਬੰਨ੍ਹਦੇ ਹਨ, ਇਸਦੇ ਵਿਸਥਾਰ ਵਿਚ ਜਾਣ ਦੀ ਇਸ ਲੇਖ ਵਿਚ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਤਿੰਨਾਂ ਮਾਹਿਰਾਂ ਦੀ 'ਗੁਗਲੀ ਕਲਾ' ਦੀ ਕਰਤਾਰੀ ਪ੍ਰਤਿਭਾ ਨੂੰ ਦੇਖਣ ਲਈ ਸਰੋਤਿਆਂ ਨੂੰ ਪੂਰੀ ਵੀਡੀਓ ਦੇਖਣ ਦੀ ਸਿਫਾਰਸ਼ ਹੈ। ਇਸ ਸਾਰੇ ਨਾਟਕ ਵਿਚ ਇਨ੍ਹਾਂ ਪ੍ਰਮੁੱਖ ਪਾਤਰਾਂ ਤੋਂ ਥੋੜੀ ਵਿੱਥ 'ਤੇ, ਪਰ ਇਨ੍ਹਾਂ ਵਾਂਗ ਹੀ ਪੂਰੇ ਜਾਹੋ-ਜਲਾਲ ਨਾਲ਼ ਆਪਣੀ ਭੂਮਿਕਾ ਨਿਭਾਉਣ ਵਾਲ਼ੇ ਅਤੇ ਥੋੜੀ ਜਿਹੀ ਕਾਮਰੇਡੀ ਲਾਗ ਵਾਲ਼ੇ ਚੰਚਲ ਮਨੋਹਰ ਸਿੰਘ ਬੇਦੀ ਦਾ ਜ਼ਿਕਰ ਨਾ ਕਰਨਾ, ਉਨ੍ਹਾਂ ਨਾਲ਼ ਸ਼ਾਇਦ ਬੇਇਨਸਾਫੀ ਹੋਵੇਗੀ। ਪ੍ਰੰਤੂ ਸ। ਬੇਦੀ, ਇਨ੍ਹਾਂ ਜਿੰਨਾ ਖਤਰਨਾਕ ਗਹਿਰ ਗੰਭੀਰਾ ਨਹੀਂ ਹੈ, ਉਸਦੀ ਪੇਸ਼ਕਾਰੀ ਤੋਂ ਸਾਫ ਪਤਾ ਲਗਦਾ ਹੈ ਕਿ ਉਹ ਢਿੱਡੋਂ ਹੱਸ ਰਿਹਾ ਹੈ। 1978 ਤੋਂ ਬਾਅਦ 'ਸੱਚਾ ਸੌਦਾ' ਵਾਲ਼ੇ ਵਿਵਾਦ ਨੇ ਸਾਡੇ ਭਾਈਚਾਰੇ ਦੇ ਵਿਦਵਾਨਾਂ ਨੂੰ ਪਿਛਲੀ ਅੱਧੀ ਸਦੀ ਤੋਂ ਬੁਰ੍ਹੀ ਤਰ੍ਹਾਂ ਉਲਝਾਇਆ ਹੋਇਆ ਹੈ। ਕੀ ਸਾਡੇ ਸਿੱਖ ਵਿਦਵਾਨਾਂ ਨੂੰ ਅਜਿਹੇ ਧਾਰਮਿਕ ਮੁੱਦਿਆਂ ਤੋਂ ਬਿਨਾ ਪੰਜਾਬ ਜਾਂ ਸਿੱਖਾਂ ਦੇ ਭਵਿੱਖ ਲਈ ਕੋਈ ਹੋਰ ਮੁੱਦੇ ਨਹੀਂ ਦਿਸਦੇ? ਜੇ ਵਿਦਵਾਨਾਂ ਨੇ ਸਿਰਫ ਅਜਿਹੇ ਧਾਰਮਿਕ ਮੁੱਦਿਆਂ ਤੱਕ ਹੀ ਸੀਮਤ ਰਹਿਣਾ ਹੈ ਤਾਂ ਕੀ ਇਨ੍ਹਾਂ ਮੁੱਦਿਆਂ ਬਾਰੇ ਵੀ ਦੂਰ-ਅੰਦੇਸ਼ੀ ਵਾਲ਼ੀ ਬੈਲੇਂਸ ਅਪਰੋਚ ਨਾਲ਼ ਪੁਨਰ-ਵਿਚਾਰ ਨਹੀਂ ਕਰਨਾ ਚਾਹੀਦਾ? ਕੀ ਅਸੀਂ ਖ਼ੁਦਗਰਜ਼ ਰਾਜਸੀ ਨੇਤਾਵਾਂ ਮਗਰ ਲੱਗ ਕੇ ਹਵਾ 'ਚ ਨੰਗੀਆਂ ਤਲਵਾਰਾਂ ਘੁੰਮਾ-ਘੁੰਮਾ ਕੇ ਆਪਣੇ ਲੋਕਾਂ ਨੂੰ ਭੜਕਾਈ ਰੱਖਣ ਦੀ ਖੇਡ ਕਦੀ ਤਿਆਗਣੀ ਹੀ ਨਹੀਂ ਹੈ?

ਤਸੱਲੀ ਵਾਲੀ ਗੱਲ ਇਹ ਹੈ ਕਿ ਪਿਛਲੇ ਅੱਠ ਮਹੀਨਿਆਂ ਤੋਂ ਲਗਾਤਾਰ ਚੱਲਦੀ ਆ ਰਹੀ ਇਸ ਸਾਰੀ ਬਹਿਸ ਚਰਚਾ ਦੌਰਾਨ ਸ। ਚੰਚਲ ਮਨੋਹਰ ਸਿੰਘ ਦੇ 'ਅੰਮ੍ਰਿਤ ਸੰਚਾਰ' ਚੈਨਲ ਉਪਰ ਆਖਰ 11 ਫਰਵਰੀ ਨੂੰ 'ਸਾਬਕਾ ਜਥੇਦਾਰਾਂ ਨੂੰ ਹਾਥੀ 'ਤੇ ਬਿਠਾ ਕੇ ਲਿਆਇਆ ਜਾਂਦਾ' ਸਿਰਲੇਖ ਹੇਠ ਸਾਬਕਾ ਵਾਈਸ ਚਾਂਸਲਰ ਅਤੇ ਨਿਮਰ ਸਿੱਖ ਚਿੰਤਕ ਡਾ. ਐਸ ਪੀ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਅਕਾਲੀ ਨੇਤਾਵਾਂ ਬਾਰੇ ਸੰਤੁਲਿਤ ਅਤੇ ਰੂਹ ਨੂੰ ਠਾਰਨ ਵਾਲਾ ਪ੍ਰਵਚਨ ਸੁਣਨ ਨੂੰ ਮਿਲਿਆ ਹੈ। ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਸੰਸਥਾ ਦੀ ਸ਼ਾਨ ਦੀ ਰਾਖੀ ਲਈ ਭਾਈਚਾਰੇ ਦੇ ਹਰ ਮੈਂਬਰ ਨੂੰ ਸੁਣਨਾ ਚਾਹੀਦਾ ਹੈ। ਬਿਹਤਰ ਹੈ ਕਿ ਡਾ। ਐਸ ਪੀ ਸਿੰਘ ਦੇ ਇਸ ਮੁੱਲਵਾਨ ਪ੍ਰਵਚਨ ਨੂੰ ਇਸੇ ਦਿਨ 'ਪੰਜਾਬ ਟੈਲੀਵਿਜਨ' ਉਪਰ 'ਚੱਕ ਕੇ ਲਿਹਾਜ਼; ਛੇੜਤਾ ਯੁੱਧ ਜਥੇਦਾਰ ਨੇ' ਸਿਰਲੇਖ ਹੇਠਲੀ ਵੀਡੀਓ ਅੰਦਰ ਸ੍ਰ. ਜਗਤਾਰ ਸਿੰਘ ਅਤੇ ਖਾਸ ਕਰਕੇ ਤਰਲੋਚਨ ਸਿੰਘ ਦਿੱਲੀ ਦੇ ਬੇਸਿਰ ਪੈਰ, ਭੜਕਾਊ ਪ੍ਰਵਚਨਾਂ ਨਾਲ ਜੋੜ ਕੇ ਪੜ੍ਹਿਆ ਜਾਵੇ।

ਕੀ ਉਪਰਲੀ ਸਾਰੀ ਬਹਿਸ ਚਰਚਾ ਦੇ ਪ੍ਰਸੰਗ ਵਿਚ ਪ੍ਰੋ. ਗੋਬਿੰਦਰ ਸਿੰਘ ਦਾ ਇਹ ਕਥਨ ਠੀਕ ਨਹੀਂ ਹੈ: 'ਸਭ ਨੂੰ ਪਤਾ ਹੈ ਕਿ ਅਕਾਲ ਤਖਤ 'ਤੇ ਜਥੇਦਾਰ ਨਹੀਂ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ। ਅਕਾਲ ਤਖਤ ਦਾ ਜਥੇਦਾਰ ਤਾਂ ਉਨ੍ਹਾਂ ਦਾ ਸੇਵਾਦਾਰ ਹੈ। ਜਿਸਦਾ ਕੰਮ ਪੇਸ਼ ਹੋਏ ਮਸਲੇ 'ਤੇ ਸ਼ਬਦ ਗੁਰੂ ਵਿਚੋਂ ਹੁਕਮਨਾਮਾ ਲੈ ਕੇ, ਇਸਦਾ ਭਾਵ ਦੂਜੇ ਸਿੰਘ ਸਾਹਿਬਾਨ ਦੀ ਮੱਦਦ ਨਾਲ਼ ਪ੍ਰਤੀਆਸ਼ੀ ਨੂੰ ਸਮਝਾ ਦੇਣਾ ਹੈ। ਸਭ ਕੁਝ ਜਾਣਦੇ ਹੋਏ ਵੀ ਸਾਡੇ ਵਿਦਵਾਨ ਅਜਿਹੇ ਕਾਰਜਾਂ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਮਗਰ ਕਿਉਂ ਪਏ ਰਹਿੰਦੇ ਹਨ, ਜੋ ਕਿ ਉਸਦੇ ਅਧਿਕਾਰ ਖੇਤਰ ਵਿਚ ਹੈ ਹੀ ਨਹੀਂ'?

ਅੰਤਿਕਾ: 'ਸਾਕਾ ਨੀਲਾ ਤਾਰਾ' ਦੀ ਤ੍ਰਾਸਦੀ ਦੀ ਯਾਦ ਸਿੱਖ ਮਾਨਸਿਕਤਾ ਅੰਦਰ ਸੂਲ਼ ਵਾਂਗੂੰ ਪੁੜੀ ਹੋਈ ਹੈ ਅਤੇ ਅਜੇ ਪਤਾ ਨਹੀਂ ਕਦੋਂ ਤੱਕ ਇਸਨੇ ਇਸੇ ਤਰ੍ਹਾਂ ਚਸਕਦੇ ਰਹਿਣਾ ਹੈ। ਇਸ ਲਈ ਮੈਡਮ ਇੰਦਰਾ ਗਾਂਧੀ ਦੀ ਜ਼ਿੱਦ ਅਤੇ ਮੁਜਰਮਾਨਾ ਕਾਰਵਾਈ ਨੂੰ ਸਾਡੇ ਆਪਣੇ ਤਾਂ ਕੀ ਵਿਰੋਧੀ ਵੀ ਗਲਤ ਮੰਨਦੇ ਹਨ। ਸੰਤ ਭਿੰਡਰਾਂਵਾਲ਼ੇ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਨੇ ਪੂਰੀ ਦਲੇਰੀ ਨਾਲ਼ '84 ਤੋਂ ਬਾਅਦ ਹਥਿਆਰਬੰਦ ਲੜਾਈ ਲੜੀ। ਉਨ੍ਹਾਂ ਦੀ ਜਾਂਬਾਜ਼ੀ ਦੇ ਕਿੱਸੇ ਲਿਖੇ ਗਏ ਹਨ ਅਤੇ ਹੋਰ ਬਥੇਰੇ ਲਿਖੇ ਜਾਂਦੇ ਰਹਿਣਗੇ। ਪ੍ਰੰਤੂ ਦੋਹਾਂ ਦੀ ਲੜਾਈ ਨੂੰ ਹਿੰਸਕ ਤੇ ਦੁਖਾਂਤਕ ਸਿਖਰ ਵੱਲ਼ ਧੱਕ ਕੇ ਲਿਜਾਣ ਲਈ ਪੇਸ਼ਾਵਰ ਸੁਪਨਸਾਜ਼ਾਂ ਅਤੇ ਗੁਗਲੀਬਾਜ਼ਾਂ ਦੀ ਅਹਿਮ ਭੂਮਿਕਾ ਅਜੇ ਤੱਕ ਹਨ੍ਹੇਰੇ ਵਿਚ ਹੀ ਰਹੀ ਹੈ। ਪ੍ਰੋ. ਬਲਕਾਰ ਸਿੰਘ ਵਰਗੇ ਇਨਸਾਨ ਤੋਂ ਵੱਧ ਇਸ ਕਿਸਮ ਦੀਆਂ ਫੌਜਾਂ ਦੇ ਖਤਰਨਾਕ ਸ਼ੌਕ ਬਾਰੇ ਸਾਰੀ ਜਾਣਕਾਰੀ ਕਿਸਨੂੰ ਹੋ ਸਕਦੀ ਹੈ? ਇਸ ਕਰਕੇ ਸਿੱਖ ਭਾਈਚਾਰੇ ਨੂੰ ਨਿਰੰਕਾਰੀ ਕਾਂਡ ਤੋਂ ਹੁਣ ਤੱਕ ਦੇ ਦੁਖਾਂਤ ਜਾਂ ਇਤਿਹਾਸ ਵਿਚ ਅਜਿਹੇ ਲੋਕਾਂ ਵਲੋਂ ਨਿਭਾਈ ਭੂਮਿਕਾ ਦਾ ਇਤਿਹਾਸ ਵੀ ਜ਼ਰੂਰ ਲਿਖ ਦੇਣਾ ਚਾਹੀਦਾ ਹੈ।

(ਸਮਾਪਤ)

# ਸਾਮਰਾਜ ਤੇ ਭਾਰਤੀ ਹਾਕਮ ਜਮਾਤਾਂ, ਮੁੜ-ਮੁੜ ਨਸ਼ਰ ਹੁੰਦੀ ਨਵ-ਬਸਤੀਵਾਦੀ ਅਧੀਨ ਹੈਸੀਅਤ

(ਬਾਕੀ 5 ਦੀ ਬਾਕੀ)

ਹਨ। 90ਵਿਆਂ ਦੇ ਦਹਾਕੇ ਤੋਂ ਭਾਰਤੀ ਹਾਕਮਾਂ ਨੇ ਅਮਰੀਕੀ ਸਾਮਰਾਜੀ ਧੜੇ ਨਾਲ ਨੱਥੀ ਹੋਣ ਦਾ ਰਾਹ ਫੜ ਲਿਆਸੀ ਤੇ ਮੁੱਖ ਤੌਰ 'ਤੇ ਉਹਦੀਆਂ ਲੋੜਾਂ ਅਨੁਸਾਰ ਚੱਲਣਾ ਸ਼ੁਰੂ ਕਰ ਦਿੱਤਾ। ਪਰ ਰੂਸ ਨਾਲੋਂ ਮੁਕੰਮਲ ਪਾਸਾ ਨਹੀਂ ਵੱਟਿਆ। ਉਸ ਨਾਲ ਵੀ ਸੌਦੇਬਾਜ਼ੀਆਂ ਚਲਦੀਆਂ ਰਹੀਆਂ। ਹੁਣ ਫੇਰ ਰੂਸ ਦੇ ਪਹਿਲਾਂ ਦੇ ਮੁਕਾਬਲੇ ਉੱਭਰਨ ਤੇ ਅਮਰੀਕੀ ਚੌਧਰ ਨੂੰ ਖੋਰਾ ਪੈਣ ਦੇ ਇਸ ਦੌਰ 'ਚ ਫਿਰ ਭਾਰਤੀ ਹਾਕਮ ਦੋਹੇਂ ਧੜਿਆਂ ਤੋਂ ਹੀ ਭਾਰਤੀ ਲੁਟੇਰੀਆਂ ਜਮਾਤਾਂ ਦੇ ਹਿਤਾਂ ਲਈ ਲਾਹਾ ਲੈਣ ਦੀ ਤਾਕ 'ਚ ਹਨ।

ਭਾਰਤ ਸਰਕਾਰ ਦਾ ਇਹ ਸਮੁੱਚਾ ਵਿਹਾਰ ਭਾਰਤੀ ਹਾਕਮ ਜਮਾਤਾਂ ਦੀ ਸੇਵਾ ਲਈ ਸਾਮਰਾਜੀ ਹੁਕਮਰਾਨਾਂ ਨਾਲ ਸੌਦੇਬਾਜ਼ੀਆਂ ਦਾ ਵਿਹਾਰ ਹੈ ਜੋ ਇਹਨਾਂ ਮੁਲਕਾਂ ਨਾਲ ਅਧੀਨਗੀ ਦੇ ਰਿਸ਼ਤੇ ਦੇ ਅੰਦਰ ਅੰਦਰ ਹੈ। ਇਸ ਰਿਸ਼ਤੇ 'ਚ ਜਦੋਂ ਕੁੜੱਤਣ ਵੀ ਆਉਂਦੀ ਹੈ ਤਾਂ ਉਹ ਭਾਰਤੀ ਲੋਕਾਂ ਦੇ ਹਿਤਾਂ ਦੀ ਰਾਖੀ ਕਾਰਨ ਨਹੀਂ ਸਗੋਂ ਭਾਰਤੀ ਲੁਟੇਰੀਆਂ ਹਾਕਮ ਜਮਾਤਾਂ ਦੇ ਹਿਤਾਂ ਦੇ ਵਧਾਰੇ ਲਈ ਆਉਂਦੀ ਹੈ। ਆਰਥਿਕਤਾ ਦੇ ਵਿਸ਼ੇਸ਼ ਖੇਤਰਾਂ 'ਚ ਸਾਮਰਾਜੀ ਲੁੱਟ ਦੇ ਅਧੀਨ ਰਹਿ ਕੇ ਜ਼ਿਆਦਾ ਹਿੱਸਾ-ਪੱਤੀ ਵਸੂਲਣ ਦੀਆਂ ਜ਼ਰੂਰਤਾਂ ਚੋਂ ਆਉਂਦੀ ਹੈ। ਕਿਸੇ ਵਿਸ਼ੇਸ਼ ਸਾਮਰਾਜੀ ਮੁਲਕ ਨਾਲ ਰੱਟਾ ਪੈ ਜਾਣ ਨਾਲ ਵੀ ਇਹ ਰਿਸ਼ਤਾ ਬੁਨਿਆਦੀ ਤੌਰ 'ਤੇ ਤਬਦੀਲ ਨਹੀਂ ਹੁੰਦਾ। ਭਾਰਤੀ ਹਾਕਮ ਜਮਾਤਾਂ ਦੀ ਵਿਦੇਸ਼ ਨੀਤੀ ਆਪਣੇ ਹਿੱਤਾਂ ਲਈ ਮੁਲਕ ਨੂੰ ਸਾਮਰਾਜੀਆਂ ਮੂਹਰੇ ਪਰੋਸਣ ਦੀ ਵਿਦੇਸ਼ ਨੀਤੀ ਹੈ। ਇਹਦੇ 'ਚ ਤਬਦੀਲੀ ਕਿਸੇ ਵਿਸ਼ੇਸ਼ ਮੁਲਕ ਨਾਲ ਵੱਧ ਘੱਟ ਸੌਦੇਬਾਜ਼ੀ ਦੇ ਪ੍ਰਸੰਗ 'ਚ ਹੀ ਹੁੰਦੀ ਹੈ। ਹੁਣ ਸਾਮਰਾਜੀ ਮੁਲਕਾਂ ਦੇ ਆਪਸੀ ਵਿਰੋਧ ਤਿੱਖੇ ਹੋਣ ਦੀ ਹਾਲਤ 'ਚ ਭਾਰਤੀ ਹਾਕਮ ਜਮਾਤਾਂ ਕੋਲ ਆਪਣੇ ਹਿਤਾਂ ਲਈ ਵੱਖ-ਵੱਖ ਧੜਿਆਂ ਨਾਲ ਸੌਦੇਬਾਜ਼ੀਆਂ ਕਰਨ ਦੀਆਂ ਗੁੰਜਾਇਸ਼ਾਂ ਜ਼ਿਆਦਾ ਹੋਣੀਆਂ ਹਨ ਤੇ ਇਹਨਾਂ ਦੀ ਵਰਤੋਂ ਵੇਲੇ ਭਾਰਤੀ ਹਾਕਮਾਂ ਨੇ ਕਿਸੇ ਵਿਸ਼ੇਸ਼ ਸਾਮਰਾਜੀ ਮੁਲਕ ਨਾਲ ਆਢਾ ਲਾਉਣ ਦਾ ਪ੍ਰਭਾਵ ਦੇਣ ਰਾਹੀਂ ਲੋਕਾਂ ਮੂਹਰੇ ਕੌਮੀ ਹਿੱਤਾਂ ਦੇ ਰਖਵਾਲੇ ਹੋਣ ਦਾ ਪ੍ਰਭਾਵ ਸਿਰਜਣ ਦੇ ਯਤਨ ਕਰਨੇ ਹਨ, ਆਉਂਦੇ ਅਰਸੇ 'ਚ ਅਜਿਹੀਆਂ ਕਲਾ-ਬਾਜ਼ੀਆਂ ਚਲਦੀਆਂ ਰਹਿਣੀਆਂ ਹਨ। ਇਨਕਲਾਬੀ ਸ਼ਕਤੀਆਂ ਲਈ ਇਸ ਦੰਭ ਨੂੰ ਲੋਕਾਂ ਮੂਹਰੇ ਬੇਨਕਾਬ ਕਰਨ ਦਾ ਕਾਰਜ ਬਣਦਾ ਹੈ। ਇਹ ਦਿਖਾਉਣ ਦੀ ਜ਼ਰੂਰਤ ਹੈ ਕਿ ਭਾਰਤੀ ਹਾਕਮ ਭਾਰਤੀ ਲੋਕਾਂ ਦੀ ਕੀਮਤ 'ਤੇ ਲੁਟੇਰੀਆਂ ਜਮਾਤਾਂ ਦੇ ਹਿਤਾਂ ਲਈ ਸਾਮਰਾਜੀਆਂ ਨਾਲ ਸੌਦੇਬਾਜ਼ੀਆਂ ਕਰ ਰਹੇ ਹਨ।

ਪਿਛਲੇ ਦਿਨੀਂ ਅਮਰੀਕੀ ਗਰਾਂਟਾਂ ਦਾ ਮੁੱਦਾ ਉਭਰਿਆ ਰਿਹਾ ਹੈ। ਇਹ ਦੁਨੀਆਂ ਭਰ 'ਚ ਸਥਾਪਿਤ ਹੈ ਕਿ ਅਮਰੀਕੀ ਸਾਮਰਾਜੀਆਂ ਵੱਲੋਂ ਦੁਨੀਆਂ ਭਰ ਦੇ ਮੁਲਕਾਂ ਅੰਦਰ ਹਰ ਢੰਗ ਤਰੀਕਿਆਂ ਨਾਲ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ। ਆਪਣੇ ਸਾਮਰਾਜੀ ਹਿੱਤਾਂ ਅਨੁਸਾਰ ਰਾਸ ਬੈਠਦੇ ਧੜਿਆਂ ਨੂੰ ਸੱਤਾ 'ਤੇ ਬਿਠਾਉਣ ਲਈ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ। ਹਕੂਮਤਾਂ ਉਲਟਾਈਆਂ ਜਾਂਦੀਆਂ ਹਨ ਤੇ ਮਰਜ਼ੀ ਦੀਆਂ ਬਣਾਈਆਂ ਜਾਂਦੀਆਂ ਹਨ। ਦੁਨੀਆ 'ਚ ਜਮਹੂਰੀਅਤ ਨੂੰ ਮਜ਼ਬੂਤ ਕਰਨ ਦੇ ਨਾਂ 'ਤੇ ਫੰਡ ਤੇ ਗਰਾਂਟਾਂ ਦੇਣ ਦੀ ਨੀਤੀ ਹਕੀਕਤ ਵਿੱਚ ਇਹਨਾਂ ਮੁਲਕਾਂ ਦੇ ਲੋਕਾਂ ਦੀ ਰਜ਼ਾ ਨੂੰ ਕੁਚਲਣ ਤੇ ਸਾਮਰਾਜੀ ਲੁਟੇਰੇ ਹਿੱਤਾਂ ਦੇ ਵਧਾਰੇ ਤੇ ਰਾਖੀ ਦੇ ਸਾਮਰਾਜੀ ਪ੍ਰੋਜੈਕਟ ਹਨ। ਟਰੰਪ ਵੱਲੋਂ ਕੀਤੀ ਜਾ ਰਹੀ ਅਜਿਹੀ ਪਾਜ ਉਘੜਾਈ ਮੂਹਰੇ ਭਾਰਤੀ ਹਾਕਮ ਜਮਾਤਾਂ ਦੇ ਸਿਆਸੀ ਨੁਮਾਇੰਦਿਆਂ ਦੀ ਹਾਲਤ ਕਸੂਤੀ ਜਿਹੀ ਬਣ ਗਈ ਹੈ। ਉਹ ਹੁਣ ਇੱਕ ਦੂਜੇ ਨੂੰ ਕੋਸ ਰਹੇ ਹਨ। ਕੀਹਦੇ ਰਾਜ 'ਚ ਗਰਾਂਟਾਂ ਆਈਆਂ ਤੇ ਕੀਹਨੂੰ ਕਿੰਨੀਆਂ ਗਈਆਂ, ਇਹਦਾ ਜਵਾਬ ਤਾਂ ਭਾਰਤੀ ਰਾਜ ਦੀਆਂ ਫਾਈਲਾਂ 'ਚ ਦਰਜ ਹੈ ਪਰ ਇਹ ਮੁੱਦਾ ਭਾਰਤੀ ਰਾਜ ਦੇ ਅਮਰੀਕੀ ਸਾਮਰਾਜੀ ਮਹਾਂ ਸ਼ਕਤੀ ਨਾਲ ਨਵ-ਬਸਤੀਵਾਦੀ ਰਿਸ਼ਤੇ ਦੀ ਇੱਕ ਹੋਰ ਸਨਦ ਹੈ। ਭਾਰਤੀ ਰਾਜ ਅੰਦਰ ਸਾਮਰਾਜੀ ਮੁਲਕਾਂ ਦੀ ਦਖਲਅੰਦਾਜ਼ੀ ਦੀ ਇੱਕ ਹੋਰ ਗਵਾਹੀ ਹੈ। ਭਾਰਤੀ ਲੀਡਰ ਇਕ ਦੂਜੇ ਨੂੰ ਕੋਸ ਕੇ ਇਹ ਸਨਦ ਪੱਕੀ ਹੀ ਕਰ ਸਕਦੇ ਹਨ, ਇਸ ਰਿਸ਼ਤੇ ਦੀ ਹਕੀਕਤ 'ਤੇ ਪਰਦਾ ਨਹੀਂ ਪਾ ਸਕਦੇ।

**ਸੁਰਖ਼ ਲੀਹ ਮਾਰਚ-ਅਪ੍ਰੈਲ ਅੰਕ 'ਚੋ ਧੰਨਵਾਦ ਸਹਿਤ**

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: botoxinjectoryyc_nav
Email: nav.beautybliss@gmail.com
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

# ਜਿਹੜਾ ਤੋਤਾ ਆਪ ਪਿੰਜਰੇ 'ਚ ਬੰਦ ਹੈ ਉਹ ਦੂਜਿਆਂ ਦੀ ਭਵਿੱਖਬਾਣੀ ਕੀ ਕਰੇਗਾ

*ਸਵੇਰੇ ਸਵੇਰ ਚੈਨਲਾਂ ਉਤੇ ਰਾਸ਼ੀਫਲ ਅਤੇ ਵੱਖ ਵੱਖ ਤਰ੍ਹਾਂ ਦੇ ਵਹਿਮ-ਭਰਮ ਫੈਲਾ ਕੇ ਸ਼ਨੀ, ਰਾਹੂ ਕੇਤੂ ਗ੍ਰਹਿਾਂ ਦਾ ਡਰ ਪਾਉਂਦੇ ਹੋਏ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰਨ ਲਈ ਨਗ, ਮੂੰਗੇ, ਕਵਚ ਆਦਿ ਵੇਚ ਰਹੇ ਹੁੰਦੇ ਹਨ। ਜੋਤਸ਼ੀਆਂ ਵੱਲੋਂ ਪਿੰਡ ਪਿੰਡ ਇਸ ਕੂੜ ਦੀਆਂ ਦੁਕਾਨਾਂ ਖੋਲ੍ਹੀਆਂ ਹਨ ਜਿਨ੍ਹਾਂ 'ਚ ਦੁਕਾਨਾਂ ਤੇ ਆਮ ਹੀ ਪੜਦੇ ਲਾਏ ਹੁੰਦੇ ਹਨ ਤਾਂ ਕਿ ਕੋਈ ਵੇਖ ਨਾ ਸਕੇ ਅੰਦਰ ਜੋਤਸ਼ੀ ਕੋਲ ਕੌਣ ਬੈਠਾ ਹੈ। ਭਾਵ ਇਹ ਧੰਦਾ ਚੋਰੀ ਛੁਪੇ ਦਾ ਵੀ ਹੈ।*



30-3-1842 ਅਮਰੀਕੀ ਸਰਜਨ ਕਰਾਫੋਰਡ ਲੌਂਗ ਨੇ ਅਨਥੀਸੀਆ ਵਰਤ ਕੇ ਪਹਿਲਾ ਸਫਲ ਅਪ੍ਰੇਸ਼ਨ ਕੀਤਾ।

1867 ਅਮਰੀਕਾ ਨੇ ਰੂਸ ਤੋਂ ਅਲਾਸਕਾ ਸਟੇਟ ਖਰੀਦਿਆ।

1916 ਦੂਸਰੇ ਲਾਹੌਰ ਸ਼ਾਜਿਸ ਕੇਸ ਦਾ ਫੈਸਲਾ 102 ਗਦਰੀਆਂ ਵਿੱਚੋਂ ਪੰਜ ਨੂੰ ਫਾਂਸੀ 46 ਨੂੰ ਉਮਰ ਕੈਦ ਜਾਂ ਕਾਲੇ ਪਾਣੀ ਅਤੇ ਕੁਝ ਨੂੰ ਛੋਟੀਆਂ ਸ਼ਜਾਵਾਂ ਤੇ ਕੁਝ ਬਰੀ।

1919 ਅੰਮ੍ਰਿਤਸਰ 'ਚ ਰੋਲਟ ਐਕਟ ਖਿਲਾਫ 30 ਤੋਂ 40 ਹਜ਼ਾਰ ਦਾ ਇਕੱਠ ਹੋਇਆ।

1929 ਇੰਗਲੈਂਡ ਤੇ ਭਾਰਤ ਵਿਚਕਾਰ ਹਵਾਈ ਡਾਕ ਸੇਵਾ ਸ਼ੁਰੂ।

1949 ਰਾਜਸਥਾਨ ਸੂਬਾ ਤੇ ਰਾਜਧਾਨੀ ਜੈਪੁਰ ਬਣੇ।

1950 ਮਰੇ ਹਲੇ ਨੇ ਫੋਟੋ ਟਰਾਂਸਮੀਟਰ ਦੀ ਖੋਜ ਕੀਤੀ।

1992 ਫਿਲਮਸ਼ਾਜ ਸਤਿਆਜੀਤ ਰਾਏ ਨੂੰ 'ਆਸਕਰ' ਐਵਾਰਡ।

'ਜੋਤਸ਼ੀਆ ਦਾ ਜਾਲ' ਭੋਲੀ ਭਾਲੀ ਜਨਤਾ ਨੂੰ ਲੁੱਟਣ ਵਾਲਿਆਂ ਦੀ ਇਸ ਦੇਸ਼ ਵਿੱਚ ਕੋਈ ਘਾਟ ਨਹੀਂ ਹੈ। ਅਖੌਤੀ ਬਾਬੇ, ਸਾਧ, ਤਾਂਤਰਿਕ, ਡੇਰੇਦਾਰ, ਪਾਂਡੇ, ਜੋਤਸ਼ੀਆਂ ਆਦਿ ਨੇ ਲੋਕਾਂ ਨੂੰ ਲੁੱਟਣ ਲਈ ਜਾਲ ਵਿਛਾਇਆ ਹੋਇਆ ਹੈ। 'ਸਰਮਾਏਦਾਰੀ ਪ੍ਰਬੰਧ' ਵਿੱਚ ਪੈਦਾ ਹੋਈਆਂ ਆਰਥਿਕ, ਸਮਾਜਿਕ, ਰਾਜਨੀਤਕ ਹਾਲਤਾਂ ਹਾਕਮਾਂ ਨੂੰ ਸਾਰਿਆਂ ਪਾਸਿਆਂ ਤੋਂ ਰਾਸ ਆ ਰਹੀਆਂ ਹਨ। ਹਾਕਮ ਚੋਣਾਂ ਵੇਲੇ ਗੁਣਾ ਘਟਾਉ ਦਾ ਹਰ ਹਰਬਾ ਵਰਤ ਕੇ ਜਿੱਤ ਹਾਸਲ ਕਰਦੇ ਹਨ। ਇਸ ਲੁੱਟ ਵਿੱਚ ਅੱਖਰ ਵਿਹੂਣੇ, ਅਖੌਤੀ ਪੜ੍ਹੇ ਲਿਖੇ, ਉਨ੍ਹਾਂ ਅਨਪੜ੍ਹ ਲੋਕਾਂ ਦਾ ਕਸੂਰ ਨਹੀਂ ਹੁੰਦਾ, ਜਿਨ੍ਹਾਂ ਜਨਤਾ ਨੂੰ ਗੁੰਮਰਾਹ ਕਰਨ ਦਾ ਕਸੂਰ ਹਾਕਮਾਂ ਦਾ ਹੁੰਦਾ ਹੈ। ਲੋਕਾਂ ਨੂੰ ਆਪਣੀ ਕਿਸਮਤ ਦੇ ਸਹਾਰੇ ਜਿਉਣ ਲਈ, ਕਿਸਮਤ ਵਿੱਚ ਜੋ ਹੈ ਉਹ ਮਿਲ ਹੀ ਜਾਣਾ ਹੈ, ਰੱਬ ਵਿੱਚ ਵਿਸ਼ਵਾਸ ਰੱਖਣ ਲਈ, ਰੱਬ ਜੋ ਕਰਦਾ ਚੰਗਾ ਹੀ ਕਰਦਾ, ਪ੍ਰਮਾਤਮਾ ਸਭ ਦਾ ਪਾਲਣਹਾਰ ਹੈ, ਰੱਬ ਤੋਂ ਮੰਗੋ, ਰੱਬ ਨਾ ਮਾਰੇ ਬੰਦੇ ਦੇ ਮਾਰਿਆਂ ਬੰਦਾ ਨਹੀਂ ਮਰਦਾ ਆਦਿ ਗਰੀਬ ਭੁੱਖੀ ਜਨਤਾ ਨੂੰ ਇਹ ਸਿੱਖਿਆਵਾਂ ਤੇ ਨਸੀਹਤਾਂ ਉਨ੍ਹਾਂ ਲੋਕਾਂ ਨੂੰ ਫੁਰਦੀਆਂ ਹਨ ਜੋ ਤਿੰਨੋ ਡੰਗ ਢਿੱਡ ਭਰ ਕੇ ਡਕਾਰ ਮਾਰਦੇ ਹਨ। ਜੋਤਸ਼ੀ ਆਪਣੀ ਲੁੱਟ ਨੂੰ ਤੇਜ ਕਰਨ ਲਈ ਵਿਗਿਆਨਿਕ ਖੋਜਾਂ ਟੀ ਵੀ ਚੈਨਲਾ, ਕੇਬਲਾਂ, ਕੰਪਿਊਟਰਾਂ, ਮੋਬਾਇਲਾਂ ਤੇ ਪ੍ਰਿੰਟ ਮੀਡੀਆ ਦੀ ਪੂਰੀ ਵਰਤੋਂ ਕਰ ਰਹੇ ਹਨ। ਸਵੇਰੇ ਸਵੇਰ ਚੈਨਲਾਂ ਉਤੇ ਰਾਸ਼ੀਫਲ ਅਤੇ ਵੱਖ ਵੱਖ ਤਰ੍ਹਾਂ ਦੇ ਵਹਿਮ-ਭਰਮ ਫੈਲਾ ਕੇ ਸ਼ਨੀ, ਰਾਹੂ ਕੇਤੂ ਗ੍ਰਹਿਾਂ ਦਾ ਡਰ ਪਾਉਂਦੇ ਹੋਏ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰਨ ਲਈ ਨਗ, ਮੂੰਗੇ, ਕਵਚ ਆਦਿ ਵੇਚ ਰਹੇ ਹੁੰਦੇ ਹਨ। ਜੋਤਸ਼ੀਆਂ ਵੱਲੋਂ ਪਿੰਡ ਪਿੰਡ ਇਸ ਕੂੜ ਦੀਆਂ ਦੁਕਾਨਾਂ ਖੋਲ੍ਹੀਆਂ ਹਨ ਜਿਨ੍ਹਾਂ 'ਚ ਦੁਕਾਨਾਂ ਤੇ ਆਮ ਹੀ ਪੜਦੇ ਲਾਏ ਹੁੰਦੇ ਹਨ ਤਾਂ ਕਿ ਕੋਈ ਵੇਖ ਨਾ ਸਕੇ ਅੰਦਰ ਜੋਤਸ਼ੀ ਕੋਲ ਕੌਣ ਬੈਠਾ ਹੈ। ਭਾਵ ਇਹ ਧੰਦਾ ਚੋਰੀ ਛੁਪੇ ਦਾ ਵੀ ਹੈ। ਵਿਦੇਸ਼ ਜਾਣ ਲਈ, ਤਲਾਕ, ਵਸ਼ੀਕਰਨ ਜਿਸ ਨੂੰ ਮਰਜ਼ੀ ਵਸ ਕਰ ਲਵੋ, ਪਿਆਰ ਵਿਆਹ ਸਫਲ ਕਰਨ, ਮੰਗਲੀਕ, ਜਨਮ ਕੁੰਡਲੀਆਂ, ਨੌਕਰੀ, ਔਲਾਦ ਤੇ ਖਾਸ ਕਰ ਪੁੱਤਰ ਦੀ ਪ੍ਰਾਪਤੀ, ਘਰੇਲੂ ਪ੍ਰੇਸ਼ਾਨੀਆਂ ਜਾਂ ਝਗੜੇ, ਬਿਮਾਰੀ ਤੋਂ ਮੁਕਤੀ, ਜਾਦੂ ਟੂਣਾ, ਕੀਤਾ ਕਰਾਇਆ, ਓਪਰੀ ਛਾਇਆ, ਕਾਲੇ ਇਲਮ ਨਾਲ ਦੁਸ਼ਮਣ ਤੇ ਜਿੱਤ ਜਾਂ ਕਿਸੇ ਨੂੰ ਵਸ ਕਰਨਾ, ਪੜ੍ਹਾਈ ਵਿੱਚ ਨੰਬਰ ਲੈਣ, ਛੁਪਿਆ ਧਨ ਲੱਭਣ ਆਦਿ ਲਈ ਜੋਤਸ਼ੀਆਂ ਵੱਲੋਂ ਗਰੰਟੀਆਂ ਨਾਲ ਇਲਾਜ/ਉਪਾਅ ਕੀਤੇ ਜਾਂਦੇ ਹਨ। ਇਹ ਗਰੰਟੀਆਂ ਦਿੰਦੇ ਹਨ, ਕਿਸੇ ਵੀ ਸਮੱਸਿਆ ਦੇ ਹਲ ਲਈ ਹਲਫੀਆ ਬਿਆਨ ਲਵੋ, 100 ਨਹੀਂ 1000 ਫੀਸਦੀ ਗਰੰਟੀ, ਸਮੱਸਿਆ ਹੱਲ ਨਾ ਹੋਣ ਤੇ ਪੈਸੇ ਵਾਪਸ, ਕੰਮ ਨੂੰ ਸਲਾਮ, ਇਕ ਫੋਨ ਤੁਹਾਡੀ ਜ਼ਿੰਦਗੀ ਬਦਲ ਸਕਦਾ ਹੈ, ਕਾਲੇ ਇਲਮ ਦਾ ਕਮਾਲ, ਸ਼ਰਤੀਆ ਇਲਾਜ, ਮਹਾਂਕਲੀ ਦੀ ਅਦਭੁੱਤ ਸ਼ਕਤੀ, ਮੁਸਲਮਾਨ ਸ਼ਕਤੀਆਂ ਦੇ ਬੇਤਾਜ ਬਾਦਸ਼ਾਹ, ਦਸ ਮਹਾਂਵਿਦਿਆ ਦੇ ਮਾਹਿਰ ਦੱਸ ਕੇ ਜਨਤਾ ਨੂੰ ਲੁੱਟ ਰਹੇ ਹਨ। ਉਪਰੋਕਤ ਸਾਰੀ ਕਿਸਮ ਦੇ ਲੁਟੇਰਿਆਂ ਨੂੰ ਪਿਛਲੇ 40 ਸਾਲਾਂ ਤੋਂ ਤਰਕਸ਼ੀਲ ਸੁਸਾਇਟੀ ਵੱਲੋਂ ਖੁੱਲ੍ਹੀ ਚੁਣੌਤੀ ਦਿੱਤੀ ਗਈ ਹੈ ਕਿ ਉਹ ਆਪਣੀ ਗੈਬੀ ਸ਼ਕਤੀ ਨਾਲ ਸੁਸਾਇਟੀ ਦੀਆਂ ਰੱਖੀਆਂ 23 ਸ਼ਰਤਾਂ ਵਿੱਚੋਂ ਇਕ ਵੀ ਧੋਖਾ ਰਹਿਤ ਹਾਲਤਾਂ ਵਿੱਚ ਪੂਰੀ ਕਰ ਦੇਣ ਤਾਂ ਉਨ੍ਹਾਂ ਨੂੰ ਪੰਜ ਲੱਖ ਰੁਪਏ ਦਿੱਤੇ ਜਾਣਗੇ ਤੇ ਹੋਰ ਸੁਸਾਇਟੀਆਂ ਵੱਲੋਂ ਰੱਖੇ ਇਨਾਮਾਂ ਦੀ ਰਕਮ ਜੋੜ ਕੇ ਕਰੋੜਾਂ ਵਿੱਚ ਹੈ ਪਰ ਅੱਜ ਤੱਕ ਕੋਈ ਵੀ ਇਹ ਸ਼ਰਤ ਨਹੀਂ ਜਿੱਤ ਸਕਿਆ। ਇਨ੍ਹਾਂ ਸ਼ਰਤਾਂ ਵਿਚ ਸੀਲਬੰਦ ਕਰੰਸੀ ਨੋਟ ਦਾ ਨੰਬਰ ਦੱਸਣ ਜਾਂ ਉਸਦੀ ਨਕਲ ਪੈਦਾ ਕਰਨ, ਬਲਦੀ ਅੱਗ ਵਿੱਚ ਨੰਗੇ ਪੈਰੀਂ ਤੁਰ ਸਕੇ, ਪਾਣੀ ਤੇ ਚਲ ਸਕੇ, ਅਜਿਹੀ ਵਸਤੂ ਜੋ ਅਸੀਂ ਮੰਗੀਏ ਉਹ ਹਵਾ ਵਿਚੋਂ ਪੈਦਾ ਕਰ ਸਕੇ, ਛੁਪੀ ਜਾਂ ਛੁਪਾਈ ਚੀਜ ਲਭ ਸਕੇ, ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਦੇਵੇ ਜਾਂ ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਦੇਵੇ, ਸਰੀਰ ਦੇ ਅੰਗ ਨੂੰ ਇਕ ਇੰਚ ਵਧਾ ਸਕੇ, ਭੂਤ ਪ੍ਰੇਤ ਜਾਂ ਆਤਮਾ ਦੀ ਫੋਟੋ ਖਿੱਚ ਸਕੇ ਤੇ ਫਿਰ ਅਲੋਪ ਕਰੇ ਜਾਂ ਉਸਨੂੰ ਹਾਜ਼ਰ ਕਰੇ, ਪੁਨਰ ਜਨਮ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ। ਆਪਣਾ ਸਰੀਰ ਇਕ ਥਾਂ ਤੋਂ ਦੂਜੀ ਥਾਂ ਬਿਨਾਂ ਛੱਡੇ ਲਿਜਾ ਸਕੇ, ਅੱਧੇ ਘੰਟੇ ਲਈ ਸਾਹ ਰੋਕ ਸਕੇ, ਘਰਾਂ ਵਿੱਚ ਖੂਨ ਦੇ ਸਿਟੇ, ਇੱਟਾਂ, ਰੋੜੇ ਡਿੱਗਣ ਪਿਛੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ ਆਦਿ। ਕੋਈ ਜੋਤਸ਼ੀ ਜਾਂ ਪਾਂਡਾ ਦਸ ਚਿੱਤਰਾਂ ਜਾਂ ਦਸ ਜਨਮ ਪੱਤਰੀਆਂ ਨੂੰ ਇਹ ਵੇਖਕੇ ਦਸ ਦੇਵੇ ਕਿ ਕਿਹੜੇ ਮਰਦ ਤੇ ਕਿਹੜੀਆਂ ਔਰਤਾਂ ਦੀਆਂ ਹਨ ਤੇ ਇਨ੍ਹਾਂ ਵਿਚੋਂ ਕਿੰਨੇ ਮਰੇ ਤੇ ਕਿੰਨੇ ਜੀਉਂਦੇ ਹਨ? ਜਨਮ ਦਾ ਠੀਕ ਸਮਾਂ, ਸਥਾਨ ਦਸ ਦੇਣ ਉਹ ਇਨਾਮ ਜਿੱਤ ਸਕਦੇ ਹਨ। 5% ਗਲਤੀ ਮਾਫ ਹੈ। ਅੱਜ ਤੱਕ ਜੋਤਸ਼ੀਆਂ ਨੇ ਕਦੇ ਤੂਫਾਨ, ਭੂਚਾਲ, ਰੋਜ਼ਾਨਾ ਹੋ ਰਹੇ ਕਤਲਾਂ, ਹਾਦਸਿਆਂ, ਚੋਰੀਆਂ, ਡਾਕਿਆਂ ਬਾਰੇ ਭਵਿੱਖਬਾਣੀ ਵੀ ਨਹੀਂ ਕੀਤੀ ਤੇ ਨਾ ਹੀ ਕਰ ਸਕਣਗੇ।' ਵਹਿਮਾਂ-ਭਰਮਾਂ ਤੋਂ ਬਚ ਜਾ ਲੋਕਾ, ਜੋਤਿਸ਼ ਵਿਦਿਆ ਵੱਡਾ ਧੋਖਾ।' 'ਆਖਦੇ ਜਿਹੜੇ ਕੁਝ ਨਹੀਂ ਜਾਣਾ ਨਾਲ, ਸਤ ਪੀੜ੍ਹੀਆਂ ਵਾਸਤੇ ਇਕੱਠਾ ਕਰ ਲੈਂਦੇ ਮਾਲ।' 'ਚੰਨ ਸੂਰਜ, ਗ੍ਰਿਹ ਅਤੇ ਤਾਰੇ; ਚੱਕਰਾਂ ਦੇ ਵਿੱਚ ਘੁੰਮਦੇ ਸਾਰੇ; ਇਹ ਤਾਂ ਆਪਣਾ ਪੰਧ ਨੇ ਕਰਦੇ; ਇਹ ਨਾ ਸਾਡੀ ਕਿਸਮਤ ਘੜਦੇ।' 'ਨਾ ਕੋਈ ਭੂਤ ਪਰੇਤ, ਨਾ ਕੋਈ ਉਪਰੀ ਛਾਇਆ; ਅਖੌਤੀ ਸਾਧਾਂ, ਜੋਤਸ਼ੀਆਂ ਨੇ ਚਕਰਾਂ ਵਿੱਚ ਪਾਇਆ।'


**ਮੁਖਵਿੰਦਰ ਚੋਹਲਾ ਮਰਹੂਮ**
**ਚਲੰਤ ਕੁਲਵੰਤ ਸਿੰਘ ਤਰਨਤਾਰਨ**

"Congratulations on your incredible success! ...on behalf of prominent newspaper Sarokaran Di Awaz

CIBC
Introducing your local CIBC Mobile Mortgage Advisor
Start your home buying journey on the right foot
I will provide personalized advice to help you choose the mortgage solution that's right for you, at a great rate
Contact me today
Vicky Dhillon
Mobile Mortgage Advisor
416 528-6200
1 833 814-0151
vicky.dhillon1@cibc.com
cibc.com/mortgages
All mortgages are subject to credit approval. Certain conditions and restrictions apply. The CIBC logo is a trademark of CIBC.
CG00102T



TANGERINE DEVELOPMENTS LTD
Channi Makkar
Vice President, Construction
Mobile : 604-783-0745
Office : 604-652-2733
channi@tangerinedevelopments.com
tangerinedevelopments.com
203 - 15350 Croydon Drive
Surrey, BC V2Z 0Z5




ਗੋਰਕੀ ਪ੍ਰਕਾਸ਼ਨ, ਲੁਧਿਆਣਾ
ਦੀਆਂ ਪ੍ਰਕਾਸ਼ਨਾਵਾਂ




ਆਪਣੀ ਕਿਤਾਬ ਛਪਵਾਉਣ ਲਈ ਸੰਪਰਕ ਕਰੋ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ
ਦੁਕਾਨ ਨੰ. 7, ਪੰਜਾਬੀ ਭਵਨ, ਭਾਰਤ ਨਗਰ ਚੌਂਕ ਲੁਧਿਆਣਾ, ਪੰਜਾਬ-141001, ਫੋਨ. - 9417642785
# 164 Saddle Crest Circle NE, Calgary (AB) Canada 403-455-4220

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative



# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਈ ਗਈ ਪਰਿਵਾਰਕ ਮਿਲਣੀ ਨੂੰ ਮਿਲਿਆ ਉਤਸ਼ਾਹਜਨਕ ਹੁੰਗਾਰਾ

## ਬੁਲਾਰਿਆਂ ਨੇ ਸਭਿਆਚਾਰਕ ਇਨਕਲਾਬ ਦੀ ਜਰੂਰਤ ਅਤੇ ਘਰੇਲੂ ਸਮਾਗਮਾਂ ਵਿੱਚ ਸਮਾਂ ਵਹਾ ਚੁੱਕੀਆਂ ਰਸਮਾਂ ਦੇ ਬਦਲ ਉਸਾਰਨ ’ਤੇ ਦਿੱਤਾ ਜ਼ੋਰ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਵੱਲੋਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਆਪਣੇ ਮੈਂਬਰਾਂ ਦੇ ਪਰਿਵਾਰਾਂ ਦੀ ਮਿਲਣੀ ਕਰਵਾਈ ਗਈ। ਇਸ ਸਮੇਂ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਕੌਮਾਂਤਰੀ ਇੰਚਾਰਜ ਬਲਵਿੰਦਰ ਬਰਨਾਲਾ ਅਤੇ ਤਕਰਸ਼ੀਲ ਸੁਸਾਇਟੀ ਪੰਜਾਬ ਦੇ ਸਭਿਆਚਾਰਕ ਵਿਭਾਗ ਮੁਖੀ ਜੋਗਿੰਦਰ ਕੁੱਲੇਵਾਲ ਨੇ ਮੁੱਖ ਬੁਲਾਰਿਆਂ ਵਜੋਂ ਵਿਚਾਰ ਸਾਂਝੇ ਕੀਤੇ। ਬਲਵਿੰਦਰ ਬਰਨਾਲਾ ਨੇ ਕਿਹਾ ਕਿ ਤਰਕਸ਼ੀਲਾਂ ਵੱਲੋਂ ਅਜਿਹੀਆਂ ਮਿਲਣੀਆਂ ਰਾਹੀਂ ਪਰਿਵਾਰਾਂ ਦਾ ਗਿਆਨ ਵਧਾਉਣਾ ਅਤੇ ਬੱਚਿਆਂ ਨੂੰ ਸਵਾਲ ਪੁੱਛਣ ਲਈ ਉਤਸਾਹਿਤ ਕਰਨਾ ਬੇਹੱਦ ਜ਼ਰੂਰੀ ਹੈ। ਜਿਵੇਂ ਕਨੇਡਾ ਵਰਗੇ ਦੇਸਾਂ ਵਿੱਚ ਬੱਚੇ ਦੇ ਜਨਮ ਸਮੇਂ ਤੋਂ ਹੀ ਉਸਦੀ ਹੋਂਦ ਆਜ਼ਾਦ ਵਿਅਕਤੀ ਵਜੋਂ ਉੱਭਰਦੀ ਹੈ। ਉਸ ਅਨੁਸਾਰ ਸਾਨੂੰ ਵੀ ਸੱਭਿਆਚਾਰਿਕ ਇਨਕਲਾਬ ਦੀ ਜ਼ਰੂਰਤ ਹੈ।

ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਆਪਣੇ ਸਮਾਜ ਵਿੱਚ ਪ੍ਰਚੱਲਤ ਬੇਲੋੜੇ ਰਸਮਾਂ ਰਿਵਾਜਾਂ ਨੂੰ ਬਦਲਣ ਲਈ ਸਾਨੂੰ ਆਪਣੇ ਘਰਾਂ ਤੋਂ ਹੀ ਸ਼ੁਰੂਆਤ ਕਰਨੀ ਪਏਗੀ। ਜਿਵੇਂਕਿ ਵਿਆਹ ਸ਼ਾਦੀ ਸਮੇਂ ਦਹੇਜ ਨਾ ਲੈਣਾ, ਗ਼ਮੀ-ਖ਼ੁਸ਼ੀ ਅਤੇ ਜ਼ਨਮ-ਮਰਨ ਦੇ ਸਮੇਂ ਵੇਲਾ ਵਹਾ ਚੁੱਕੇ ਰਸਮਾਂ ਰਿਵਾਜਾਂ ਨੂੰ ਬਦਲਣ ਲਈ ਵਿਚਾਰ ਚਰਚਾ, ਅਗਾਂਹ ਵਧੂ ਗੀਤਾਂ, ਨਾਟਕਾਂ ਤੇ ਵਿਗਿਆਨਿਕ ਵਿਚਾਰਾਂ ਵਾਲੇ ਕਲਾਕਾਰਾਂ ਦੇ ਪ੍ਰੋਗਰਾਮ ਕਰਵਾਉਂਣੇ ਚਾਹੀਦੇ ਹਨ।

ਕੈਨੇਡਾ ਤੋਂ ਛਪਦੇ ਮੈਗਜ਼ੀਨ ਸਰੋਕਾਰਾਂ ਦੀ ਆਵਾਜ਼ ਦੇ ਸਬ ਅਡੀਟਰ ਮਾਸਟਰ ਭਜਨ ਸਮੇਤ ਮਾ ਸੁਰਜੀਤ ਦੌਧਰ ਨੇ ਕਿਤਾਬਾਂ ਪੜ੍ਹਨ ਦਾ ਸ਼ੌਕ ਘਟ ਜਾਣ ’ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਇਹ ਅਗਾਂਹਵਧੂ ਤੇ ਵਿਗਿਆਨਿਕ ਸੋਚ ਅਪਨਾਉਣ ਤੋਂ ਪਾਸਾ ਵੱਟਣ ਦੇ ਤੁਲ ਹੈ। ਅੱਗੇ ਵਧਣ ਲਈ ਲਗਾਤਾਰ ਨਵੇਂ ਵਿਗਿਆਨਕ, ਇਤਿਹਾਸਕ, ਰਾਜਨੀਤਕ ਅਤੇ ਸਮਾਜਿਕ ਵਿਸ਼ਿਆਂ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮਨਜੀਤ ਘਣਗਸ਼ ਦੇ ਗੀਤ ‘ਤਰਕਸ਼ੀਲ ਬਣ ਜਾਓ ਲੋਕੋ ਤਰਕਸ਼ੀਲ ਬਣ ਜਾਓ ਨਾਲ ਕੀਤੀ’ ਤੇ ਪ੍ਰੋਗਰਾਮ ਦੌਰਾਨ ਕਰਤਾਰ ਸਿੰਘ ਵੀਰਾਨ ਨੇ ਸੰਤਰਾਮ ਉਦਾਸੀ ਦੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਛੇਵੀਂ ਤਰਕਸ਼ੀਲ ਚੇਤਨਾ ਪਰਖ ਵਿੱਚ ਜ਼ੋਨ ’ਚੋਂ ਪਹਿਲਾ ਸਥਾਨ ਲੈਣ ਵਾਲੇ ਵਿਦਿਆਰਥੀਆਂ ਮਨਿੰਦਰ ਸਿੰਘ ਅਤੇ ਜਸਕਰਨ ਪ੍ਰੀਤ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਤਰਕਸ਼ੀਲ ਮੈਂਬਰਾਂ ਦੇ ਪਰਿਵਾਰਾਂ ਜਿਹਨਾਂ ਵਿੱਚ 25-30 ਔਰਤਾਂ ਸਮੇਤ ਨੌਜਵਾਨ ਲੜਕੀਆਂ ਵੀ ਸ਼ਾਮਲ ਸਨ, ਨੇ ਬੇਝਿਜਕ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਇਸ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਪਹਿਲੀ ਵਾਰ ਸ਼ਾਮਲ ਹੋਈਆਂ ਹਾਂ, ਜਿੱਥੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ। ਐਡਵੋਕੇਟ ਅਮਨ, ਮਨਦੀਪ ਕੌਰ, ਹਰਵਿੰਦਰ ਕੌਰ, ਬਲਜਿੰਦਰ ਕੌਰ, ਸੰਤੋਸ਼ ਕੁਮਾਰੀ, ਮਨਜੀਤ ਕੌਰ, ਹਰਬੰਸ ਕੌਰ, ਕਿਰਨ ਜੋਤ, ਜਸ਼ਨਪ੍ਰੀਤ ਕੌਰ, ਰੰਜਨਾਂ, ਮਨਦੀਪ ਕੌਰ, ਕੁਲਦੀਪ ਕੌਰ, ਕਮਲਜੀਤ ਕੌਰ, ਮਹਿਕ ਆਦਿ ਨੇ ਇਸ ਤਰ੍ਹਾਂ ਦੀਆਂ ਮਿਲਣੀਆਂ ਕਰਦੇ ਰਹਿਣ ਦੀ ਇੱਛਾ ਪ੍ਰਗਟਾਈ। ਲੜਕੀਆਂ ਕਿਰਨਜੋਤ ਅਤੇ ਜਸ਼ਨਪ੍ਰੀਤ ਕੌਰ ਨੇ ਇਸ ਸਮੇਂ ਬਹੁਤ ਹੌਸਲਾ ਵਧਾਊ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਬਲਵੀਰ ਲੌਂਗੋਵਾਲ ਕੀ ਲਿਖੀ ‘ਗਦਰੀ ਸ਼ਹੀਦ ਬਾਬਾ ਭਾਨ ਸਿੰਘ ਪਿੰਡ ਸੁਨੇਤ ਤੋਂ ਕਾਲੇ ਪਾਣੀ ਤੱਕ’ ਅਤੇ ਜਸਵੰਤ ਜ਼ੀਰਖ ਦੀ ਲਿਖੀ ‘ਮੌਜੂਦਾ ਸਮੇਂ ਦਾ ਸੱਚ’ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਜ਼ੋਨ ਦੇ ਅਹੁਦੇਦਾਰਾਂ ਧਰਮਪਾਲ ਸਿੰਘ, ਹਰਚੰਦ ਭਿੰਡਰ ਰਾਜਿੰਦਰ ਜੰਡਿਆਲੀ, ਸਮਸ਼ੇਰ ਨੂਰਪੁਰੀ ਅਤੇ ਇਕਾਈਆਂ ਦੇ ਮੁਖੀਆਂ ਧਰਮ ਸਿੰਘ ਸੂਜਾਪੁਰ ਸੁਧਾਰ, ਕਰਤਾਰ ਸਿੰਘ ਵੀਰਾਨ ਜਗਰਾਓਂ, ਮੋਹਨ ਬਡਲਾ, ਮਲੇਰਕੋਟਲਾ, ਸਮੇਤ ਦੀਪ ਦਿਲਬਰ, ਰਾਕੇਸ਼ ਆਜ਼ਾਦ, ਪ੍ਰਮਜੀਤ ਸਿੰਘ, ਅਜਮੇਰ ਦਾਖਾ, ਜਗਦੇਵ ਮਕਸੂਦੜਾ ਅਤੇ ਮਾ. ਕਰਨੈਲ ਸਿੰਘ, ਮਲਕੀਤ ਸਿੰਘ ਸੁਧਾਰ, ਦਲਬੀਰ ਕਟਾਣੀ ਅਤੇ ਭੀਮ ਚੰਦ ਸਮੇਤ ਵੱਡੀ ਗਿਣਤੀ ਵਿੱਚ ਇਕਾਈਆਂ ਦੇ ਮੈਂਬਰਾਂ ਵੱਲੋਂ ਅਤੇ ਐਡਵੋਕੇਟ ਹਰਪ੍ਰੀਤ ਜੀਰਖ ਨੇ ਪਰਵਾਰਾਂ ਸਮੇਤ ਹਾਜ਼ਰੀ ਲਵਾਈ। ਜ਼ੋਨ ਦੇ ਜੱਥੇਬੰਦਕ ਮੁਖੀ ਜਸਵੰਤ ਜ਼ੀਰਖ ਨੇ ਸਟੇਜ ਸੰਚਾਲਨ ਕੀਤਾ ਅਤੇ ਅੰਤ ਵਿੱਚ ਸਭ ਦਾ ਧੰਨਵਾਦ ਕਰਦਿਆਂ ਅਜਿਹੀਆਂ ਮਿਲਣੀਆਂ ਦੀ ਲਗਾਤਾਰਤਾ ਦੇ ਯਤਨ ਜਾਰੀ ਰੱਖਣ ਲਈ ਉਪਰਾਲੇ ਕਰਨ ਤੇ ਜ਼ੋਰ ਦਿੱਤਾ।












WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)

10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer
YORK
WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

# ਭਾਰਤੀ ਸੰਵਿਧਾਨ ਦੇ ਬਰਾਬਰ ਹਿੰਦੂ ਰਾਸ਼ਟਰਵਾਦ ਦਾ 501 ਸਫੇ ਦਾ ਸੰਵਿਧਾਨ ਲਿਆਉਣਾ ਦੇਸ਼ ਧਰੋਹੀ ਕਾਰਵਾਈ : ਜਮਹੂਰੀ ਅਧਿਕਾਰ ਸਭਾ

ਲੁਧਿਆਣਾ, (ਜਸਵੰਤ ਜ਼ੀਰਖ) ਮਹਾਕੁੰਭ ਦੀ ਬਦਇੰਤਜਾਮੀ ਕਾਰਣ ਕਈ ਦਰਜਨ ਮਾਸੂਮ ਜਾਨਾਂ ਗਈਆਂ। ਉਨ੍ਹਾਂ ਮਰਨ ਵਾਲੇ ਮਾਸੂਮ ਔਰਤਾਂ, ਮਰਦ ਤੇ ਬੱਚਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਵੱਲੋਂ ਯਾਦ ਦਿਵਾਉਣਾ ਚਾਹੁੰਦੇ ਹਾਂ, ਕਿ ਇਸ ਦੁੱਖ ਭਰੀ ਘਟਨਾ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਇਕ ਵੱਡੀ ਸਾਜਿਸ਼ ਹਿੰਦੂਤਵ ਦੇ ਸੰਵਿਧਾਨ ਦੇ ਨਾਂ ਤੇ ਰਚੀ ਜਾ ਰਹੀ ਹੈ, ਜੋ ਕਿ ਔਰਤਾਂ, ਦਲਿਤਾਂ, ਮਜਦੂਰਾਂ, ਕਿਸਾਨਾ ਤੇ ਘੱਟ ਗਿਣਤੀਆਂ ਨੂੰ ਬੇ-ਦਖਲ ਕਰਨ ਦੀ ਸਾਜ਼ਿਸ਼ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਵੱਲੋਂ ਹਿੰਦੂ ਰਾਸ਼ਟਰਵਾਦ ਦੇ ਨਾਂ ਹੇਠ ਇੱਕ 501 ਸਫੇ ਦਾ ਵੱਖਰਾ ਸੰਵਿਧਾਨ ਲਾਗੂ ਕਰਨ ਬਾਰੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਚਰਚਾ ਕਰਦਿਆਂ ਕਿਹਾ ਕਿ ਇਹ ਅੰਗਰੇਜ਼ ਬਸਤੀਵਾਦ ਦੇ ਖਿਲਾਫ ਲੜੀ ਗਈ 190 ਸਾਲ ਦੀ ਜੰਗ ਨਾਲ ਸਥਾਪਿਤ ਕਦਰਾਂ ਕੀਮਤਾਂ, ਅਜ਼ਾਦੀ, ਬਰਾਬਰੀ ਭਾਈਚਾਰੇ ਤੇ ਸਮਾਜਿਕ ਨਿਆਂ ਅਤੇ ਆਰਥਿਕ ਨਾ ਬਰਾਬਰੀ ਦੇ ਅਸੂਲ਼ਾਂ ਨੂੰ ਦਫਨਾਉਣ ਦੇ ਤੁਲ ਹੈ। ਇਕ ਉੱਚ ਤਬਕੇ ਅਤੇ ਕਾਰਪੋਰੇਟਾਂ ਦੇ ਹਿਤਾਂ ਨੂੰ ਸਮਾਜ ਵਿਚ ਸਥਾਪਤੀ ਵੱਲ ਧੱਕਦੀ, ਪਿਛਾਂਹਖਿੱਚੂ ਤਾਕਤ ਦੀ ਅਵਾਜ਼ ਹੈ। ਯਾਦ ਰਹੇ ਕਿ ਇਹਨਾਂ ਸਮਾਜਿਕ ਕਦਰਾਂ ਦਾ ਅਧਾਰ ਗੁਰੂ ਨਾਨਕ, ਭਗਤ ਕਬੀਰ, ਭਗਤ ਰਵੀਦਾਸ, ਬਾਬਾ ਬੁੱਲੇ ਸ਼ਾਹ ਦੇ ਸੰਦੇਸ਼ ਵਿਚ ਸਪਸ਼ਟ ਹੈ। ਉਸ ਨੂੰ ਨਜ਼ਰ ਅੰਦਾਜ ਕਰਕੇ ਅੰਗਰੇਜ਼ ਸਾਮਰਾਜ ਦੀ ਲੋਕ ਵਿਰੋਧੀ ਰਾਜ ਪਧਤੀ ਨੂੰ ਹਿੰਦੂਤਵ ਦਾ ਮੁਖੌਟਾ ਪਵਾ ਕੇ ਪ੍ਰਚਾਰਨ ਦੀ ਚਾਲ ਹੈ। ਇਕ 501 ਸਫੇ ਦਾ ਮਸੌਦਾ ਦਿਖਾਇਆ ਜਾ ਰਿਹਾ ਹੈ, ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਸਿਰਫ ਗੁਰੂਕੁਲ ਵਿਚ ਪੜ੍ਹੇ, ਸਨਾਤਨੀ ਹੀ ਚੁਣੇ ਨੁਮਾਇੰਦੇ ਹੋਣਗੇ। ਧਿਆਨ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਇਹ ਰਾਜ ਸਰਕਾਰ ਆਪਣੀ ਮੁਖ ਜ਼ੁੰਮੇਵਾਰੀ ਅੱਜ ਦੇ ਭਖਦੇ ਲੋਕ ਮਸਲਿਆਂ ਨੂੰ ਹੱਲ ਕਰਨ ਦੀ ਅਸਫਲਤਾ ਤੋਂ ਧਿਆਨ ਭਟਕਾਉਣ ਲਈ ਵੀ ਅਜਿਹੇ ਮੂਰਖ ਬਣਾਉਣ ਦੇ ਯਤਨਾਂ ਨੂੰ ਹਵਾ ਦੇਣ ਵਿਚ ਮਦਦ ਕਰ ਰਹੀ ਹੈ। ਅੱਜ ਮਿਹਨਤੀ ਜਨਤਾ ਤਾਂ ਅਜਿਹੇ ਮਸਲਿਆਂ ਨਾਲ ਜੂਝ ਰਹੀ ਹੈ, ਜਿਵੇਂਕਿ ਸਭ ਲਈ ਵਿੱਦਿਆ, ਸਿਹਤ, ਪੌਸ਼ਟਿਕਤਾ, ਕੱਪੜਾ, ਮਕਾਨ, ਨੌਕਰੀ ਜਿਸ ਦਾ ਪ੍ਰਬੰਧ ਕਰਨਾ ਰਾਜ ਦੀ ਮੁਖ ਜ਼ੁੰਮੇਵਾਰੀ ਹੈ। ਪਰ ਲੋਕਾਂ ਦੀ ਹਿੱਸੇਦਾਰੀ ਵਾਲੇ ਲੋਕਤੰਤਰ ਨੂੰ ਹਜ਼ਾਰਾਂ ਸਾਲ ਪੁਰਾਣੇ ਰਾਜਾਸ਼ਾਹੀ ਤੇ ਸਮਾਜਿਕ ਪ੍ਰਬੰਧ ਨਾਲ ਖਤਮ ਕਰਕੇ ਕਾਰਪੋਰੇਟ ਹਿਤੀ ਪ੍ਰਬੰਧ ਨੂੰ ਮਜ਼ਬੂਤ ਕਰਨ ਦੀ ਚਾਲ ਵੀ ਹੈ। ਜਮਹੂਰੀ ਅਧਿਕਾਰ ਸਭਾ ਨੇ ਐਮਰਜੈਂਸੀ ਦੇ 1975 ਵਿਚ ਲਾਗੂ ਕਰਨ ਨੂੰ ਸੰਵਿਧਾਨ ਵਿਰੁੱਧ ਸਾਜਿਸ਼ ਕਿਉਂ ਕਿਹਾ ਸੀ? ਕਿਉਂਕਿ ਇਸ ਨੇ ਜਨਤਾ ਦੇ ਮੂਲ ਸ਼ਹਿਰੀ ਤੇ ਜਮਹੂਰੀ ਹੱਕਾਂ ਨੂੰ ਕੁਚਲ ਦਿੱਤਾ ਸੀ।

ਇਕ ਦਲੀਲ਼ ਘੜੀ ਜਾ ਰਹੀ ਹੈ ਕਿ ਕਈ ਦੇਸ਼ ਧਰਮ ਰਾਜਨੀਤੀ ਦੇ ਮਿਲਗੋਭੇ ਨਾਲ ਚਲ ਰਹੇ ਹਨ। ਇਹ ਉਹੀ ਦੇਸ਼ ਹਨ ਜਿਹੜੇ ਮਨੁੱਖੀ ਘਾਣ ਕਰ ਰਹੇ ਹਨ ਜਿਵੇਂ ਕਿ ਇਜ਼ਰਾਈਲ ਅਤੇ ਇਹ ਸਭ ਦੇਸ਼ ਸਾਮਰਾਜ ਦੀ ਗੁਲਾਮੀ ਵੀ ਭੁਗਤ ਰਹੇ ਹਨ। ਅਜਿਹੇ ਅੱਧੇ ਸੱਚ ਤੋਂ ਆਗਾਹ ਹੋਣ ਦੀ ਵੀ ਲੋੜ ਹੈ।

ਨਵੇਂ ਫ਼ੌਜਦਾਰੀ ਕਾਨੂੰਨਾਂ ਵਿੱਚ ਸੰਵਿਧਾਨ ਦੀਆਂ ਕਦਰਾਂ ਕੀਮਤਾਂ ਤੇ ਹਮਲਾ ਲੋਕ ਧਰੋਹ ਹੈ, ਇਸ ਲਈ ਪੁਰਜ਼ੋਰ ਮੰਗ ਹੈ ਕਿ ਇਸ ਅਖੌਤੀ ਹਿੰਦੂਤਵ ਸੰਵਿਧਾਨ ਘੜਨ ਵਾਲੀ ਜੁੰਡਲੀ ਭਾਰਤੀ ਸੰਵਿਧਾਨ ਦੇ ਬਰਾਬਰ ਹਿੰਦੂ ਰਾਸ਼ਟਰਵਾਦ ਦਾ 501 ਸਫੇ ਦਾ ਸੰਵਿਧਾਨ ਲਿਆਉਣਾ ਦੇਸ਼ ਧਰੋਹੀ ਕਾਰਵਾਈ — ਜਮਹੂਰੀ ਅਧਿਕਾਰ ਸਭਾ ਤੇ ਤੁਰੰਤ ਦੇਸ਼ ਧਰੋਅ ਦੇ ਅਧੀਨ ਕਾਰਵਾਈ ਕੀਤੀ ਜਾਵੇ ਅਤੇ ਵੱਡੇ ਪੈਮਾਨੇ ਤੇ ਇਸ ਸ਼ਰਾਰਤ ਦਾ ਵਿਰੋਧ ਕੀਤਾ ਜਾਵੇ। ਇਸ ਚਰਚਾ ਵਿੱਚ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਜ਼ੀਰਖ, ਸਕੱਤਰ ਅਜਮੇਰ ਦਾਖਾ ਸਮੇਤ ਮੈਂਬਰਾਂ ਡਾ. ਵਿਨੋਦ ਵਸ਼ਿਸ਼ਟ, ਮਾ. ਭਜਨ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਸਤੂਰੀ ਲਾਲ, ਮਾ. ਜਰਨੈਲ ਸਿੰਘ, ਡਾ. ਦਰਸ਼ਨ ਖੇੜੀ, ਬਲਵਿੰਦਰ ਸਿੰਘ, ਜਗਜੀਤ ਸਿੰਘ, ਅਰੁਣ ਕੁਮਾਰ ਸ਼ਾਮਲ ਸਨ।




## ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਚਲਦੇ ਸਿਲਾਈ ਸੈਂਟਰ 'ਚ ਲੜਕੀਆਂ ਨੂੰ ਦਿੱਤੇ ਸਰਟੀਫਿਕੇਟ





ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਲੜਕੀਆਂ ਨੂੰ ਸਵੈ ਨਿਰਭਰ ਬਣਾਉਣ ਲਈ ਪਿਛਲੇ 10 ਕੁ ਸਾਲਾਂ ਤੋਂ ਲਗਾਤਾਰ ਚੱਲ ਰਹੇ ਸਿਲਾਈ ਸੈਂਟਰ ਵਿੱਚ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਸਮਾਜ ਸੇਵੀ ਸੰਸਥਾਵਾਂ 'ਮਹਾਂ ਸਭਾ ਲੁਧਿਆਣਾ' ਅਤੇ 'ਜਾਗੋ' ਵੱਲੋਂ ਸ਼ੁਰੂ ਕੀਤੇ ਇਸ ਸੈਂਟਰ ਵਿੱਚੋਂ ਹੁਣ ਤੱਕ 500 ਤੋਂ ਵੱਧ ਲੜਕੀਆਂ ਸਿੱਖਿਅਤ ਹੋ ਕੇ ਆਪਣੀ ਰੋਜੀ ਚਲਾਉਣ ਯੋਗ ਹੋ ਚੁੱਕੀਆਂ ਹਨ। ਪਿਛਲਾ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਦੇਣ ਬਾਰੇ ਕੀਤੇ ਗਏ ਇਸ ਵਿਸ਼ੇਸ਼ ਸਮਾਗਮ ਦੀ ਪ੍ਰਧਾਨਗੀ ਸ੍ਰੀਮਤੀ ਨੀਲਮ ਕਪੂਰ, ਸੁਰਿੰਦਰ ਕੌਰ ਬਰਾੜ ਅਤੇ ਮੈਡਮ ਇੰਦਰਾ ਨੇ ਕੀਤੀ, ਜਿਸ ਵਿੱਚ ਬਾਬਾ ਭਾਨ ਸਿੰਘ ਟਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਅਤੇ ਕੈਨੇਡਾ ਤੋਂ ਛਪਦੇ ਮੈਗਜੀਨ ਸਰੋਕਾਰਾਂ ਦੀ ਆਵਾਜ਼ ਦੇ ਸਬ ਅਡੀਟਰ ਮਾ. ਭਜਨ ਸਿੰਘ ਨੇ ਵੀ ਸ਼ਿਰਕਤ ਕੀਤੀ। ਸ੍ਰੀਮਤੀ ਨੀਲਮ ਕਪੂਰ ਵੱਲੋਂ ਇਸ ਮੌਕੇ ਬੋਲਦਿਆਂ ਲੜਕੀਆਂ ਨੂੰ ਮੁਬਾਰਕਬਾਦ ਦਿੰਦਿਆਂ ਅਗਲੇ ਗਰੁੱਪ 'ਚ ਟ੍ਰੇਨਿੰਗ ਪ੍ਰਾਪਤ ਕਰ ਰਹੀਆਂ ਲੜਕੀਆਂ ਨੂੰ ਆਪਣੇ ਮਾਤਾ ਪਿਤਾ ਨੂੰ ਵੀ ਨਾਲ ਲਿਆਉਣ ਦੀ ਅਪੀਲ ਕੀਤੀ। ਸਮਾਜ ਵਿੱਚ ਉਨ੍ਹਾਂ ਨਾਲ ਹੋ ਰਹੀਆਂ ਵਧੀਕੀਆਂ ਖਿਲਾਫ ਉੱਠਣ ਦਾ ਸੱਦਾ ਦਿੱਤਾ। ਇਸ ਮੌਕੇ ਲੜਕੀਆਂ ਨੇ ਵੀ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਕਿਹਾ ਕਿ ਇਥੋਂ ਸਿਲਾਈ ਸਿੱਖਕੇ ਉਹ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰਨ ਵਿੱਚ ਕਾਮਯਾਬ ਹੋਈਆਂ ਹਨ। ਮਹਾਂ ਸਭਾ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਵੱਲੋਂ ਸਮਾਜ ਵਿੱਚ ਔਰਤਾਂ ਨੂੰ ਸਭ ਤੋਂ ਵੱਧ ਪੀੜਤ ਵਰਗ ਕਰਾਰ ਦਿੰਦਿਆਂ ਉਹਨਾਂ ਨੂੰ ਆਤਮ ਨਿਰਭਰ ਹੋਣ ਵਿੱਚ ਇਸ ਸਿਲਾਈ ਸੈਂਟਰ ਦੀ ਸ਼ੁਰੂਆਤ ਲਈ ਸੰਸਥਾ ਦੇ ਸਦੀਵੀਂ ਵਿਛੋੜਾ ਦੇ ਗਏ ਬਾਨੀ ਪ੍ਰਧਾਨ ਕਰਨਲ ਜੇ.ਐਸ. ਬਰਾੜ ਵੱਲੋਂ ਨਿਭਾਏ ਸ਼ਾਨਾਂਮੱਤੇ ਰੋਲ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਗਦਰੀ ਸ਼ਹੀਦਾਂ ਵੱਲੋਂ ਬਰਾਬਰਤਾ 'ਤੇ ਅਧਾਰਤ ਸਮਾਜ ਦੀ ਸਿਰਜਣਾ ਕਰਨ ਲਈ ਔਰਤ ਵਰਗ ਨੂੰ ਅੱਗੇ ਆਣ ਬਾਰੇ ਵੱਡੀ ਲੋੜ ਮਹਿਸੂਸ ਕੀਤੀ। ਪ੍ਰੋ. ਜਗਮੋਹਨ ਸਿੰਘ ਵੱਲੋਂ ਇਤਿਹਾਸ ਵਿੱਚ ਔਰਤਾਂ ਦੇ ਨਿਭਾਏ ਰੋਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਵਰਗ ਦੀ ਸ਼ਮੂਲੀਅਤ ਤੋਂ ਬਿਨਾਂ ਕੋਈ ਵੀ ਅਗਾਂਹਵਧੂ ਸਮਾਜਿਕ ਕ੍ਰਾਂਤੀਕਾਰੀ ਤਬਦੀਲੀ ਨਹੀਂ ਹੋ ਸਕਦੀ। ਇਸ ਸਿਲਾਈ ਸੈਂਟਰ ਵਿੱਚ ਸਿਖਲਾਈ ਦੇ ਰਹੀ ਅਧਿਆਪਕਾ ਸ੍ਰੀਮਤੀ ਹਰਜਿੰਦਰ ਕੌਰ ਵੱਲੋਂ ਨਿਭਾਈ ਜਾ ਰਹੀ ਜ਼ੁੰਮੇਵਾਰੀ ਦੀ ਸਾਰਿਆਂ ਨੇ ਪ੍ਰਸ਼ੰਸਾ ਕੀਤੀ। ਉਨ੍ਹਾਂ ਇਸ ਸੈਂਟਰ ਲਈ ਲੋੜੀਂਦੀ ਸਹਾਇਤਾ ਦੇ ਕੇ ਇਸ ਦੀ ਲਗਾਤਾਰਤਾ ਕਾਇਮ ਰੱਖਣ ਲਈ ਆਰਥਿਕ ਅਤੇ ਹਰ ਸਹਿਯੋਗ ਦੇਣ ਦਾ ਅਹਿਦ ਕੀਤਾ। ਮਾ. ਭਜਨ ਸਿੰਘ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਇਸ ਸਿਲਾਈ ਸੈਂਟਰ ਲਈ ਮਹੀਨਾਵਾਰ ਆਰਥਿਕ ਮੱਦਦ ਦੇਣ ਦਾ ਐਲਾਨ ਕੀਤਾ। ਇਸ ਮੌਕੇ ਦੋ ਕਿਤਾਬਾਂ 'ਗਦਰੀ ਸ਼ਹੀਦ ਬਾਬਾ ਭਾਨ ਸਿੰਘ ਪਿੰਡ ਸੁਨੇਤ ਤੋਂ ਕਾਲੇ ਪਾਣੀ ਤੱਕ' ਅਤੇ ਜਸਵੰਤ ਜ਼ੀਰਖ ਦੀ ਲਿਖੀ ਕਿਤਾਬ 'ਮੌਜੂਦਾ ਸਮੇਂ ਦਾ ਸੱਚ' ਪ੍ਰਧਾਨਗੀ ਮੰਡਲ ਨੂੰ ਭੇਂਟ ਕੀਤੀਆਂ ਗਈਆਂ।

## ਲੁਧਿਆਣਾ ਦੀਆਂ ਨੌਜਵਾਨ, ਜਨਤਕ-ਜਮਹੂਰੀ, ਤਰਕਸ਼ੀਲ ਜੱਥੇਬੰਦੀਆਂ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸਰਧਾਂਜਲੀ ਕੀਤੀ ਭੇਂਟ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਲੁਧਿਆਣੇ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਅਧਿਕਾਰ ਸਭਾ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਮਹਾਂ ਸਭਾ ਲੁਧਿਆਣਾ ਦੇ ਕਾਰਕੁੰਨਾ ਵੱਲੋਂ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਪਹਿਨਾਉਣ ਉਪਰੰਤ ਉਹਨਾਂ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਵਿਚਾਰ ਗੋਸ਼ਟੀ ਰਾਹੀਂ ਸਰਧਾਂਜਲੀ ਭੇਂਟ ਕੀਤੀ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਉਹਨਾਂ ਦੇ ਇਨਕਲਾਬੀ ਕੰਮਾਂ ਦੇ ਤੱਤ ਰੂਪ ਵਿੱਚ ਨਿਭਾਏ ਰੋਲ ਦੇ ਹਵਾਲਿਆਂ ਰਾਹੀਂ ਯਾਦ ਕਰਦਿਆਂ ਅੱਜ ਦੇ ਸਮੇਂ ਦੀਆਂ ਸਮਾਜਿਕ ਹਾਲਾਤਾਂ ਨੂੰ ਸਮਝਣ 'ਤੇ ਜ਼ੋਰ ਦਿੱਤਾ। ਵਿਚਾਰ ਗੋਸ਼ਟੀ ਵਿੱਚ ਭਾਗ ਲੈਣ ਵਾਲੇ ਸਾਰੇ ਕਾਰਕੁੰਨਾਂ ਨੇ ਭਗਤ ਸਿੰਘ ਦੀਆਂ ਲਿਖਤਾਂ ਅਤੇ ਉਹਨਾਂ ਦੇ ਸਮਕਾਲੀ ਦੋਸਤਾਂ ਵੱਲੋਂ ਪ੍ਰਗਟਾਏ ਲਿਖਤੀ ਤੱਥਾਂ ਨੂੰ ਜਾਨਣ 'ਤੇ ਵਧੇਰੇ ਜ਼ੋਰ ਦਿੱਤਾ। ਚਰਚਾ ਦੌਰਾਨ ਇੱਕ ਗੱਲ ਸਪਸ਼ਟ ਹੋਈ ਕਿ ਸ਼ਹੀਦਾਂ ਦੇ ਨਾਂ ਤੇ ਸਿਰਫ ਇਨਕਲਾਬ- ਜ਼ਿੰਦਾਬਾਦ ਕਹਿਣਾ ਹੀ ਕਾਫੀ ਨਹੀਂ ਸਗੋਂ ਸਾਮਰਾਜਵਾਦ-ਮੁਰਦਾਬਾਦ ਕਹਿਣਾ ਵੀ ਜ਼ਰੂਰੀ ਹੈ, ਜਿਸਨੇ ਅੱਜ ਵੀ ਭਾਰਤੀ ਹਾਕਮਾਂ ਨਾਲ ਮਿਲ ਕੇ ਸਾਡੇ ਦੇਸ਼ ਦੀ ਲੁੱਟ ਕਰਨ ਦਾ ਸਿਲਸਿਲਾ ਪਹਿਲਾਂ ਤੋਂ ਵੀ ਵੱਧ ਜਾਰੀ ਰੱਖਿਆ ਹੋਇਆ ਹੈ। ਮੰਨੂਸਿਮ੍ਰਤੀ ਅਤੇ ਪਿਛਾਖੜੀ ਵਿਚਾਰਧਾਰਾ ਲਾਗੂ ਕਰਨ ਦੇ ਸਰਕਾਰੀ ਮਨਸੂਬਿਆਂ ਖਿਲਾਫ ਲੋਕਾਂ ਨੂੰ ਸਿੱਖਿਅਤ ਕਰਨ ਦੇ ਪ੍ਰੋਗਰਾਮ ਵੱਧ ਤੋਂ ਵੱਧ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ। ਸਮਾਜ ਵਿੱਚ ਭਾਈਚਾਰਕ ਸਾਂਝ ਤੋੜਨ ਵਾਲੀਆਂ ਤਾਕਤਾਂ ਨੂੰ ਵੰਗਾਰਨ ਤੇ ਜ਼ੋਰ ਦਿੱਤਾ। ਦੇਸ਼ ਨੂੰ ਅੰਗਰੇਜ਼ਾਂ ਦੇ ਹੀ ਪਦ ਚਿੰਨ੍ਹਾਂ ਤੇ ਚਲਾਉਣ ਵਾਲੀਆਂ ਤਾਕਤਾਂ ਵਿਰੁੱਧ ਲੋਕ ਤਾਕਤ ਉਸਾਰਨ ਵਿੱਚ ਬਣਦਾ ਸਹਿਯੋਗ ਪਾਉਣ ਲਈ ਅੱਗੇ ਆਣ ਦਾ ਸੱਦਾ ਦਿੱਤਾ। ਗੋਸ਼ਟੀ ਵਿੱਚ ਭਾਗ ਲੈਣ ਵਾਲਿਆਂ ਵਿੱਚ ਮਾ ਜਰਨੈਲ ਸਿੰਘ, ਡਾ ਹਰਬੰਸ ਦਰੇਵਾਲ, ਪ੍ਰਤਾਪ ਸਿੰਘ, ਜਗਜੀਤ ਸਿੰਘ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਜਸਵੰਤ ਜ਼ੀਰਖ, ਸੁਬੇਗ ਸਿੰਘ, ਕਸਤੂਰੀ ਲਾਲ, ਐਡਵੋਕੇਟ ਹਰਪ੍ਰੀਤ ਜ਼ੀਰਖ, ਬਲਵਿੰਦਰ ਸਿੰਘ ਸ਼ਾਮਲ ਸਨ। ਮੈਡਮ ਮਧੂ, ਮੀਨੂੰ, ਤਜਿੰਦਰ ਕੁਮਾਰ, ਮਾਹਣਾ ਸਿੰਘ , ਮਹੇਸ਼ ਕੁਮਾਰ ਸਮੇਤ ਹੋਰਾਂ ਨੇ ਵੀ ਇਸ ਸਮੁੱਚੇ ਸਮਾਗਮ ਵਿੱਚ ਸਿਰਕਤ ਕੀਤੀ। ਅੰਤ ਵਿੱਚ ਜਸਵੰਤ ਜ਼ੀਰਖ ਵੱਲੋਂ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।




## ਕਿਸਾਨਾਂ ਦੀਆਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

ਲੁਧਿਆਣਾ, (ਜਸਵੰਤ ਜ਼ੀਰਖ) : ਲੁਧਿਆਣੇ ਦੀਆਂ ਜਨਤਕ, ਜਮਹੂਰੀ ਤੇ ਇਨਕਲਾਬੀ ਜੱਥੇਬੰਦੀਆਂ ਵੱਲੋਂ ਕਿਸਾਨਾਂ ਦੀ ਫੜੋ ਫੜੀ ਕਰਨ ਵਿਰੁੱਧ ਰੋਸ ਪ੍ਰਗਟਾਉਂਦਿਆਂ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਜਮਹੂਰੀ ਅਧਿਕਾਰ ਸਭਾ ਪੰਜਾਬ, ਗਦਰੀ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਇਨਕਲਾਬੀ ਮਜ਼ਦੂਰ ਕੇਂਦਰ, ਮਹਾਂ ਸਭਾ ਲੁਧਿਆਣਾ ਅਤੇ ਲੋਕ ਏਕਤਾ ਸੰਗਠਨ ਦੇ ਕਾਰਕੁੰਨਾ ਵੱਲੋਂ ਪੁਤਲਾ ਫੂਕੇ ਜਾਣ ਮੌਕੇ ਸਰਕਾਰ ਦੀ ਨਿੰਦਾ ਕਰਦਿਆਂ ਜ਼ਬਰਦਸਤ ਨਾਹਰੇਬਾਜ਼ੀ ਕੀਤੀ ਗਈ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਕੀਤੀ ਗਈ। ਇਸ ਕਾਰਵਾਈ ਮੌਕੇ ਜਸਵੰਤ ਜ਼ੀਰਖ, ਸੁਰਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਰਾਕੇਸ਼ ਆਜ਼ਾਦ, ਜਗਜੀਤ ਸਿੰਘ, ਅਜਮੇਰ ਦਾਖਾ, ਮਾ ਸੁਰਜੀਤ ਸਿੰਘ, ਹਰਸ਼ਾ ਸਿੰਘ, ਪ੍ਰਤਾਪ ਸਿੰਘ, ਗੱਲਰ ਚੌਹਾਨ, ਵਰਿੰਦਰ ਕੁਮਾਰ, ਰਵਿਤਾ, ਮਹੇਸ਼ ਕੁਮਾਰ, ਸਮੇਤ ਕਈ ਹੋਰ ਸ਼ਾਮਲ ਸਨ। ਇਸ ਮੌਕੇ ਗ੍ਰਿਫਤਾਰ ਕੀਤੇ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਆਵਾਜ਼ ਬੁਲੰਦ ਕੀਤੀ।



# ਗ਼ਦਰੀ ਗੁਲਾਬ: ਬੀਬੀ ਗੁਲਾਬ ਕੌਰ



-ਅਮੋਲਕ ਸਿੰਘ
98778-68710

ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਸੰਗਰਾਮੀ ਜੀਵਨ ਸਫ਼ਰ ਦੀ ਮਾਣਮੱਤੀ ਵਿਰਾਸਤ ਉਹਨਾਂ ਦੇ ਵਿਛੋੜੇ ਦੀ 100ਵੀਂ ਵਰ੍ਹੇਗੰਢ (1925-2025) ਮੌਕੇ ਔਰਤਾਂ ਦੇ ਮਾਣ ਸਨਮਾਨ ਭਰੇ ਸਮਾਜ ਦੀ ਸਿਰਜਣਾ ਲਈ ਮਹਿਕ ਵੰਡ ਰਹੀ ਹੈ। ਆਪਣੇ ਪਿਆਰੇ ਵਤਨ ਦੀ ਆਜ਼ਾਦੀ ਤਵਾਰੀਖ਼ ਦੇ ਅੰਬਰ ਦਾ ਚਮਕਦਾ ਸਿਤਾਰਾ ਗੁਲਾਬ ਕੌਰ ਸਾਡੇ ਸਮਿਆਂ 'ਚ ਔਰਤ ਦੀ ਜ਼ਿੰਦਗੀ ਦੇ ਕਾਲਖ਼ ਹਨੇਰੇ ਦੂਰ ਕਰਦੇ ਚਾਨਣ ਦੀ ਵਣਜਾਰਨ ਹੈ। ਉਹ 1925 ਵਿੱਚ ਸਿਰਫ਼ ਜਿਸਮਾਨੀ ਤੌਰ ਤੇ ਵਿਛੜੀ ਹੈ ਉਸਦੇ ਖਿਆਲਾਂ ਦੀ ਬਿਜਲੀ ਅੱਜ ਵੀ ਧਰਤੀ ਅੰਬਰ ਰੁਸ਼ਨਾ ਰਹੀ ਹੈ।

ਸੰਗਰੂਰ ਜ਼ਿਲ੍ਹੇ ਦੇ ਕਸਬਾ ਸੁਨਾਮ ਲਾਗੇ ਪਿੰਡ ਬਖ਼ਸ਼ੀਵਾਲਾ ਵਿਖੇ 1890 'ਚ ਜਨਮੀ ਗ਼ੁਲਾਬ ਕੌਰ 28 ਜੁਲਾਈ 1925 ਨੂੰ ਆਜ਼ਾਦੀ ਘੁਲਾਟੀਆਂ ਦੇ ਪਿੰਡ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਵਿਖੇ ਗ਼ਦਰੀ ਕਾਫ਼ਲੇ 'ਚੋਂ ਸਦਾ ਲਈ ਵਿਛੜੀ। ਇਹ 2025 ਦਾ ਵਰ੍ਹਾ ਗ਼ਦਰ ਲਹਿਰ ਦੇ ਵਾਰਸਾਂ ਲਈ ਗੁਲਾਬ ਕੌਰ ਦੇ ਨਾਂਅ ਕਰਨ ਦਾ ਵਰ੍ਹਾ ਹੈ।

ਗ਼ਦਰ ਲਹਿਰ ਅੰਦਰ ਗੌਰਵਮਈ ਇਤਿਹਾਸ ਸਿਰਜਣ ਵਾਲੇ ਪਿਆਰਾ ਸਿੰਘ ਲੰਗੇਰੀ, ਹਾਫ਼ਿਜ਼ ਅਬਦੁੱਲਾ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਸ਼ਹੀਦ ਬਖਸ਼ੀਸ ਸਿੰਘ ਖ਼ਾਨਪੁਰ (ਲੁਧਿਆਣਾ), ਸ਼ਹੀਦ ਧਿਆਨ ਸਿੰਘ ਉਮਰਪੁਰਾ, ਸ਼ਹੀਦ ਰਹਿਮਤ ਅਲੀ ਵਜੀਦਕੇ (ਨੇੜੇ ਬਰਨਾਲਾ), ਸ਼ਹੀਦ ਧਿਆਨ ਸਿੰਘ ਬੰਗਸੀਪੁਰਾ, ਚੰਦਾ ਸਿੰਘ ਵੜੈਚ, ਬਾਬਾ ਅਮਰ ਸਿੰਘ ਕੋਟਲਾ ਨੌਧ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਣ ਸਿੰਘ ਭਕਨਾ ਵਰਗੇ ਅਨੇਕਾਂ ਗ਼ਦਰੀ ਦੇਸ਼ ਭਗਤਾਂ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਗ਼ੁਲਾਬ ਕੌਰ ਦਾ ਸੁਨਹਿਰੀ ਇਤਿਹਾਸ ਸਾਡੀ ਸ਼ਾਨਾਮੱਤੀ ਵਿਰਾਸਤ ਦਾ ਕੱਲ੍ਹ, ਅੱਜ ਅਤੇ ਆਉਣ ਵਾਲਾ ਕੱਲ੍ਹ ਹੈ। ਗੁਲਾਬ ਕੌਰ ਦੇ ਵਿਛੋੜੇ ਦਾ ਸ਼ਤਾਬਦੀ ਵਰ੍ਹਾ ਇਸ ਕਰਕੇ ਇਤਿਹਾਸਕ ਮਹੱਤਤਾ ਰੱਖਦਾ ਹੈ ਕਿ ਔਰਤ ਵਰਗ ਜੇਕਰ ਮੋਢੇ ਨਾਲ ਮੋਢਾ ਜੋੜ ਕੇ ਨਾ ਤੁਰੇ ਤਾਂ ਕੋਈ ਵੀ ਦੇਸ਼ ਭਗਤ ਅਤੇ ਇਨਕਲਾਬੀ ਜਮਹੂਰੀ ਲਹਿਰ ਸਫ਼ਲਤਾ ਦਾ ਮੱਥਾ ਨਹੀਂ ਚੁੰਮ ਸਕਦੀ। ਅੱਜ ਤੋਂ ਸੌ ਵਰ੍ਹੇ ਪਹਿਲਾਂ ਤਾਂ ਔਰਤ ਦੇ ਪੈਰਾਂ ਵਿਚ ਹੋਰ ਵੀ ਮਜ਼ਬੂਤ ਬੇੜੀਆਂ ਸਨ। ਅੱਜ ਨਾਲੋਂ ਵੀ ਕਿਤੇ ਜ਼ਿਆਦਾ ਮਾਪਿਆਂ, ਪਤੀ, ਬੱਚਿਆਂ ਅਤੇ ਸਮਾਜ ਦੀਆਂ ਬੇਹਿਸਾਬ ਰੋਕਾਂ ਟੋਕਾਂ ਦੇ ਦੌਰ ਵਿੱਚ ਗ਼ੁਲਾਬ ਕੌਰ ਨੇ ਆਪਣੀ ਜਿੰਦੜੀ ਲੋਕਾਂ ਲੇਖੇ ਲਗਾ ਕੇ ਇਤਿਹਾਸ ਵਿਚ ਨਵਾਂ ਨਕੋਰ ਵਰਕਾ ਜੜ ਦਿੱਤਾ।

ਉਹਨਾਂ ਸਮਿਆਂ ਦੀਆਂ ਰਹੁਰੀਤਾਂ ਵਿਚ ਬੱਧੀ ਗ਼ੁਲਾਬ ਕੌਰ ਦਾ ਵਿਆਹ ਮਾਪਿਆਂ ਨੇ ਸੁਨਾਮ ਲਾਗੇ ਜਖੇਪਲ ਪਿੰਡ ਦੇ ਮਾਨ ਸਿੰਘ ਨਾਲ ਕਰ ਦਿੱਤਾ ਸੀ। ਮਾਨ ਸਿੰਘ ਮਨੀਲਾ ਤੋਂ ਆਇਆ ਸੀ। ਉਸ ਵੇਲੇ ਸ਼ੰਘਾਈ, ਬਰਮਾ, ਹਾਂਗਕਾਂਗ, ਮਲਾਇਆ, ਸਿੰਘਾਪੁਰ, ਫਿਲਪਾਈਨ ਆਦਿ ਮੁਲਕਾਂ ਵਿੱਚ ਦਰਬਾਨ, ਚੌਕੀਦਾਰ ਅਤੇ ਪੁਲਸ ਦੀ ਨੌਕਰੀ ਲੱਭ ਜਾਇਆ ਕਰਦੀ ਸੀ। ਗਰੀਬੀ, ਕਰਜ਼ੇ, ਥੁੜਾਂ ਅਤੇ ਤੰਗੀਆਂ ਦੇ ਭੰਨੇ ਪੰਜਾਬੀ ਪ੍ਰਦੇਸੀ ਹੋ ਜਾਂਦੇ। ਇਸ ਤਰ੍ਹਾਂ ਹੀ ਫਿਲਪਾਈਨ ਗਿਆ ਮਾਨ ਸਿੰਘ ਵਿਆਹ ਕਰਵਾਉਣ ਮਗਰੋਂ ਗੁਲਾਬ ਕੌਰ ਨੂੰ ਮਨੀਲਾ ਲੈ ਗਿਆ। ਮਾਨ ਸਿੰਘ ਵੀ ਹੋਰਨਾਂ ਵਾਂਗ ਮਨੀਲਾ ਤੋਂ ਅਮਰੀਕਾ ਜਾਣ ਦੀ ਤਾਂਘ ਰੱਖਦਾ ਸੀ। ਇਸ ਤਾਂਘ ਦੀ ਪੂਰਤੀ ਲਈ ਟੱਕਰਾਂ ਮਾਰਦੇ ਮਾਨ ਸਿੰਘ ਅਤੇ ਗੁਲਾਬ ਕੌਰ ਨੂੰ ਹਾਲਾਤ ਦੇ ਝਟਕਿਆਂ ਨੇ ਇਹ ਟੁਣਕਾ ਦਿੱਤਾ ਕਿ ਇਸ ਦਮ ਘੁੱਟਵੇ ਵਾਤਾਵਰਣ ਵਿੱਚ ਗੁਲਾਮਾਂ ਦੀਆਂ ਸੱਧਰਾਂ, ਉਮੰਗਾਂ ਦੇ ਕਦੇ ਫੁੱਲ ਨਹੀਂ ਖਿੜਦੇ। ਅਮਰੀਕਾ ਨੇ ਆਨੇ ਬਹਾਨੇ, ਸ਼ਰਤਾਂ ਮੜ੍ਹਕੇ ਅਮਰੀਕਾ ਜਾਣ ਦੇ ਰਾਹ ਬੰਦ ਕਰ ਦਿੱਤੇ। ਇਹਨਾਂ ਰੋਕਾਂ ਨੇ ਮਨੀਲਾ ਅਤੇ ਹੋਰ ਥਾਵਾਂ ਤੇ ਮਜ਼ਬੂਰੀਆਂ ਅਤੇ ਬੰਦਸ਼ਾਂ ਦੇ ਕੌੜੇ ਘੁੱਟ ਭਰਦੇ ਲੋਕਾਂ ਵਿਚ ਸ਼ਾਮਿਲ ਗੁਲਾਬ ਕੌਰ ਦੇ ਮਨ ਅੰਦਰ ਆਜ਼ਾਦੀ ਦੀ ਚੇਤਨਾ ਦੇ ਫੁੱਲ ਖਿੜਨ ਲਗਾ ਦਿੱਤੇ।

ਉਸਨੂੰ ਅਨੁਭਵ ਹੋਇਆ ਕਿ ਸਾਡੇ ਨਾਲ ਜੋ ਜੱਗੋਂ ਤੇਰ੍ਹਵੀਂ ਹੋ ਰਹੀ ਹੈ ਇਸਦਾ ਕਾਰਨ ਗ਼ੁਲਾਮੀ ਹੈ। ਉਹਨਾਂ ਸੋਚਿਆ ਕਿ ਜ਼ਿੰਦਗੀ ਦੀ ਪਰਵਾਜ਼ ਭਰਨ ਲਈ ਸਾਡੇ ਪੈਰਾਂ ਅਤੇ ਖੰਭਾਂ ਨੂੰ ਜਿਹਨਾਂ ਡਾਢਿਆਂ ਨੇ ਜਕੜ ਪੰਜਾ ਮਾਰ ਰੱਖਿਆ ਹੈ ਉਸਨੂੰ ਤੋੜਨ ਲਈ ਆਜ਼ਾਦੀ ਲਹਿਰ ਵਿੱਚ ਕੁੱਦਣ ਦੀ ਲੋੜ ਹੈ।

ਅਜੇਹੀ ਲਹਿਰ ਉਸਾਰਨ ਵੱਲ ਉਡਾਰੀ ਭਰਨ ਲਈ 'ਸੁਸਾਇਟੀ ਫਿਲਪਾਈਨ' ਬਣੀ। ਕਾਮਾਗਾਟਾਮਾਰੂ ਜਹਾਜ਼ ਨੂੰ ਵੈਨਕੂਵਰ



ਸਮੁੰਦਰ ਦੇ ਵਿਚਕਾਰ ਰੋਕਾਂ ਮੜ੍ਹਕੇ ਲੋਕਾਂ ਨੂੰ ਮਰਨ ਲਈ ਮਜ਼ਬੂਰ ਕਰ ਕੇ ਅਤੇ ਅਖੀਰ ਉਸਨੂੰ ਪਿੱਛੇ ਮੋੜ ਕੇ ਮਾਨਵਤਾ ਖ਼ ?ਲਾਫ਼ ਅਪਰਾਧ ਕਰਨ ਅਤੇ ਲੋਕਾਂ ਦੀ ਸੰਘੀ ਨੱਪਣ ਦੇ ਯਤਨ ਕੀਤੇ ਗਏ। ਉਹਨਾਂ ਖ਼ਿਲਾਫ਼ ਲੋਕਾਂ ਵਿਚ ਵਿਆਪਕ ਰੋਸ ਜਾਗਿਆ।

ਵੱਖੋ ਵੱਖਰੇ ਜਹਾਜ਼ਾਂ ਰਾਹੀਂ 'ਦੇਸ਼ ਨੂੰ ਚੱਲੋ' ਦੇ ਨਾਅਰੇ ਲਾਉਂਦੇ ਅਤੇ ਗ਼ਦਰੀ ਗੂੰਜਾਂ ਗਾਉਂਦੇ ਦੇਸ਼ ਭਗਤ ਆਪਣੀਆਂ ਨੌਕਰੀਆਂ, ਘਰ ਬਾਰ, ਜਾਇਦਾਦ ਗੱਲ ਕੀ ਤਨ ਮਨ ਧਨ ਸਭ ਕੁਝ ਕੁਰਬਾਨ ਕਰਨ ਲਈ ਸਿਦਕ ਦਿਲੀ ਨਾਲ ਸੁੱਤੇ ਸੁੱਤੇ ਪਾਣੀਆਂ ਵਿੱਚ ਸੁਨਾਮੀ ਲਿਆਉਣ ਲਈ ਵਤਨ ਵੱਲ ਵਹੀਰਾਂ ਘੱਤ ਦਿੱਤੀਆਂ।

ਇਹਨਾਂ ਬਾਗ਼ੀ ਪੌਣਾਂ ਦੇ ਰੰਗ ਵਿਚ ਗ਼ੁਲਾਬ ਕੌਰ ਅਤੇ ਉਸਦਾ ਪਤੀ ਮਾਨ ਸਿੰਘ ਵੀ ਰੰਗੇ ਗਏ। ਉਹਨਾਂ ਨੇ ਵੀ ਆਪਣੀ ਨਵੀਂ ਜ਼ਿੰਦਗੀ ਦਾ ਮਾਰਗ ਚੁਣਿਆਂ ਅਤੇ ਦੇਸ਼ ਵੱਲ ਚਾਲੇ ਪਾਉਣ ਵਾਲੇ ਕਾਫ਼ਲਿਆਂ ਵਿਚ ਆਪਣਾ ਨਾਂਅ ਦਰਜ਼ ਕਰਵਾ ਦਿੱਤਾ। ਇਸ ਦੌਰਾਨ ਹੀ ਕਨੇਡਾ ਦੀਆਂ ਭਰੀਆਂ ਕਚਹਿਰੀਆਂ ਵਿਚ ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਨੂੰ ਗੋਲੀਆਂ ਦਾਗ਼ ਦੇਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ।

ਫਿਲਪਾਈਨ ਸਮੇਤ ਅਨੇਕਾਂ ਥਾਵਾਂ ਤੇ ਗ਼ਦਰੀ ਗੂੰਜ ਪਈ। ਲੋਕ ਆਪਣੇ ਵਤਨ ਦੀ ਆਜ਼ਾਦੀ ਲਈ ਦੇਸ਼ ਵੱਲ ਕੂਚ ਕਰਨ ਲੱਗੇ।

ਗ਼ੁਲਾਬ ਕੌਰ ਲਈ ਅਗਨ ਪ੍ਰੀਖਿਆ ਦੀ ਘੜੀ ਉਸ ਵੇਲੇ ਆਈ ਜਦੋਂ ਐਨ ਜਹਾਜ਼ ਤੇ ਚੜ੍ਹਨ ਵੇਲੇ ਉਸਦੇ ਪਤੀ ਮਾਨ ਸਿੰਘ ਦਾ ਮਨ ਡੋਲ ਗਿਆ। ਉਸਨੇ ਗੁਲਾਬ ਕੌਰ ਨੂੰ ਵੀ ਰੋਕਣ ਲਈ ਪੂਰਾ ਤਾਣ ਲਾਇਆ। ਗੁਲਾਬ ਕੌਰ ਨੇ ਮਾਨ ਸਿੰਘ ਨੂੰ ਸਾਫ਼ ਸ਼ਬਦਾਂ ਵਿਚ ਸੁਣਾਉਣੀ ਕਰ ਦਿੱਤੀ ਕਿ ਤੂੰ ਜੇ ਆਜ਼ਾਦੀ ਲਈ ਭਾਰਤ ਜਾ ਰਹੇ ਜੱਥਿਆਂ ਨਾਲ ਨਹੀਂ ਜਾਣਾ ਤਾਂ ਤੇਰੀ ਮਰਜ਼ੀ ਪਰ ਤੂੰ ਮੇਰੀ ਜ਼ਿੰਦਗੀ ਦੇ ਫੈਸਲਿਆਂ ਵਿਚ ਪਤੀ ਹੋਣ ਦੇ ਜੋਰ ਕੋਈ ਰੋਕਾਂ ਨਹੀਂ ਮੜ੍ਹ ਸਕਦਾ। ਮਾਈ ਭਾਗੋ ਦੇ ਇਤਿਹਾਸ ਦੀ ਵਾਰਿਸ ਗ਼ੁਲਾਬ ਕੌਰ ਸ਼ੀਹਣੀ ਬਣ ਆਜ਼ਾਦੀ ਦੇ ਨਗ਼ਮੇ ਗਾਉਂਦੀ ਗ਼ਦਰੀ ਕਾਫ਼ਲੇ ਦੀ ਸਾਥਣ ਬਣ ਕੇ ਗ਼ਦਰੀ ਦੇਸ਼ ਭਗਤਾਂ ਨਾਲ ਆਪਣੇ ਵਤਨ ਨੂੰ ਤੁਰ ਪਈ। ਮਨੀਲਾ ਦੀ ਧਰਤੀ ਨੇ ਆਪਣੀ ਬੁੱਕਲ ਵਿਚ ਆਜ਼ਾਦੀ ਦਾ ਇਹ ਵਰਕਾ ਸੰਭਾਲ ਲਿਆ। ਗੁਲਾਬ ਕੌਰ ਨੂੰ ਮਾਨ ਸਿੰਘ ਤੋਂ ਕੀ ਕੀ ਸੁਣਨਾ ਪਿਆ ਹੋਏਗਾ ਇਸਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗੁਲਾਬ ਕੌਰ ਅਮਰੀਕਾ ਜਾਣ ਦੇ ਸੁਪਨਿਆਂ ਨੂੰ ਵਗਾਹ ਮਾਰ ਕੇ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਸੁਪਨਸਾਜ਼ ਹੋ ਗਈ। ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ, ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਕੇਸਰ ਸਿੰਘ ਠੱਠਗੜ੍ਹ, ਪ੍ਰਿਥਵੀ ਸਿੰਘ, ਜਗਤ ਰਾਮ ਵਰਗੇ ਦੇਸ਼ ਭਗਤਾਂ ਅਤੇ ਬੀਬੀ ਗੁਲਾਬ ਕੌਰ ਵਰਗੀਆਂ ਵੀਰਾਂਗਣਾਂ ਨੇ ਖੜ੍ਹੇ ਪਾਣੀਆਂ ਵਿੱਚ ਕੁਹਰਾਮ ਮਚਾ ਦਿੱਤਾ।

ਬੀਬੀ ਗੁਲਾਬ ਕੌਰ ਨਾਲ ਮਨੀਲਾ ਦੀ ਗ਼ਦਰ ਪਾਰਟੀ ਦੇ ਜਾਣੇ ਪਹਿਚਾਣੇ ਚਿਹਰੇ ਸਨ। 'ਜੇ ਤਉ ਪ੍ਰੇਮ ਖੇਲਣ ਕਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ' ਵਰਗੀਆਂ ਸਤਰਾਂ ਬੁਲੰਦ ਕਰਦੇ ਜੱਥੇ ਵਤਨਾਂ ਨੂੰ ਤੁਰੇ ਸਨ।

ਬੀਬੀ ਗੁਲਾਬ ਕੌਰ ਨੇ ਜੱਥੇ ਨੂੰ ਸੰਬੋਧਨ ਕਰਦੀ ਨੇ ਕਿਹਾ, 'ਬੀਬੀਓ ਭੈਣੋਂ, ਮੈਂ ਤੁਹਾਨੂੰ ਕਹਿਣਾ ਚਾਹੁੰਦੀ ਹਾਂ ਕਿ, ਔਰਤ ਅਤੇ ਮਰਦ ਬਰਾਬਰ ਹਨ। ਕਿਹਾ ਜਾਂਦਾ ਹੈ ਕਿ ਪੰਥ ਵਿੱਚ ਸਭ ਬਰਾਬਰ ਹਨ ਪਰ ਪੰਥ ਦੇ ਅਸੂਲਾਂ ਨੂੰ ਮੰਨਦਾ ਕੌਣ ਹੈ। ਇਥੇ ਹਾਲਤ ਇਹ ਹੈ ਕਿ ਔਰਤ ਪਹਿਲਾਂ ਬਾਪ ਦੇ ਡੰਡੇ ਹੇਠ ਹੈ, ਫੇਰ ਪਤੀ ਦੇ ਵਸ ਹੈ, ਉਹ ਭਾਵੇਂ ਸ਼ਰਾਬੀ ਕਬਾਬੀ, ਬੁਜ਼ਦਿਲ ਕਿਉਂ ਨਾ ਹੋਵੇ। ਮੇਰੇ ਮਾਪਿਆਂ ਨੇ ਮੇਰੇ ਲਈ ਵਰ ਲੱਭ ਕੇ ਲਾਵਾਂ ਦੇ ਦਿੱਤੀਆਂ। ਮੈਂ ਆਪਣੇ ਆਦਮੀ ਆਖੇ ਲੱਗ ਕੇ ਟਾਪੂਆਂ ਨੂੰ ਤੁਰ ਪਈ। ਉਸ ਕਿਹਾ ਚੀਨ ਜਾਵਾਂਗੇ, ਮੈਂ ਕਿਹਾ ਸੱਤ ਬਚਨ। ਫੇਰ ਕਹਿੰਦਾ ਲੋਕ ਅਮਰੀਕਾ ਜਾ ਰਹੇ ਆਪਾਂ ਵੀ ਜਾਣਾ ਮੈਂ ਸਭ ਗੱਲਾਂ ਮੰਨਦੀ ਰਹੀ। ਆਖ਼ਰ ਹੋਇਆ ਕੀ ਪਤੀ ਨੇ ਪਹਿਲਾਂ ਦੇਸ਼ ਜਾਣ ਦਾ, ਗ਼ਦਰ ਦਾ ਸਾਥੀ ਬਣਨ ਦਾ ਵਾਅਦਾ ਕੀਤਾ ਸੀ ਪਰ ਉਹ ਪੈਰ ਤੇ ਮੁੱਕਰ ਗਿਆ। ਉਲਟਾ ਮੇਰਾ ਵੀ ਰਾਹ ਰੋਕਣ ਲੱਗਾ। ਅਜਿਹੀ ਹਾਲਤ ਦੱਸਦੀ ਹੈ ਕਿ ਔਰਤ ਨੂੰ ਆਪਣੇ ਹੱਕ ਲਈ ਆਪ ਉੱਠਣ ਦੀ ਲੋੜ ਹੈ'। ਅਜਿਹੇ ਹਾਲਾਤ ਵਿਚ ਗ਼ੁਲਾਬ ਕੌਰ ਨੂੰ ਕਿੰਨੀਆਂ ਹੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਇਤਿਹਾਸ ਬੋਲਦਾ ਹੈ ਕਿ ਜਹਾਜ਼ ਤੋਂ ਉਤਰਨ ਵੇਲੇ ਸੂਹੀਆਂ ਏਜੰਸੀਆਂ ਦੀ ਨਜ਼ਰ ਤੋਂ ਬਚਣ ਲਈ ਗੁਲਾਬ ਕੌਰ ਨੇ ਜੀਵਨ ਸਿੰਘ ਦੌਲੇਵਾਲਾ ਨੂੰ ਆਪਣਾ ਪਤੀ ਦੱਸਣ ਦਾ ਪ੍ਰਪੰਚ ਰਚਿਆ।

ਬਹਾਦਰ ਗ਼ੁਲਾਬ ਕੌਰ ਨੇ ਅੰਮ੍ਰਿਤਸਰ ਅਤੇ ਲਾਹੌਰ ਗ਼ਦਰ ਪਾਰਟੀ ਦੇ ਦਫ਼ਤਰਾਂ ਵਿਚ ਸੇਵਾਵਾਂ ਦਿੱਤੀਆਂ। ਉਹ ਕਈ ਵਾਰ ਚਰਖਾ ਕੱਤਣ ਦਾ ਵਿਖਾਵਾ ਕਰਦੀ ਅਤੇ ਬੋਹੀਏ ਵਿਚ ਪੂਣੀਆਂ ਹੇਠ ਗ਼ਦਰੀ ਸਾਹਿਤ ਲੁਕਾ ਕੇ ਰੱਖਦੀ। ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਸਾਈਕਲਾਂ ਉਪਰ ਜਾ ਕੇ ਫ਼ੌਜੀ ਛਾਉਣੀਆਂ ਅਤੇ ਲੋਕਾਂ ਵਿਚ ਗ਼ਦਰ ਦਾ ਹੋਕਾ ਦਿੰਦੇ ਅਤੇ ਗ਼ੁਲਾਬ ਕੌਰ ਕੋਲੋਂ ਸਾਹਿਤ ਲੈ ਕੇ ਜਾਂਦੇ। ਕਰਤਾਰ ਸਿੰਘ ਸਰਾਭਾ ਵਰਗੇ ਇਹਨਾਂ ਉਡਦੇ ਪੰਖੇਰੂਆਂ ਨੂੰ ਸੰਭਾਲਣ ਦਾ ਕੰਮ ਕਰਦੀ ਗੁਲਾਬ ਕੌਰ। ਉਹ ਗ਼ਦਰ ਲਹਿਰ ਵਿੱਚ ਗ਼ੁਲਾਬ ਦੇਵੀ, ਬਸੰਤ ਕੌਰ ਕਦੇ ਕਿਰਪੋ ਨਾਵਾਂ ਹੇਠ ਵਿਚਰੀ ਤਾਂ ਜੋ ਹਕੂਮਤ ਦੀ ਨਜ਼ਰ ਤੋਂ ਬਚ ਕੇ ਆਜ਼ਾਦੀ ਲਈ ਜੂਝਦੇ ਪ੍ਰਵਾਨਿਆਂ ਦੀ ਮੱਦਦ ਕੀਤੀ ਜਾਂ ਸਕੇ। ਉਹ ਕੋਟਲਾ ਨੌਧ ਸਿੰਘ ਤੋਂ 1 ਮਾਰਚ 1915 ਨੂੰ ਕੋਟਲਾ ਨੌਧ ਸਿੰਘ ਦੇ ਹੀ ਜੈਲਦਾਰ ਨਰਿੰਦਰ ਸਿੰਘ ਦੀ ਸੂਹ ਤੇ ਫੜੀ ਗਈ। ਜਦੋਂ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਆਈ ਤਾਂ ਅੰਗਰੇਜ਼ ਹਕੂਮਤ ਦੇ ਝੋਲੀ ਚੁੱਕ ਨਰਿੰਦਰ ਸਿੰਘ ਜੈਲਦਾਰ ਨੇ ਸ਼ਰਤ ਰੱਖੀ ਕਿ ਇਹ ਜਿਸ ਅਮਰ ਸਿੰਘ ਦੇਸ਼ ਭਗਤ ਦੇ ਘਰ ਰਹਿੰਦੀ ਹੈ ਜੇ ਇਹ ਉਸਦੀ ਪਤਨੀ ਹੋਣ ਦੇ ਕਾਗਜ਼ ਬਣਾਏਗੀ ਫੇਰ ਹੀ ਪਿੰਡ ਵਿੱਚ ਰੱਖ ਸਕਦੇ ਹਾਂ। ਅਜਿਹਾ ਹੀ ਕਰਨਾ ਪਿਆ। ਅਮਰ ਸਿੰਘ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਨਾਲ ਚਾਦਰ ਦਾਰੀ ਵੀ ਕਰਨੀ ਪਈ। ਉਹਨਾਂ ਦਾ ਰਿਸ਼ਤਾ ਗ਼ਦਰ ਦੇ ਸਾਥੀਆਂ ਵਾਲਾ ਰਿਹਾ।

ਚੰਦਰਾ ਨਿਜ਼ਾਮ ਬਹੁਤ ਕੁਝ ਬੋਲਦਾ ਰਿਹਾ। ਆਖਿਰ ਅਮਰ ਸਿੰਘ ਨੇ ਆਪਣਾ ਚੁਬਾਰਾ ਬੀਬੀ ਗੁਲਾਬ ਕੌਰ ਦੇ ਨਾਂਅ ਕਰਵਾ ਦਿੱਤਾ ਅਤੇ ਆਪ ਹੋਰ ਥਾਂ ਵੱਖਰਾ ਰਹਿਣ ਲੱਗਾ। ਪਿੰਡ ਲੰਗੇਰੀ ਵਿਖੇ ਉਹ ਪਿਆਰਾ ਸਿੰਘ ਲੰਗੇਰੀ ਅਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਨਾਲ ਮੀਟਿੰਗਾਂ ਵਿਚਾਰ ਚਰਚਾਵਾਂ ਵਿੱਚ ਸ਼ਾਮਲ ਹੁੰਦੀ ਰਹੀ।

ਜ਼ਿੰਦਗੀ ਦੇ ਸਫ਼ਰ ਤੇ ਤੁਰਦਿਆਂ ਉਹ ਕਰਤਾਰ ਸਿੰਘ ਸਰਾਭਾ ਵਰਗੇ ਫਾਂਸੀ ਚੜ੍ਹਨ ਅਤੇ ਜੇਲ੍ਹਾਂ ਵਿਚ ਸੜਨ ਵਾਲਿਆਂ ਨੂੰ ਯਾਦ ਕਰਦੀ ਰਹਿੰਦੀ। ਅਜਿਹੀ ਹਾਲਤ ਵਿੱਚ ਉਹਦੇ ਸੀਨੇ ਵਿਚ ਨਾਸੂਰ ਬਣ ਗਿਆ। ਇਹ ਨਾਸੂਰ ਕੈਂਸਰ ਦਾ ਰੂਪ ਧਾਰ ਗਿਆ। ਇੱਕ ਦਿਨ ਬੀਬੀ ਗੁਲਾਬ ਕੌਰ ਆਪਣਾ ਜੀਵਨ ਸਫ਼ਰ ਗ਼ਦਰ, ਆਜ਼ਾਦੀ ਅਤੇ ਲੋਕ- ਪੱਖੀ ਰਾਜ ਅਤੇ ਸਮਾਜ ਦੀ ਸਿਰਜਣਾ ਦੇ ਨਾਮ ਕਰਦੀ ਹੋਈ ਸਦੀਵੀ ਵਿਛੋੜਾ ਦੇ ਗਈ। 28 ਜੁਲਾਈ 1925 ਨੂੰ ਵਿਛੜੀ ਗ਼ੁਲਾਬ ਕੌਰ ਨੂੰ ਦੂਜੇ ਦਿਨ ਪਿੰਡ ਕੋਟਲਾ ਨੌਧ ਸਿੰਘ ( ਹੁਸ਼ਿਆਰਪੁਰ) ਵਿਖੇ ਅੰਤਿਮ ਵਿਦਾਇਗੀ ਦਿੱਤੀ ਗਈ। ਇਤਿਹਾਸ ਕਦੇ ਮਰਦਾ ਨਹੀਂ। ਸੌ ਵਰ੍ਹਿਆਂ ਮਗਰੋਂ ਵੀ ਬੀਬੀ ਗੁਲਾਬ ਕੌਰ ਦਿੱਲੀ ਕਿਸਾਨ ਘੋਲ ਮੌਕੇ ਕਿਸਾਨਾਂ ਮਜ਼ਦੂਰਾਂ ਦੇ ਸੰਗਰਾਮ ਵਿਚ ਸਮੋਈ ਰਹੀ ਹੈ। ਉਸਦੀ ਯਾਦ 'ਚ ਟਿੱਕਰੀ ਬਾਰਡਰ ਤੇ 'ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨਗਰ' ਵਸਾਇਆ ਗਿਆ। ਜਿੱਥੇ ਹਰ ਰੋਜ ਭਾਸ਼ਣ, ਨਾਟਕ, ਗੀਤ ਸੰਗੀਤ ਕਿਸਾਨ ਘੋਲ ਵਿਚ ਚੱਲਦਾ ਰਿਹਾ। ਇਤਿਹਾਸ, ਵਿਰਾਸਤ ਅਤੇ ਸਾਡੇ ਸਮਿਆਂ ਦੀ ਸੁਰ ਤਾਲ ਹੋਈ ਗਾਥਾ ਲੋਕ ਮਨਾਂ ਉਪਰ ਗ਼ੁਲਾਬ ਕੌਰ ਅਮਿੱਟ ਦੇਣ ਨੂੰ ਸਿਜਦਾ ਕਰਦੀ ਰਹੀ। ਅੱਜ ਕੱਲ੍ਹ ਜਦੋਂ ਅਰੁੰਧਤੀ ਰਾਏ ਲਿਖਣ ਬੋਲਣ ਦੀ ਆਜ਼ਾਦੀ ਦੀ ਗੱਲ ਕਰਦੀ ਹੈ ਜਾਂ ਮੁਲਕ ਦੀ ਨਾਮਵਰ ਪੱਤਰਕਾਰ ਭਾਸ਼ਾ ਸਿੰਘ ਕਿਤੇ ਤਕਰੀਰ ਕਰਦੀ ਹੈ ਤਾਂ ਗ਼ਦਰੀ ਦੇਸ਼ ਭਗਤਾਂ ਅਤੇ ਬੀਬੀ ਗੁਲਾਬ ਕੌਰ ਨੂੰ ਸਿਜਦਾ ਕਰਨ ਨਾਲ ਗੱਲ ਕਰਦੀ ਹੈ। ਪੰਜਾਬ ਦਾ ਮਹਿਬੂਬ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਗੁਰਸ਼ਰਨ ਸਿੰਘ ਦੀ ਯਾਦ ਚ ਇਨਕਲਾਬੀ ਰੰਗ ਮੰਚ ਦਿਹਾੜੇ ਮੌਕੇ 27 ਸਤੰਬਰ ਨੂੰ ਬਰਨਾਲਾ ਵਿਖੇ ਗੁਲਾਬ ਕੌਰ ਬਾਰੇ ਨਾਟਕ ਪੇਸ਼ ਕਰਕੇ ਆਉਣ ਵਾਲੇ ਕੱਲ੍ਹ ਲਈ ਅਰਥਭਰਪੂਰ ਸੁਨੇਹਾ ਦਿੰਦੇ ਹਨ। ਪ੍ਰੋ. ਅਜਮੇਰ ਸਿੰਘ ਔਲਖ ਦਾ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਨਾਟਕ

'ਤੂੰ ਚਰਖ਼ਾ ਘੁਕਦਾ ਰੱਖ ਜ਼ਿੰਦੇ..'

ਅਸਲ ਵਿੱਚ ਗ਼ਦਰੀ ਸੰਗਰਾਮ ਜਾਰੀ ਰੱਖਣ ਦਾ ਪ੍ਰਤੀਕ ਸੁਨੇਹਾ ਹੋ ਨਿਬੜਦਾ ਹੈ।

ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ 100ਵੀਂ ਵਰ੍ਹੇਗੰਢ ਮਨਾਉਣ ਲਈ ਪੰਜਾਬ ਅੰਦਰ '2025 ਦਾ ਪੈਗ਼ਾਮ: ਗੁਲਾਬ ਕੌਰ ਦੇ ਨਾਮ' ਹੋਣ ਜਾ ਰਿਹਾ ਹੈ। ਮਾਣ ਨਾਲ ਕਹਿ ਸਕਦੇ ਹਾਂ ਕਿ ਇਹ ਵਰ੍ਹਾ ਗ਼ਦਰੀ ਗੁਲਾਬ ਕੌਰ ਦੇ ਵਿਚਾਰਾਂ ਦੀ ਮਹਿਕ ਵੰਡਣ ਲਈ ਸਾਹਿਤ, ਕਲਾ ਅਤੇ ਸੰਗਰਾਮ ਦੇ ਖੇਤਰ ਅੰਦਰ ਵਿਸ਼ੇਸ਼ ਹਸਤਾਖ਼ਰ ਹੋਏਗਾ।

## ਗ਼ਦਰੀ ਗੁਲਾਬ ਕੌਰ ਨੂੰ ਸਲਾਮ !

### ਗਦਰ ਦੀ ਧੀ ਗੁਲਾਬ ਕੌਰ ਦੀ ਇਹ ਸੌਵੀਂ ਬਰਸੀ ਦਾ ਵਰ੍ਹਾ ਹੈ।




ਗ਼ਦਰ ਦੀ ਧੀ - ਗ਼ੁਲਾਬ ਕੌਰ

ਇਹ ਪੇਂਟਿੰਗ ਨਾਲ ਮੈਂ ਗਦਰੀ ਗੁਲਾਬ ਕੌਰ ਨੂੰ ਉਸਦੀ ਸੌਵੀਂ ਬਰਸੀ ਤੇ ਸ਼ਰਧਾਂਜਲੀ ਭੇਂਟ ਕਰਦਾ ਹਾਂ। ਪੀਲੇ ਸ਼ਾਲ ਵਿੱਚ ਉਸਦਾ ਸ਼ਾਂਤ, ਪ੍ਰਭਾਵਸ਼ਾਲੀ ਚਿਹਰਾ ਦ੍ਰਿੜਤਾ ਦਾ ਪ੍ਰਤੀਕ ਹੈ, ਪਿੱਠ ਭੂਮੀ ਵਿਚ ਨੀਲਾ ਸਾਗਰ ਹੈ ਤੇ ਵਿਚ ਤੈਰਦਾ ਗ਼ਦਰੀਆਂ ਦਾ ਜਹਾਜ਼ । ਜਦ ਮਨੀਲਾ ਦੇ ਗੁਰਦਵਾਰੇ ਵਿਚ ਸੌਂਹ ਛੱਕਣ ਤੋਂ ਬਾਅਦ ਉਸਦਾ ਘਰਵਾਲਾ ਮੁਨਕਰ ਹੋ ਗਿਆ ਤਾਂ ਬੀਬੀ ਡਟੀ ਰਹੀ ਤੇ ਠੀਕ ਅਜਿਹੇ ਹੀ ਜਹਾਜ਼ ਵਿਚ ਸਵਾਰ ਹੋਕੇ ਭਾਰਤ ਆ ਗਈ। ਰਾਹ ਵਿਚ ਹੱਥ ਗ਼ਦਰੀ ਅਖ਼ਬਾਰ ਫੜ ਜ਼ਬਰਦਸਤ ਤਕਰੀਰਾਂ ਕਰਦੀ। ਸਰੋਤਿਆਂ ਨੂੰ ਗ਼ਦਰ ਲਈ ਵੰਗਾਰਦੀ। ਭਾਰਤ ਪਹੁੰਚ ਕੇ ਲੰਬਾ ਤੇ ਹੱਡ ਤੋੜਵਾਂ ਸੰਘਰਸ਼ ਕੀਤਾ। ਕਹਿੰਦੇ ਗਲੀ ਵਿਚ ਚਰਖਾ ਡਾਹ ਕੇ ਪੂਣੀਆਂ ਕੱਤਦੀ। ਛਿੱਕੂ ਵਿਚ ਰੂੰ ਹੇਠਾਂ ਪਸਤੌਲ ਤੇ ਅਖਬਾਰ ਲੁਕਾਏ ਹੁੰਦੇ... ਉਹਨਾਂ ਨੂੰ ਗ਼ਦਰੀਆਂ ਤੱਕ ਪਹੁੰਚਾਉਂਦੀ। ਪੇਂਟਿੰਗ ਵਿਚ ਗਦਰੀਆਂ ਦੇ ਜਹਾਜ਼ ਤੋਂ ਸ਼ੁਰੂ ਹੁੰਦੀ ਲਾਲ ਤੰਦ ਗ਼ਦਰ ਅਖਬਾਰ ਨਾਲ ਲਪੇਟੇ ਖਾਂਦੀ ਬੇਬੇ ਦੇ ਚਰਖੇ ਦੀ ਤੰਦ ਬਣ ਜਾਂਦੀ ਹੈ। ਉਦੇ ਛਿੱਕੂ ਵਿਚ ਇਨਕਲਾਬ ਦੇ ਇਹੀ ਲਾਲ ਧਾਗੇ ਲਮਕਦੇ ਅਗਾਂਹ ਵੰਡੇ ਜਾਣ ਲਈ। ਇਹੀ ਲਾਲ ਧਾਗੇ ਅਖ਼ਬਾਰਾਂ ਫੜੀ ਉਸਦੀ ਬਾਂਹ ਤੇ ਵੀ ਲਮਕੇ ਹਨ। ਉਸਨੇ ਗ਼ਦਰੀਆਂ ਦੇ ਝੰਡੇ ਦੀ ਚੁੰਨੀ ਲਈ ਹੈ। ਇਹ ਕੁੜੀ ਦਾ ਚਿਹਰਾ ਨਹੀਂ ਵਿਖਦਾ, ਕਿਉਂ ਜੋ ਇਹ ਅੱਜ ਵੀ ਇਨਕਲਾਬ ਦਾ ਰਾਹ ਤਲਾਸ਼ ਰਹਿਣ ਇਸੇ ਗੁਲਾਬ ਕੌਰ ਦੀ ਕੋਈ ਵੰਸ਼ਜ ਕੁੜੀ ਦਾ ਵੀ ਪ੍ਰਤੀਕ ਹੈ। ..ਖ਼ੈਰ ਬੇਬੇ ਗੁਲਾਬ ਕੌਰ ਇੰਝ ਹੀ ਸੰਘਰਸ਼ ਕਰਦੀ ਇੱਕ ਦਿਨ ਫੜੀ ਗਈ। ਜੇਲ੍ਹ ?ਹ ਵਿਚ ਤਸੀਹੇ ਝੱਲੇ, ਟੀਬੀ ਹੋ ਗਈ। ਬਾਹਰ ਆਈ ਤੇ ਗੁਮਨਾਮੀ ਵਿਚ ਹੀ ਅਨੇਕਾਂ ਹੋਰ ਗਦਰੀ ਯੋਧਿਆਂ ਵਾਂਗ ਅਲਵਿਦਾ ਆਖ ਗਈ।

ਆਓ ਮਿਲਕੇ ਸਾਡੀ ਇਸ ਮਾਂ ਨੂੰ ਯਾਦ ਕਰੀਏ।

ਇਨਕਲਾਬ ਜ਼ਿੰਦਾਬਾਦ !

-ਗੁਰਪ੍ਰੀਤ ਆਰਟਿਸਟ ਬਠਿੰਡਾ

# ਕੋਵਿਡ ਮਗਰੋਂ ਤੇਜੀ ਨਾਲ ਨਿੱਜੀਕਰਨ ਵੱਲ ਵਧਦਾ ਭਾਰਤ ਦਾ ਸਿਹਤ ਢਾਂਚਾ

ਅਮਨ ਸੰਤਨਗਰ

ਭਾਰਤ ਵਿੱਚ ਸਰਕਾਰੀ ਸਿਹਤ ਪ੍ਰਬੰਧ ਦਿਨੋ ਦਿਨ ਨਿੱਘਰਦਾ ਜਾ ਰਿਹਾ ਹੈ। ਦੂਜੇ ਪਾਸੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਿੱਜੀ ਕੰਪਨੀਆ ਦੀ ਦਖਲਅੰਦਾਜ਼ੀ ਲਗਾਤਾਰ ਵਧਦੀ ਜਾ ਰਹੀ ਹੈ। ਕਰੋਨਾ ਵਰਤਾਰੇ ਤੋਂ ਬਾਅਦ ਨਿੱਜੀ ਕੰਪਨੀਆਂ ਵੱਲੋਂ ਸਿਹਤ ਖੇਤਰ ਵਿੱਚ ਸਰਮਾਏ ਦਾ ਨਿਵੇਸ਼ ਕਾਫੀ ਤੇਜ ਗਤੀ ਨਾਲ਼ ਹੋਇਆ ਹੈ। ਉਂਝ ਤਾਂ ਇਹ ਸਰਮਾਏਦਾਰਾ ਪ੍ਰਬੰਧ ਦਾ ਵਜੂਦ ਸਮੋਇਆ ਲੱਛਣ ਹੈ ਕਿ ਕੁਦਰਤੀ ਤਾਕਤਾਂ ਦੀ ਵੱਡੀ ਤਬਾਹੀ ਰਾਹੀਂ ਇਹ ਆਪਣੇ ਸੰਕਟਾਂ ਦਾ ਆਰਜੀ ਹੱਲ ਤਲਾਸ਼ਦਾ ਹੈ। ਇਹੋ ਕਾਰਨ ਹੈ ਕਿ ਵੱਡੀਆਂ ਸੰਸਾਰ ਜੰਗਾਂ ਜਾਂ ਮਹਾਂਮਾਰੀਆਂ ਤੋਂ ਬਾਅਦ ਇਸ ਪ੍ਰਬੰਧ ਵਿੱਚ ਅਜਿਹੀ ਤੇਜੀ ਦੇ ਦੌਰ ਆਉਂਦੇ ਰਹੇ ਹਨ। ਇਸ ਵਾਰ ਵੀ ਕਰੋਨਾ ਦੇ ਬਹਾਨੇ ਸਰਕਾਰ ਵੱਲੋਂ ਦੇਸ਼ ਵਿੱਚ ਕੀਤੀ ਗਈ ਪੂਰਨਬੰਦੀ ਅਤੇ ਇਸਦੇ ਨਤੀਜੇ ਕੁਝ ਸਰਮਾਏਦਾਰਾਂ ਲਈ ਲਾਭਕਾਰੀ ਸਾਬਤ ਹੋਏ।

ਸਰਕਾਰ ਵੱਲੋਂ ਕਰੋਨਾ ਦੇ ਨਾਂ 'ਤੇ ਫੈਲਾਈ ਦਹਿਸ਼ਤ ਨੇ ਲੋਕਾਂ ਦੀ ਵੱਡੀ ਅਬਾਦੀ ਨੂੰ ਹਸਪਤਾਲਾਂ ਦਾ ਰਾਹ ਵਿਖਾਇਆ। ਪਰ ਨਾਲ਼ ਹੀ ਭਾਰਤ ਦੇ ਜਰਜਰ ਹੋ ਚੁੱਕੇ ਸਰਕਾਰੀ ਸਿਹਤ ਪ੍ਰਬੰਧ ਦਾ ਪਾਜ ਉਘੇੜਾ ਹੋ ਗਿਆ। ਸਰਾਕਰਾਂ ਦੀ ਬੇਰੁਖੀ ਅਤੇ ਬੇਸ਼ਰਮੀਂ ਵੀ ਇਸ ਵਾਰ ਖੁੱਲ੍ਹ ਕੇ ਸਾਹਮਣੇ ਆ ਗਈ। ਇਸ ਤੋਂ ਬਾਅਦ ਵੀ ਸਰਕਾਰ ਨੇ ਸਰਕਾਰੀ ਸਿਹਤ ਪ੍ਰਬੰਧ ਨੂੰ ਮਜਬੂਤ ਬਣਾਉਣ ਲਈ ਹਾਲੇ ਤੱਕ ਕੋਈ ਉਪਰਾਲੇ ਨਹੀਂ ਕਿਤੇ। ਦੂਜੇ ਪਾਸੇ ਇਸ ਸਾਰੇ ਵਰਤਾਰੇ ਤੋਂ ਬਾਅਦ ਨਿੱਜੀ ਨਿਵੇਸ਼ਕਾਂ ਨੂੰ ਭਾਰਤ ਦਾ ਸਿਹਤ ਖੇਤਰ ਇੱਕ ਸੋਨੇ ਦੀ ਖਾਨ ਨਜਰ ਆਉਣ ਲੱਗਾ। ਇਹੋ ਕਾਰਨ ਹੈ ਕਿ ਕਰੋਨਾ ਤੋਂ ਬਾਅਦ ਭਾਰਤ ਵਿੱਚ ਸਿਹਤ ਖੇਤਰ ਵਿੱਚ ਨਿੱਜੀ ਨਿਵੇਸ਼ ਵਿੱਚ ਕਾਫੀ ਤੇਜੀ ਨਜਰ ਆ ਰਹੀ ਹੈ।

ਭਾਰਤ ਵਿੱਚ ਚੱਲ ਰਹੇ ਹਸਪਤਾਲਾਂ ਨੂੰ ਹਥਿਆਉਣ ਦੀ ਜੋ ਦੌੜ ਚੱਲ ਰਹੀ ਹੈ ਉਸ ਵਿੱਚ ਏਨੀ ਤੇਜੀ ਪਹਿਲਾਂ ਕਦੇ ਨਹੀਂ ਸੀ। ਅਜਿਹੇ ਸਮੇਂ ਜਦ ਹੋਰਨਾਂ ਖੇਤਰਾਂ ਵਿੱਚ ਇੱਥੇ ਵਿਦੇਸ਼ੀ ਸਰਮਾਏ ਦੀ ਤੋਟ ਚੱਲ ਰਹੀ ਹੈ ਸਿਹਤ ਖੇਤਰ ਵਿੱਚ ਸਰਮਾਏ ਦਾ ਨਿਵੇਸ਼ ਵਧ ਰਿਹਾ ਹੈ। ਸਿੰਗਾਪੁਰ ਨੇ 2 ਅਰਬ ਡਾਲਰ ਯਾਨੀ 16400 ਕਰੋੜ ਰੁਪਏ ਨਾਲ਼ ਮਨੀਪਾਲ ਹਸਪਤਾਲ ਵਿੱਚ ਫੈਸਲਾਕੁੰਨ ਹਿੱਸੇਦਾਰੀ ਖਰੀਦ ਲਈ ਹੈ। ਸਿਰਫ ਇੱਕ ਹਸਪਤਾਲ ਲਈ ਏਨੀ ਕੀਮਤ ਲਗਾਉਣ ਦੇ ਸਿਹਤ ਖੇਤਰ ਵਿੱਚ ਨਿੱਜੀ ਨਿਵੇਸ਼ਕਾਂ ਲਈ ਲਾਜਮੀ ਕੁਝ ਮਾਅਨੇ ਹਨ। ਇਸ ਤੋਂ ਬਾਅਦ ਕਲਕੱਤੇ ਦੇ ਹਸਪਤਾਲਾਂ ਦੀ ਇੱਕ ਚੇਨ, ਈਮਾਮੀ ਗਰੁੱਪ ਦਾ 84% ਹਿੱਸਾ ਮਨੀਪਾਲ ਨੇ 24000 ਕਰੋੜ ਰੁਪਏ ਵਿੱਚ ਖਰੀਦ ਲਿਆ। ਨਿੱਜੀ ਖੇਤਰ ਦੇ ਇੱਕ ਵੱਡੇ ਬਘਿਆੜ ਬਲੈਕ ਸਟੋਨ ਨੇ ਕੁਆਲਟੀ ਕੇਅਰ ਹਸਪਤਾਲ ਵਿੱਚ 73% ਹਿੱਸਾ ਖਰੀਦ ਲਿਆ। ਕੇਅਰ ਹਸਪਤਾਲ ਨੇ ਵੀ ਨਾਲ਼ੋ-ਨਾਲ਼ ਕੇਰਲ ਦੇ ਇੱਕ ਹਸਪਤਾਲ ਦੀ ਚੇਨ 'ਕਿਮਸ ਹੈਲਥ' ਅਤੇ ਮੱਧ ਪੂਰਬ ਦੀ ਇੱਕ ਹਸਪਤਾਲ ਚੇਨ ਦਾ ਵੱਡਾ ਹਿੱਸਾ ਖਰੀਦ ਲਿਆ। ਡੀ.ਐਮ. ਹੈਲਥਕੇਅਰ ਦੇ ਖਾੜੀ ਦੇਸਾਂ ਵਿਚਲੇ ਕਾਰੋਬਾਰ ਨੂੰ ਅਲਫਾ ਜੀਸੀਸੀ ਨੇ ਖਰੀਦ ਲਿਆ। ਓਂਟਾਰੀਓ ਟੀਚਰਜ ਨੇ ਭਾਰਤ ਵਿੱਚ 'ਸਹਿਯਾਦਰੀ ਹਸਪਤਾਲ' ਨੂੰ ਖਰੀਦ ਲਿਆ। ਸਹਾਰਾ ਹੈਲਥਕੇਅਰ ਉੱਤੇ ਲੱਗਭੱਗ 900 ਕਰੋੜ ਦੀ ਕੀਮਤ ਨਾਲ਼ ਮੈਕਸਕੇਅਰ ਨੇ ਕਬਜ਼ਾ ਕਰ ਲਿਆ। ਹੁਣ ਹਾਲਤਾਂ ਇਹ ਬਣੀਆਂ ਹੋਈਆਂ ਹਨ ਕਿ ਕੁਝ ਵੱਡੇ ਨਿਵੇਸ਼ਕ ਭਾਰਤ ਦੇ ਸਿਹਤ ਖੇਤਰ ਦੇ ਕਾਰੋਬਾਰ ਉੱਤੇ ਨਜ਼ਰ ਰੱਖੀ ਬੈਠੇ ਹਨ। ਹੈਦਰਾਬਾਦ ਦਾ ਓਮੇਗਾ ਹਸਪਤਾਲ ਵੀ ਮੋਗਨ ਸਟੇਨਲੇ ਨੂੰ ਆਪਣੀ ਹਿੱਸੇਦਾਰੀ ਵੇਚਣ ਲਈ ਤਿਆਰ ਬੈਠਾ ਹੈ। ਇੱਥੇ ਦੱਸ ਦੇਈਏ ਕਿ ਸਟੈਨਲੇ ਵੀ ਬਲੈਕ ਸਟੋਨ ਵਾਂਗਰ ਨਿੱਜੀ ਖੇਤਰ ਦੀ ਇੱਕ ਵੱਡੀ ਨਿਵੇਸ਼ਕ ਹੈ। ਹੈਦਰਾਬਾਦ ਦਾ ਰਿਨੋਵਾ



***ਭਾਰਤ ਵਿੱਚ ਸਰਕਾਰੀ ਸਿਹਤ ਢਾਂਚੇ ਨੂੰ ਖੜ੍ਹਾ ਕਰਨ ਲਈ ਪਹਿਲਾ ਹੈਲਥ ਪਲਾਨ ਦਾ ਖਾਕਾ ਜੋਸਫ ਵਿਲੀਅਮ ਭੌਰੇ ਦੀ ਅਗਵਾਈ ਵਿੱਚ ਭੌਰੇ ਕਮੇਟੀ ਵੱਲੋਂ 1943 ਵਿੱਚ ਪੇਸ਼ ਕੀਤਾ ਗਿਆ ਸੀ। ਭੌਰੇ ਕਮੇਟੀ ਦੀ ਇਹ ਰਿਪੋਰਟ ਭਾਰਤ ਦੇ ਸਿਹਤ ਪ੍ਰਬੰਧ ਨੂੰ ਮਜਬੂਤ ਬਣਾਉਣ ਦੇ ਨਜਰੀਏ ਤੋਂ ਬੇਹੱਦ ਮਹੱਤਵਪੂਰਨ ਮੰਨਿਆ ਜਾਣ ਵਾਲ਼ਾ ਇੱਕ ਦਸਤਾਵੇਜ ਸੀ। ਭਾਰਤ ਦੇ ਸਿਹਤ ਢਾਂਚੇ ਦੀ ਪ੍ਰਾਇਮਰੀ/ਸੈਕੰਡਰੀ/ਟਰਸੀਅਰੀ ਵਜੋਂ ਇਸੇ ਰਿਪੋਰਟ ਵਿੱਚ ਹੀ ਦਰਜਾਬੰਦੀ ਕੀਤੀ ਗਈ ਸੀ। – ਸੰਪਾਦਕ***

ਗਰੁੱਪ, ਪੂਨੇ ਦਾ ਲੋਕਮਾਨਯ ਹਸਪਤਾਲ, ਗੁਜਰਾਤ ਦੀ ਸੰਨਸਾਈਨ ਗਲੋਬਲ ਚੇਨ, ਕੇਰਲ ਦਾ ਬੇਬੀ ਮੈਮੋਰੀਅਲ ਹਸਪਤਾਲ ਆਦਿ ਅਨੇਕਾਂ ਨਿੱਜੀ ਖੇਤਰ ਦੇ ਵੱਡੇ ਨਿਵੇਸ਼ਕਾਂ ਦੇ ਹੱਥ ਵਿਕਣ ਦੇ ਕੰਢੇ ਹਨ। ਅਤੇ ਇਹ ਅੰਕੜੇ ਕੋਈ ਕੁੱਲ ਭਾਰਤ ਦੇ ਨਹੀਂ ਸਿਰਫ ਇਸਦੇ ਕੁਝ ਵੱਡੇ ਸ਼ਹਿਰਾਂ ਦੇ ਹਨ। ਇੱਕ ਰਿਪੋਰਟ ਮੁਤਾਬਕ ਕਰੋਨਾ ਤੋਂ ਬਾਅਦ ਭਾਰਤ ਦੇ ਸਿਹਤ ਖੇਤਰ ਵਿੱਚ ਨਿੱਜੀ ਨਿਵੇਸ਼ 4 ਅਰਬ ਡਾਲਰ ਹੋ ਗਿਆ ਹੈ ਜੋ ਇਸ ਤੋਂ ਪਹਿਲਾਂ 1 ਅਰਬ ਡਾਲਰ ਸੀ, ਮਤਲਬ ਨਿੱਜੀ ਨਿਵੇਸ਼ ਵਿੱਚ ਸਿੱਧਾ 4 ਗੁਣਾਂ ਦਾ ਵਾਧਾ ਹੋਇਆ ਹੈ। ਇਸ ਖੇਤਰ ਵਿੱਚ, ਖਾਸਕਰ ਜੇਕਰ ਫਾਰਮਾ (ਦਵਾਈ) ਕੰਪਨੀਆਂ ਉੱਤੇ ਨਿਗਾਹ ਮਾਰੀਏ ਤਾਂ ਇੱਥੇ ਸਰਮਾਏ ਦਾ ਵਧਦਾ ਕੇਂਦਰੀਕਰਨ ਸਪੱਸ਼ਟ ਵੇਖਿਆ ਜਾ ਸਕਦਾ ਹੈ। ਡਿਟਰਜੈਂਟ ਬਨਾਉਣ ਵਜੋਂ ਜਾਣੀ ਜਾਂਦੀ ਕੰਪਨੀ ਨਿਰਮਾ ਨੇ ਸਿਹਤ ਖੇਤਰ ਦੀ ਵੱਡੀ ਕੰਪਨੀ ਗਲੇਨਮਾਰਕ ਲਾਈਫ ਸਾਇੰਸਸ, ਜੀ.ਐਲ.ਐਸ. ਨੂੰ ਖਰੀਦ ਲਿਆ। ਇਸੇ ਤਰ੍ਹਾਂ ਏਰਿਸ ਲਾਈਫ ਸਾਇੰਸਸ ਨੇ ਦਵਾਈਆਂ ਬਣਾਉਣ ਵਾਲੀ ਕੰਪਨੀ ਬਾਇਓਕਾਨ ਬਾਇਓਲੋਜੀਕਲਸ ਦਾ ਇੱਕ ਵੱਡਾ ਹਿੱਸਾ ਖਰੀਦ ਲਿਆ। ਇਸੇ ਤਰ੍ਹਾਂ ਇੰਕਾ ਲੈਬ ਅਤੇ ਯੂਨੀਕੈਮ ਦਾ ਰਲ਼ੇਵਾਂ ਹੋ ਗਿਆ, ਡੂ ਰੈੱਡੀ ਅਤੇ ਮੇਨੇ ਫਾਰਮਾ ਦਾ ਰਲ਼ੇਵਾਂ ਹੋ ਗਿਆ।

ਦੂਜੇ ਪਾਸੇ ਸਰਕਰੀ ਸਿਹਤ ਢਾਂਚੇ ਦਾ ਹਾਲ ਇਹ ਹੈ ਕਿ ਸਰਕਾਰ ਆਪਣੀਆਂ ਆਯੂਸ਼ਮਾਨ ਵਰਗੀਆਂ ਸਕੀਮਾਂ ਵੀ ਨਿੱਜੀ ਹਸਪਤਾਲਾਂ ਰਾਹੀਂ ਹੀ ਚਲਾ ਰਹੀ ਹੈ। ਇਸਦੇ ਦੋ ਕਾਰਨ ਹਨ। ਇੱਕ ਤਾਂ ਇਹ ਕਿ ਸਿਹਤ ਖੇਤਰ ਲਈ ਲੋੜੀਂਦਾ ਸਰਕਾਰੀ ਬੁਨਿਆਦੀ ਢਾਂਚਾ ਖੜ੍ਹਾ ਕਰਨਾ ਸਰਕਾਰ ਨੂੰ ਲੋਕਾਂ ਨੂੰ ਰਿਓੜੀਆਂ ਵੰਡਣਾ ਹੀ ਜਾਪਦਾ ਹੈ। ਦੂਜੇ ਪਾਸੇ ਆਯੂਸ਼ਮਾਨ ਵਰਗੀਆਂ ਸਕੀਮਾਂ ਰਾਹੀਂ ਸਰਕਾਰ, ਲੋਕਾਂ ਉੱਤੇ ਟੈਕਸ ਲਾ ਕੇ ਇਕੱਠੇ ਕੀਤੇ ਧਨ ਰਾਹੀ, ਨਿੱਜੀ ਹਸਪਤਾਲਾਂ ਦੇ ਮੁਨਾਫਿਆਂ ਦੀ ਗਰੰਟੀ ਕਰਦੀ ਹੈ। ਇਸ ਲਈ ਅਜਿਹੀਆਂ ਸਕੀਮਾਂ ਦਾ ਮਕਸਦ ਹੀ ਸਰਕਾਰੀ ਸਿਹਤ ਪ੍ਰਬੰਧ ਨੂੰ ਖੋਰਾ ਲਾਉਣਾ ਅਤੇ ਸਿਹਤ ਖੇਤਰ ਵਿੱਚ ਨਿੱਜੀ ਦਖਲਅੰਦਾਜੀ ਨੂੰ ਜਾਇਜ ਠਹਿਰਾਉਣਾ ਅਤੇ ਵਧਾਵਾ ਦੇਣਾ ਹੁੰਦਾ ਹੈ। ਇੱਕ ਪਾਸੇ ਮੋਦੀ ਦੇਸ਼ ਨੂੰ ਆਤਮ-ਨਿਰਭਰ ਬਣਾਉਣ, ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਬਣਾਉਣ ਦੇ ਦਮਗੱਜੇ ਮਾਰਦਾ ਹੈ ਦੂਜੇ ਪਾਸੇ ਹਾਲਤਾਂ ਇਹ ਹਨ ਕਿ ਸਭ ਤੋਂ ਬੁਨਿਆਦੀ, ਜੀਵਨ ਰੱਖਿਅਕ ਦਵਾਈਆਂ ਦੇ ਮਾਮਲੇ ਵਿੱਚ 70-80% ਦਵਾਈਆਂ ਲਈ ਭਾਰਤ ਚੀਨ ਵਰਗੇ ਮੁਲਕਾਂ ਉੱਤੇ ਨਿਰਭਰ ਹੈ।

ਲੰਘੇ ਸਮੇਂ ਦੌਰਾਨ ਦਵਾਈਆਂ ਦੀ ਦਰਾਮਦ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਕਰੋਨਾ ਤੋਂ ਬਾਅਦ ਪੈਦਾ ਹੋਏ ਮਹੌਲ ਨੇ ਭਾਰਤ ਦੇ ਸਿਹਤ ਖੇਤਰ ਦੀਆਂ ਖਾਮੀਆਂ ਨੂੰ ਧਰਾਤਲ 'ਤੇ ਲੈ ਆਂਦਾ। ਪਰ ਇਸ ਤੋਂ ਬਾਅਦ ਵੀ ਸਰਕਾਰ ਨੇ ਸਰਕਾਰੀ ਸਿਹਤ ਪ੍ਰਬੰਧ ਨੂੰ ਮਜਬੂਤ ਕਰਨ ਲਈ ਕੁਝ ਨਹੀਂ ਕੀਤਾ। ਹਾਂ ਸਰਮਾਏਦਾਰਾਂ ਨੂੰ ਇਸ ਖੇਤਰ ਵਿੱਚ ਮੁਨਾਫੇ ਦੀ ਖਾਣ ਜਰੂਰ ਲੱਭ ਗਈ ਜਿਸ ਨੂੰ ਹੜੱਪਣ ਲਈ ਸਰਕਾਰ ਸਰਮਾਏਦਾਰਾਂ ਦਾ ਪੂਰਾ ਸਾਥ ਦੇ ਰਹੀ ਹੈ। ਇਹੋ ਕਾਰਨ ਹੈ ਕਿ ਸਰਕਾਰੀ ਸਿਹਤ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਦੀ ਬਜਾਏ, ਇੱਕ ਰਿਪੋਰਟ ਮੁਤਾਬਕ ਲੱਗਭੱਗ 4800 ਕਰੋੜ ਡਾਲਰ ਦੇ ਕਾਰੋਬਾਰ ਦੀ ਇਹ "ਮੰਡੀ" ਸਰਕਾਰਾਂ ਨੇ ਸਰਮਾਏਦਾਰਾਂ ਨੂੰ ਥਾਲੀ ਵਿੱਚ ਪਰੋਸ ਕੇ ਦੇ ਦਿੱਤੀ ਹੈ, ਨਤੀਜੇ ਵਜੋਂ ਸਿਹਤ ਸੇਵਾਵਾਂ ਦਾ ਖੇਤਰ ਤੇਜੀ ਨਾਲ਼ ਨਿੱਜੀਕਰਨ ਵੱਲ ਵਧ ਰਿਹਾ ਹੈ। ਇੱਥੇ ਇੱਕ ਹੋਰ ਤੱਥ ਵੀ ਮਹੱਤਵਪੂਰਨ ਹੈ ਉਹ ਇਹ ਕਿ ਸਰਕਾਰਾਂ ਵੱਲੋਂ ਸਿਹਤ ਖੇਤਰ ਵਿੱਚ ਨਿੱਜੀਕਰਨ ਲਈ ਪਰੋਸ ਕੇ ਦਿੱਤੀ ਗਈ ਇਸ "ਮੰਡੀ" ਵਿੱਚ ਇਹਨਾਂ ਦੇ ਹੀ ਅੰਦਾਜਿਆਂ ਮੁਤਾਬਕ ਵਿਕਾਸ ਦਰ 12-14% ਦੇ ਨੇੜੇ ਹੈ ਜੋ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੀ ਵਿਕਾਸ ਦਰ ਨਾਲੋਂ ਕਿਤੇ ਜਿਆਦਾ ਹੈ। ਹੁਣ ਨਿੱਜੀ ਹਸਪਤਾਲਾਂ ਵਿੱਚ ਉੱਚ ਦਰਜੇ ਦੀਆਂ ਸਹੂਲਤਾਂ ਹੋਇਆ ਕਰਨਗੀਆਂ ਪਰ ਸਿਰਫ ਉਹਨਾਂ ਲਈ ਜਿਨ੍ਹਾਂ ਦੀ ਜੇਬ ਵਿੱਚ ਪੈਸਾ ਹੈ।

ਭਾਰਤ ਵਿੱਚ ਸਰਕਾਰੀ ਸਿਹਤ ਢਾਂਚੇ ਨੂੰ ਖੜ੍ਹਾ ਕਰਨ ਲਈ ਪਹਿਲਾ ਹੈਲਥ ਪਲਾਨ ਦਾ ਖਾਕਾ ਜੋਸਫ ਵਿਲੀਅਮ ਭੌਰੇ ਦੀ ਅਗਵਾਈ ਵਿੱਚ ਭੋਰੇ ਕਮੇਟੀ ਵੱਲੋਂ 1943 ਵਿੱਚ ਪੇਸ਼ ਕੀਤਾ ਗਿਆ ਸੀ। ਭੋਰੇ ਕਮੇਟੀ ਦੀ ਇਹ ਰਿਪੋਰਟ ਭਾਰਤ ਦੇ ਸਿਹਤ ਪ੍ਰਬੰਧ ਨੂੰ ਮਜਬੂਤ ਬਣਾਉਣ ਦੇ ਨਜਰੀਏ ਤੋਂ ਬੇਹੱਦ ਮਹੱਤਵਪੂਰਨ ਮੰਨਿਆ ਜਾਣ ਵਾਲ਼ਾ ਇੱਕ ਦਸਤਾਵੇਜ ਸੀ। ਭਾਰਤ ਦੇ ਸਿਹਤ ਢਾਂਚੇ ਦੀ ਪ੍ਰਾਇਮਰੀ/ਸੈਕੰਡਰੀ/ਟਰਸੀਅਰੀ ਵਜੋਂ ਇਸੇ ਰਿਪੋਰਟ ਵਿੱਚ ਹੀ ਦਰਜਾਬੰਦੀ ਕੀਤੀ ਗਈ ਸੀ। ਕੌਮਾਂਤਰੀ ਸਿਹਤ ਸੰਸਥਾ ਨੇ ਥੋੜਾ ਸਮਾਂ ਪਹਿਲਾਂ ਹੀ ਜਾਰੀ ਕੀਤੀ ਇੱਕ ਰਿਪੋਰਟ ਵਿੱਚ ਇਹ ਦੱਸਿਆ ਕਿ ਭੋਰੇ ਕਮੇਟੀ ਨੇ ਭਾਰਤ ਵਿੱਚ ਸਰਕਾਰੀ ਸਿਹਤ ਢਾਂਚੇ ਨੂੰ ਮਜਬੂਤ ਕਰਨ ਲਈ, 1943 ਤੋਂ 53 ਤੱਕ, ਦਸ ਸਾਲਾਂ ਦੇ ਜੋ ਟੀਚੇ ਮਿਥੇ ਸਨ ਉਹ ਅਜੇ ਤੱਕ, 76 ਸਾਲਾਂ ਵਿੱਚ ਵੀ ਪੂਰੇ ਨਹੀਂ ਹੋ ਸਕੇ।


ਥੋੜ੍ਹੀ ਗੱਲ ਪੰਜਾਬ ਦੀ ਵੀ ਕਰ ਲਈਏ। ਸਰਕਾਰੀ ਸਿਹਤ ਪ੍ਰਬੰਧ ਦਾ ਤਾਂ ਉਹੀ ਹਾਲ ਹੈ ਜੋ ਬਾਕੀ ਸੂਬਿਆਂ ਵਿੱਚ ਹੈ। ਪਰ ਭਗਵੰਤ ਮਾਨ ਅਤੇ ਇਸਦਾ ਲਾਣਾ ਸਕੂਲਾਂ ਵਾਂਗਰ ਹੀ ਸਰਕਾਰੀ ਹਸਪਤਾਲਾਂ ਦੇ ਪ੍ਰਬੰਧ ਨੂੰ ਦਰੁਸਤ ਕਰਨ ਦੇ ਆਪਣੇ ਯਤਨਾਂ ਦੇ ਕਸੀਦੇ ਪੜ੍ਹਨੋਂ ਨਹੀਂ ਥੱਕਦੇ ਜਿਸ ਕਾਰਨ ਸਿਹਤ ਪ੍ਰਬੰਧ ਨਾਲ਼ ਜੁੜੀ ਇਹਨਾਂ ਦੀ ਅਸਲੀਅਤ ਨੂੰ ਵੀ ਲੋਕਾਂ ਸਾਹਮਣੇ ਨੰਗਿਆਂ ਕਾਰਨਾ ਜਰੂਰੀ ਹੈ। ਸੰਸਦ ਦੀਆਂ ਚੋਣਾਂ ਜਿਓਂ ਜਿਓਂ ਨੇੜੇ ਆ ਰਹੀਆਂ ਹਨ ਸਾਰੀਆਂ ਪਾਰਟੀਆਂ ਆਪੋ ਆਪਣੇ ਵੋਟ ਬੈਂਕ ਪੱਕੇ ਕਰਨ ਲਈ ਪੱਬਾਂ ਭਾਰ ਹੋਈਆਂ ਫਿਰਦੀਆਂ ਹਨ। ਇਹੋ ਕੰਮ ਭਗਵੰਤ ਮਾਨ ਵੀ ਪੰਜਾਬ ਵਿੱਚ ਜੋਰਾਂ-ਸ਼ੋਰਾਂ ਨਾਲ ਕਰ ਰਿਹਾ ਹੈ। ਆਪਾਂ ਸਿਰਫ ਸਿਹਤ ਖੇਤਰ ਦੀ ਮਿਸਾਲ ਰਾਹੀਂ ਵੇਖਾਂਗੇ ਕਿ ਕਿਵੇਂ ਆਪਣੇ ਸਿਆਸੀ ਹਿੱਤਾਂ ਖਾਤਰ ਇਹ ਲੋਕਾਂ ਦੀਆਂ ਜਿੰਦਗੀਆਂ ਤੱਕ ਨੂੰ ਦਾਅ 'ਤੇ ਲਾ ਦਿੰਦੇ ਹਨ। ਭਗਵੰਤ ਮਾਨ ਸਰਕਾਰ ਇਹ ਵਿਖਾ ਰਹੀ ਹੈ ਕਿ ਉਹ ਸਰਕਾਰੀ ਹਸਪਤਾਲਾਂ ਵਿੱਚ ਮੌਜੂਦ ਖਾਮੀਆਂ ਨੂੰ ਦੂਰ ਕਰ ਰਹੀ ਹੈ। ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਸਖਤ ਹਦਾਇਤਾਂ ਹਨ ਕਿ ਸਿਰਫ ਹਸਪਤਾਲਾਂ ਵਿੱਚ ਮੌਜੂਦ ਦਵਾਈਆਂ ਹੀ ਲਿਖੀਆਂ ਅਤੇ ਦਿੱਤੀਆ ਜਾਣ। ਬਾਹਰੋਂ ਵੇਖਣ ਨੂੰ ਤਾਂ ਇੰਜ ਜਾਪਦਾ ਹੈ ਕਿ ਸਰਕਾਰ ਕਾਫੀ ਫਿਕਰਮੰਦ ਹੈ ਕਿ ਲੋਕ ਪ੍ਰਾਈਵੇਟ ਮਹਿੰਗੀਆਂ ਦਵਾਈਆਂ ਦੀ ਬਜਾਏ ਸਰਕਾਰੀ ਸਸਤੀਆਂ ਦਵਾਈਆਂ ਲੈ ਸਕਣ। ਪਰ ਹਕੀਕਤ ਇਹ ਹੈ ਕਿ ਸਰਕਾਰ ਹਸਪਤਾਲਾਂ ਵਿੱਚ ਲੋੜੀਂਦੀਆਂ ਦਵਾਈਆਂ ਭੇਜ ਹੀ ਨਹੀਂ ਰਹੀ। ਇੱਕ ਸਰਕਾਰੀ ਮਾਹਰ ਡਾਕਟਰ ਦੇ ਦੱਸਣ ਮੁਤਾਬਕ ਉਸਦੇ ਵਿਭਾਗ ਵਿੱਚ ਲੋੜੀਂਦੀਆਂ ਦਵਾਈਆਂ ਦੀ ਗਿਣਤੀ 80 ਹੈ ਜੋ ਮੁਹੱਈਆ ਕਰਾਉਣ ਦੀ ਉਸਨੇ ਵਾਰ-ਵਾਰ ਮੰਗ ਕੀਤੀ ਹੈ ਪਰ ਸਿਰਫ 2 ਹੀ ਦਵਾਈਆਂ ਉਸਦੇ ਵਿਭਾਗ ਵਿੱਚ ਉਪਲਬਧ ਕਰਵਾਈਆਂ ਗਈਆਂ। ਹੁਣ ਐਮਰਜੈਂਸੀ ਵਰਗੇ ਵਿਭਾਗਾਂ ਵਿੱਚ ਅਜਿਹੀਆਂ ਭਿਅੰਕਰ ਖਾਮੀਆਂ ਲੋਕਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ। ਪਰ ਸਰਕਾਰਾਂ ਇੱਕ ਤੀਰ ਨਾਲ਼ ਦੋ ਸ਼ਿਕਾਰ ਕਰ ਰਹੀਆਂ ਹਨ। ਇੱਕ ਪਾਸੇ ਤਾਂ ਸਰਕਾਰੀ ਸਿਹਤ ਪ੍ਰਬੰਧ ਨੂੰ ਖੋਰਾ ਲਾਇਆ ਜਾ ਰਿਹਾ ਹੈ, ਲੋੜੀਂਦੀਆਂ ਦਵਾਈਆਂ ਤੱਕ ਉਪਲੱਬਧ ਨਹੀਂ ਕਾਰਵਾਈਆਂ ਜਾ ਰਹੀਆਂ ਅਤੇ ਦੂਜੇ ਪਾਸੇ ਇਸ ਸਭ ਕਾਸੇ ਲਈ ਡਾਕਟਰਾਂ ਨੂੰ ਜਿੰਮੇਵਾਰ ਠਹਿਰਾ ਕੇ ਆਪਣਾ ਆਪਾ ਬਚਾਇਆ ਜਾ ਰਿਹਾ ਹੈ। ਹੁੱਬਹੂ ਉਸੇ ਤਰ੍ਹਾਂ ਜਿਵੇਂ ਸਰਕਾਰੀ ਸਿੱਖਿਆ ਢਾਂਚੇ ਨੂੰ ਖੋਰਾ ਲਾ ਕੇ ਜਿੰਮੇਵਾਰ ਸਰਕਾਰ ਦੀ ਥਾਂ ਅਧਿਆਪਕਾਂ ਨੂੰ ਠਹਿਰਾਇਆ ਜਾ ਰਿਹਾ ਹੈ। ਪੰਜਾਬ ਦੇ ਸਰਕਾਰੀ ਡਾਕਟਰਾਂ ਦੀ ਜਥੇਬੰਦੀ 'ਪੀਸੀਐਮਐਸ ਐਸੋਸੀਏਸੇਨ ਪੰਜਾਬ' ਵੱਲੋਂ ਸਰਕਾਰਾਂ ਦੀ ਇਸ ਦੋਗਲੀ ਨੀਤੀ ਦਾ ਵਿਰੋਧ ਕਰਦੇ ਹੋਏ ਹਸਪਤਾਲਾਂ ਵਿੱਚ ਸਾਰੀਆਂ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਾਉਣ ਦੀ ਮੰਗ ਵੀ ਕੀਤੀ ਗਈ ਹੈ। ਪਰ ਅਸਲ ਮਸਲਾ ਤਾਂ ਸਰਮਾਏਦਾਰਾ ਪ੍ਰਬੰਧ ਅੰਦਰ ਜਨਤਕ ਸਿਹਤ ਸਹੂਲਤਾਂ ਦੀ ਹੋਣੀ ਦਾ ਹੈ।

ਦੂਜੇ ਪਾਸੇ ਸਮਾਜਵਾਦੀ ਚੀਨ ਦੀ ਮਿਸਾਲ ਹੈ। ਲੰਡਨ ਦਾ ਇੱਕ ਸਰਜਨ, ਡਾਕਟਰ ਜੋਸੁਆ ਸ਼ੈਮੂਅਲ ਹੋਰਨ, ਜਿਸਨੇ ਸਮਾਜਵਾਦੀ ਚੀਨ ਵਿੱਚ ਕੰਮ ਦੇ ਆਪਣੇ ਤਜਰਬੇ ਸਾਂਝੇ ਕਰਦ ਹੋਏ ਨਿਯੂ ਯਾਰਕ ਵਿੱਚ ਦਿੱਤੇ ਇੱਕੇ ਭਾਸ਼ਣ ਵਿੱਚ ਚੀਨ ਦੇ ਬਿਹਤਰੀਨ ਜਨਤਕ ਸਿਹਤ ਪ੍ਰਬੰਧ ਦਾ ਜਿਕਰ ਕਰਦੇ ਹੋਏ ਦੱਸਿਆ ਕਿ ਕਿਵੇਂ ਉੱਥੇ "ਡਾਕਟਰਾਂ ਨੇ ਅਜਿਹੀਆਂ ਬੀਮਾਰੀਆਂ ਦਾ ਵੱਡੀ ਪੱਧਰ ਉੱਤੇ ਇਲਾਜ ਕਰਨ ਵਿੱਚ ਸੌਖਿਆਂ ਹੀ ਕਾਮਯਾਬੀ ਹਾਸਲ ਕੀਤੀ ਜਿਹਨਾਂ ਤੋਂ ਛੁਟਕਾਰਾ ਪਾਉਣ ਬਾਰੇ ਦੁਨੀਆ ਦੇ ਉਸ ਵੇਲੇ ਦੇ ਸਰਮਾਏਦਾਰ ਮੁਲਕ ਸੋਚ ਵੀ ਨਹੀਂ ਸੀ ਸਕਦੇ। ਸਮਾਜਵਾਦੀ ਚੀਨ ਵਿੱਚ ਡਾਕਟਰ ਕੱਟੇ ਗਏ ਅੰਗਾਂ ਨੂੰ ਜੋੜਨ ਦੀ ਤਕਨੀਕ ਨੂੰ ਸਿਰਫ ਇਸ ਕਾਰਨ ਵਿਕਸਤ ਕਰ ਸਕੇ ਕਿਉਂਕਿ ਉੱਥੋਂ ਦੇ ਪ੍ਰਬੰਧ ਦੇ ਕੇਂਦਰ ਵਿੱਚ ਮੁਨਾਫਾ ਨਹੀਂ ਮਨੁੱਖ ਸੀ।" ਉਹ ਦੱਸਦਾ ਹੈ ਕਿਵੇਂ ਇੱਕ ਮਜਦੂਰ ਆਪਣੇ ਸਾਥੀ ਦਾ ਕੱਟਿਆ ਹੋਇਆ ਹੱਥ ਲੈ ਕੇ ਉਸ ਕੋਲ਼ ਆਇਆ ਅਤੇ ਉਸ ਨੂੰ ਜੋੜਨ ਲਈ ਕਿਹਾ। ਕਿਵੇਂ ਡਾਕਟਰਾਂ ਨੇ ਇਸ ਉੱਤੇ ਫੌਰੀ ਕੰਮ ਕਰਨਾ ਸ਼ੁਰੂ ਕੀਤਾ ਜਿਸ ਵਿੱਚ ਉਹਨਾਂ ਦੀ ਵੱਡੀ ਦਿੱਕਤ ਸੀ ਅੰਗਾਂ ਨੂੰ ਜੋੜਨ ਲਈ ਵਰਤੇ ਜਾਣ ਵਾਲ਼ੇ ਮਹੀਨ ਧਾਗੇ ਦੀ ਜੋ ਬੇਹੱਦ ਬਾਰੀਕ ਪਰ ਨਾਲ਼ ਹੀ ਬੇਹੱਦ ਮਜਬੂਤ ਹੋਵੇ ਅਤੇ ਸਰੀਰ ਦੇ ਅੰਗਾਂ ਲਈ ਨੁਕਸਾਨਦੇਹ ਨਾਂ ਹੋਵੇ। ਇਸ ਲਈ ਉਹ ਪੀਕਿੰਗ ਦੀ ਨਾਈਲੋਨ ਦੀਆਂ ਕਮੀਜ਼ਾਂ ਬਣਾਉਣ ਵਾਲ਼ੀ ਫੈਕਟਰੀ ਕੋਲ਼ ਗਏ ਅਤੇ ਆਪਣੀ ਲੋੜ ਦੱਸੀ। ਉਸੇ ਵੇਲੇ ਉਸ ਫੈਕਟਰੀ ਦਾ ਸਾਰੇ ਦਾ ਸਾਰਾ ਖੋਜ ਅਤੇ ਵਿਕਾਸ ਮਹਿਕਮਾ ਇਸ ਸਮੱਸਿਆ ਦਾ ਹੱਲ ਲੱਭਣ ਵਿੱਚ ਰੁੱਝ ਗਿਆ ਅਤੇ ਛੇਤੀ ਹੀ ਡਾਕਟਰਾਂ ਨੂੰ ਲੋੜੀਂਦਾ ਧਾਗਾ ਮੁਹੱਈਆ ਕਰਾ ਦਿੱਤਾ ਗਿਆ। ਇਹ ਉਸ ਵੇਲੇ ਦੀ ਗੱਲ ਹੈ ਜਦ ਪੂਰੀ ਦੁਨੀਆਂ ਵਿੱਚ ਅਜਿਹਾ ਕੋਈ ਧਾਗਾ ਹੋਰ ਕਿਸੇ ਦੇਸ਼ ਵਿੱਚ ਮੌਜੂਦ ਨਹੀਂ ਸੀ। ਡਾਕਟਰ ਜੋਸੂਆ ਨੇ ਭਾਸ਼ਣ ਵਿੱਚ ਕਿਹਾ ਕਿ ਡਾਕਟਰਾਂ ਨੇ ਇਹੋ ਮੰਗ ਜੇਕਰ ਇੰਗਲੈਂਡ ਜਾਂ ਯੂਐਸ ਵਰਗੇ ਦੀ ਕਮੀਜ਼ਾਂ ਬਣਾਉਣ ਵਾਲ਼ੀ ਕਿਸੇ ਕੰਪਨੀ ਕੋਲ਼ ਰੱਖੀ ਹੁੰਦੀ ਤਾਂ ਸਿਰੇ ਤੋਂ ਨਕਾਰ ਦਿੱਤੀ ਜਾਂਦੀ ਕਿਉਂਕਿ ਉਹਨਾਂ ਦੇਸ਼ਾਂ ਵਿੱਚ ਪੈਦਾਵਾਰ ਸਿਰਫ ਮੁਨਾਫੇ ਲਈ ਹੁੰਦੀ ਸੀ, ਪਰ ਸਮਾਜਵਾਦੀ ਚੀਨ ਦੇ ਕੇਂਦਰ ਵਿੱਚ ਮੁਨਾਫਾ ਨਹੀਂ ਮਨੁੱਖ ਸਨ ਅਤੇ ਇਹੋ ਕਾਰਨ ਸੀ ਕਿ ਉਥੋਂ ਦੇ ਸਿਹਤ ਪ੍ਰਬੰਧ ਨੇ ਅਨੇਕਾਂ ਮਿਸਾਲਾਂ ਕਾਇਮ ਕਰਦੇ ਹੋਏ ਵੱਡੀਆਂ ਮੱਲਾਂ ਮਾਰੀਆਂ।

ਤੇਜੀ ਨਾਲ਼ ਸਿਹਤ ਖੇਤਰ ਦੇ ਨਿੱਜੀਕਰਨ ਵੱਲ ਵਧਦੇ ਭਾਰਤ ਵਿੱਚ ਵੀ ਬਹੁਗਿਣਤੀ ਲੋਕਾਈ ਦੀ ਸਿਹਤ ਦਾ ਖਿਆਲ ਰੱਖਣਾ, ਮੁਨਾਫੇ ਉੱਤੇ ਟਿੱਕੇ ਇਸ ਸਰਮਾਏਦਾਰਾ ਢਾਂਚੇ ਦੇ ਵੱਸੋਂ ਬਾਹਰ ਦੀ ਗੱਲ ਹੈ। ਇਸ ਲਈ ਲੋੜ ਹੈ ਇੱਕ ਅਜਿਹਾ ਸਮਾਜਵਾਦੀ ਸਮਾਜ ਉਸਾਰਨ ਦੀ ਤਿਆਰੀ ਵਿੱਚ ਜੁਟਣ ਦੀ ਜਿਸ ਵਿੱਚ ਸਭ ਕੁਝ ਲੋਕਾਂ ਖਾਤਰ ਹੋਵੇਗਾ ਨਾਂ ਕਿ ਮੁਨਾਫੇ ਖਾਤਰ। ਇਸ ਲਈ ਸਰਕਾਰੀ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਅਤੇ ਸਿਹਤ ਖੇਤਰ ਵਿਚਲੇ ਨਿਜੀਕਰਨ ਖਿਲਾਫ ਲੜਾਈ ਨੂੰ ਇਸ ਪੂਰੇ ਪ੍ਰਬੰਧ ਨੂੰ ਉਲਟਾ ਦੇਣ ਦੀ ਲੜਾਈ ਨਾਲ ਜੋੜਨਾ ਹੋਵੇਗਾ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਆਰਟੀਫਿਸ਼ਲ ਇੰਟੈਲੀਜੈਂਸ ਅਤੇ ਵਾਤਾਵਰਨ ਦਾ ਨੁਕਸਾਨ



- ਸੁਖਵੰਤ ਹੁੰਦਲ -



ਜਦੋਂ ਵੀ ਸਮਾਜ ਵਿੱਚ ਕਿਸੇ ਨਵੀਂ ਤਕਨੌਲੌਜੀ ਨੂੰ ਪੇਸ਼ ਕੀਤਾ ਜਾਂਦਾ ਹੈ, ਤਾਂ ਉਸ ਦੇ ਫਾਇਦਿਆਂ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਜਾਂਦਾ ਹੈ। ਉਸ ਵਲੋਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਅਤੇ ਖੁਸ਼ਹਾਲ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ। ਪਰ ਉਸ ਵਲੋਂ ਸਮਾਜ ਅਤੇ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਪੈ ਸਕਣ ਵਾਲੇ ਬੁਰੇ ਜਾਂ ਅਣਕਿਆਸੇ ਅਸਰਾਂ (ਸਾਈਡ ਇਫੈਕਟਸ) ਬਾਰੇ ਗੱਲ ਨਹੀਂ ਕੀਤੀ ਜਾਂਦੀ। ਇਸ ਗੱਲ ਦੀ ਪੁਸ਼ਟੀ ਲਈ ਅਸੀਂ ਪੰਜਾਬ ਵਿੱਚ ਆਏ ਹਰੇ ਇਨਕਲਾਬ ਦੀ ਉਦਾਹਰਨ ਲੈ ਸਕਦੇ ਹਾਂ। 1960ਵਿਆਂ ਵਿੱਚ ਜਦੋਂ ਪੰਜਾਬ ਵਿੱਚ ਹਰੇ ਇਨਕਲਾਬ ਦੀ ਸ਼ੁਰੂਆਤ ਕੀਤੀ ਗਈ ਤਾਂ ਸਰਕਾਰਾਂ ਵਲੋਂ ਬਹੁਤ ਜ਼ੋਰ ਸ਼ੋਰ ਨਾਲ ਇਸ ਦੇ ਫਾਇਦਿਆਂ ਦਾ ਪ੍ਰਚਾਰ ਕੀਤਾ ਗਿਆ। ਇਹ ਕਿਹਾ ਗਿਆ ਕਿ ਹਰੇ ਇਨਕਲਾਬ ਦਾ ਹਿੱਸਾ ਨਵੇਂ ਹਾਈਬ੍ਰਿਡ ਬੀਜਾਂ ਨਾਲ ਫਸਲਾਂ ਦੇ ਝਾੜ ਵਿੱਚ ਅਥਾਹ ਵਾਧਾ ਹੋਵੇਗਾ ਅਤੇ ਪੰਜਾਬ ਦੇ ਖੇਤਾਂ ਵਿੱਚ ਲਹਿਰਾਂ ਬਹਿਰਾਂ ਹੋ ਜਾਣਗੀਆਂ ਅਤੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਿੰਦਗੀਆਂ ਖੁਸ਼ਹਾਲ ਹੋ ਜਾਣਗੀਆਂ। ਪਰ ਉਸ ਸਮੇਂ ਕਿਸੇ ਨੇ ਇਹ ਗੱਲ ਨਹੀਂ ਕਹੀ ਕਿ ਪੰਜਾਬ ਵਿੱਚ ਸ਼ੁਰੂ ਕੀਤੀ ਜਾ ਰਹੀ ਹਰੇ ਇਨਕਲਾਬ ਦੀ ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ, ਕੀੜੇ ਮਾਰ ਦਵਾਈਆਂ, ਅਤੇ ਨਦੀਨ ਨਾਸ਼ਕ ਦਵਾਈਆਂ ਧਰਤੀ ਹੇਠਲੇ ਪਾਣੀਆਂ ਨੂੰ ਜ਼ਹਿਰੀ ਬਣਾ ਦੇਣਗੀਆਂ। ਹਰੇ ਇਨਕਲਾਬ ਦੀਆਂ ਫਸਲਾਂ ਲਈ ਬਹੁਤ ਜ਼ਿਆਦਾ ਮਾਤਰਾ ਵਿੱਚ ਚਾਹੀਦਾ ਪਾਣੀ ਚਾਰ-ਪੰਜ ਦਹਾਕਿਆਂ ਵਿੱਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਖਤਮ ਕਰਨ ਦੇ ਨੇੜੇ ਲੈ ਜਾਵੇਗਾ। ਹਰੇ ਇਨਕਲਾਬ ਕਾਰਨ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਬਿਹਤਰ ਅਤੇ ਖੁਸ਼ਹਾਲ ਹੋਣ ਦੀ ਥਾਂ ਬਦਤਰ ਹੋ ਜਾਵੇਗੀ ਅਤੇ ਪੰਜਾਬ ਦੇ ਬਹੁਗਿਣਤੀ ਕਿਸਾਨ ਕਰਜ਼ੇ ਦੇ ਭਾਰ ਹੇਠ ਦੱਬੇ ਜਾਣਗੇ। ਹਰੇ ਇਨਕਲਾਬ ਦੀ ਤਕਨੌਲੌਜੀ ਕਾਰਨ ਵਾਪਰ ਰਹੀਆਂ ਇਹ ਸਾਰੀਆਂ ਚੀਜ਼ਾਂ ਅਸੀਂ ਹੁਣ ਸਪਸ਼ਟ ਦੇਖ ਰਹੇ ਹਾਂ ਪਰ 1960ਵਿਆਂ ਵਿੱਚ ਹਰੇ ਇਨਕਲਾਬ ਦੀ ਸ਼ੁਰੂਆਤ ਸਮੇਂ ਇਹਨਾਂ ਗੱਲਾਂ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ ਸੀ।

ਇਸ ਹੀ ਤਰ੍ਹਾਂ ਅੱਜ ਜਦੋਂ ਆਰਟੀਫਿਸ਼ਲ ਇਨਟੈਲੀਜੈਂਸ ਦੀ ਤਕਨੌਲੌਜੀ ਦੀ ਸਮਾਜ ਵਿੱਚ ਪ੍ਰਚੱਲਤ ਕੀਤੀ ਜਾ ਰਹੀ ਹੈ ਤਾਂ ਇਸ ਦੇ ਫਾਇਦਿਆਂ ਨੂੰ ਵੀ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਸਮਾਜ ਵਿੱਚ ਸਿਹਤ ਸੰਭਾਲ, ਵਿਦਿਆ ਅਤੇ ਵਪਾਰ ਦੇ ਖੇਤਰਾਂ ਵਿੱਚ ਕਈ ਤਰ੍ਹਾਂ ਸੁਧਾਰ ਲਿਆਉਣ ਵਿੱਚ ਮਦਦਗਾਰ ਹੋਵੇਗੀ। ਇਹ ਇਸ ਸਮੇਂ ਧਰਤੀ ਨੂੰ ਦਰਪੇਸ਼ ਸਭ ਤੋਂ ਵੱਡੀ ਸਮੱਸਿਆ ਜਲਵਾਯੂ ਵਿੱਚ ਤਬਦੀਲੀ (ਕਲਾਈਮੇਟ ਚੇਂਜ) ਨਾਲ ਨਿਪਟਣ ਲਈ ਸਾਡੀ ਕਈ ਢੰਗਾਂ ਨਾਲ ਮਦਦ ਕਰੇਗੀ। ਇਹ ਸੰਭਵ ਹੈ ਕਿ ਆਰਟੀਫਿਸ਼ਲ ਇਨਟੈਲੀਜੈਂਸ ਇਹ ਸਭ ਕੁਝ ਕਰਨ ਵਿੱਚ ਯੋਗਦਾਨ ਪਾ ਸਕੇਗੀ, ਜਿਸ ਤਰ੍ਹਾਂ ਹਰੇ ਇਨਕਲਾਬ ਦੇ ਬੀਜਾਂ ਨੇ ਫਸਲਾਂ ਦੇ ਝਾੜ ਵਧਾਉਣ ਵਿੱਚ ਯੋਗਦਾਨ ਪਾਇਆ ਸੀ। ਪਰ ਕੀ ਆਰਟੀਫਿਸ਼ਲ ਇਨਟੈਲੀਜੈਂਸ ਦੇ ਸਮਾਜ ਉੱਪਰ ਕੋਈ ਬੁਰੇ ਜਾਂ ਅਣਕਿਆਸੇ ਅਸਰ (ਸਾਈਡ ਇਫੈਕਟਸ) ਵੀ ਹੋਣਗੇ, ਇਸ ਬਾਰੇ ਕੋਈ ਬਹੁਤੀ ਚਰਚਾ ਨਹੀਂ ਹੋ ਰਹੀ। ਇਸ ਸੰਬੰਧ ਵਿੱਚ ਜੇ ਕੋਈ ਰਿਪੋਰਟਾਂ ਆਉਂਦੀਆਂ ਹਨ ਜਾ ਕੋਈ ਸਵਾਲ ਉਠਾਏ ਜਾਂਦੇ ਹਨ, ਤਾਂ ਉਹ ਬਹੁਤੀ ਵਾਰ ਚਰਚਾ ਦਾ ਕੇਂਦਰ ਨਹੀਂ ਬਣਦੇ। ਮੈਂ ਆਪਣੇ ਇਸ ਲੇਖ ਵਿੱਚ ਆਰਟੀਫਿਸ਼ਲ ਇਨਟੈਲੀਜੈਂਸ ਕਾਰਨ ਧਰਤੀ 'ਤੇ ਪੈਣ ਵਾਲੇ ਇਕ ਬੁਰੇ ਜਾਂ ਅਣਕਿਆਸੇ ਅਸਰ ਦੇ ਮੁੱਦੇ ਬਾਰੇ ਗੱਲ ਕਰਾਂਗਾ। ਇਹ ਮੁੱਦਾ ਹੈ ਆਰਟੀਫਿਸ਼ਲ ਇਨਟੈਲੀਜੈਂਸ ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋ ਰਿਹਾ ਜਾਂ ਹੋ ਸਕਣ ਵਾਲਾ ਨੁਕਸਾਨ।

ਆਰਟੀਫਿਸ਼ਲ ਇਨਟੈਲੀਜੈਂਸ ਕਾਰਨ ਧਰਤੀ ਦੇ ਵਾਤਾਵਰਨ 'ਤੇ ਪੈਣ ਵਾਲੇ ਬੁਰੇ ਅਸਰਾਂ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਆਰਟੀਫਿਸ਼ਲ ਇਨਟੈਲੀਜੈਂਸ ਨਾਲ ਸੰਬੰਧਿਤ ਤਕਨੌਲੌਜੀ ਕੀ ਹੈ। ਸਾਧਾਰਣ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਆਰਟੀਫਿਸ਼ਲ ਇਨਟੈਲੀਜੈਂਸ ਤਕਨੌਲੌਜੀ ਵਿੱਚ ਕੰਪਿਊਟਰ ਅਤੇ ਉਸ ਨਾਲ ਸੰਬੰਧਿਤ ਕਈ ਤਰ੍ਹਾਂ ਦੀਆਂ ਤਕਨੌਲਜੀਆਂ ਆਉਂਦੀਆਂ ਹਨ ਜਿਹੜੀਆਂ ਜਾਣਕਾਰੀ ਨਾਲ ਨਿਪਟਦੀਆਂ ਹਨ, ਇਸ ਜਾਣਕਾਰੀ ਤੋਂ ਸਿੱਖ ਸਕਦੀਆਂ ਹਨ, ਨਵੀਂ ਮਿਲੀ ਜਾਣਕਾਰੀ ਅਨੁਸਾਰ ਤਬਦੀਲੀਆਂ ਕਰ ਸਕਦੀਆਂ ਹਨ ਅਤੇ ਇਨਸਾਨਾਂ ਵਰਗੇ ਕੰਮ ਕਰ ਸਕਦੀਆਂ ਹਨ। ਇਹਨਾਂ ਤਕਨੌਲੌਜੀਆਂ ਨੂੰ ਰੱਖਣ (ਸਟੋਰ ਕਰਨ) ਲਈ ਵੱਡੇ ਵੱਡੇ ਡੈਟਾ ਸੈਂਟਰਾਂ ਦੀ ਲੋੜ ਪੈਂਦੀ ਹੈ। ਇਹਨਾਂ ਡੈਟਾਂ ਸੈਂਟਰਾਂ ਨੂੰ ਉਸਾਰਨ ਅਤੇ ਚਲਦੇ ਰੱਖਣ ਲਈ ਬਹੁਤ ਸਾਰੇ ਪਾਣੀ ਅਤੇ ਬਿਜਲੀ ਦੀ ਲੋੜ ਪੈਂਦੀ ਹੈ। ਜਿਸ ਦੇ ਨਤੀਜੇ ਵਜੋਂ ਇਹ ਡੈਟਾ ਸੈਂਟਰ ਪਾਣੀ ਦੀ ਕਿੱਲਤ ਅਤੇ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੀ ਮਿਕਦਾਰ ਵਿੱਚ ਵਾਧਾ ਕਰਨ ਦਾ ਕਾਰਨ ਬਣਦੇ ਹਨ।

ਇਹਨਾਂ ਡੈਟਾ ਸੈਂਟਰਾਂ ਵਿੱਚ ਰੱਖੇ ਕੰਪਿਊਟਰ ਅਤੇ ਹੋਰ ਤਕਨੌਲੌਜੀ ਹਰ ਵੇਲੇ ਕੰਮ ਕਰਦੇ ਰਹਿੰਦੇ ਹਨ ਜਿਸ ਕਾਰਨ ਗਰਮੀ ਪੈਦਾ ਹੁੰਦੀ ਹੈ। ਇਹਨਾਂ ਦੇ ਚਲਦੇ ਰਹਿਣ ਲਈ ਜ਼ਰੂਰੀ ਹੁੰਦਾ ਹੈ ਕਿ ਇਹਨਾਂ ਨੂੰ ਠੰਢੇ ਰੱਖਿਆ ਜਾਵੇ ਜਿਸ ਲਈ ਬਹੁਤ ਸਾਰੇ ਪਾਣੀ ਦੀ ਲੋੜ ਪੈਂਦੀ ਹੈ। ਪਾਣੀ ਦੀ ਇਹ ਲੋੜ ਕਿੰਨੀ ਹੈ, ਇਸ ਬਾਰੇ ਨਿਊਜ਼ ਵੀਕ ਦੇ ਸਾਈਟ 'ਤੇ 24 ਮਾਰਚ 2024 ਨੂੰ ਨਿਊਜ਼ ਵੀਕ ਦੇ ਇਨਵਾਇਰਮੈਂਟ ਐਂਡ ਸਸਟੇਨੇਬਿਲਟੀ ਐਡੀਟਰ ਜੈੱਫ ਯੰਗ ਵਲੋਂ ਛਪੇ ਇਕ ਆਰਟੀਕਲ ਵਿੱਚੋਂ ਕੁੱਝ ਜਾਣਕਾਰੀ ਪੇਸ਼ ਹੈ। ਇਸ ਆਰਟੀਕਲ ਦਾ ਨਾਂ ਹੈ - 'ਵਾਈ ਏ ਆਈ ਇਜ਼ ਸੋ ਥਰਸਟੀ: ਡੈਟਾ ਸੈਂਟਰਜ਼ ਯੂਜ਼ ਮੈਸਿਵ ਅਮਾਊਂਟਸ ਆਫ ਵਾਟਰ - ਭਾਵ ਏ ਆਈ ਇੰਨੀ ਤ੍ਰਿਹਾਈ ਕਿਉਂ ਹੈ: ਡੈਟਾ ਸੈਂਟਰ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ'। ਇਸ ਆਰਟੀਕਲ ਵਿੱਚ ਜੈੱਫ ਯੰਗ ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਰਿਵਰਸਾਈਡ ਕੈਂਪਸ ਵਿੱਚ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਦੇ ਐਸੋਸੀਏਟ ਪ੍ਰੋਫੈਸਰ ਸ਼ੈਓਲੀ ਰੈਨ ਵਲੋਂ ਕੀਤੀ ਰਿਸਰਚ ਦੇ ਹਵਾਲੇ ਨਾਲ ਡੈਟਾ ਸੈਂਟਰਾਂ ਵਿੱਚ ਪਾਣੀ ਦੀ ਖਪਤ ਬਾਰੇ ਜਾਣਕਾਰੀ ਦਿੰਦਾ ਹੈ।

ਇਸ ਖੋਜ ਅਨੁਸਾਰ ਸਭ ਤੋਂ ਪਹਿਲਾਂ ਏ ਆਈ ਦੇ ਮਾਡਲਾਂ (ਅਜਿਹੇ ਪ੍ਰੋਗਰਾਮ ਜਿਹੜੇ ਡੈਟਾ ਤੋਂ ਸਿੱਖਦੇ ਹਨ ਅਤੇ ਫਿਰ ਫੈਸਲੇ ਬਣਾਉਂਦੇ ਹਨ) ਨੂੰ ਸਿੱਖਿਅਤ ਕਰਨ ਲਈ ਬਹੁਤ ਸਾਰੇ ਪਾਣੀ ਦੀ ਲੋੜ ਪੈਂਦੀ ਹੈ। ਪ੍ਰੋਫੈਸਰ ਸ਼ੈਓਲੀ ਰੈਨ ਅਨੁਸਾਰ ਮਾਈਕਰੋਸਾਫਟ ਦੇ ਉੱਪਰਲੇ ਦਰਜੇ ਦੇ ਡੈਟਾ ਸੈਂਟਰ ਵਿੱਚ ਆਰਟੀਫਿਸ਼ਲ ਇਨਟੈਲੀਜੈਂਸ ਦੇ ਚੈਟ-ਜੀ ਪੀ ਟੀ-3 ਦੇ ਮਾਡਲ ਨੂੰ ਸਿੱਖਿਅਤ ਕਰਨ ਦਾ ਅਮਲ 7 ਲੱਖ ਲੀਟਰ ਜਾਂ 1 ਲੱਖ 85 ਹਜ਼ਾਰ ਗੈਲਨ ਪਾਣੀ ਦੀ ਭਾਫ ਬਣਾ ਸਕਦਾ ਹੈ। ਜਦੋਂ ਆਰਟੀਫਿਸ਼ਲ ਇਨਟੈਲੀਜੈਂਸ ਦਾ ਮਾਡਲ ਸਿੱਖਿਅਤ ਹੋ ਕੇ ਲੋਕਾਂ ਦੀਆਂ ਪੁੱਛਾਂ ਦਾ ਜਵਾਬ ਦੇਣਾ ਸ਼ੁਰੂ ਕਰਦਾ ਹੈ ਤਾਂ ਉਸ ਲਈ ਵੀ ਬਹੁਤ ਸਾਰੇ ਪਾਣੀ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਜੀ ਪੀ ਟੀ-3 ਮਾਡਲ ਵਲੋਂ 10-50 ਪੁੱਛਾਂ ਦੇ ਜਵਾਬ ਦੇਣ ਮਗਰ ਪਾਣੀ ਦੇ 16 ਔਂਸਾਂ ਦੀ ਖਪਤ ਹੁੰਦੀ ਹੈ। ਇਸ ਤੋਂ ਅਸੀਂ ਖੁਦ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਮਾਡਲ ਅਰਬਾਂ ਪੁੱਛਾਂ ਦਾ ਜੁਆਬ ਦੇਣ ਲਈ ਕਿੰਨਾ ਪਾਣੀ ਖਪਤ ਕਰਦਾ ਹੋਵੇਗਾ।

18 ਸਤੰਬਰ 2024 ਨੂੰ ਵਸ਼ਿੰਗਟਨ ਪੋਸਟ ਦੇ ਸਾਈਟ 'ਤੇ ਛਪੇ ਆਰਟੀਕਲ 'ਏ ਬੋਟਲ ਆਫ ਵਾਟਰ ਪਰ ਈਮੇਲ: ਦਿ ਹਿਡਨ ਇਨਵਾਇਰਮੈਂਟਲ ਕੌਸਟਸ ਆਫ ਯੂਜ਼ਿੰਗ ਏ ਆਈ ਚੈਟਬੌਟਸ' ਅਨੁਸਾਰ ਜੀ ਪੀ ਟੀ-4 ਦੀ ਵਰਤੋਂ ਕਰਕੇ 100 ਸ਼ਬਦਾਂ ਦੀ ਇਕ ਈਮੇਲ ਲਿਖਣ ਮਗਰ 519 ਮਿਲੀਲੀਟਰ ਪਾਣੀ ਦੀ ਖਪਤ ਹੁੰਦੀ ਹੈ। ਜੇ ਪੂਰੇ ਇਕ ਸਾਲ ਵਿੱਚ ਹਫਤੇ ਵਿੱਚ ਇਕ ਵਾਰ ਇਹ ਈਮੇਲ ਲਿਖੀ ਜਾਵੇ ਤਾਂ 27 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਅਤੇ ਜੇ ਅਮਰੀਕਾ ਦੇ ਕੰਮ ਕਰਨ ਵਾਲੇ ਕੁੱਲ ਲੋਕਾਂ ਵਿੱਚੋਂ 10% ਲੋਕ (1 ਕ੍ਰੋੜ 60 ਲੱਖ ਲੋਕ) ਜੀ ਪੀ ਟੀ -4 ਦੀ ਵਰਤੋਂ ਕਰਕੇ ਪੂਰੇ ਇਕ ਸਾਲ ਵਿੱਚ ਹਰ ਹਫਤੇ 100 ਸ਼ਬਦਾਂ ਦੀ ਇਕ ਈਮੇਲ ਲਿਖਣ ਤਾਂ ਉਸ ਲਈ 43 ਕ੍ਰੋੜ 52 ਲੱਖ 35 ਹਜ਼ਾਰ 4 ਸੌ 76 ਲੀਟਰ ਪਾਣੀ ਦੀ ਖਪਤ ਹੋਵੇਗੀ। ਪਾਣੀ ਦੀ ਇਹ ਮਾਤਰਾ ਅਮਰੀਕਾ ਦੇ ਸੂਬੇ ਰੋਡ ਆਈਲੈਂਡ ਦੀ ਕੁੱਲ ਵਸੋਂ ਵਲੋਂ ਡੇਢ ਦਿਨ ਵਿੱਚ ਵਰਤੇ ਜਾਂਦੇ ਪਾਣੀ ਦੇ ਬਰਾਬਰ ਹੈ।

ਆਉਣ ਵਾਲੇ ਸਾਲਾਂ ਵਿੱਚ ਆਰਟੀਫਿਸ਼ਲ ਇਨਟੈਲੀਜੈਂਸ ਦੀ ਵਰਤੋਂ ਵਧਣ ਨਾਲ ਇਸ ਲਈ ਲੋੜੀਂਦੇ ਪਾਣੀ ਦੀ ਮਾਤਰਾ ਵਿੱਚ ਵੀ ਵਾਧਾ ਹੋਵੇਗਾ। ਪ੍ਰੋਫੈਸਰ ਰੈਨ ਦੇ ਅੰਦਾਜ਼ੇ ਅਨੁਸਾਰ 2027 ਤੱਕ ਆਰਟੀਫਿਸ਼ਲ ਇਨਟੈਲੀਜੈਂਸ ਵਲੋਂ ਖਪਤ ਕੀਤੇ ਜਾਂਦੇ ਪਾਣੀ ਦੀ ਮਾਤਰਾ 6.6 ਅਰਬ ਘਣ (ਕਿਊਬਕ) ਮੀਟਰ ਜਾਂ 8.6 ਅਰਬ ਘਣ (ਕਿਊਬਕ) ਗਜ ਤੱਕ ਪਹੁੰਚ ਜਾਵੇਗੀ। ਆਮ ਵਿਅਕਤੀ ਨੂੰ ਪਾਣੀ ਦੀ ਇਸ ਮਾਤਰਾ ਦਾ ਅਹਿਸਾਸ ਕਰਾਉਣ ਲਈ ਪ੍ਰੋਫੈਸਰ ਰੈਨ ਕਹਿੰਦਾ ਹੈ ਕਿ 2027 ਤੱਕ ਆਰਟੀਫਿਸ਼ਲ ਇਨਟੈਲੀਜੈਂਸੀ ਵਲੋਂ ਖਪਤ ਕੀਤੇ ਜਾਂਦੇ ਪਾਣੀ ਦੀ ਮਾਤਰਾ ਡੈਨਮਾਰਕ ਦੀ ਅਬਾਦੀ ਜਿੰਨੀ ਅਬਾਦੀ ਵਾਲੇ 6 ਮੁਲਕਾਂ ਵਲੋਂ ਹਰ ਇਕ ਸਾਲ ਵਿੱਚ ਵਰਤੇ ਜਾਂਦੇ ਪਾਣੀ ਦੇ ਬਰਾਬਰ ਹੋ ਜਾਵੇਗੀ।

ਆਰਟੀਫਿਸ਼ਲ ਇੰਟੈਲੀਜੈਂਸ ਵਲੋਂ ਪਾਣੀ ਦੀ ਇੰਨੀ ਜ਼ਿਆਦਾ ਖਪਤ ਧਰਤੀ ਦੇ ਉਨ੍ਹਾਂ ਖਿੱਤਿਆਂ ਵਿੱਚ ਪਾਣੀ ਦੀ ਕਿੱਲਤ ਪੈਦਾ ਕਰ ਸਕਦੀ ਹੈ ਜਿਹਨਾਂ ਖਿੱਤਿਆਂ ਵਿੱਚ ਇਸ ਨਾਲ ਸੰਬੰਧਿਤ ਡੈਟਾ ਸੈਂਟਰ ਉਸਾਰੇ ਗਏ ਹਨ। ਉਦਾਹਰਨ ਲਈ ਅਮਰੀਕਾ ਦੇ ਸੂਬੇ ਆਈਓਵਾ ਵਿੱਚ ਜ਼ਮੀਨ ਅਤੇ ਬਿਜਲੀ ਸਸਤੀ ਹੋਣ ਕਾਰਨ ਉੱਥੇ ਕਾਫੀ ਸਾਰੇ ਡੈਟਾ ਸੈਂਟਰ ਉਸਾਰੇ ਜਾ ਰਹੇ ਹਨ। ਇਹਨਾਂ ਡੈਟਾ ਸੈਂਟਰਾਂ ਕਾਰਨ ਇਸ ਸੂਬੇ ਦੇ ਕੁੱਝ ਹਿੱਸਿਆਂ ਵਿੱਚ ਪਾਣੀ ਦੀ ਮੰਗ ਵੱਧ ਰਹੀ ਹੈ ਅਤੇ ਪਾਣੀ ਦੀ ਤੰਗੀ ਦੇ ਹਾਲਤ ਬਣ ਰਹੇ ਹਨ। ਜੈੱਫ ਯੰਗ ਵਲੋਂ ਲਿਖੇ ਉਪ੍ਰੋਕਤ ਆਰਟੀਕਲ ਵਿੱਚ ਆਈਓਵਾ ਦੇ ਇਨਵਾਇਰਮੈਂਟਲ ਕਾਊਂਸਲ ਐਨਰਜੀ ਪ੍ਰੋਗਰਾਮ ਦੀ ਡਾਇਰੈਕਟਰ ਕੈਰੀ ਜੌਹਨਸਨ ਕਹਿੰਦੀ ਹੈ ਕਿ 'ਪੱਕੇ ਤੌਰ 'ਤੇ ਆਈਓਵਾ ਦੇ ਕੁੱਝ ਹਿੱਸਿਆਂ ਵਿੱਚ ਪਾਣੀ ਦੀ ਤੰਗੀ ਮਹਿਸੂਸ ਹੋਣੀ ਸ਼ੁਰੂ ਹੋ ਗਈ ਹੈ। ਆਈਓਵਾ ਦੇ ਇਕ ਸ਼ਹਿਰ ਅਲਟੂਨਾ ਵਿਚਲਾ ਡੈਟਾ ਸੈਂਟਰ ਉਸ ਸ਼ਹਿਰ ਵਲੋਂ ਵਰਤੇ ਜਾਂਦੇ ਕੁੱਲ ਪਾਣੀ ਦਾ ਪੰਜਵਾ ਹਿੱਸਾ ਪਾਣੀ ਖਪਤ ਕਰ ਰਿਹਾ ਹੈ।' ਇਸ ਹੀ ਤਰ੍ਹਾਂ ਵਸ਼ਿੰਗਟਨ ਪੋਸਟ ਵਿੱਚ ਛਪੇ ਆਰਟੀਕਲ (ਜਿਸ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ) ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਸੂਬੇ ਓਰਗੈਨ ਦੇ ਸ਼ਹਿਰ ਡੈਲਜ਼ ਵਿੱਚ ਗੂਗਲ ਦੇ ਡੈਟਾ ਸੈਂਟਰ ਸ਼ਹਿਰ ਲਈ ਉਪਲਬਧ ਪਾਣੀ ਦਾ ਚੌਥਾ ਹਿੱਸਾ ਖਪਤ ਕਰਦੇ ਹਨ। ਪਾਣੀ ਦੀ ਇੰਨੀ ਜ਼ਿਆਦਾ ਖਪਤ ਦੇ ਨਾਲ ਨਾਲ ਆਰਟੀਫਿਸ਼ਲ ਇਨਟੈਲੀਜੈਂਸ ਨਾਲ ਸੰਬੰਧਿਤ ਤਕਨੌਲੌਜੀ ਦੇ ਕਾਰਜ ਲਈ ਬਹੁਤ ਸਾਰੀ ਬਿਜਲੀ ਦੀ ਲੋੜ ਪੈਂਦੀ ਹੈ। ਇਸ ਲਈ ਊਰਜਾ ਅਤੇ ਇਸ ਤਕਨੌਲੌਜੀ ਦੇ ਖੇਤਰ ਵਿੱਚ ਖੋਜ ਕਰ ਰਹੇ ਕਈ ਖੋਜੀ ਆਰਟੀਫਿਸ਼ਲ ਇਨਟੈਲੀਜੈਂਸ ਵਲੋਂ ਵਰਤੀ ਜਾਂਦੀ ਊਰਜਾ (ਐਨਰਜੀ) ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਵੱਲ ਇਸ਼ਾਰੇ ਕਰ ਰਹੇ ਹਨ। ਇਸ ਸੰਬੰਧ ਵਿੱਚ ਨਿਊਜ਼ ਵੀਕ ਦੇ ਸਾਈਟ 'ਤੇ 19 ਮਾਰਚ 2024 ਨੂੰ ਜੈੱਫ ਯੰਗ ਵਲੋਂ ਛਪੇ ਇਕ ਹੋਰ ਆਰਟੀਕਲ ਵਿੱਚੋਂ ਕੁੱਝ ਜਾਣਕਾਰੀ ਪੇਸ਼ ਹੈ।

ਇਸ ਆਰਟੀਕਲ ਵਿੱਚ ਇੰਟਰਨੈਸ਼ਨਲ ਐਨਰਜੀ ਏਜੰਸੀ ਵਲੋਂ ਜਨਵਰੀ 2024 ਵਿੱਚ ਛਪੀ ਇਕ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਸੰਨ 2026 ਤੱਕ ਦੁਨੀਆ ਦੇ ਡੈਟਾ ਸੈਂਟਰਾਂ ਵਲੋਂ ਵਰਤੀ ਜਾਂਦੀ ਬਿਜਲੀ ਦੀ ਖਪਤ ਦੁੱਗਣੀ ਹੋ ਜਾਵੇਗੀ। ਪਹਿਲਾਂ ਹੀ ਆਇਰਲੈਂਡ ਵਿੱਚ ਵਰਤੀ ਜਾਂਦੀ ਕੁੱਲ ਬਿਜਲੀ ਦਾ 17 ਫੀਸਦੀ ਹਿੱਸਾ ਉਸ ਮੁਲਕ ਵਿਚਲੇ ਡੈਟਾ ਸੈਂਟਰਾਂ ਵਲੋਂ ਖਪਤ ਕੀਤਾ ਜਾਂਦਾ ਹੈ ਅਤੇ ਅੰਦਾਜ਼ਾ ਇਹ ਹੈ ਕਿ 2026 ਤੱਕ ਆਇਰਲੈਂਡ ਵਿੱਚਲੇ ਡੈਟਾ ਸੈਂਟਰਾਂ ਵਲੋਂ ਖਪਤ ਕੀਤੀ ਜਾਂਦੀ ਬਿਜਲੀ ਦੀ ਮਾਤਰਾ ਉਸ ਦੇਸ਼ ਵਿੱਚ ਖਪਤ ਕੀਤੀ ਜਾਂਦੀ ਕੁੱਲ ਬਿਜਲੀ ਦੀ ਮਾਤਰਾ ਦੇ ਇਕ ਤਿਹਾਈ ਹਿੱਸੇ ਤੱਕ ਪਹੁੰਚ ਜਾਵੇਗੀ। ਕੁੱਝ ਸਾਲਾਂ ਵਿੱਚ ਹੀ ਅਮਰੀਕਾ ਵਿੱਚ ਡੈਟਾ ਸੈਂਟਰਾਂ ਵਲੋਂ ਵਰਤੀ ਜਾਂਦੀ ਬਿਜਲੀ ਦੀ ਮਾਤਰਾ, ਉੱਥੇ ਵਰਤੀ ਜਾਂਦੀ ਬਿਜਲੀ ਦੀ ਕੁੱਲ ਮਾਤਰਾ ਦੇ 6 ਫੀਸਦੀ ਹਿੱਸੇ ਤੱਕ ਹੋ ਜਾਵੇਗੀ। ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਬਿਜਲੀ ਦੀ ਮੰਗ ਵਿੱਚ ਇਸ ਤਰ੍ਹਾਂ ਦਾ ਵਾਧਾ ਹੋਣ ਦਾ ਅਨੁਮਾਨ ਹੈ।

ਇੰਟਰਨੈਸ਼ਨਲ ਐਨਰਜੀ ਏਜੰਸੀ ਨਾਲ ਬਿਜਲੀ ਦੀ ਖਪਤ ਬਾਰੇ ਵਿਸ਼ਲੇਸ਼ਣ ਕਰਨ ਦਾ ਕੰਮ ਕਰਨ ਵਾਲੇ ਐਰਿਨ ਕੈਮ ਦਾ ਕਹਿਣਾ ਹੈ ਕਿ ਸੰਨ 2026 ਵਿੱਚ ਵਿਸ਼ਵ ਵਿਚਲੇ ਡੈਟਾ ਸੈਂਟਰਾਂ ਵਲੋਂ ਖਪਤ ਕੀਤੀ ਜਾਂਦੀ ਬਿਜਲੀ ਦੀ ਮਾਤਰਾ 1000 ਟੈਰਾਵਾਟ ਆਵਰਜ਼ (ਘੰਟਿਆਂ) ਤੱਕ ਪਹੁੰਚ ਸਕਦੀ ਹੈ। ਬਿਜਲੀ ਦਾ ਇਕ ਟੈਰਾਵਾਟ ਆਵਰ ਇੰਨੀ ਬਿਜਲੀ ਹੁੰਦੀ ਹੈ, ਜਿੰਨੀ ਬਿਜਲੀ 2 ਲੱਖ ਔਸਤ ਘਰਾਂ ਵਲੋਂ ਇਕ ਸਾਲ ਵਿੱਚ ਵਰਤੀ ਜਾਂਦੀ ਹੈ। ਇਸ ਦਾ ਭਾਵ ਹੈ ਕਿ ਡੈਟਾ ਸੈਂਟਰਾਂ ਦਾ ਸੈਕਟਰ ਇਕ ਸਾਲ ਵਿੱਚ ਉਨੀ ਬਿਜਲੀ ਦੀ ਖਪਤ ਕਰੇਗਾ ਜਿੰਨੀ ਬਿਜਲੀ ਸਾਰੇ ਜਾਪਾਨ ਵਲੋਂ ਇਕ ਸਾਲ ਵਿੱਚ ਵਰਤੀ ਜਾਂਦੀ ਹੈ। ਬਿਜਲੀ ਦੀ ਮੰਗ ਵਿੱਚ ਹੋਏ ਇਸ ਵਾਧੇ ਦਾ ਬਹੁਤ ਹਿੱਸਾ ਇੰਡਸਟਰੀ ਵਲੋਂ ਆਰਟੀਫਿਸ਼ਲ ਇਨਟੈਲੀਜੈਂਸ ਦੀ ਵਰਤੋਂ ਦੇ ਕਾਰਨ ਹੈ।

ਆਰਟੀਫਿਸ਼ਲ ਏਜੰਸੀ ਨਾਲ ਸੰਬੰਧਿਤ ਤਕਨੌਲੌਜੀਆਂ ਵਲੋਂ ਵਰਤੀ ਜਾਂਦੀ ਬਿਜਲੀ ਆਰਟੀਫਿਸ਼ਲ ਇਨਟੈਲੀਜੈਂਸ ਦੇ ਮਾਡਲਾਂ ਨੂੰ ਸਿੱਖਿਅਤ ਕਰਨ, ਉਹਨਾਂ ਮਾਡਲਾਂ ਵਲੋਂ ਪੁੱਛਾਂ ਦਾ ਜਵਾਬ ਦੇਣ ਅਤੇ ਫਿਰ ਇਹਨਾਂ ਤਕਨਾਲੌਜੀਆਂ ਨੂੰ ਠੰਢੇ ਰੱਖਣ ਦੇ ਕਾਰਜਾਂ ਦੌਰਾਨ ਵਰਤੀ ਜਾਂਦੀ ਹੈ। ਉਦਾਹਰਨ ਲਈ ਓਪਨ ਏ ਆਈ ਦੇ ਜੀ ਪੀ ਟੀ-3 ਮਾਡਲ ਨੂੰ ਸਿੱਖਿਅਤ ਕਰਨ ਲਈ 1300 ਮੈਗਾਵਾਟ ਆਵਰਜ਼ ਬਿਜਲੀ ਖਪਤ ਹੁੰਦੀ ਹੈ। ਇੰਨੀ ਬਿਜਲੀ ਅਮਰੀਕਾ ਦੇ 130 ਘਰਾਂ ਵਲੋਂ ਇਕ ਸਾਲ ਵਿੱਚ ਵਰਤੀ ਜਾਂਦੀ ਬਿਜਲੀ ਦੇ ਬਰਾਬਰ ਹੈ। ਇਸ ਸੰਬੰਧ ਵਿੱਚ ਇਕ ਗੱਲ ਹੋਰ ਯਾਦ ਰੱਖਣ ਵਾਲੀ ਹੈ ਕਿ ਆਰਟੀਫਿਸਲ ? ਇਨਟੈਲੀਜੈਂਸ ਦੇ ਮਾਡਲਾਂ ਨੂੰ ਲਗਾਤਾਰ ਅਪਡੇਟ ਕਰਨਾ ਪੈਂਦਾ ਹੈ। ਸਾਇੰਟਿਫਿਕ ਅਮਰੀਕਨ ਦੇ ਸਾਈਟ 'ਤੇ 25 ਮਈ 2023 ਨੂੰ ਛਪੇ ਇਕ ਆਰਟੀਕਲ ਵਿੱਚ ਬੌਸਟਨ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਦੀ ਪ੍ਰੋਫੈਸਰ ਕੇਟ ਸੈਨਕੋ ਦਸਦੀ ਹੈ ਕਿ ਜੇ ਕਿਸੇ ਮਾਡਲ ਨੂੰ 2021 ਤੱਕ ਦੀ ਜਾਣਕਾਰੀ ਨਾਲ ਸਿੱਖਿਅਤ ਕੀਤਾ ਗਿਆ ਹੋਵੇ ਤਾਂ ਉਸ ਨੂੰ 2021 ਤੋਂ ਬਾਅਦ ਵਿੱਚ ਵਾਪਰੀਆਂ ਚੀਜ਼ਾਂ ਬਾਰੇ ਕੁੱਝ ਨਹੀਂ ਪਤਾ ਹੋਵੇਗਾ। ਇਸ ਲਈ ਉਸ ਦੇ ਗਿਆਨ ਨੂੰ ਲਗਾਤਾਰ ਅਪਡੇਟ ਕਰਨਾ ਪਵੇਗਾ, ਜਿਸ ਨਾਲ ਉਸ ਨੂੰ ਸਿੱਖਿਅਤ ਕਰਨ ਲਈ ਲੋੜੀਂਦੀ ਬਿਜਲੀ ਦੀ ਖਪਤ ਹੋਰ ਵਧ ਜਾਵੇਗੀ।

ਸਿੱਖਿਅਤ ਹੋਣ ਤੋਂ ਬਾਅਦ ਜਦੋਂ ਆਰਟੀਫਿਸ਼ਲ ਇਨਟੈਲੀਜੈਂਸ ਦਾ ਮਾਡਲ ਕੰਮ ਕਰਨ ਲਗਦਾ ਹੈ ਭਾਵ ਪੁੱਛਾਂ ਦਾ ਜਵਾਬ ਦੇਣ ਲਗਦਾ ਹੈ ਤਾਂ ਉਸ ਲਈ ਵੀ ਬਿਜਲੀ ਖਪਤ ਹੁੰਦੀ ਹੈ। ਨਿਊਜ਼ ਸਾਈਟ ਵੌਕਸ 'ਤੇ 28 ਮਾਰਚ 2024 ਨੂੰ 'ਏ ਆਈ ਆਲਰੈਡੀ ਯੂਜ਼ਜ਼ ਐਜ਼ ਮਚ ਐਨਰਜੀ ਐਜ਼ ਏ ਸਮਾਲ ਕੰਟਰੀ' ਨਾਂ ਦੇ ਆਰਟੀਕਲ ਵਿੱਚ ਇੰਟਰਨੈਸ਼ਨਲ ਐਨਰਜੀ ਏਜੰਸੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗੂਗਲ 'ਤੇ ਕੀਤੀ ਇਕ ਸਰਚ ਲਈ 0.3 ਵਾਟ ਆਵਰਜ਼ ਬਿਜਲੀ ਲਗਦੀ ਹੈ ਜਦੋਂ ਕਿ ਚੈਟ ਜੀ ਪੀ ਟੀ ਵਲੋਂ ਜਾਣਕਾਰੀ ਲਈ ਕੀਤੀ ਪੁੱਛ ਦਾ ਜਵਾਬ ਦੇਣ ਲਈ 2.9 ਵਾਟ ਆਵਰਜ਼ ਬਿਜਲੀ ਲਗਦੀ ਹੈ। ਭਾਵ ਆਰਟੀਫਿਸ਼ਲ ਇਨਟੈਲੀਜੈਂਸ ਦੇ ਮਾਡਲ ਵਲੋਂ ਇਕ ਪੁੱਛ ਦੇ ਦਿੱਤੇ ਜਵਾਬ 'ਤੇ ਗੂਗਲ ਦੀ ਸਰਚ ਨਾਲੋਂ 10 ਗੁਣਾਂ ਜ਼ਿਆਦਾ ਬਿਜਲੀ ਖਪਤ ਹੁੰਦੀ ਹੈ। ਹਰ ਰੋਜ਼ ਤਕਰੀਬਨ 9 ਅਰਬ ਸਰਚਾਂ ਕੀਤੀਆਂ ਜਾਂਦੀਆਂ ਹਨ। ਜੇ ਇਹ ਸਾਰੀਆਂ ਸਰਚਾਂ ਦਾ ਜਵਾਬ ਚੈਟ ਜੀ ਪੀ ਟੀ ਵਲੋਂ ਦਿੱਤਾ ਜਾਵੇ ਤਾਂ ਇਸ ਲਈ ਇਕ ਸਾਲ ਵਿੱਚ 10 ਟੈਰਾਵਾਟ ਆਵਰਜ਼ ਬਿਜਲੀ ਖਪਤ ਹੋਵੇਗੀ, ਜਿਹੜੀ ਯੂਰਪੀਅਨ ਯੂਨੀਅਨ ਦੇ ਤਕਰੀਬਨ 15 ਲੱਖ ਵਸਨੀਕਾਂ ਵਲੋਂ ਇਕ ਸਾਲ ਵਿੱਚ ਖਪਤ ਕੀਤੀ ਜਾਂਦੀ ਬਿਜਲੀ ਦੇ ਬਰਾਬਰ ਬਣਦੀ ਹੈ।

18 ਸਤੰਬਰ 2024 ਨੂੰ ਵਾਸ਼ਿੰਗਟਨ ਪੋਸਟ ਦੇ ਸਾਈਟ 'ਤੇ ਛਪੇ ਇਕ ਆਰਟੀਕਲ (ਜਿਸ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ) ਅਨੁਸਾਰ ਜੀ ਪੀ ਟੀ-4 ਦੀ ਵਰਤੋਂ ਨਾਲ ਏ ਆਈ ਦੇ ਚੈਟਬੋਟ ਵਲੋਂ ਇਕ ਵਾਰ 100 ਸ਼ਬਦਾਂ ਦੀ ਈਮੇਲ ਲਿਖਣ ਲਈ 0.14 ਕਿਲੋਵਾਟ-ਆਵਰਜ਼ ਬਿਜਲੀ ਦੀ ਖਪਤ ਹੁੰਦੀ ਹੈ। ਇੰਨੀ ਬਿਜਲੀ ਨਾਲ 14 ਐੱਲ ਈ ਡੀ ਦਾ ਬਲਬ ਇਕ ਘੰਟੇ ਲਈ ਜਗਦਾ ਰਹਿ

ਸਕਦਾ ਹੈ। ਜੇ 100 ਸ਼ਬਦਾਂ ਦੀ ਈਮੇਲ ਪੂਰੇ ਇਕ ਸਾਲ ਲਈ ਹਫਤੇ 'ਚ ਇਕ ਵਾਰ ਲਿਖੀ ਜਾਵੇ ਤਾਂ ਇਸ ਲਈ ਸਾਲ ਵਿੱਚ 7.5 ਕਿਲੋਵਾਟ ਆਵਰਜ਼ ਬਿਜਲੀ ਖਪਤ ਹੋਵੇਗੀ। ਇੰਨੀ ਬਿਜਲੀ ਅਮਰੀਕਾ ਦੇ ਸ਼ਹਿਰ ਵਸਿ਼ਗਟਨ ਡੀ ਸੀ ਦੇ 9.3 ਘਰ ਇਕ ਘੰਟੇ ਵਿੱਚ ਵਰਤਦੇ ਹਨ। ਜੇ ਅਮਰੀਕਾ ਵਿੱਚ ਕੰਮ ਕਰਨ ਵਾਲੇ ਲੋਕਾਂ ਦਾ ਦਸਵਾਂ ਹਿੱਸਾ ਲੋਕ ਪੂਰੇ ਸਾਲ ਲਈ ਹਫਤੇ ਵਿੱਚ ਇਕ ਵਾਰ 100 ਸ਼ਬਦਾਂ ਦੀ ਈਮੇਲ ਲਿਖਣ ਤਾਂ ਉਸ 'ਤੇ 1 ਲੱਖ 21 ਹਜ਼ਾਰ 5 ਸੌ 17 ਮੈਗਾਵਾਟ-ਆਵਰਜ਼ ਬਿਜਲੀ ਖਪਤ ਹੋਵੇਗੀ। ਇੰਨੀ ਬਿਜਲੀ ਵਸ਼ਿੰਗਟਨ ਡੀ ਸੀ ਦੇ ਸਾਰੇ ਘਰ 20 ਦਿਨਾਂ ਵਿੱਚ ਵਰਤਦੇ ਹਨ।

ਇਸ ਬਿਜਲੀ ਦੀ ਖਪਤ ਦਾ ਮਤਲਬ ਹੈ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦਾ ਛੱਡਿਆ ਜਾਣਾ। ਸੰਨ 2019 ਵਿੱਚ ਯੂਨੀਵਰਸਿਟੀ ਆਫ ਮੈਸਾਚੂਸਟ ਵਲੋਂ ਕੀਤੀ ਗਈ ਇਕ ਖੋਜ ਤੋਂ ਇਹ ਪਤਾ ਲੱਗਾ ਸੀ ਕਿ ਏ ਆਈ ਦੇ ਇਕ ਮਾਡਲ ਨੂੰ ਸਿੱਖਿਅਤ ਕਰਨ ਦੇ ਕਾਰਜ ਵਿੱਚ 6 ਲੱਖ 26 ਹਜ਼ਾਰ ਪੌਂਡ ਕਾਰਬਨ ਡਾਇਔਕਸਾਈਡ ਪੈਦਾ ਹੁੰਦੀ ਹੈ। ਕਾਰਬਨ ਡਾਇਔਕਸਾਈਡ ਦੀ ਇਹ ਮਾਤਰਾ ਸਾਨ ਫਰਾਂਸਿਸਕੋ ਅਤੇ ਨਿਊਯੌਰਕ ਵਿਚਕਾਰ ਆਉਣ ਜਾਣ ਦੀਆਂ 300 ਫਲਾਈਟਾਂ ਵਲੋਂ ਪੈਦਾ ਕੀਤੀ ਜਾਂਦੀ ਕਾਰਬਨ ਡਾਇਔਕਸਾਈਡ ਦੇ ਬਰਾਬਰ ਹੈ। ਇਕ ਹੋਰ ਅਧਿਐਨ ਅਨੁਸਾਰ ਜੀ ਪੀ ਟੀ-3 ਮਾਡਲ ਨੂੰ ਸਿੱਖਿਅਤ ਕਰਨ ਵਿੱਚ 1287 ਮੈਗਾਵਾਟ ਆਵਰਜ਼ ਬਿਜਲੀ ਖਪਤ ਹੋਈ ਸੀ ਜਿਸ ਦੇ ਨਤੀਜੇ ਵਜੋਂ 502 ਮੀਟਰਿਕ ਟਨ ਕਾਰਬਨ ਡਾਇਔਕਸਾਈਡ ਪੈਦਾ ਹੋਈ ਸੀ। ਇੰਨੀ ਕਾਰਬਨ ਡਾਇਔਕਸਾਈਡ 112 ਕਾਰਾਂ ਵਲੋਂ ਇਕ ਸਾਲ ਵਿੱਚ ਪੈਦਾ ਕੀਤੀ ਜਾਂਦੀ ਹੈ।

24 ਮਈ 2024 ਨੂੰ ਫੋਰਬਜ਼ ਦੇ ਸਾਈਟ 'ਤੇ ਛਪੀ ਇਕ ਰਿਪੋਰਟ ÷ਏ ਆਈਜ਼ ਪੁਸ਼ਿੰਗ ਦਿ ਵਰਲਡ ਟੂਵਾਰਡ ਐਨ ਐਨਰਜੀ ਕਰਾਈਸਿਸ÷ ਅਨੁਸਾਰ ਇਸ ਸਮੇਂ ਦੁਨੀਆ ਵਿੱਚ ਖਪਤ ਹੁੰਦੀ ਕੁੱਲ ਐਨਰਜੀ ਦਾ 3% ਫੀਸਦੀ ਹਿੱਸਾ ਡੈਟਾ ਸੈਂਟਰਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਟ੍ਰਾਂਸਮਿਸ਼ਨ ਨੈੱਟਵਰਕਾਂ ਵਲੋਂ ਖਪਤ ਕੀਤਾ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਉਹ ਵਾਤਾਵਰਨ ਵਿੱਚ ਬ੍ਰਾਜ਼ੀਲ ਵਲੋਂ ਛੱਡੀ ਜਾਂਦੀ ਕਾਰਬਨ ਡਾਇਔਕਸਾਈਡ ਦੇ ਬਰਾਬਰ ਦੀ ਮਾਤਰਾ ਵਿੱਚ ਕਾਰਬਨ ਡਾਇਔਕਸਾਈਡ ਛੱਡਦੇ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਆਰਟੀਫਿਸ਼ਲ ਇਨਟੈਲੀਜੈਂਸ ਦੀ ਵਰਤੋਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਦਾ ਅਨੁਮਾਨ ਹੈ। ਇਸ ਨਾਲ ਇਸ ਵਲੋਂ ਵਾਤਾਵਰਨ ਵਿੱਚ ਛੱਡੀਆਂ ਜਾਂਦੀਆਂ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਿੱਚ ਵੀ ਵਾਧਾ ਹੋਣਾ ਜ਼ਰੂਰੀ ਹੈ। ਅਰਥ ਓਰਗ ਦੇ ਸਾਈਟ 'ਤੇ 18 ਜੁਲਾਈ ਨੂੰ ਛਪੇ ਆਰਟੀਕਲ 'ਦਿ ਗਰੀਨ ਡਲੀਮਾ: ਕੈਨ ਏ ਆਈ ਫੁਲਫਿਲ ਇਟਸ ਪੋਟੈਂਸ਼ਿਅਲ ਵਿਦਾਊਟ ਹਾਰਮਿੰਗ ਦਿ ਪਲੈਨਟ ?' ਅਨੁਸਾਰ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸੰਨ 2040 ਤੱਕ ਇਨਫੌਰਮੇਸ਼ਨ ਐਂਡ ਟੈਕਨੌਲੋਜੀ ਸੈਕਟਰ ਵਲੋਂ ਵਾਤਾਵਰਨ ਵਿੱਚ ਛੱਡੀਆਂ ਜਾਣ ਵਾਲੀਆਂ ਗਰੀਨ ਹਾਊਸ ਗੈਸਾਂ ਦੀ ਮਾਤਰਾ ਦੁਨੀਆ ਭਰ ਵਿੱਚ ਵਾਤਾਵਰਨ ਵਿੱਚ ਛੱਡੀਆਂ ਜਾਣ ਵਾਲੀਆਂ ਗਰੀਨ ਹਾਊਸ ਗੈਸਾਂ ਦੇ 14 ਫੀਸਦੀ ਹਿੱਸੇ ਦੇ ਬਰਾਬਰ ਪਹੁੰਚ ਜਾਵੇਗਾ, ਜਿਸ ਵਿੱਚੋਂ ਵੱਡਾ ਹਿੱਸਾ ਡੈਟਾ ਸੈਂਟਰਾਂ ਅਤੇ ਕਮਿਊਨੀਕੇਸ਼ਨ ਦੇ ਨੈਟਵਰਕਾਂ ਵਲੋਂ ਪੈਦਾ ਕੀਤਾ ਜਾਵੇਗਾ।

ਹੁਣ ਤੱਕ ਦੀ ਗੱਲਬਾਤ ਤੋਂ ਸਪਸ਼ਟ ਹੈ ਕਿ ਆਰਟੀਫਿਸ਼ਲ ਇਨਟੈਲੀਜੈਂਸ ਦੀ ਵਰਤੋਂ ਧਰਤੀ 'ਤੇ ਪਾਣੀ ਦੀ ਕਿੱਲਤ ਅਤੇ ਧਰਤੀ ਦੇ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੀ ਮਾਤਰਾ ਵਧਾਉਣ ਵਿੱਚ ਯੋਗਦਾਨ ਪਾ ਰਹੀ ਹੈ। ਆਉਣ ਵਾਲੇ ਸਾਲਾਂ ਵਿੱਚ ਆਰਟੀਫਿਸ਼ਲ ਏਜੰਸੀ ਦੀ ਵਰਤੋਂ ਵਿੱਚ ਵਾਧਾ ਹੋਣ ਦੇ ਨਤੀਜੇ ਵਜੋਂ ਇਸ ਤਕਨਾਲੌਜੀ ਵਲੋਂ ਧਰਤੀ ਦੇ ਵਾਤਾਵਰਨ ਨੂੰ ਪਹੁੰਚਣ ਵਾਲੇ ਨੁਕਸਾਨ ਵਿੱਚ ਵੀ ਵਾਧਾ ਹੋਵੇਗਾ। ਅੱਜ ਜਦੋਂ ਇਸ ਤਕਨੌਲੌਜੀ ਨਾਲ ਸੰਬੰਧਿਤ ਸੈਕਟਰ ਵਲੋਂ ਇਸ ਤਕਨੌਲੌਜੀ ਕਾਰਨ ਹੋਣ ਵਾਲੇ ਫਾਇਦਿਆਂ ਦਾ ਗੀਤ ਗਾਇਆ ਜਾ ਰਿਹਾ ਹੈ, ਤਾਂ ਸਾਨੂੰ ਇਸ ਕਾਰਨ ਧਰਤੀ ਦੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦੇ ਤੱਥਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

# ਫੇਫੜਿਆਂ ਦੀ ਗੰਭੀਰ ਲਾਇਲਾਜ ਬਿਮਾਰੀ-ਸਿਲੀਕੋਸਿਸ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਸਿਲੀਕੋਸਿਸ ਫੇਫੜਿਆਂ ਦੀ ਉਹ ਗੰਭੀਰ ਬਿਮਾਰੀ ਹੈ ਜਿਸ ਦਾ ਕੋਈ ਇਲਾਜ ਨਹੀਂ ਹੈ। ਇਹ ਬਿਮਾਰੀ ਅਕਸਰ ਮਜ਼ਦੂਰਾਂ ਨੂੰ ਹੁੰਦੀ ਹੈ। ਗੁਜਰਾਤ ਦੀ ਕਵਾਟਰਜ਼ ਤੇ ਸਟੋਨ ਕਰੈਸ਼ਰ ਸਨਅਤ ਹੀ ਇਸ ਨੂੰ ਪੈਦਾ ਕਰਦੀ ਹੈ। ਮੱਧ ਪ੍ਰਦੇਸ਼ ਦੇ ਅਲੀਰਾਜਪੁਰ, ਝਬੂਆ ਤੇ ਧਾਰ ਜਿਲਿਆਂ ਦੀ ਆਦਿਵਾਸੀ ਵਸੋਂ ਇਸ ਤੋਂ ਪ੍ਰਭਾਵਿਤ ਹੈ। ਪਹਿਲਾਂ ਇਸ ਬਿਮਾਰੀ ਨੂੰ ਤਬਦਿਕ/ਟੀਬੀ ਵੀ ਸਮਝਿਆ ਜਾਂਦਾ ਸੀ ਪਰ ਇਸ ਖੇਤਰ ਚ ਖੋਜ ਨੇ ਸਾਬਤ ਕਰ ਦਿੱਤਾ ਕਿ ਇਹ ਤਬਦਿਕ ਜਾਂ ਟੀਬੀ ਨਹੀਂ ਹੈ ਬਲਕਿ ਸਿਲੀਕੋਸਸ ਹੈ। ਇੱਕ ਅਨੁਮਾਨ ਅਨੁਸਾਰ ਭਾਰਤ ਚ 30 ਲੱਖ ਤੋਂ ਵੀ ਵੱਧ ਮਜ਼ਦੂਰ ਸੀਲਿਕਾ ਧੂੜਕਣਾ ਦੇ ਸਿੱਧੇ ਸੰਪਰਕ ਵਿੱਚ ਹਨ। ਜਦਕਿ ਉਸਾਰੀ ਤੇ ਇਮਾਰਤੀ ਸਰਗਰਮੀਆਂ 'ਚ ਸ਼ਾਮਿਲ ਕਰੇ ਕਰੀਬ 85 ਲੱਖ ਲੋਕਾਂ ਨੂੰ ਕਵਾਟਰਜ਼ ਦੀ ਧੂੜ (ਕੱਚ ਜਾਂ ਅਜੇਹੇ ਹੀ ਪਦਾਰਥਾਂ ਦੇ ਬਰੀਕ ਕਣਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਮਜ਼ਦੂਰਾਂ ਦੀ ਫੇਫੜਿਆਂ ਦੀ ਕਾਰਜ ਪ੍ਰਨਾਲੀ ਦਾ ਮੁਲਾਂਕਣ ਕਰਨ ਵਾਲੀਆਂ ਕਈ ਰਿਪੋਰਟਾਂ ਵਿੱਚ ਉਹਨਾਂ ਦੇ ਰੈਸਟ੍ਰਿਕਟਿਵ ਤੇ ਓਬਸਟਰਕਟਿਵ ਦੋਨੋਂ ਪੈਟਰਨ ਸਾਹਮਣੇ ਆਏ ਹਨ। ਮੱਧ ਭਾਰਤ ਵਿੱਚ ਸਿਲੀਕਾ ਨਾਲ ਬਣਨ ਵਾਲੀ ਪੈਨਸਿਲ ਦੇ ਮਜ਼ਦੂਰਾਂ ਤੇ ਕੀਤੇ ਅਧਿਅਨਾ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦੀ ਮੌਤ ਦਰ ਬਹੁਤ ਜ਼ਿਆਦਾ ਹੈ। ਇਹਨਾਂ ਕਿਰਤੀਆਂ ਦੀ ਉਮਰ ਔਸਤ 35 ਸਾਲ ਸੀ, ਜਦਕਿ ਇਹਨਾਂ ਦੇ ਸਿਲੀਕਾ ਧੂੜ ਕਣਾਂ ਦੇ ਸੰਪਰਕ ਦਾ ਔਸਤ ਅਰਸਾ 12 ਸਾਲ ਸੀ। ਗੁਜਰਾਤ ਦੇ ਗੋਦਰਾ ਤੇ ਬਾਲਾਸੀਨੋਰ 'ਚ ਕਵਾਟਰਜ਼ ਕਰਸ਼ਿੰਗ ਕਾਰਖਾਨੇ ਕਵਾਟਰ ਚੂਰਾ ਬਣਾਉਂਦੇ ਹਨ। ਗਲਾਸ, ਸਰੇਮਿਕ ਤੇ ਹੋਰ ਸਨਅਤਾਂ ਵਿੱਚ ਕੁਆਟਰਜ਼ ਚੂਰੇ ਦੀ ਕਾਫੀ ਮੰਗ ਰਹਿੰਦੀ ਹੈ। ਇਹਨਾਂ ਸਨਅਤਾਂ ਚ ਸਿਹਤ ਅਤੇ ਸੁਰੱਖਿਆ ਮਾਪਦੰਡ ਕਾਫੀ ਲੱਚਰ ਰਹੇ ਹਨ। ਸਿਲੀਕੋਸਸ ਫੇਫੜਿਆਂ ਨਾਲ ਜੁੜਿਆ ਅਜਿਹਾ ਵਿਗਾੜ ਹੈ ਜੋ ਸਿਲੀਕਾ ਦੇ ਬਹੁਤ ਹੀ ਬਰੀਕ ਕਣਾ ਦੇ ਸਾਹ ਦੇ ਨਾਲ ਅੰਦਰ ਜਾਣ ਦੀ ਵਜਹਾ ਕਰਕੇ ਹੁੰਦਾ ਹੈ। ਸਿਲੀਕਾ ਭੂਪਰਟੀ ਦਾ ਇੱਕ ਬਹੁਤ ਵੱਡਾ ਹਿੱਸਾ ਹੈ। ਇਸ ਦੇ ਨਾਲ ਸੰਪਰਕ ਖੁਦਾਈ ਕਾਰਜਾਂ ਤੇ ਪੱਥਰਾਂ ਦੀ ਪਿਸਾਈ ਦੌਰਾਨ ਹੁੰਦਾ ਹੈ। ਕਾਰਖਾਨਾ ਕਾਨੂੰਨ 'ਚ ਇਹ ਅਧਿਸੂਚਿਤ/ਨੋਟੀਫਾਈਡ ਹੈ ਅਤੇ ਇਸ ਨੂੰ ਉਹਨਾਂ ਬਿਮਾਰੀਆਂ ਦੀ ਸੂਚੀ ਸ਼ਾਮਿਲ ਕੀਤਾ ਗਿਆ ਹੈ। ਜਿਸ ਦੇ ਲਈ ਕਾਮਗਾਰ ਮੁਆਵਜ਼ਾ ਕਾਨੂੰਨ 1930 ਅਤੇ ਈਐਸਆਈ ਕਨੂੰਨ 1948 ਦੇ ਤਹਿਤ ਹਰਜਾ ਪੂਰਤੀ ਦਾ ਦਾਆਵਾ ਕੀਤਾ ਜਾ ਸਕਦਾ ਹੈ। ਗੋਧਰਾ ਦੇ ਕਾਰਖਾਨਿਆਂ ਵਿੱਚ ਤਾਂ ਈਐਸਆਈ ਕਨੂੰਨ ਲਾਗੂ ਕੀਤਾ ਗਿਆ ਹੈ ਪਰ ਬਾਲਾਸਿਨੌਰ ਦੇ ਕਾਰਖਾਨਿਆਂ ਇਸ ਦੀ ਕੋਈ ਹੋਂਦ ਨਹੀਂ ਹੈ। ਇਥੇ ਕੰਮ ਕਰਨ ਵਾਲੇ ਅਨੇਕਾਂ ਮਜ਼ਦੂਰ ਸਿਲੀਕੋਸਿਸ ਨਾਲ ਗ੍ਰਸਤ ਹਨ, ਪਰ ਕਿਸੇ ਪਾਸ ਅਜਿਹਾ ਇੱਕ ਵੀ ਸਬੂਤ ਨਹੀਂ ਹੈ ਜੋ ਸਾਬਿਤ ਕਰ ਸਕੇ ਕਿ ਫਲਾਣੇ ਕਿਰਤੀ ਨੇ ਫਲਾਣੇ ਕਾਰਖਾਨੇ ਵਿੱਚ ਕੰਮ ਕੀਤਾ ਹੈ। ਇਹਨਾਂ ਕੋਲ ਨਾ ਤਾਂ ਕਾਨੂੰਨ ਦੇ ਤਹਿਤ ਜਾਰੀ ਹੋਣ ਵਾਲਾ ਪ੍ਰਮਾਣ ਪੱਤਰ ਹੈ ਅਤੇ ਨਾ ਹੀ ਈਐਸਆਈ ਕਾਰਡ। ਇਨ੍ਹਾਂ ਕੋਲ ਇੱਕ ਵੀ ਅਜਿਹਾ ਸਬੂਤ ਨਹੀਂ ਹੈ ਜੋ ਇਹਨਾਂ ਨੂੰ ਉਹਨਾਂ ਦੇ ਕਨੂਨੀ ਅਧਿਕਾਰ ਦਵਾਉਣ ਚ ਮਦਦਗਾਰ ਸਾਬਤ ਹੋਵੇ। ਮਧਪ੍ਰਦੇਸ਼ ਦੇ ਅਲੀ ਰਾਜਪੁਰ ਝਬੂਆ ਤੇ ਧਾਰ ਜਿਲੇ ਦੇ ਆਦੀਵਾਸੀ ਵੱਡੀ ਗਿਣਤੀ ਵਿੱਚ ਗੁਜਰਾਤ ਤੇ ਰਾਜਸਥਾਨ ਜਾ ਕੇ ਉਥੋਂ ਦੇ ਕਵਾਟਰਜ਼ ਜਾਂ ਗਿੱਟੀ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ। ਇਹਨਾਂ ਖੇਤਰਾਂ 'ਚ ਰਹਿਣ ਵਾਲੇ ਆਦਿਵਾਸੀ ਪਰਿਵਾਰਾਂ ਦੀ ਖੁਰਾਕ ਸੁਰੱਖਿਆ ਅਕਸਰ ਖਤਰੇ 'ਚ ਰਹਿੰਦੀ ਹੈ। ਉਹਨਾਂ ਨੂੰ ਆਪਣੇ ਆਸ ਪਾਸ ਕੰਮ ਨਹੀਂ ਮਿਲਦਾ ਹੈ। ਇਸ ਵਜਹਾ ਹੈ ਕਿ ਇਹ ਮਜਦੂਰੀ ਦੀ ਭਾਲ ਚ ਗੁਆਂਢੀ ਰਾਜਾਂ ਵਿੱਚ ਜਾਂਦੇ ਹਨ। ਕਵਾਟਰਜ਼ ਜਾਂ ਗਿੱਟੀ ਕਾਰਖਾਨਿਆਂ ਵਿੱਚ ਕੰਮ ਕਰਨ ਦਾ ਸਿੱਟਾ ਅੰਤ ਸਿਲੀਕੋਸਿਸ ਬਿਮਾਰੀ ਵਜੋਂ ਸਾਹਮਣੇ ਆਉਂਦਾ ਹੈ। ਇਹ ਅਧਿਐਨ ਮੱਧ ਪ੍ਰਦੇਸ਼ ਦੇ ਤਿੰਨ ਜਿਲਿਆਂ ਝਬੂਆ, ਅਲੀਰਾਜਪੁਰ ਤੇ ਧਾਰ ਵਿੱਚ ਕੀਤਾ ਗਿਆ। ਇਸ ਦਾ ਮਕਸਦ ਸਿਲੀਕੋਸਿਸ ਬਿਮਾਰੀ ਦੇ ਫੈਲਾਅ ਦਾ ਅੰਦਾਜਾ ਲਾਉਣਾ, ਇਸ ਬਿਮਾਰੀ ਦਾ ਸਮਾਜਿਕ-ਆਰਥਕ ਅਸਰ ਜਾਨਣਾ ਤੇ ਇਸ ਬਿਮਾਰੀ ਨਾਲ ਗ੍ਰਸਤ ਪ੍ਰੀਵਾਰਾਂ ਦੇ ਜੀਵਨ ਪੱਧਰ ਖਾਸ ਕਰਕੇ ਔਰਤਾਂ ਤੇ ਬੱਚਿਆਂ ਤੇ ਪੈਣ ਵਾਲੇ ਅਸਰਾਂ ਨੂੰ ਸਮਝਣਾ ਸੀ। ਸਿਲਿਕੋਸਿਸ ਪ੍ਰਭਾਵਿਤ ਪਰਿਵਾਰਾਂ ਨੂੰ ਜਥੇਬੰਦ ਕਰਨਾ, ਪਲਾਇਨ ਕਰਨ ਵਾਲੇ ਗੈਰ ਜਥੇਬੰਦਕ ਮਜਦੂਰਾਂ ਲਈ ਰਾਜ ਤੇ ਕੌਮੀ ਦੋਨੋਂ ਪੱਧਰਾਂ 'ਤੇ ਕਾਨੂੰਨ ਤੇ ਨੀਤੀਗਤ ਮੁੱਦਿਆਂ ਦੀ ਸਮੀਖਿਆ ਕਰਨ ਤੇ ਉਹਨਾਂ ਦੇ ਪੁਨਰਵਾਸ ਨਾਲ ਸਬੰਧਤ ਮਾਧਿਅਮਾਂ ਤੇ ਵਿਚਾਰ ਕਰਨ ਲਈ ਐਡਵੋਕੇਸੀ ਦੀ ਵਰਤੋਂ ਕੀਤੀ ਗਈ। ਇਹ ਅਧਿਅਨ ਲਈ ਮਾਤਰਾਤਮਕ ਦੇ ਗੁਣਾਤਮਕ ਦੋਨੋ ਤਰੀਕਿਆਂ ਦੀ ਵਰਤੋਂ ਕੀਤੀ ਗਈ।



ਇਸ ਵਿੱਚ ਮੁੱਖ ਤੌਰ ਤੇ ਘਰ ਘਰ ਜਾ ਕੇ ਸਰਵੇ ਕਰਨ ਲਈ ਇੱਕ ਪ੍ਰਸ਼ਨਾਵਲੀ ਤਿਆਰ ਕੀਤੀ ਗਈ। ਲੋਕਾਂ ਦੀ ਇੰਟਰਵਿਊ ਕਰਕੇ ਉਹਨਾਂ ਤੋਂ ਹਾਸਲ ਜਵਾਬਾਂ ਦਾ ਮਾਤਰਾਤਮਕ ਤੇ ਗੁਣਾਤਮਕ ਵਿਸਲੇਸ਼ਨ ਕੀਤਾ ਗਿਆ। ਪ੍ਰਸ਼ਨਾਵਲੀ ਤੋਂ ਇਲਾਵਾ ਗ੍ਰਾਮ ਸਭਾਵਾਂ, ਪੰਚਾਇਤੀ ਨੁਮਾਇੰਦਿਆਂ ਤੇ ਸਿਹਤ ਸਹੂਲਤਾਂ ਦੇਣ ਵਾਲਿਆਂ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ ਤੇ ਡਾਕਟਰੀ ਰਿਕਾਰਡਜ਼ ਦੀ ਜਾਂਚ ਕਰਕੇ ਵੀ ਸੂਚਨਾਵਾਂ ਇਕੱਠੀਆਂ ਕੀਤੀਆਂ ਗਈਆਂ। ਸਿਲੀਕੋਸਿਸ ਦੇ ਜੋ ਕੇਸ ਸਾਹਮਣੇ ਆਏ ਉਹਨਾਂ ਦੀ ਪੁਸ਼ਟੀ ਪੀੜਿਤ ਵੱਲੋਂ ਅਤੀਤ ਚ ਕੀਤੇ ਗਏ ਕਾਰਜ ਦੀ ਪ੍ਰਵਿਰਤੀ, ਡਾਕਟਰੀ ਜਾਂਚ ਤੇ ਛਾਤੀ ਦੇ ਐਕਸਰੇ ਤੋਂ ਕੀਤੀ ਗਈ ਸੀ। ਸਿਲੀਕੋਸਿਸ ਦੇ ਕੇਸਾਂ ਦਾ ਪਤਾ ਲਾਉਣ ਲਈ ਇਹ ਉਪਾਅ ਕਾਫੀ ਮੰਨੇ ਜਾਂਦੇ ਹਨ। ਕੁਝ ਕੇਸਾਂ ਚ ਗੰਭੀਰਤਾ ਦਾ ਵਰਗੀਕਰਨ ਕਰਨ ਲਈ ਆਈਐਲਓ ਦੇ ਰੇਡੀਓ ਗਰਾਫਿਕ ਨਿਊਮੋਕੋਨੀਓਸਿਸ ਦੇ ਕੌਮਾਂਤਰੀ ਵਰਗੀਕਰਨ ਦੀ ਵਰਤੋਂ ਕੀਤੀ ਗਈ। ਸਾਹ ਪ੍ਰਣਾਲੀ ਨੂੰ ਪਹੁੰਚੇ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਡਾਕਟਰੀ ਮਾਹਰਾ ਵੱਲੋਂ ਸਪਾਇਰੋਮੀਟਰੀ ਕੀਤੀ ਗਈ। ਸਾਲ 2006 ਚ ਸਿਲਪੀ ਕੇਂਦਰ ਨੇ ਝਬੂਹਾ ਜ਼ਿਲ੍ਹੇ ਦੀ ਅਲੀਰਾਜਪੁਰ ਤਹਿਸੀਲ ਦੇ 21 ਪਿੰਡ ਦਾ ਸ਼ੁਰੂਆਤੀ ਸਰਵੇ ਕੀਤਾ ਸੀ। ਇਹ ਸਰਵੇ 2006-07 ਵਿੱਚ 'ਮੌਤ ਦੀ ਨੀਤੀ' ਸਿਰਲੇਖ ਨਾਲ ਛਪਿਆ ਸੀ। ਇਸ ਵਿੱਚ ਖੁਲਾਸਾ ਹੋਇਆ ਸੀ ਕਿ 218 ਘਰਾਂ ਦੇ 489 ਲੋਕ ਲਾਜ਼ਮੀ ਸਿਲੀਕਾ ਦੇ ਸੰਪਰਕ ਵਿੱਚ ਆਏ ਸਨ ਇਹਨਾਂ ਵਿੱਚੋਂ 158 ਦੀ ਮੌਤ ਹੋ ਗਈ ਸੀ ਜਦ ਕਿ 266 ਬਿਮਾਰ ਸਨ। ਇਸ ਦਾ ਮਤਲਬ ਇਹ ਹੋਇਆ ਕਿ 86 ਫੀਸਦੀ/424 ਜਾਂ ਤਾਂ ਮਾਰੇ ਗਏ ਜਾਂ ਫਿਰ ਬਿਮਾਰ ਹੋਏ। ਪ੍ਰਭਾਵਿਤ ਹੋਏ ਲੋਕਾਂ ਵਿੱਚੋਂ 18 ਸਾਲ ਤੋਂ ਘੱਟ ਉਮਰ ਦੇ 70 ਬੱਚੇ ਵੀ ਸਨ ਜਿਨਾਂ 'ਚੋਂ ਤਾਂ 31 ਬੱਚਿਆਂ ਦੀ ਮੌਤ ਸਿਲੀਕੋਸਿਸ ਕਾਰਨ ਹੋਈ। ਦੂਜੀ ਰਿਪੋਰਟ ਸਾਲ 2008 ਚ ਛਪੀ ਜਿਸ ਅਨੁਸਾਰ 385 ਲੋਕ ਸਿਲੀਕਾ ਦੇ ਸੰਪਰਕ ਵਿੱਚ ਆਏ। ਇਹਨਾਂ ਚੋਂ 41 ਲੋਕ ਮੌਤ ਦੇ ਮੂੰਹ ਵਿੱਚ ਪਹੁੰਚ ਗਏ, ਜਦ ਕਿ ਬਾਕੀ 344 ਬੀਮਾਰ ਸਨ। ਇਸ ਤਰ੍ਹਾਂ 2007 ਤੋਂ 2008 ਦੇ ਦੌਰਾਨ ਹੀ ਤਿੰਨ ਜਿਲ੍ਹਿਆਂ ਦੀ 40 ਪਿੰਡਾਂ ਦੀ ਪ੍ਰਭਾਵਿਤ ਲੋਕਾਂ ਦੀ ਗਿਣਤੀ 424 ਤੋਂ 809 ਹੋ ਗਈ। ਇਹ ਵੀ ਪਾਇਆ ਗਿਆ ਕਿ 10 ਪਿੰਡਾਂ ਨੇ 117 ਬੱਚਿਆਂ ਦੇ ਮਾਪੇ ਵਿੱਚੋਂ ਕਿਸੇ ਇੱਕ ਜਾਂ ਦੋਨੋਂ ਦੀ ਇਸ ਬਿਮਾਰੀ ਨਾਲ ਮੌਤ ਹੋ ਗਈ। ਇਕੱਠੀਆਂ ਕੀਤੀਆਂ ਗਈਆਂ ਜਾਣਕਾਰੀਆਂ ਦੇ ਨਾਲ ਪੰਚਨਾਮਾ ਨਿਸ਼ਚਿਤਤਾ ਸਰਟੀਫਿਕੇਟ, ਪ੍ਰਭਾਵਿਤ ਪਰਿਵਾਰਾਂ ਵੱਲੋਂ ਸਰਕਾਰ ਨੂੰ ਭੇਜੇ ਗਏ ਪੱਤਰਾਂ ਦੀ ਮਿਲੀਆਂ ਸੰਬੰਧਿਤ ਸੂਚਨਾਵਾਂ ਨੂੰ ਵੀ ਇਕੱਠਿਆਂ ਕੀਤਾ ਗਿਆ। ਸਾਲ 2011 ਵਿੱਚ ਕੀਤੇ ਗਏ ਤੀਜੇ ਅਧਿਆਨ ਦੀ ਮੱਧ ਪ੍ਰਦੇਸ਼ ਦੇ ਤਿੰਨ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਚਬੂਝਆ ਅਲੀ ਰਾਜਪੁਰ ਤੇ ਧਾਰ ਦੇਖਸੋ 14 ਬਲਾਕ ਨੂੰ ਸ਼ਾਮਿਲ ਕੀਤਾ ਗਿਆ ਸੀ, ਇਸ ਵਿੱਚ ਜਿਆਦਾਤਰ ਪ੍ਰਭਾਵਤ ਪਿੰਡ ਸ਼ਾਮਿਲ ਕਰ ਲਏ ਗਏ ਸਨ। (ਝਬੂਆ ਦੇ 11 ਚੋਂ 51 ਪਿੰਡ, ਅਲੀਰਾਜਪੁਰ ਦੇ 191 ਚੋਂ 33 ਅਤੇ ਧਾਰ ਦੇ 382 ਚੋਂ 18 ਪਿੰਡ) ਸਾਰੇ ਪਿੰਡਾਂ ਚ ਪਾਇਆ ਗਿਆ ਕਿ ਕੁੱਲ 343 ਦੇ ਇਹ ਪਰਿਵਾਰ ਸਨ ਜਿਨਾਂ ਦਾ ਘੱਟੋ ਘੱਟ ਇੱਕ ਮੈਂਬਰ ਪਲਾਇਨ ਕਰਕੇ ਕੁਆਰਟਰਜ਼ ਜਾਂ ਗਿੱਟੀ ਕਾਰਖਾਨੇ ਚ ਕੰਮ ਕਰਨ ਗਿਆ ਹੈ ਤੇ ਇਸੇ ਕਾਰਨ ਉਹ ਧੂੜਕਨਾਂ ਦੇ ਸੰਪਰਕ 'ਚ ਆ ਗਿਆ। ਅੱਜ ਇਹਨਾਂ ਪਰਿਵਾਰਾਂ ਚੋਂ ਘੱਟੋ ਘੱਟ ਇੱਕ ਮੈਂਬਰ ਦੇ ਸੀਲੀਕੋਸਿਸ ਬਿਮਾਰੀ ਦੀ ਮਾਰ ਚ ਹੋਣ ਦਾ ਡਰ ਹੈ। ਇਸ ਤਰ੍ਹਾਂ ਇਹਨਾਂ ਪਰਿਵਾਰਾਂ ਦੇ 433 ਮੈਂਬਰ ਸਿੱਧੇ ਜਾਂ ਸਿੱਧੇ ਸਿਲੀਕੋਸਿਸ ਤੋਂ ਪ੍ਰਭਾਵਿਤ ਹਨ। ਇਹ ਆਪਣੇ ਪਰਿਵਾਰ ਲਈ ਕਮਾਉਣ ਵਾਲੇ ਮੈਂਬਰ ਹਨ। ਹੁਣ ਉਹ ਲਾਚਾਰ ਹਨ। ਇਹਨਾਂ ਤਿੰਨ ਜਿਲਿਆਂ ਦੇ 102 ਪਿੰਡਾਂ ਨੂੰ ਵੇਖੀਏ ਤਾਂ ਸਾਫ ਹੋ ਜਾਵੇਗਾ ਕਿ ਸਿੱਲੀਕੋਸਿਸ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਸਾਲ 2008 ਚ 809 ਸੀ, ਜੋ 2011 'ਚ ਵੱਧ ਕੇ ਦਰਜ ਇਕ ਹੋ ਗਈ ਇਹਨਾਂ ਚ ਮਰਨ ਵਾਲਿਆਂ ਦੀ ਗਿਣਤੀ ਵੀ ਵਧ 1701 ਹੋ ਗਈ। ਇਹ ਪਾਇਆ ਗਿਆ ਕੀ ਮੱਧ ਪ੍ਰਦੇਸ਼ ਦੇ ਤਿੰਨ ਜਿਲ੍ਹਿਆਂ ਦੇ 2002 ਪਰਿਵਾਰਾਂ ਚੋਂ 362 ਲੋਕ ਪ੍ਰਭਾਵਿਤ ਸਨ। ਇਹ ਵੀ ਪਾਇਆ ਗਿਆ ਕਿ ਇਸ ਬਿਮਾਰੀ ਕਾਰਨ ਜਿੰਨਾ ਪਰਿਵਾਰਾਂ ਤੇ ਅਸਰ ਪਿਆ ਉਹਨਾਂ ਦੇ 378 ਲੋਕਾਂ ਚੋਂ 57 ਫੀਸਦੀ ਦਾ ਕੋਈ ਸਹਾਰਾ ਨਹੀਂ ਰਹਿ ਗਿਆ ਸੀ। ਇਹਨਾਂ ਅਨਾਥਾਂ ਤੋਂ ਇਲਾਵਾ ਅਜਿਹੇ ਬੱਚਿਆਂ ਦੀ ਵੀ ਵੱਡੀ ਗਿਣਤੀ ਸੀ ਜਿਨਾਂ ਦੇ ਮਾਪਿਆਂ ਚੋਂ ਕਿਸੇ ਇੱਕ ਦੀ ਮੌਤ ਸਿਲੀਕੋਸੀਸ ਨਾਲ ਹੋਈ। ਅਧਿਐਨ ਤੋਂ ਇਹ ਸਪਸ਼ਟ ਹੋਇਆ ਹੈ ਕਿ ਸਿਲੀਕੋਸੀਸ ਨਾਲ ਪ੍ਰਭਾਵ ਲੋਕਾਂ 'ਚੋਂ 74 ਯਾਨੀ 14 ਫੀਸਦੀ ਆਪਣੀ ਬਿਮਾਰੀ ਦੇ ਇਲਾਜ ਤੇ ਇੱਕ-ਇੱਕ ਲੱਖ ਰੁਪਏ ਤੋਂ ਵੀ ਵੱਧ ਖਰਚ ਕਰ ਚੁੱਕੇ ਹਨ। ਇਹਨਾਂ ਤੋਂ ਇਲਾਵਾ 277 ਪ੍ਰਭਾਵਿਤ ਦੀ ਯਾਨੀ 54 ਫੀਸਦੀ ਇਸ ਲਾਇਲਾਜ ਬਿਮਾਰੀ ਤੇ 25000 ਤੋਂ ਵੱਧ ਖਰਚ ਕਰ ਚੁੱਕੇ ਹਨ। ਸਾਲ 2006 ਚ ਛਪੀ ਇੱਕ ਰਿਪੋਰਟ 'ਮੌਤ ਦੀ ਨੀਤੀ-ਪਹਿਲੀ' ਦੇ ਅਧਾਰ ਤੇ ਇੱਕ ਪ੍ਰਭਾਵਿਤ ਮਜ਼ਦੂਰ ਜਬਾਨ ਸਿੰਘ ਨੇ ਸ਼ਿਲਪੀ ਮਜਦੂਰ ਚੇਤਨਾ ਮੰਚ (ਕੇਐਮਸੀਐਸ) ਤੇ ਸਿਲੀਕੋਸਿਸ ਪੀੜਿਤ ਸੰਘ ਦੇ ਸਹਿਯੋਗ ਨਾਲ ਇੱਕ ਸ਼ਿਕਾਇਤ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੇਸ਼ ਕੀਤੀ ਸੀ। ਇਸ ਸ਼ਿਕਾਇਤ ਅਤੇ ਅਧਿਐਨ ਰਿਪੋਟ ਦੇ ਅਧਾਰ ਤੇ ਕਮਿਸ਼ਨ ਨੇ 2006 ਚ ਤੇ ਸਿਲੋਕੋਸੀਸ ਨੂੰ ਇੱਕ ਗੰਭੀਰ ਸਮੱਸਿਆ ਮੰਨਦਿਆਂ ਇਸ ਬਾਰੇ ਯੋਜਨਾ ਬਣਾਉਣ ਲਈ ਇੱਕ ਕਾਰਜਬਲ ਬਣਾਇਆ। ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸ਼ਿਕਾਇਤ ਦੀ ਸੁਣਵਾਈ ਦੌਰਾਨ ਹੀ 'ਪ੍ਰਸਾਰ' ਵੱਲੋਂ ਸੁਪਰੀਮ ਕੋਰਟ 'ਚ ਦਾਇਰ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ। ਕੇਐਮਸੀਐਸ ਨੇ ਵੀ ਇਸ ਕੇਸ ਚ ਦਖਲ ਅੰਦਾਜ਼ੀ ਪਟੀਸ਼ਨ ਦਾਇਰ ਕੀਤੀ। ਇਸ ਪਿੱਛੋਂ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੁਣਵਾਈ ਬੰਦ ਕਰ ਦਿੱਤੀ ਅਤੇ ਉਹ ਵੀ ਸੁਪਰੀਮ ਕੋਰਟ ਚ ਦਾਇਰ ਇਸ ਪਟੀਸ਼ਨ ਚ ਇੱਕ ਧਿਰ ਬਣ ਗਿਆ। ਸੁਣਵਾਈ ਦੌਰਾਨ ਸਿੱਖਰਲੀ ਅਦਾਲਤ ਨੇ ਪੰਜ ਮਾਰਚ 2009 ਨੂੰ ਇੱਕ ਨਿਰਦੇਸ਼ ਜਾਰੀ ਕੀਤਾ ਕਿ ਸਿਲੀਕੋਸਿਸ ਨਾਲ ਹੋਈਆਂ ਮੌਤਾਂ ਦੇ ਸਾਬਤ ਮਾਮਲਿਆਂ ਵਿੱਚ ਮੁਆਵਜ਼ਾ ਤੇ ਬਿਮਾਰੀ ਨਾਲ ਜਿਉਂਦੇ ਰਹੇ ਲੋਕਾਂ ਦੇ ਮੁੜ ਵਸੇਵੇ ਦੇ ਮਸਲੇ ਤੇ ਅਗਲੀ ਸੁਣਵਾਈ ਕਰਨ। ਸੁਪਰੀਮ ਕੋਰਟ ਦੇ ਹੁਕਮ ਦੀ ਪਾਲਣਾ 'ਚ ਕਮਿਸ਼ਨ ਨੇ ਨਵੰਬਰ 2010 ਚ ਇੱਕ ਹੁਕਮ ਪਾਸ ਕਰਕੇ ਗੁਜਰਾਤ ਸਰਕਾਰ ਨੂੰ ਕਿਹਾ ਕਿ ਉਸ ਸਿਲੀਕੋਸਿਸ ਨਾਲ ਮਰਨ ਵਾਲੇ 278 ਲੋਕਾਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਤਿੰਨ-ਤਿੰਨ ਲੱਖ ਰੁਪਏ ਮੁਆਵਜਿਆਂ ਤੇ ਨਾਲ ਹੀ ਮੱਧ ਪ੍ਰਦੇਸ਼ ਚ ਰਹਿਣ ਵਾਲੇ ਸਿਲੀਕੋਸਿਸ ਦੀ ਬਿਮਾਰੀ ਨਾਲ ਗ੍ਰਸਤ 304 ਲੋਕਾਂ ਲਈ ਪੁਨਰਵਾਸ ਪੈਕਜ ਜਾਰੀ ਕਰਨ। ਮੱਧ ਪ੍ਰਦੇਸ਼ ਸਰਕਾਰ ਦੇ ਕਿਰਤ ਵਿਭਾਗ ਨੇ 15 ਜੁਲਾਈ 2011 ਨੂੰ ਇੱਕ ਹੁਕਮ ਜਾਰੀ ਕੀਤਾ ਕਿ ਸਿਲੀਕੋਸ਼ਿਸ ਨਾਲ ਪ੍ਰਭਾਵਿਤ ਸਾਰੇ 304 ਪਰਿਵਾਰਾਂ ਨੂੰ ਮੱਧ ਪ੍ਰਦੇਸ਼ ਸਲੇਟ ਪੈਨਸਿਲ ਕਾਮਗਾਰ ਮਾਡਲ (ਮਧਸੌਰ) ਦੇ ਤਹਿਤ ਸਾਰੇ ਲਾਭ ਦਿੱਤੇ ਜਾਣ। ਇਸ ਤਰ੍ਹਾਂ ਅਧਿਐਨ ਤੇ ਇਸ ਬਾਰੇ ਚ ਚਲਾਈਆਂ ਮੁਹਿੰਮਾਂ ਦਾ ਮੁਆਵਜਾ ਵਰਗੇ ਮੁੱਦਿਆਂ ਤੇ ਅਸਰ ਹੋਇਆ ਹੈ। ਭਾਰਤ ਚ ਕੰਮ ਦੌਰਾਨ ਸ਼ਰੀਰਕ ਹਰਜਾ ਤੇ ਕਿਤਾਮੁਖੀ ਬਿਮਾਰੀਆਂ ਨਾਲ ਪੀੜਤ ਲੋਕ ਮੁੱਖ ਦੋ ਕਨੂੰਨਾਂ 'ਕਾਮਗਾਰ ਮੁਆਵਜਾ ਕਨੂੰਨ 1923' ਤੇ ਕਰਮਚਾਰੀ ਰਾਜ ਬੀਮਾ ਕਨੂੰਨ-1948 ਦੇ ਤਹਿਤ ਆਉਂਦੇ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਿਲੀਕੋਸਿਸ ਦੇ ਕੇਸ ਚ ਮੁਆਵਜ਼ਾ ਸਬੰਧੀ ਦਿਸ਼ਾ ਨਿਰਦੇਸ਼ ਤਿਆਰ ਕਰਕੇ ਉਸ ਨੂੰ ਇੱਕ ਵਿਸ਼ੇਸ਼ ਰਿਪੋਰਟ ਵਜੋਂ ਸੰਸਦ ਚ ਪੇਸ਼ ਕੀਤਾ। ਧਾਰ ਜਿਲੇ ਚ ਲਗਾਤਾਰ ਚਲਾਈ ਮੁਹਿੰਮ ਦਾ ਸਿੱਟਾ ਹੈ ਕਿ ਉਸ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਮਨਰੇਗਾ ਤਹਿਤ ਘੱਟੋ ਘੱਟ ਸ਼ਰੀਰਕ ਮਿਹਨਤ ਵਾਲਾ ਕੰਮ ਮਿਲਣ ਲੱਗਿਆ। ਇਹਨਾਂ ਪਰਿਵਾਰਾਂ ਦੇ ਮੈਂਬਰਾਂ ਲਈ ਮਨਰੇਗਾ ਤਹਿਤ 200 ਦਿਨ ਦਾ ਕੰਮ ਮਿਲਿਆ ਹੈ। ਇਸ ਮੁੱਦੇ ਦੀ ਪਹਿਚਾਨ ਸਭ ਤੋਂ ਪਹਿਲਾਂ ਲੋਕਾਂ ਨੇ ਗੋਦਰਾ ਦੀ ਫੈਕਟਰੀ ਵਾਲੀ ਬਿਮਾਰੀ ਵਜੋਂ ਕੀਤੀ ਗਈ। ਇਸ ਪਿੱਛੋਂ ਖੋਜ ਕਰਨ ਵਾਲੇ ਵਰਕਰਾਂ ਦੀ ਇੱਕ ਟੀਮ ਨੇ ਇਸ ਮੁੱਦੇ ਦੀ ਪੜਤਾਲ ਸ਼ੁਰੂ ਕੀਤੀ। ਸਟੈਂਡਰਡ ਪ੍ਰੋਟੋਕੋਲ ਦੇ ਅਧਾਰ ਤੇ ਸਮੂਹ ਅਧਾਰਤ ਇੱਕ ਸਟਡੀ ਟੂਲ ਵਿਕਸਿਤ ਕੀਤਾ ਗਿਆ ਤਾਂ ਕਿ ਸਿਲੀਕੋਸਿਸ ਨੂੰ ਇੱਕ ਬਿਮਾਰੀ ਵਜੋਂ ਪਹਿਚਾਣ ਦਵਾਈ ਜਾ ਸਕੇ। ਇਸ ਐਕਸ਼ਨ ਰਿਸਰਚ ਦੇ ਵਰਤੋਂ ਗੈਰ ਜਥੇਬੰਦ ਖੇਤਰ ਦੇ ਮਜ਼ਦੂਰਾਂ ਲਈ ਕਾਨੂੰਨੀ ਆਰਡੀਨੈਂਸਾਂ ਤੇ ਨੀਤੀ ਵਿੱਚ ਤਬਦੀਲੀ ਖਾਤਰ ਐਡਵੋਕੇਸੀ ਟੂਲ ਵਜੋਂ ਕੀਤੀ ਜਾ ਰਹੀ ਹੈ। ਇਹ ਇਸ ਦਾ ਸਿੱਟਾ ਸੀ ਕਿ ਇੱਕ ਨਿਗਰਾਨੀ ਬੋਰਡ ਬਣਾਇਆ ਗਿਆ ਤੇ ਨਾਲ ਹੀ ਪ੍ਰਭਾਵਿਤ ਪਰਿਵਾਰਾਂ ਨੂੰ ਰੋਟੀ ਰੋਜ਼ੀ ਮੁਹਈਆ ਕਰਾਉਣ ਲਈ ਮਨਰੇਗਾ ਕਾਨੂੰਨ 2005 ਚ ਤਬਦੀਲੀ ਕੀਤੀ ਗਈ।

ਇਸ ਨੇ ਇਸ ਬਹਿਸ ਨੂੰ ਅੱਗੇ ਵਧਾਇਆ ਕਿ ਕਿਰਤੀਆਂ ਦੀ ਸਿਹਤ ਦੇ ਅਧਿਕਾਰਾਂ ਲਈ ਸਰਕਾਰ ਵੀ ਬਰਾਬਰ ਦੀ ਜਵਾਬਦੇਹ ਹੈ।.ਨਾਲ ਹੀ ਕਾਰੋਬਾਰੀ ਸਿਹਤ ਸਬੰਧੀ ਅਧਿਐਨਾਂ ਦੇ ਦਾਇਰੇ ਨੂੰ ਕਾਰਖਾਨਾ ਅਧਾਰਿਤ ਅਧਿਐਨਾਂ ਨਾਲ ਵਧਾ ਕੇ ਫਿਰਕਾ ਅਧਾਰਿਤ ਅਧਿਐਨ ਕਰ ਦਿੱਤਾ ਸਾਲ। ਸਾਲ 2006 ਅਧਿਅਨ ਰਿਪੋਰਟ 'ਮੌਤ ਦੀ ਨਿਅਤੀ' ਨਾਲ ਇਸ ਅਹਿਮ ਮੁੱਦੇ ਤੇ ਦਖਲ ਦੇਣ ਦੀ ਜੋ ਸ਼ੁਰੂਆਤ ਹੋਈ ਉਸ ਨਾਲ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਿਲੀਕੋਸਿਸ ਤੇ ਆਪਣੀ ਇੱਕ ਵਿਸ਼ੇਸ਼ ਰਿਪੋਰਟ ਵੀ ਸੰਸਦ ਚ ਪੇਸ਼ ਕੀਤੀ। ਉਸ ਨੇ ਦੇਸ਼ ਚ ਕਿਰਤੀਆਂ ਦੀ ਭਲਾਈ ਨਾਲ ਸੰਬੰਧਿਤ ਕਨੂੰਨਾਂ ਚ ਤਬਦੀਲੀ ਕਰਨ ਦਾ ਵੀ ਸੁਝਅ ਦਿੱਤਾ। ਕਮਿਸ਼ਨ ਨੇ ਇੱਕ ਅਸਰਦਾਇਕ ਕਾਨੂੰਨ ਬਣਾਉਣ ਦੀ ਸਲਾਹ ਦਿੱਤੀ ਤਾਂ ਕਿ ਪੀੜਤਾਂ ਨੂੰ ਸਮਾਜਿਕ ਸੁਰੱਖਿਆ ਦੇ ਨਾਲ ਮੁਆਵਜ਼ਾ ਵੀ ਆਪਣੇ ਆਪ ਮਿਲ ਜਾਇਆ ਕਰੇ। ਕਮਿਸ਼ਨ ਨੇ ਇਹ ਵੀ ਹਦਾਇਤ ਜਾਰੀ ਕੀਤੀ ਕਿ ਮੁਹੱਈਆ ਤਕਨੀਕ ਤੇ ਵਿਗਿਆਨਿਕ ਸਾਧਨਾਂ ਦੀ ਵਰਤੋਂ ਸਿਲੀਕੋਸਿਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਕੀਤੀ ਜਾਣੀ ਚਾਹੀਦੀ ਹੈ (ਐਕਸ਼ਨ ਰੀਸਰਚ ਰਿਪੋਰਟ)

# ਬੋਤਲ ਬੰਦ ਪਾਣੀ ਦਾ ਗੋਰਖ ਧੰਦਾ

**ਰੌਸ਼ਨ**



*ਬੋਤਲ ਬੰਦ ਪਾਣੀ ਦਾ ਇਹ ਗੋਰਖ ਧੰਦਾ ਕੁਦਰਤੀ ਸ੍ਰੋਤਾਂ ਨੂੰ ਗੰਧਲ਼ਾ ਕਰਨ ਤੋਂ ਬਿਨਾਂ ਵੀ ਹੋਰ ਕਈ ਤਰੀਕਿਆਂ ਨਾਲ਼ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਪਹਿਲੀ ਵੱਡੀ ਸਮੱਸਿਆ ਇਸ ਤੋਂ ਪੈਦਾ ਹੋਣ ਵਾਲ਼ਾ ਪਲਾਸਟਿਕ ਕਚਰਾ ਹੈ। ਇਕੱਲੇ ਅਮਰੀਕਾ ਵਿੱਚ ਇੱਕ ਮਹੀਨੇ ਵਿੱਚ 500 ਮਿਲੀਅਨ ਬੋਤਲਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਨਾਲ਼ ਧਰਤੀ ਦੁਆਲੇ 5 ਗੇੜੇ ਦਿੱਤੇ ਜਾ ਸਕਦੇ ਹਨ। 2001 ਦੀ ਰਿਪੋਰਟ ਮੁਤਾਬਕ ਹਰ ਸਾਲ 89 ਬਿਲੀਅਨ ਬੋਤਲਾਂ ਦੇ ਰੂਪ ਵਿੱਚ 15 ਲੱਖ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ। ਇਹਨਾਂ ਬੋਤਲਾਂ ਵਿੱਚੋਂ 10 ਤੋਂ 15 ਫੀਸਦੀ ਦੀ ਹੀ ਮੁੜ ਵਰਤੋਂ ਹੁੰਦੀ ਹੈ ਬਾਕੀ ਕਚਰੇ ਦੇ ਰੂਪ ਵਿੱਚ ਜਾਂਦੀਆਂ ਹਨ। – ਸੰਪਾਦਕ*

ਪਾਣੀ ਮਨੁੱਖ ਦੀਆਂ ਬੁਨਿਆਦੀ ਲੋੜਾਂ ’ਚੋਂ ਇੱਕ ਹੈ, ਇਸਨੂੰ ਮਨੁੱਖੀ ਜੀਵਨ ਦਾ ਅਧਾਰ ਕਹਿਣਾ ਅਤਿਕਥਨੀ ਨਹੀਂ ਹੋਵੇਗਾ। ਕੁਦਰਤ ਨੇ ਸਾਨੂੰ ਆਪਣੇ ਸ਼ੁੱਧ ਪਾਣੀ ਦੇ ਸੋਮਿਆਂ ਨਾਲ਼ ਨਿਵਾਜਿਆ ਹੈ। ਪਰ ਸੰਸਾਰ ਮੰਚ ’ਤੇ ਸਰਮਾਏਦਾਰੀ ਨੇ ਆਉਣ ਤੋਂ ਇਸ ’ਤੇ ਵੀ ਆਪਣੇ ਮੁਨਾਫੇ ਲਈ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਪਾਣੀ ਅੱਜ ਇੱਕ ਜਿਣਸ ਬਣ ਚੁੱਕਾ ਹੈ ਅਤੇ ਮੁਨਾਫੇ ਦਾ ਬਹੁਤ ਵੱਡਾ ਸ੍ਰੋਤ ਬਣ ਚੁੱਕਾ ਹੈ। ਸੰਸਾਰ ਪੱਧਰ ’ਤੇ ਬੋਤਲ ਬੰਦ ਪਾਣੀ ਦਾ 10 ਬਿਲੀਅਨ ਡਾਲਰ ਤੋਂ ਵੱਧ ਦਾ ਕਾਰੋਬਾਰ ਹੈ ਜੋ ਲਗਾਤਾਰ ਤੇਜੀ ਨਾਲ਼ ਵਧ ਰਿਹਾ ਹੈ। ਪੂਰੇ ਸੰਸਾਰ ਵਿੱਚ ਹੀ ਅੱਜ ਹਰ ਗਲ਼ੀ-ਮੁਹੱਲੇ, ਰੇਲਵੇ ਸ਼ਟੇਸ਼ਨ, ਬੱਸ ਅੱਡੇ, ਸਕੂਲ-ਕਾਲਜ ਤੇ ਹੋਰ ਜਨਤਕ ਥਾਵਾਂ ’ਤੇ ਬੋਤਲਾਂ ‘ਚ ਵਿਕਦਾ ਪਾਣੀ ਆਮ ਹੀ ਵਿਖਾਈ ਦਿੰਦਾ ਹੈ। ਬੋਤਲ ਬੰਦ ਪਾਣੀ ਦੀ ਖਪਤ ਦਿਨੋਂ-ਦਿਨ ਲਗਾਤਾਰ ਵਧਦੀ ਜਾ ਰਹੀ ਹੈ। ਪਾਣੀ ਦਾ ਇਹ ਨਿੱਜੀਕਰਨ ਸਰਮਾਏਦਾਰੀ ਦੇ ਬਰਬਰ ਹੋਣ ਦਾ ਪ੍ਰਗਟਾਵਾ ਹੈ। ਇਹ ਸਰਾਸਰ ਧੋਖੇਬਾਜ਼ੀ ਅਤੇ ਲੁੱਟ ਹੈ ਜਿਸਦਾ ਨੁਕਸਾਨ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ।

ਬੋਤਲ ਬੰਦ ਪਾਣੀ ਦੀ ਸ਼ੁਰੂਆਤ 19ਵੀਂ ਸਦੀ ਦੇ ਅੱਧ ’ਚ ਲਗਭਗ 1845 ’ਚ ਅਮਰੀਕਾ ’ਚ ਇੱਕ ਰਿੱਕਰ ਨਾਮੀ ਪਰਿਵਾਰ ਨੇ ਕੀਤੀ ਜੋ ਆਪਣੇ ਪਾਣੀ ‘ਚ ਦਵਾਈਆਂ ਵਾਲ਼ੇ ਗੁਣ ਹੋਣ ਦਾ ਦਾਅਵਾ ਕਰਦੇ ਸਨ। ਇਹ ਬਾਅਦ ਵਿੱਚ ਪੋਲੈਂਡ ਸਪਰਿੰਗ ਨਾਮ ਦੀ ਕੰਪਨੀ ਦੇ ਨਾਮ ਨਾਲ਼ ਮਸ਼ਹੂਰ ਹੋਈ, ਇਸੇ ਨੂੰ ਦੇਖਦੇ ਹੋਏ 1905 ਵਿੱਚ ਓਜ਼ਾਰਕ ਸਪਰਿੰਗ ਵਾਟਰ ਕੰਪਨੀ ਬਣੀ। ਪਰ ਇਹਨਾਂ ਦਾ ਬਹੁਤਾ ਫੈਲਾਅ ਨਹੀਂ ਸੀ ਹੋਇਆ। ਸੰਸਾਰ ਪੱਧਰ ’ਤੇ ਇਸਦਾ ਤੇਜ਼ੀ ਨਾਲ਼ ਫੈਲਾਅ 1970 ਵਿਆਂ ਤੋਂ ਬਾਅਦ ਹੀ ਸ਼ੁਰੂ ਹੋਇਆ ਜਦੋਂ ਸੁਚੇਤ ਰੂਪ ਵਿੱਚ ਗਰੁੱਪ ਬਣਾ ਕੇ ਇਸਨੂੰ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸਦੇ ਨਤੀਜੇ ਵਜੋਂ ਕਈ ਕੰਪਨੀਆਂ ਉੱਭਰ ਆਈਆਂ। ਇਸੇ ਦੌਰਾਨ ਪੋਲੈਂਡ ਸਪਰਿੰਗ ਅਤੇ ਓਜ਼ਾਰਕ ਸਪਰਿੰਗ ਨੂੰ ਨੈੱਸਲੇ ਵੱਲੋਂ ਖਰੀਦ ਲਿਆ ਗਿਆ। ਅੱਜ ਨੈੱਸਲੇ ਇਸ ਖੇਤਰ ਦਾ ਸਭ ਤੋਂ ਵੱਡਾ ਖਿਡਾਰੀ ਹੈ, ਇਸਦੇ ਬੋਤਲ ਬੰਦ ਪਾਣੀ ਦੇ 9 ਕੌਮਾਂਤਰੀ ਅਤੇ 71 ਕੌਮੀ ਬਰਾਂਡ ਹਨ। ਇਸ ਤੋਂ ਬਿਨਾਂ ਇਸ ਖੇਤਰ ਵਿੱਚ ਹੋਰ ਵੱਡੇ ਖਿਡਾਰੀ ਹਨ ਡੈਨਨੇ, ਕੋਕਾ-ਕੋਲਾ, ਪੈਪਸੀ, ਫੀਜ਼ੀ, ਏਵੀਅਨ, ਮਾਊਂਟੇਨ ਵੈਲੀ, ਵੋਲਵਿਕ, ਪਾਰਲੇ, ਬ੍ਰੀਵੇਰਜ਼ ਅਤੇ ਹਿਲਡਨ ਆਦਿ। ਹੋਰ ਨਿੱਕੀਆਂ-ਮੋਟੀਆਂ ਕੌਮੀ ਤੇ ਕੌਮਾਂਤਰੀ ਕੰਪਨੀਆਂ ਦੀ ਗਿਣਤੀ ਸੈਂਕੜੇ ਵਿੱਚ ਹੈ। ਇਕੱਲੇ ਭਾਰਤ ਵਿੱਚ ਇਸ ਸਮੇਂ 200 ਤੋਂ ਵਧੇਰੇ ਕੰਪਨੀਆਂ ਹਨ। ਪਿਛਲੇ ਤਿੰਨ ਦਾਹਕਿਆਂ ਵਿੱਚ ਨਵ-ਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਤੋਂ ਬਾਅਦ ਇਸ ਵਿੱਚ ਹੋਰ ਜ਼ਿਆਦਾ ਤੇਜੀ ਆਈ ਹੈ। ਪਹਿਲਾਂ-ਪਹਿਲ ਲੋਕਾਂ ਪਾਣੀ ਮੁੱਲ ਵਿਕਣ ਦੀ ਗੱਲ ਸੁਣ ਕੇ ਹੱਸ ਛੱਡਦੇ ਸਨ ਪਰ ਅੱਜ ਇਹ ਵੱਡੇ ਪੱਧਰ ’ਤੇ ਲੋਕਾਂ ਦੀ ਸੁਭਾਵਿਕ ਲੋੜ ਬਣਾ ਦਿੱਤਾ ਗਿਆ ਹੈ। ਇਸ ਵਿੱਚ ਸਰਮਾਏਦਾਰੀ ਦੇ ਥੰਮ ‘ਮੀਡੀਆ’ ਦਾ ਬਹੁਤ ਯੋਗਦਾਨ ਰਿਹਾ ਹੈ। ਮੁੱਠੀ ਭਰ ਸਰਮਾਏਦਾਰਾਂ ਦੇ ਹੱਥਾਂ ਵਿੱਚ ਖੇਡਦਾ ਇਹ ਲੋਕਾਂ ਵਿੱਚ ਆਮ ਰਾਏ ਬਣਾਉਣ ਦਾ ਕੰਮ ਕਰਦਾ ਹੈ। ਇਹ ਲੋਕਾਂ ਦੀਆਂ ਪਸੰਦ, ਨਾਪਸੰਦ, ਸ਼ੌਕ, ਰੁਝੇਵੇਂ ਆਦਿ ਤੈਅ ਕਰਨ ਵਿੱਚ ਵੱਡੀ ਭੂਮਿਕਾ ਅਦਾ ਕਰਦਾ ਹੈ। ਇਹੀ ਦੱਸਦਾ ਹੈ ਕਿ ਸਾਨੂੰ ਕੀ ਖਾਣਾ ਚਾਹੀਦਾ ਹੈ ਤੇ ਕੀ ਪੀਣਾ ਚਾਹੀਦਾ ਹੈ। ਸ਼ਪੱਸਟ ਹੀ ਹੈ ਕਿ ਜੋ ਕੁਝ ਮੀਡੀਆ ਪੇਸ਼ ਕਰਦਾ ਹੈ ਉਹ ਇਹਨਾਂ ਲੋਕਾਂ ਦੇ ਮੁਨਾਫਿਆਂ ਨੂੰ ਧਿਆਨ ਵਿੱਚ ਰੱਖ ਕੇ ਪੇਸ਼ ਕੀਤਾ ਜਾਂਦਾ ਹੈ, ਨਾ ਕਿ ਸੱਚ ਅਤੇ ਵਿਗਿਆਨ ਦੇ ਅਧਾਰ ‘ਤੇ। ਹੈਰਾਨੀ ਦੀ ਗੱਲ ਨਹੀਂ ਕਿ ਇਹੋ ਮੀਡੀਆ ਸਾਨੂੰ ਲੇਜ਼, ਕੁਰਕਰੇ, ਬਰਗਰ, ਪੀਜ਼ਾ, ਕੋਲਡ-ਡਰਿੰਕ ਜਿਹੀਆਂ ਘਟੀਆ ਤੇ ਨੁਕਸਾਨਦੇਹ ਚੀਜ਼ਾਂ ਵਰਤਣ ਲਈ ਪ੍ਰੇਰਦਾ ਹੈ। ਦਿਲ-ਖਿੱਚਵੇਂ ਵਿਗਿਆਪਨਾਂ, ਪ੍ਰੋਗਰਾਮਾਂ, ਅਖ਼ਬਾਰਾਂ, ਮੈਗਜ਼ੀਨਾਂ ਤੇ ਸੜਕ ਕਿਨਾਰੇ ਲੱਗੇ ਬੈਨਰਾਂ ਰਾਹੀਂ ਲੋਕਾਂ ਨੂੰ ਡਰਾਇਆ ਗਿਆ ਅਤੇ ਭਰਮਾਇਆ ਗਿਆ ‘ਖ਼ਬਰਦਾਰ! ਤੁਸੀਂ ਅਸ਼ੁੱਧ ਪਾਣੀ ਪੀ ਕੇ ਆਪਣੀ ਸਿਹਤ ਦਾ ਨੁਕਸਾਨ ਕਰ ਰਹੇ ਹੋ, ਸਾਡੇ ਕੋਲ਼ੋਂ ਸਾਫ਼ ਪਾਣੀ ਖ ?ਰੀਦ ਕੇ ਪੀਓ, ਸਾਡੇ ਕੋਲ਼ ਚਸ਼ਮਿਆਂ ਦਾ ਸ਼ੁੱਧ ਪਾਣੀ ਹੈ, ਸਾਡਾ ਪਾਣੀ ਪੂਰੀ ਤਰ੍ਹਾਂ ਸ਼ੁੱਧ ਕੀਤਾ ਹੋਇਆ ਹੈ।’ ਇਸ ਤਰ੍ਹਾਂ ਬੋਤਲ ਬੰਦ ਪਾਣੀ ਨੂੰ ਲੋੜ ਬਣਾ ਦਿੱਤਾ ਗਿਆ। ਇਹਦੇ ਲਈ ਵੱਡੇ ਪੱਧਰ ‘ਤੇ ਵਿਗਿਆਪਨਾਂ ਵਿੱਚ ਪੈਸਾ ਝੋਕਿਆ ਗਿਆ। ਕੋਕਾ-ਕੋਲਾ ਨੇ ਸਾਲ 2004 ਦੌਰਾਨ 1.7 ਕਰੋੜ ਡਾਲਰ ਇਕੱਲੇ ਡਾਸਿਨੀ ਨਾਮੀਂ ਬੋਤਲ ਬੰਦ ਪਾਣੀ ਦੇ ਪ੍ਰਚਾਰ ਲਈ ਖਰਚੇ, ਇਸੇ ਤਰ੍ਹਾਂ ਪੈਪਸੀ ਨੇ 2.1 ਕਰੋੜ ਰੁਪਏ ਆਪਣੇ ਐਕੁਆਫਿਨਾ ਨਾਮੀ ਬਰਾਂਡ ਦੇ ਵਿਗਿਆਪਨਾਂ ਲਈ ਖਰਚੇ। ਇਸ ਤਰ੍ਹਾਂ ਸਾਲ 2004 ਦੌਰਾਨ 7 ਕਰੋੜ ਡਾਲਰ ਤੋਂ ਵਧੇਰੇ ਰਾਸ਼ੀ ਸਿਰਫ ਬੋਤਲ ਬੰਦ ਪਾਣੀ ਦੇ ਵਿਗਿਆਪਨਾਂ ਲਈ ਖਰਚੀ ਗਈ। ਉਸ ਵੇਲ਼ੇ ਇਹਨਾਂ ਖਰਚਿਆਂ ਦੀ ਵਾਧਾ ਦਰ 15 ਫੀਸਦੀ ਸੀ। ਇਹਨਾਂ ਵਿਗਿਆਪਨਾਂ ਦੀ ਬਦੌਲਤ ਹੀ ਬੋਤਲ ਬੰਦ ਪਾਣੀ ਦੀ ਮੰਡੀ ਵਿੱਚ ਉਸ ਸਮੇਂ 47 ਫੀਸਦੀ ਵਾਧਾ ਦੇਖਿਆ ਗਿਆ।

ਬੋਤਲ ਬੰਦ ਪਾਣੀ ਦੀ ਖਪਤ ਸਾਲ 2000 ’ਚ 108.5 ਬਿਲੀਅਨ ਲਿਟਰ ਸੀ ਜੋ ਵਧ ਕੇ 2002 ’ਚ 128.8 ਬਿਲੀਅਨ ਲਿਟਰ, 2005 ’ਚ 164.5 ਬਿਲੀਅਨ ਲਿਟਰ ਅਤੇ 2007 ਵਿੱਚ 188.2 ਬਿਲੀਅਨ ਲਿਟਰ ਹੋ ਗਈ। ਅੱਜ ਸੰਸਾਰ ਭਰ ਵਿੱਚ ਇਹ ਖਪਤ 200 ਬਿਲੀਅਨ ਤੋਂ ਉੱਪਰ ਹੈ। ਇਸਦੀ ਸਭ ਤੋਂ ਵੱਧ ਖਪਤ ਅਮਰੀਕਾ ਵਿੱਚ ਹੈ ਜਿੱਥੇ 50 ਬਿਲੀਅਨ ਦੇ ਕਰੀਬ ਬੋਤਲਾਂ ਦੀ ਖਪਤ ਹੈ। ਪ੍ਰਤੀ ਵਿਅਕਤੀ ਖਪਤ ਵਿੱਚ ਇਟਲੀ ਦਾ ਪਹਿਲਾ ਸਥਾਨ ਹੈ ਜਿੱਥੇ ਸਾਲ 2010 ’ਚ ਪ੍ਰਤੀ ਵਿਅਕਤੀ ਬੋਤਲ ਬੰਦ ਪਾਣੀ ਦੀ ਖਪਤ 184 ਲਿਟਰ ਸੀ। ਇਸ ਤੋਂ ਬਾਅਦ ਮੈਕਸਿਕੋ ਵਿੱਚ ਇਹ 169 ਲਿਟਰ ਪ੍ਰਤੀ ਵਿਅਕਤੀ, ਫਿਰ ਸੰਯੁਕਤ ਅਰਬ ਇਮੀਰਾਤ ਵਿੱਚ 153 ਲਿਟਰ ਪ੍ਰਤੀ ਵਿਅਕਤੀ ਹੈ। ਇਸੇ ਤਰ੍ਹਾਂ ਸਿਖ਼ਰਲੇ 10 ਦੇਸ਼ਾਂ ਵਿੱਚ ਇਹ ਖਪਤ ਪ੍ਰਤੀ ਵਿਅਕਤੀ 100 ਲਿਟਰ ਸਲਾਨਾ ਤੋਂ ਵੱਧ ਹੀ ਹੈ। ਭਾਰਤ ’ਚ ਬੋਤਲ ਬੰਦ ਪਾਣੀ ਦੀ ਸਨਅੱਤ 1000 ਕਰੋੜ ਰੁਪਏ ਦੇ ਕਰੀਬ ਹੈ ਜੋ ਕਿ 40 ਫੀਸਦੀ ਦੀ ਦਰ ਨਾਲ਼ ਵਧ ਰਹੀ ਹੈ। ਭਾਰਤ ਵਿੱਚ ਇਸਦੀਆਂ 200 ਤੋਂ ਵੱਧ ਕੰਪਨੀਆਂ ਅਤੇ 1200 ਹਜ਼ਾਰ ਦੇ ਕਰੀਬ ਕਾਰਖਾਨੇ ਹਨ। ਇਸ ਤਰ੍ਹਾਂ ਅੱਜ ਇਸਦਾ ਕਾਰੋਬਾਰ 10 ਬਿਲੀਅਨ ਡਾਲਰ ਤੋਂ ਵੀ ਉੱਪਰ ਪੁੱਜ ਚੁੱਕਾ ਹੈ। ਨੈੱਸਲੇ ਇਸ ਕਾਰੋਬਾਰ ਦੇ 12 ਫੀਸਦੀ ਹਿੱਸੇ ’ਤੇ ਕਾਬਜ਼ ਹੈ, ਇਸਦਾ 3500 ਕਰੋੜ ਡਾਲਰ ਦਾ ਬੋਤਲ ਬੰਦ ਪਾਣੀ ਦਾ ਕਾਰੋਬਾਰ ਹੈ। ਇਸ ਤੋਂ ਬਿਨਾਂ ਡੈਨਨੇ 10 ਫੀਸਦੀ, ਕੋਕਾ-ਕੋਲਾ 7 ਫੀਸਦੀ ਅਤੇ ਪੈਪਸੀ 5 ਫੀਸਦੀ ਹਿੱਸੇ ’ਤੇ ਕਾਬਜ਼ ਹਨ। ਭਾਵ ਚਾਰ ਸਰਮਾਏਦਾਰ ਘਰਾਣੇ ਕੁੱਲ ਕਾਰੋਬਾਰ ਦੇ ਤੀਜੇ ਹਿੱਸੇ ’ਤੇ ਕਾਬਜ਼ ਹਨ।

ਹੁਣ ਕਿਸੇ ਨੂੰ ਲੱਗ ਸਕਦਾ ਹੈ ਕਿ ਜੇ ਪੈਸੇ ਦੇ ਕੇ ਸ਼ੁੱਧ ਪਾਣੀ ਮਿਲ਼ ਰਿਹਾ ਹੈ ਤਾਂ ਕੀ ਬੁਰਾ ਹੈ? ਪਰ ਸੱਚ ਤਾਂ ਇਹ ਹੈ ਕਿ ਇਹ ਪਾਣੀ ਵੀ ਸ਼ੁੱਧ ਨਹੀਂ, ਇਸ ਵਿੱਚ ਵੱਡੇ ਪੱਧਰ ’ਤੇ ਧੋਖਾਧੜੀ ਹੁੰਦੀ ਹੈ। ਪਾਣੀ ਦੀਆਂ ਬੋਤਲਾਂ ਅਤੇ ਇਹਨਾਂ ਸਬੰਧੀ ਵਿਗਿਆਪਨਾਂ ਵਿੱਚ ਕਲ-ਕਲ ਕਰਦੇ ਝਰਨੇ ਤੇ ਬਰਫ਼ ਦੇ ਪਹਾੜ ਦਿਖਾਏ ਜਾਂਦੇ ਹਨ, ਪਰ ਇਹਨਾਂ ‘ਚੋਂ ਜ਼ਿਆਦਾਤਰ ਦੇ ਪਾਣੀ ਦਾ ਸ੍ਰੋਤ ਨਗਰ ਨਿਗਮ ਵੱਲੋਂ ਸਪਲਾਈ ਕੀਤੇ ਜਾਂਦੇ ਪਾਣੀ ਦੀਆਂ ਟੂਟੀਆਂ ਹਨ! ਇੱਕ ਅਧਿਐਨ ਵਿੱਚ ਇਹ ਪਤਾ ਲੱਗਿਆ ਕਿ ਲਗਭਗ ਅੱਧੀਆਂ ਬੋਤਲਾਂ ਵਿੱਚ ਸਿਰਫ ਇਹ ਟੂਟੀ ਦਾ ਪਾਣੀ ਹੀ ਸੀ। ਇਹਨਾਂ ਵਿੱਚ ਕੋਕਾ-ਕੋਲਾ ਦੀ ਡਾਸਿਨੀ ਅਤੇ ਪੈਪਸੀ ਦੀ ਐਕੁਆਫਾਈਨਾ ਜਿਹੀਆਂ ਨਾਮੀਂ ਕੰਪਨੀਆਂ ਵੀ ਸਨ। ਇਸੇ ਤਰ੍ਹਾਂ ਇੱਕ ਹੋਰ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਕਿ ਇੱਕ ਤਿਹਾਈ ਬੋਤਲਾਂ ਵਿੱਚ ਪਾਣੀ ਵਿੱਚ ਘੁਲ਼ੇ ਤੱਤ ਦੀ ਮਾਤਰਾ ਲੋੜੋਂ ਵੱਧ ਸੀ ਜੋ ਕਿ ਹਾਨੀਕਾਰਕ ਹੈ, ਇਸ ਤੋਂ ਬਿਨਾਂ ਕਈ ਬੋਤਲਾਂ ਵਿੱਚ ਹੋਰ ਗੈਰ-ਜ਼ਰੂਰੀ ਰਸਾਇਣ, ਬੈਕਟੀਰੀਆ ਅਤੇ ਸਿੰਥੈਟਿਕ ਯੌਗਿਕ ਵੀ ਮਿਲ਼ੇ ਹਨ। ਸਾਰੀਆਂ ਪ੍ਰਮੁੱਖ ਕੰਪਨੀਆਂ ਸਮੇਤ ਜ਼ਿਆਦਾਤਰ ਕੰਪਨੀਆਂ ਇਹ ਨਹੀਂ ਦੱਸਦੀਆਂ ਕਿ ਉਹਨਾਂ ਦੇ ਪਾਣੀ ਦਾ ਸ੍ਰੋਤ ਕੀ ਹੈ? ਇਸਨੂੰ ਕਿਵੇਂ ਸ਼ੁੱਧ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਕੀ ਅਸ਼ੁੱਧੀਆਂ ਮੌਜੂਦ ਹਨ? ਬੋਤਲ ਬੰਦ ਪਾਣੀ ਦੇ ਇਸ ਕਾਰੋਬਾਰ ਨੂੰ ਕਨੂੰਨੀ ਘੇਰੇ ਵਿੱਚ ਲਿਆਉਣ ਅਤੇ ਵੇਚੇ ਜਾ ਰਹੇ ਪਾਣੀ ਦੀ ਜਾਂਚ ਲਈ ਕਈ ਸੰਸਥਾਵਾਂ ਵੀ ਬਣੀਆਂ ਹੋਈਆਂ ਹਨ, ਪਰ ਇੱਕ ਤਾਂ ਇਹ ਕਾਰੋਬਾਰ ਬਹੁਤ ਜ਼ਿਆਦਾ ਫੈਲ ਗਿਆ ਹੈ ਤੇ ਦੂਜਾ ਇਹਨਾਂ ਕੰਪਨੀਆਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ, ਇਸ ਲਈ ਇਹਨਾਂ ‘ਤੇ ਲੋੜੀਂਦਾ ਨਿਯੰਤਰਣ ਨਹੀਂ ਰਹਿੰਦਾ। ਇਹਨਾਂ ਅਰਥਾਂ ਵਿੱਚ ਕਿਹਾ ਜਾ ਸਕਦਾ ਹੈ ਤੁਹਾਡੀਆਂ ਟੂਟੀਆਂ ’ਚ ਆਉਂਦਾ ਪਾਣੀ ਜ਼ਿਆਦਾ ਭਰੋਸੇਯੋਗ ਹੈ ਕਿਉਂਕਿ ਜ਼ਿਆਦਾ ਜਾਂਚ ਦੇ ਘੇਰੇ ਵਿੱਚ ਹੈ ਤੇ ਉੱਥੇ ਜਵਾਬਦੇਹੀ ਵੀ ਹੈ। ਇੱਕ ਗੱਲ ਹੋਰ ਕਿ ਇਹ ਅੰਕੜੇ ਯੂਰੋਪ ਤੇ ਹੋਰ ਵਿਕਸਤ ਦੇਸ਼ਾਂ ਲਈ ਹਨ। ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਵਿਕਸਤ ਦੇਸ਼ਾਂ ਵਿੱਚ 2 ਵਿੱਚੋਂ 1 ਬੋਤਲ ਵਿੱਚ ਟੂਟੀ ਦਾ ਪਾਣੀ ਹੈ ਤਾਂ ਭਾਰਤ ਸਮੇਤ ਹੋਰ ਪਛੜੇ ਦੇਸ਼ਾਂ ਵਿੱਚ ਕੀ ਹਾਲ ਹੋਵੇਗਾ! ਇੱਥੇ ਤੁਸੀਂ ਰੇਲ ਨੀਰ ’ਤੇ ਬੱਸਾਂ-ਰੇਲਾਂ ’ਚ ਵਿਕਦੇ ਇਹ-ਜਿਹੀਆਂ ਹੋਰ ਬੋਤਲਾਂ ’ਤੇ ਕਿੰਨਾ ਭਰੋਸਾ ਕਰ ਸਕਦੇ ਹੋ? ਬੋਤਲ ਬੰਦ ਪਾਣੀ ਦੀ ਇੱਕੋ-ਇੱਕ ਖਾਸੀਅਤ ਇਹ ਹੈ ਕਿ ਤੁਹਾਨੂੰ ਇਹਦੇ ਲਈ ਆਮ ਪਾਣੀ ਨਾਲ਼ੋਂ 2000 ਗੁਣਾ ਵਧੇਰੇ ਖਰਚਾ ਕਰਨਾ ਪੈਂਦਾ ਹੈ!

ਹੁਣ ਜ਼ਰਾ ਧਿਆਨ ਮਾਰਦੇ ਹਾਂ ਕਿ ਕੁਝ ਸਰਮਾਏਦਾਰਾਂ ਦੇ ਮੁਨਾਫਿਆਂ ਲਈ ਪੂਰੀ ਮਨੁੱਖਤਾ ਨੂੰ ਕੀ ਕੀਮਤ ਚੁਕਾਉਣੀ ਹੋ ਰਹੀ ਹੈ। ਸੰਸਾਰ ਭਰ ਵਿੱਚ ਇਹਨਾਂ ਕੰਪਨੀਆਂ ਵੱਲੋਂ ਸਾਫ਼ ਪਾਣੀ ਦੇ ਕੁਦਰਤੀ ਸੋਮਿਆਂ ’ਤੇ ਕਬਜ਼ਾ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਗੰਧਲ਼ਾ ਕੀਤਾ ਜਾ ਰਿਹਾ ਅਤੇ ਇਸਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਹਨਾਂ ਕੰਪਨੀਆਂ ਵੱਲੋਂ ਬੋਤਲ ਬੰਦ ਪਾਣੀ ਤਿਆਰ ਕਰਨ ਲਈ ਕਈ ਗੁਣਾ ਪਾਣੀ ਬਰਬਾਦ ਕੀਤਾ ਜਾਂਦਾ ਹੈ ਤੇ ਪ੍ਰਦੂਸ਼ਤ ਕਰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਮੁੜ ਪਾਣੀ ਦੇ ਕੁਦਰਤੀ ਸ੍ਰੋਤਾਂ ਝੀਲਾਂ, ਨਦੀਆਂ ਆਦਿ ਵਿੱਚ ਵਹਾ ਦਿੱਤਾ ਜਾਂਦਾ ਹੈ। ਜਿੱਥੇ ਕਿਤੇ ਵੀ ਇਹਨਾਂ ਕੰਪਨੀਆਂ ਦੇ ਬੋਟਲਿੰਗ ਪਲਾਂਟ ਲੱਗੇ ਹਨ ਉੱਥੇ ਦਿਨ-ਰਾਤ ਲਗਾਤਾਰ ਲੱਖਾਂ ਲਿਟਰ ਪਾਣੀ ਰੋਜ਼ਾਨਾ ਕੱਢਿਆ ਜਾਂਦਾ ਹੈ, ਜਿਸ ਕਾਰਨ ਉਹਨਾਂ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਹੇਠਾਂ ਚਲਿਆ ਗਿਆ ਹੈ। ਉੱਥੋਂ ਦੇ ਲੋਕਾਂ ਨੂੰ ਪਾਣੀ ਹਾਸਲ ਕਰਨ ਵਿੱਚ ਔਖ ਹੋ ਰਹੀ ਹੈ, ਕਿਸਾਨਾਂ ਲਈ ਸਿੰਚਾਈ ਔਖੀ ਹੋ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਕੰਪਨੀਆਂ ਪਾਣੀ ਦੇ ਇਹਨਾਂ ਸ੍ਰੋਤਾਂ ’ਤੇ ਕਬਜ਼ਾ ਲਗਭਗ ਮੁਫਤ ਵਿੱਚ ਕਰ ਰਹੀਆਂ ਹਨ ਅਤੇ ਸਰਕਾਰਾਂ ਇਸ ਲੁੱਟ ’ਚ ਕੰਪਨੀਆਂ ਦਾ ਪੂਰਾ ਸਾਥ ਦੇ ਰਹੀਆਂ ਹਨ। ਭਾਰਤ ਵਿੱਚ ਇਸਦੀਆਂ ਕੁਝ ਉਦਾਹਰਨਾਂ ਦੇਖੀਏ। ਰਾਜਸਥਾਨ ਦੇ ਜੈਪੁਰ ਦੇ ਨੇੜੇ ਕਾਲਗ੍ਰਸਤ ਇਲਾਕੇ ਕਾਲਾ ਡੇਰਾ ਦੀ ਹੀ ਗੱਲ ਕਰ ਲਈ ਜਾਵੇ। ਇੱਥੇ ਕੋਕਾ ਕੋਲਾ ਦਾ ਬੋਟਲਿੰਗ ਪਲਾਂਟ ਹੈ। ਇਹ ਹਰ ਰੋਜ਼ 5 ਲੱਖ ਲਿਟਰ ਪਾਣੀ ਧਰਤੀ ਹੇਠੋਂ ਕੱਢਦਾ ਹੈ। ਇੱਕ ਲਿਟਰ ਬੋਤਲ-ਪਾਣੀ ਲਈ ਦੋ ਜਾਂ ਤਿੰਨ ਲਿਟਰ ਆਮ ਪਾਣੀ ਦੀ ਜ਼ਰੂਰਤ ਹੁੰਦੀ ਹੈ। ਇਸ ਪਾਣੀ ਨੂੰ ਕੱਢਣ ਦਾ ਖਰਚਾ ਕੁੱਝ ਪੈਸੇ ਹੀ ਆਉਂਦਾ ਹੈ ਜਿਸਨੂੰ ਇਹ ਕੰਪਨੀਆਂ ਬੋਤਲਾਂ ਵਿੱਚ ਭਰ ਕੇ 10 ਤੋਂ 20 ਰੁਪਏ ‘ਚ ਵੇਚ ਕੇ ਬੇਹਿਸਾਬ ਮੁਨਾਫ਼ਾ ਕਮਾ ਰਹੀਆਂ ਹਨ। ਛੱਤੀਸਗੜ੍ਹ ਵਿੱਚ ਹੋਰ ਵੀ ਕਈ ਪ੍ਰੋਜੈਕਟ ਗਿਣਾਏ ਜਾ ਸਕਦੇ ਹਨ — ਰਾਜਗੜ੍ਹ ਵਿੱਚ ਕੀਲੋ ਅਤੇ ਖਰਿਕਰ ਨਦੀਆਂ ਉੱਤੇ, ਜਗਜ਼ੀਰ ਵਿੱਚ ਮੰਡ ਉੱਤੇ, ਰਾਏਪੁਰ ਵਿਖੇ ਖੈਰੋਂ ਨਦੀ ਉੱਤੇ, ਦਾਂਤੇਵਾੜਾ ਵਿਖੇ ਸਾਵਰੀ ਨਦੀ ਉੱਤੇ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਸਰਕਾਰ ਨੇ ਸੰਨ 2000 ਵਿੱਚ ਰੇਡੀਅਸ ਵਾਟਰ ਲਿਮਟਡ ਨੂੰ ਸ਼ਿਵਨਾਥ ਨਦੀ ਦਾ 23.6 ਕਿਲੋਮੀਟਰ ਦਾ ਹਿੱਸਾ 22 ਸਾਲਾਂ ਲਈ ਦੇ ਦਿੱਤਾ। ਕੰਪਨੀ ਨੂੰ ਪਾਣੀ ਸਪਲਾਈ ਦੀ ਇਜ਼ਾਰੇਦਾਰੀ ਦੀ ਗਰੰਟੀ ਕੀਤੀ ਗਈ। ਸਰਕਾਰ ਦੁਆਰਾ ਇਸ ਕੰਪਨੀ ਨੂੰ ਇਸਤੇਮਾਲ ਲਈ ਜ਼ਮੀਨ ਬਿਨਾਂ ਕਿਸੇ ਕੀਮਤ ਤੋਂ ਸੌਂਪੀ ਗਈ। ਇਸ ਕੰਪਨੀ ਨਾਲ਼ ਸਮਝੌਤੇ ਮੁਤਾਬਕ ਹਰ ਰੋਜ਼ 40 ਲੱਖ ਲਿਟਰ ਪਾਣੀ ਖਰੀਦੇਗੀ ਅਤੇ ਘੱਟ ਪਾਣੀ ਖਰੀਦਣ ਦੀ ਹਾਲਤ ਵਿੱਚ 40 ਲੱਖ ਲਿਟਰ ਦੇ ਹੀ ਪੈਸੇ ਦੇਣੇ ਹੋਣਗੇ। ਕੌਮਾਂਤਰੀ ਪੱਧਰ ’ਤੇ ਵੀ ਇਹੋ ਹਾਲ ਹੈ। ਕੁਝ ਸਾਲ ਪਹਿਲਾਂ ਹੀ ਨੈੱਸਲੇ ਨੇ ਕੋਲੋਰਾਡੋ ਵਿੱਚ ਅਰਕਾਨਸਸ ਨਦੀ ਦਾ ਇੱਕ ਹਿੱਸਾ ਕੌਡੀਆਂ ਦੇ ਭਾਅ ਖਰੀਦ ਲਿਆ। 10 ਸਾਲ ਲਈ ਹੋਏ ਇਸ ਸੌਦੇ ਮੁਤਾਬਕ ਕੰਪਨੀ ਹਰ ਸਾਲ 2.45 ਬਿਲੀਅਨ ਲਿਟਰ ਪਾਣੀ ਕੱਢ ਸਕਦੀ ਹੈ ਜਿਸ ਲਈ ਸਿਰਫ 1.6 ਲੱਖ ਡਾਲਰ ਸਲਾਨਾ ਦਾ ਭੁਗਤਾਨ ਕਰਨਾ ਹੋਵੇਗਾ। ਇਸੇ ਤਰ੍ਹਾਂ ਹੀ 2003 ਵਿੱਚ ਇਕੱਲੇ ਅਮਰੀਕਾ ਵਿੱਚ ਨੈੱਸਲੇ ਵੱਲੋਂ ਸਾਲ ਵਿੱਚ 7 ਬਿਲੀਅਨ ਲਿਟਰ ਪਾਣੀ ਕੱਢਿਆ ਗਿਆ। ਇਸ ਤਰ੍ਹਾਂ ਇਹਨਾਂ ਕੰਪਨੀਆਂ ਵੱਲੋਂ ਸੰਸਾਰ ਭਰ ਵਿੱਚ ਹੀ ਕੁਦਰਤੀ ਸਾਧਨਾਂ ’ਤੇ ਕਬਜ਼ਾ ਕੀਤਾ ਜਾ ਰਿਹਾ ਹੈ ਤੇ ਪਾਣੀ ਬਰਬਾਦ ਕੀਤਾ ਜਾ ਰਿਹਾ ਹੈ।

ਬੋਤਲ ਬੰਦ ਪਾਣੀ ਦਾ ਇਹ ਗੋਰਖ ਧੰਦਾ ਕੁਦਰਤੀ ਸ੍ਰੋਤਾਂ ਨੂੰ ਗੰਧਲ਼ਾ ਕਰਨ ਤੋਂ ਬਿਨਾਂ ਵੀ ਹੋਰ ਕਈ ਤਰੀਕਿਆਂ ਨਾਲ਼ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਪਹਿਲੀ ਵੱਡੀ ਸਮੱਸਿਆ ਇਸ ਤੋਂ ਪੈਦਾ ਹੋਣ ਵਾਲ਼ਾ ਪਲਾਸਟਿਕ ਕਚਰਾ ਹੈ। ਇਕੱਲੇ ਅਮਰੀਕਾ ਵਿੱਚ ਇੱਕ ਮਹੀਨੇ ਵਿੱਚ 500 ਮਿਲੀਅਨ ਬੋਤਲਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਨਾਲ਼ ਧਰਤੀ ਦੁਆਲੇ 5 ਗੇੜੇ ਦਿੱਤੇ ਜਾ ਸਕਦੇ ਹਨ। 2001 ਦੀ ਰਿਪੋਰਟ ਮੁਤਾਬਕ ਹਰ ਸਾਲ 89 ਬਿਲੀਅਨ ਬੋਤਲਾਂ ਦੇ ਰੂਪ ਵਿੱਚ 15 ਲੱਖ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ। ਇਹਨਾਂ ਬੋਤਲਾਂ ਵਿੱਚੋਂ 10 ਤੋਂ 15 ਫੀਸਦੀ ਦੀ ਹੀ ਮੁੜ ਵਰਤੋਂ ਹੁੰਦੀ ਹੈ ਬਾਕੀ ਕਚਰੇ ਦੇ ਰੂਪ ਵਿੱਚ ਜਾਂਦੀਆਂ ਹਨ। ਲੈਂਡਫਿਲ ਨੱਕੋ-ਨੱਕ ਭਰ ਚੁੱਕੇ ਹਨ ਅਤੇ ਇਸ ਕਚਰੇ ਨੂੰ ਸਮੋਣ ਯੋਗ ਨਹੀਂ ਰਹੇ। ਇਸ ਲਈ ਵੱਡੇ ਪੱਧਰ ’ਤੇ ਇਹ ਕਚਰਾ ਸਮੁੰਦਰਾਂ ਵਿੱਚ ਸੁੱਟ ਕੇ ਇਸਨੂੰ ਪ੍ਰਦੂਸ਼ਿਤ ਕੀਤਾ ਜਾਂਦਾ ਹੈ ਅਤੇ ਇਸਦਾ ਇੱਕ ਹਿੱਸਾ ਜਲ਼ਾਇਆ ਜਾਂਦਾ ਹੈ ਜਿਸ ਨਾਲ਼ ਵਾਤਾਵਰਨ ਵਿੱਚ ਖਤਰਨਾਕ ਗੈਸਾਂ

ਛੱਡੀਆਂ ਜਾਂਦੀਆਂ ਹਨ। ਦੂਜਾ ਵੱਡਾ ਨੁਕਸਾਨ ਤੇਲ ਦਾ ਹੈ। ਪਾਣੀ ਨੂੰ ਧਰਤੀ ਵਿੱਚੋਂ ਕੱਢਣ 'ਤੇ, ਫਿਰ ਬੋਤਲਾਂ ਬਣਾਉਣ ਲਈ ਪਲਾਸਟਿਕ ਤਿਆਰ ਕਰਨ 'ਤੇ, ਫਿਰ ਤਿਆਰ ਬੋਤਲਾਂ ਦੀ ਢੋਆ-ਢੁਆਈ 'ਤੇ ਅਤੇ ਫਿਰ ਖਾਲੀ ਬੋਤਲਾਂ ਦੇ ਨਿਪਟਾਰੇ 'ਤੇ ਬਹੁਤ ਜ਼ਿਆਦਾ ਤੇਲ ਦੀ ਖਪਤ ਹੁੰਦੀ ਹੈ। ਇੱਕ ਸਰਵੇਖਣ ਮੁਤਾਬਕ ਇਕੱਲੇ ਅਮਰੀਕਾ ਵਿੱਚ ਬੋਤਲ ਬੰਦ ਪਾਣੀ ਦੀ ਸਨਅਤ ਵਿੱਚ ਤੇਲ ਦੀ ਖਪਤ 1.5 ਬਿਲੀਅਨ ਬੈਰਲ ਹੈ ਜੋ ਕਿ ਇੱਕ ਸਾਲ ਲਈ 1 ਲੱਖ ਕਾਰਾਂ ਲਈ ਕਾਫੀ ਹੈ। ਇਸ ਤਰ੍ਹਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੰਸਾਰ ਪੱਧਰ 'ਤੇ ਕਿੰਨਾ ਤੇਲ ਬਰਬਾਦ ਕੀਤਾ ਜਾਂਦਾ ਹੈ।

ਕੁਦਰਤੀ ਸਾਧਨਾਂ ਦੀ ਇਸ ਅੰਨ੍ਹੇਵਾਹ ਲੁੱਟ ਨਾਲ਼ ਹੀ ਇਹਨਾਂ ਸਰਮਾਏਦਾਰਾਂ ਨੇ ਅਰਬਾਂ ਦੀ ਕਮਾਈ ਕੀਤੀ ਹੈ। ਬੋਤਲ ਬੰਦ ਪਾਣੀ ਦਾ ਕਾਰੋਬਾਰ ਸੰਸਾਰ ਦੇ ਸਭ ਤੋਂ ਵੱਧ ਮੁਨਾਫੇ ਵਾਲ਼ੇ ਖੇਤਰਾਂ ਵਿੱਚੋਂ ਇੱਕ ਹੈ, ਇਸੇ ਲਈ ਇਹ ਤੇਜ਼ੀ ਨਾਲ਼ ਵਧ ਰਹੇ ਧੰਦਿਆਂ 'ਚੋਂ ਵੀ ਇੱਕ ਹੈ। ਸੰਸਾਰ ਸਿਹਤ ਜਥੇਬੰਦੀ ਮੁਤਾਬਕ ਇਸ ਕਾਰੋਬਾਰ ਵਿੱਚ 1 ਡਾਲਰ ਨਿਵੇਸ਼ ਪਿੱਛੇ 45 ਡਾਲਰ ਦਾ ਮੁਨਾਫਾ ਹੈ! ਪਰ ਇਸ ਖੇਤਰ ਵਿਚਲੇ ਸਰਮਾਏਦਾਰਾਂ ਲਈ ਇਹ ਵੀ ਘੱਟ ਹੈ, ਉਹ ਇਸ ਖੇਤਰ ਵਿੱਚ ਹੋਰ ਜ਼ਿਆਦਾ ਖੁੱਲ੍ਹ ਅਤੇ ਹੋਰ ਜ਼ਿਆਦਾ ਲੁੱਟ ਚਾਹੁੰਦੇ ਹਨ ਤੇ ਉਹ ਇਸਨੂੰ ਬਿਲਕੁਲ ਵੀ ਗਲਤ ਨਹੀਂ ਮੰਨਦੇ। ਨੈੱਸਲੇ ਦੇ ਚੇਅਰਮੈਨ ਪੀਟਰ ਬਰਬੈਕ ਲਟਮੇਥ ਦਾ ਕਹਿਣਾ ਹੈ ਕਿ ਧਰਤੀ 'ਤੇ ਪਾਣੀ ਦੀ ਇੱਕ-ਇੱਕ ਬੂੰਦ 'ਤੇ ਸਰਮਾਏਦਾਰਾਂ ਦਾ ਕਬਜ਼ਾ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਬਿਨਾਂ ਪੈਸੇ ਦਿੱਤੇ ਇੱਕ ਵੀ ਬੂੰਦ ਨਹੀਂ ਮਿਲ਼ਣੀ ਚਾਹੀਦੀ। "ਪੈਸਸੀ ਦੇ ਉੱਪ-ਪ੍ਰਧਾਨ ਰਾਬਰਟ ਮੌਰੀਸਨ ਦਾ ਕਹਿਣਾ ਹੈ ਕਿ ਟੂਟੀ ਦਾ ਪਾਣੀ ਸਭ ਤੋਂ ਵੱਡਾ ਦੁਸ਼ਮਣ ਹੈ। ਇੱਥੇ ਉਹਨਾਂ ਦਾ ਭਾਵ ਮੁਨਾਫਿਆਂ ਤੋਂ ਹੈ ਕਿ ਟੂਟੀ ਦਾ ਪਾਣੀ ਉਹਨਾਂ ਦੇ ਮੁਨਾਫੇ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਹ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਮੁਫਤ ਮਿਲ਼ਦਾ ਪਾਣੀ ਬਰਦਾਸ਼ਤ ਨਹੀਂ ਕਰ ਸਕਦੇ। ਇਸੇ ਤਰ੍ਹਾਂ ਅਮਰੀਕਾ ਦੀ ਕੁਆਕਰ ਓਟਸ ਕੰਪਨੀ ਦੇ ਪ੍ਰਧਾਨ ਸੂਜ਼ਨ ਵੈਲਿੰਗਟਨ ਮੁਤਾਬਕ, ਜਦੋਂ ਅਸੀਂ ਆਪਣਾ ਕੰਮ ਕਰ ਲਿਆ ਤਾਂ ਟੂਟੀਆਂ ਦਾ ਪਾਣੀ ਨਹਾਉਣ-ਧੋਣ ਦੇ ਕੰਮ ਜੋਗਾ ਰਹਿ ਜਾਵੇਗਾ।" ਕੋਕਾ-ਕੋਲਾ ਵੀ ਲੋਕਾਂ ਨੂੰ ਹੋਟਲਾਂ, ਰੈਸਤਰਾਂ ਆਦਿ ਵਿੱਚ ਟੂਟੀ ਦਾ ਪਾਣੀ ਪੀਣ ਤੋਂ ਬਚਾਉਣ ਦੀ ਯੋਜਨਾ ਬਣਾਈ ਹੈ ਜਿਸ ਤਹਿਤ ਲੋਕਾਂ ਨੂੰ ਟੂਟੀ ਦੇ ਪਾਣੀ ਦੀ ਥਾਂ ਬੋਤਲ ਬੰਦ ਪਾਣੀ, ਕੋਲਡ-ਡਰਿੰਕਸ ਜਾਂ ਹੋਰ ਮੁੱਲ ਵਿਕਦੇ ਪੇਅ ਪਦਾਰਥ ਪੀਣ ਲਈ ਪ੍ਰੇਰਿਆ ਜਾਵੇਗਾ।

ਜਿੱਥੇ ਇੱਕ ਪਾਸੇ ਕੁਝ ਸਰਮਾਏਦਾਰ ਘਰਾਣੇ ਪਾਣੀ ਦੇ ਸ੍ਰੋਤਾਂ 'ਤੇ ਕਬਜ਼ਾ ਕਰੀ ਬੈਠੇ ਹਨ। ਉੱਥੇ ਦੂਜੇ ਪਾਸੇ ਕਰੋੜਾਂ ਲੋਕਾਂ ਲਈ ਸਾਫ ਪਾਣੀ ਹਾਸਲ ਕਰਨਾ ਮੁਹਾਲ ਹੋਇਆ ਪਿਆ ਹੈ। ਸੰਸਾਰ ਸਿਹਤ ਜਥੇਬੰਦੀ ਮੁਤਾਬਕ ਸੰਸਾਰ ਦੀ ਇੱਕ-ਤਿਹਾਈ ਅਬਾਦੀ ਪਾਣੀ ਦੀ ਥੁੜ ਦਾ ਸ਼ਿਕਾਰ ਹੈ। ਪਾਣੀ ਦੇ ਕੁਦਰਤੀ ਸ੍ਰੋਤ ਖਰਾਬ ਹੋ ਚੁੱਕੇ ਹਨ ਜਿਨ੍ਹਾਂ 'ਚ ਸਨਅੱਤਾਂ ਦਾ ਬਹੁਤ ਵੱਡਾ ਹੱਥ ਹੈ ਅਤੇ ਬੋਤਲ ਬੰਦ ਪਾਣੀ ਦੀ ਸਨਅੱਤ ਵੀ ਇਹਨਾਂ 'ਚੋਂ ਇੱਕ ਹੈ। 80 ਫੀਸਦੀ ਬਿਮਾਰੀਆਂ ਦਾ ਕਾਰਨ ਖਰਾਬ ਪਾਣੀ ਹੈ। ਸੰਸਾਰ ਭਰ ਵਿੱਚ ਰੋਜ਼ਾਨਾ 25000 ਲੋਕ ਖਰਾਬ ਪਾਣੀ ਕਾਰਨ ਮਰ ਜਾਂਦੇ ਹਨ। ਭਾਰਤ ਵਿੱਚ 18.2 ਫੀਸਦੀ ਲੋਕ ਪਾਣੀ ਦੇ ਕੁਦਰਤੀ ਸ੍ਰੋਤਾਂ ਜਿਵੇਂ ਛੱਪੜਾਂ, ਤਲਾਬਾਂ ਅਤੇ ਝੀਲਾਂ ਤੋਂ ਪਾਣੀ ਹਾਸਲ ਕਰਦੇ ਹਨ ਅਤੇ 5.6 ਫੀਸਦੀ ਵਸੋਂ ਖੂਹਾਂ ਦੇ ਪਾਣੀ 'ਤੇ ਨਿਰਭਰ ਹੈ। 3.77 ਕਰੋੜ ਭਾਰਤੀ ਪਾਣੀ ਸਬੰਧੀ ਬਿਮਾਰੀਆਂ ਦੇ ਸ਼ਿਕਾਰ ਹਨ। ਦੇਸ਼ ਦੀਆਂ 12 ਵੱਡੀਆਂ, 46 ਮੱਧ ਅਤੇ 55 ਛੋਟੀਆਂ ਨਦੀਆਂ ਦੇ ਬੇਸਿਨ ਹਨ ਜੋ ਗੰਧਲ਼ੇ ਹੋ ਚੁੱਕੇ ਹਨ। ਸਰਕਾਰਾਂ ਸਰ੍ਹੇਆਮ ਇਸ ਲੁੱਟ ਵਿੱਚ ਭਾਈਵਾਲ਼ ਹਨ, ਉਹਨਾਂ ਵੱਲੋਂ ਲੋਕਾਂ ਨੂੰ ਸਾਫ ਪਾਣੀ ਉਪਲਬਧ ਕਰਵਾਉਣ ਦੀ ਕੋਈ ਠੋਸ ਯੋਜਨਾ ਬਣਾਉਣ ਦੀ ਥਾਂ ਇਹਨਾਂ ਸਰਮਾਏਦਾਰਾਂ ਨੂੰ ਸਬਸਿਡੀਆਂ ਅਤੇ ਟੈਕਸ ਵਿੱਚ ਛੋਟਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਇਹ ਲੋਕਾਂ ਨੂੰ ਸ਼ੁੱਧ "ਪਾਣੀ ਪਿਆ ਕੇ ਪੁੰਨ" ਖੱਟ ਸਕਣ। ਅਮਰੀਕਾ ਵਿੱਚ 24 ਬਿਲੀਅਨ ਡਾਲਰ ਫੰਡ ਦੇ ਰੂਪ ਵਿੱਚ ਸਰਕਾਰਾਂ ਵੱਲੋਂ ਦਿੱਤੇ ਜਾਂਦੇ ਹਨ ਤਾਂ ਜੋ ਇਹ ਕੰਪਨੀਆਂ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਉਣ। ਇੱਕ ਹੋਰ ਗੱਲ ਧਿਆਨ ਦੇਣ ਵਾਲ਼ੀ ਹੈ ਕਿ ਪਾਣੀ ਦੀ ਇਸ ਕਮੀ ਦਾ ਸ਼ਿਕਾਰ ਆਮ ਕਿਰਤੀ ਲੋਕ ਹੀ ਹੋ ਰਹੇ ਹਨ। ਸੰਸਾਰ ਭਰ ਵਿੱਚ ਅਮੀਰਾਂ ਦੇ ਘਰਾਂ-ਮੁਹੱਲਿਆਂ, ਵਾਟਰ ਪਾਰਕਾਂ ਤੇ ਅਮੀਰਜ਼ਾਦਿਆਂ ਦੇ ਮਨੋਰੰਜਨ ਦੀਆਂ ਅਜਿਹੀਆਂ ਹੋਰ ਥਾਵਾਂ 'ਤੇ ਪਾਣੀ ਦੀ ਹੋ ਰਹੀ ਦੁਰਵਰਤੋਂ ਦੇ ਬਾਵਜੂਦ ਉਹਨਾਂ ਲਈ ਕੋਈ ਕਮੀਂ ਨਹੀਂ ਹੈ।

ਆਓ ਹੁਣ ਇੱਕ ਨਜ਼ਰ ਜਲ ਸ੍ਰੋਤ ਦੀ ਕਮੀ ਅਤੇ ਤੰਗੀ ਦੇ ਸਰਮਾਏਦਾਰਾ ਪ੍ਰਚਾਰ 'ਤੇ ਵੀ ਮਾਰੀਏ। ਇਕੱਲੇ ਭਾਰਤ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਨਦੀਆਂ ਦੇ ਵੱਡੇ ਨੈੱਟਵਰਕ ਅਤੇ ਲੰਮੇ ਸਮੁੰਦਰੀ ਤੱਟ ਦੇ ਬਾਵਜੂਦ ਇਹ ਕਹਿਣਾ ਕਿ ਇੱਥੇ ਕੁਦਰਤੀ ਰੂਪ 'ਚ ਪਾਣੀ ਦੀ ਕਮੀ ਹੈ, ਸਰਮਾਏਦਾਰਾ ਲੁੱਟ ਅਤੇ ਲੋਕਾਂ ਨਾਲ਼ ਕੀਤੇ ਜਾ ਰਹੇ ਜ਼ੁਲਮਾਂ 'ਤੇ ਪਰਦਾ ਪਾਉਂਦਾ ਹੈ। ਮੀਂਹ ਦਾ ਪਾਣੀ ਅਤੇ ਹਿਮਪਾਤ ਭਾਰਤ 'ਚ ਜਲ ਦੇ ਪ੍ਰਮੁੱਖ ਸ੍ਰੋਤ ਹਨ। ਲਗਭਗ 4200 ਅਰਬ ਘਣ ਮੀਟਰ ਜਲ ਹਰ ਵਰ੍ਹੇ ਵਰਖਾ ਨਾਲ਼ ਹਾਸਲ ਹੁੰਦਾ ਹੈ। ਔਸਤ ਸਾਲਾਨਾ ਵਰਖਾ 1170 ਮਿਲੀਮੀਟਰ ਹੈ। ਮਾੜੇ ਪ੍ਰਬੰਧਾਂ ਕਰਕੇ ਵਰਖਾ ਜਲ ਦਾ ਵੱਧ ਤੋਂ ਵੱਧ ਹਿੱਸਾ ਵਹਿ ਕੇ ਸਮੁੰਦਰ 'ਚ ਮਿਲ਼ ਜਾਂਦਾ ਹੈ। ਭਾਰਤ 'ਚ ਵਰਤੋਂ ਯੋਗ ਜਲ ਦੀ ਮਿਕਦਾਰ 1122 ਅਰਬ ਘਣ ਮੀਟਰ ਹੈ ਜਿਸਦਾ ਮਹਿਜ਼ 1.9 ਫੀਸਦੀ ਭਾਗ ਹੀ ਅੱਜ ਦੇ ਸਮੇਂ ਵਰਤੋਂ 'ਚ ਆਉਂਦਾ ਹੈ। ਕੇਂਦਰੀ ਜਲ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕੁਦਰਤੀ ਜਲ ਸ੍ਰੋਤ ਦੇ ਰੂਪ 'ਚ ਨਦੀਆਂ ਦਾ ਸਲਾਨਾ ਵਹਾਅ ਲਗਭਗ 186.9 ਘਣ ਕਿਲੋਮੀਟਰ ਹੈ। ਦੇਸ਼ 'ਚ ਉਪਲਬਧ ਭੂਜਲ ਦੀ ਕੁੱਲ ਮਿਕਦਾਰ 931.88 ਅਰਬ ਘਣ ਮੀਟਰ ਹੈ ਜਿਸ 'ਚ 360.80 ਘਣ ਮੀਟਰ ਸਿੰਜਾਈ ਅਤੇ 70.93 ਅਰਬ ਘਣ ਮੀਟਰ ਸਨਅੱਤੀ ਕਾਰਜਾਂ ਲਈ ਵਰਤੋਂ ਕੀਤੀ ਜਾਂਦੀ ਹੈ। ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰ ਹੈਰੀਟੇਜ ਅਨੁਸਾਰ, 980 ਬਿਲੀਅਨ ਲਿਟਰ ਜਲ ਵਰਖਾ ਜਲ਼ ਸੰਗ੍ਰਿਹ 'ਚ ਪ੍ਰਾਪਤ ਕੀਤਾ ਜਾ ਸਕਦਾ ਹੈ। ਅੱਜ ਜੇਕਰ ਪੂਰੇ ਦੇਸ਼ ਦੀ ਵਸੋਂ ਨੂੰ ਪੀਣ ਦਾ ਪਾਣੀ ਉਪਲਬਧ ਕਰਵਾਉਣਾ ਹੋਵੇ ਤਾਂ ਪ੍ਰਤੀ ਵਿਅਕਤੀ ਪ੍ਰਤੀ ਦਿਨ 150-200 ਲਿਟਰ ਪਾਣੀ ਦੀ ਲੋੜ ਹੋਵੇਗੀ। ਇਹ ਮਿਕਦਾਰ ਵੱਡੇ ਸ਼ਹਿਰਾਂ ਲਈ ਹੈ ਜਦੋਂ ਕਿ ਛੋਟੇ ਸ਼ਹਿਰਾਂ ਅਤੇ ਪੇਂਡੂ ਇਲਾਕਿਆਂ 'ਚ ਇਹ ਪੈਮਾਨਾ ਘੱਟ ਹੈ। ਹੁਣ ਜੇਕਰ 200 ਲਿਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਅਨੁਸਾਰ ਦੇਸ਼ ਦੀ 121 ਕਰੋੜ ਵਸੋਂ ਲਈ ਇੱਕ ਵਰ੍ਹੇ ਤੱਕ ਪਾਣੀ ਦੀ ਲੋੜ ਕੱਢੀ ਜਾਵੇ ਤਾਂ ਉਹ 88.33 ਅਰਬ ਘਣ ਮੀਟਰ ਹੋਵੇਗਾ। ਜਦਕਿ ਉਪਲਬਧ ਵਰਤੋਂ ਯੋਗ ਵਰਖਾ ਜਲ਼ ਦੀ ਮਿਕਦਾਰ 1122 ਅਰਬ ਘਣ ਮੀਟਰ ਅਤੇ ਭੂ-ਜਲ ਦੀ ਮਿਕਦਾਰ 931.88 ਅਰਬ ਘਣ ਮੀਟਰ ਹੈ। ਇਹ ਮਾਤਰਾ ਪੂਰੇ ਸੰਸਾਰ ਦੀ ਅਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਵਾਧੂ ਹੈ। ਜੇ ਪੂਰੇ ਸੰਸਾਰ ਭਰ ਵਿੱਚ ਪਾਣੀ ਦੇ ਸ੍ਰੋਤਾਂ ਨੂੰ ਦੇਖੀਏ ਤਾਂ ਇਹ ਮਾਤਰਾ ਹੋਰ ਵੀ ਨਿਗੂਣੀ ਲੱਗੇਗੀ। ਇਸ ਤਰ੍ਹਾਂ ਅਸਲ ਸੰਕਟ ਪੀਣ ਦੇ ਪਾਣੀ ਸਣੇ ਸਾਰੇ ਵਰਤੋਂ ਯੋਗ ਜਲ ਦੀ ਕਮੀ ਦਾ ਸੰਕਟ ਨਹੀਂ ਹੈ। ਲੋੜ ਹੈ ਪਾਣੀ ਦੇ ਸ੍ਰੋਤਾਂ ਦਾ ਨਿੱਜੀਕਰਨ ਅਤੇ ਸਨਅੱਤੀਕਰਨ ਬੰਦ ਕਰਕੇ ਇਹਨਾਂ ਨੂੰ ਸਾਰੇ ਲੋਕਾਂ ਦੀ ਸਾਂਝੀ ਦੌਲਤ ਬਣਾਉਣ ਦੀ, ਹਰ ਵਿਅਕਤੀ ਤੱਕ ਪਾਣੀ ਪਹੁੰਚਾਉਣ ਦੇ ਉਚੇਰੇ ਪ੍ਰਬੰਧ ਕਰਨ ਦੀ। ਪਰ ਮੌਜੂਦਾ ਲੋਟੂ ਢਾਂਚੇ ਅਤੇ ਇਹਨਾਂ ਦੀਆਂ ਲੋਟੂ ਸਰਕਾਰਾਂ ਤੋਂ ਅਜਿਹਾ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹਦੇ ਲਈ ਕਿਰਤੀ ਲੋਕਾਂ ਨੂੰ ਹੀ ਹੰਭਲ਼ਾ ਮਾਰਨਾ ਪਵੇਗਾ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਚੋਣ ਤੰਤਰ ਦੀ ਭ੍ਰਿਸ਼ਟਤਾ-ਇਲੈਕਟਰਲ ਬਾਂਡ



ਡਾ. ਬਲਜਿੰਦਰ
94170-79720
singh.drbaljinder@gmail.com

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਦਮਗਜੇ ਮਾਰੇ ਜਾਂਦੇ ਹਨ। ਇਸ ਲੋਕਤੰਤਰ ਦੇ ਤਿੰਨ ਅਹਿਮ ਅੰਗ ਹਨ-ਕਾਰਜਪਾਲਿਕਾ, ਨਿਆਂਪਾਲਿਕਾ ਤੇ ਵਿਧਾਨਪਾਲਿਕਾ। ਨਿਆਂਪਾਲਿਕਾ ਅਤੇ ਕਾਰਜਪਾਲਿਕਾ ਯਾਨੀ ਕਿ ਜੱਜ-ਅਦਾਲਤਾਂ ਅਤੇ ਦੂਜੇ ਪਾਸੇ ਹਰ ਰੋਜ਼ ਦੇ ਹਰ ਕਿਸਮ ਦੇ ਕੰਮਾਂਕਾਰਾਂ ਨੂੰ ਨਿਪਟਾਉਣ ਲਈ ਅਲੱਗ-ਅਲੱਗ ਮਹਿਕਮਿਆਂ ਨੂੰ ਮਿਲਕੇ ਬਣੀ ਅਫਸਰਸ਼ਾਹੀ ਤੇ ਕਲਰਕਾਂ ਨਾਲ ਤੂੜੀ ਹੋਈ ਵੱਡੀ ਸਾਰੀ ਮਸ਼ੀਨਰੀ ਇਸ ਢਾਂਚੇ ਦੇ ਸਥਾਈ/ਪੱਕੇ ਅੰਗ ਹਨ। ਤੀਜੇ ਥੰਮ੍ਹ ਵਿਧਾਨਪਾਲਿਕਾ ਬਾਰੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਇਹ ਮੁਲਕ ਦੇ ਲੋਕਾਂ ਦੀ, ਲੋਕਾਂ ਵੱਲੋਂ, ਲੋਕਾਂ ਲਈ ਆਪਣੀ ਸਰਕਾਰ ਚੁਣਕੇ ਲੋਕਾਂ ਵੱਲੋਂ ਜਮਹੂਰੀ ਢੰਗ ਨਾਲ ਰਾਜ ਕਰਨ ਦਾ ਇੱਕ ਮਹੱਤਵਪੂਰਨ ਅੰਗ ਹੈ। ਭਾਵੇਂ ਕਿ ਅਹਿਮ ਹੋਣ ਦੇ ਬਾਵਜੂਦ ਇਹ ਅੰਗ ਸਥਾਈ ਨਹੀਂ ਹੈ।

ਚੋਣਾਂ ਤੇ ਚੋਣ ਪਾਰਟੀਆਂ ਇਸ 'ਜਮਹੂਰੀ' ਢਾਂਚੇ ਦੇ ਅਨਿੱਖੜਵੇਂ ਹਿੱਸੇ ਹਨ। ਇਹਨਾਂ ਮਸਲਿਆਂ ਨਾਲ ਹੀ ਜੁੜਿਆ ਹੋਇਆ ਇੱਕ ਮਾਮਲਾ- ਇਲੈਕਟਰਲ ਬਾਂਡਾਂ ਨੂੰ ਲੈ ਕੇ ਸਾਡੇ ਮੁਲਕ ਭਾਰਤ ਅੰਦਰ ਖੂਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਮਾਮਲਾ ਹੈ ਕੀ? ਇਹਦੇ ਨਾਲ ਲੋਕਰਾਜ 'ਤੇ ਕੀ ਫਰਕ ਪਊ? ਇਹ ਸਾਡੇ ਇਸ ਲਿਖਤ ਦੇ ਵਿਸ਼ੇ ਹਨ।

22217 ਦੀ ਤਾਦਾਦ 'ਚ ਵੱਖ-ਵੱਖ ਵਿਅਕਤੀਆਂ, ਸੰਸਥਾਵਾਂ, ਘਰਾਣਿਆਂ, ਕਾਰਪੋਰੇਟ ਸੰਸਥਾਨਾਂ, ਇੰਡਸਟਰੀ ਤੇ ਹੋਰ ਕੰਪਨੀਆਂ ਵੱਲੋਂ 16500 ਕਰੋੜ ਚਾਲੀ ਲੱਖ ਰੁ. ਦੀ ਕੀਮਤ ਦੇ ਖਰੀਦੇ ਗਏ ਇਹ ਇਲੈਕਟਰਲ ਬਾਂਡ ਅੱਗੋਂ ਵੱਖ-ਵੱਖ ਪਾਰਲੀਮਾਨੀ ਪਾਰਟੀਆਂ ਨੂੰ ਇਹਨਾਂ ਵੱਲੋਂ ਦਾਨ ਵਿੱਚ ਦਿੱਤੇ ਜਾਣ ਦਾ ਖੁਲਾਸਾ ਸਟੇਟ ਬੈਂਕ ਆਫ ਇੰਡੀਆਂ ਵੱਲੋਂ ਜਾਰੀ ਕੀਤੀ ਗਈ ਲਿਸਟ ਮੁਤਾਬਕ ਹੋਇਆ ਹੈ। ਮੋਦੀ ਹਕੂਮਤ ਦੇ ਪਹਿਲੇ ਕਾਰਜਕਾਲ ਦੌਰਾਨ 2018 ਵਿੱਚ ਉਸ ਸਮੇਂ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਪਾਰਲੀਮਾਨੀ ਚੋਣਾਂ ਲਈ ਚੋਣ ਫੰਡ ਦੇ ਰੂਪ ਵਿੱਚ ਮਿਲਣ/ਹਾਸਲ ਹੋਣ ਵਾਲੇ ਚੰਦੇ/ਸਹਾਇਤਾ ਨੂੰ ਪਾਰਦਰਸ਼ੀ ਬਣਾਉਣ ਦੇ ਨਾਂ ਹੇਠ ਇਹ ਸਕੀਮ ਲਿਆਂਦੀ ਸੀ। ਇਹਦੇ 'ਚ ਬੈਂਕ ਇੱਕ ਖਾਸ ਕੀਮਤ ਦੇ ਅਲੱਗ-ਅਲੱਗ ਬਾਂਡ ਵਿੱਕਰੀ ਲਈ ਜਨਤਕ ਰੂਪ 'ਚ ਜਾਰੀ ਕੀਤੇ ਗਏ ਸਨ। ਇਹ ਇੱਕ ਕਿਸਮ ਦੇ ਬੈਂਕ ਡਰਾਫ਼ਟ ਵਰਗੇ ਹੀ ਹਨ ਯਾਨੀ ਕਿ ਕਿਸੇ ਇੱਕ ਵਿਅਕਤੀ ਨੇ ਪੈਸੇ ਜਮ੍ਹਾਂ ਕਰਵਾਕੇ ਉਹਦੀ ਰਸੀਦ ਦੇ ਰੂਪ 'ਚ ਬਾਂਡ ਦੀ ਸ਼ਕਲ 'ਚ ਇੱਕ ਪੱਤਰ ਲੈ ਲਿਆ ਅਤੇ ਕਿਸੇ ਹੋਰ ਨੂੰ ਦੇ ਦਿੱਤਾ ਜੀਹਨੇ ਅੱਗੋਂ ਜਾਂ ਤਾਂ ਨਕਦੀ ਦੇ ਰੂਪ 'ਚ ਜਾਂ ਫਿਰ ਆਪਣੇ ਖਾਤੇ 'ਚ ਉਹਨਾਂ ਪੈਸਿਆਂ ਨੂੰ ਜਮ੍ਹਾਂ ਕਰਵਾ ਲਿਆ ਅਤੇ ਮਨਚਾਹੇ ਢੰਗ ਨਾਲ ਖਰਚ ਲਿਆ।

ਅਜਿਹਾ ਹੀ ਚਲਣ ਇਸ ਇਲੈਕਟਰਲ ਬਾਂਡ ਦੀ ਸ਼ਕਲ 'ਚ ਹੋਇਆ ਹੈ। ਕਿਸੇ ਵਿਅਕਤੀ ਨੇ ਜਾਂ ਕਿਸੇ ਸੰਸਥਾਨ ਨੇ ਇਹਨਾਂ ਬਾਂਡਾਂ ਨੂੰ ਖ਼ਰੀਦਿਆ ਅਤੇ ਅੱਗੋਂ ਇਹਨਾਂ ਨੂੰ ਕਿਸੇ ਸਿਆਸੀ ਪਾਰਟੀ ਵਿਸ਼ੇਸ਼ ਨੂੰ ਦਾਨ (ਚੰਦੇ) ਦੇ ਰੂਪ 'ਚ ਦੇ ਦਿੱਤਾ। ਫਿਰ ਉਸ ਪਾਰਟੀ ਨੇ ਇਹਨਾਂ ਬਾਂਡਾਂ ਨੂੰ ਆਪਣੇ ਪਾਰਟੀ ਖਾਤੇ 'ਚ ਕੈਸ਼ ਕਰਾ ਲਿਆ। ਸੋ ਇਹਨਾਂ ਬਾਂਡਾਂ ਦਾ ਸਿਸਟਮ ਤਾਂ ਐਨਾ ਕੁ ਹੀ ਹੈ।

ਜਮਹੂਰੀਅਤ ਦੇ ਥੰਮ ?ਹ ਮੰਨੇ ਜਾਂਦੇ ਚੋਣ ਢਾਂਚੇ ਨੂੰ ਪ੍ਰਭਾਵਤ ਕਰਨ ਦਾ ਸਿਲਸਿਲਾ ਪਹਿਲਾਂ ਤੋਂ ਹੀ ਤੁਰਿਆ ਆ ਰਿਹਾ ਹੈ। ਇਲੈਕਟਰਲ ਬਾਂਡ ਤਾਂ ਸਿਰਫ ਇਸਦਾ ਬਦਲਿਆ ਰੂਪ ਹੀ ਹੈ। ਅਮਰੀਕਾ ਅੰਦਰ ਵੀ ਵੋਟਰਾਂ ਨੂੰ ਆਵਦੇ ਵੱਲ ਖਿੱਚਣ ਲਈ ਵਰਤੇ ਜਾਂਦੇ ਢੰਗ-ਤਰੀਕਿਆਂ 'ਤੇ ਆਉਣ ਵਾਲੇ ਖਰਚਿਆਂ ਲਈ ਕਈ ਕਿਸਮ ਦੀਆਂ ਵਿਵਸਥਾਵਾਂ ਹਨ। ਇੱਕ ਵਿਵਸਥਾ ਇਹ ਵੀ ਹੈ ਕਿ ਜਿਵੇਂ ਸਾਡੇ ਮੁਲਕ 'ਚ ਪਿਛਲੇ ਸਮੇਂ ਤੋਂ ਟਰਾਂਸਪੇਰੇਂਸੀ ਲਈ ਇੱਕ ਵਿਵਸਥਾ ਇਹ ਕੀਤੀ ਗਈ ਹੈ ਕਿ ਕਿਸੇ ਵੀ ਉਮੀਦਵਾਰ ਲਈ ਕਿਸੇ ਵੱਲੋਂ ਵੀ ਕੀਤੇ ਜਾਣ ਵਾਲੇ ਪ੍ਰਚਾਰ ਦਾ ਉਸ ਉਮੀਦਵਾਰ ਦੇ ਖਾਤੇ 'ਚ ਹੀ ਉਹ ਰਾਸ਼ੀ ਪਾ ਦਿੱਤੀ ਜਾਂਦੀ ਹੈ ਯਾਨੀ ਕਿ ਉਸ ਉਮੀਦਵਾਰ ਦੇ ਕੁੱਲ ਖਰਚੇ 'ਚ ਹੀ ਉਹ ਗਿਣਿਆ ਜਾਂਦਾ ਹੈ। ਪਰ ਅਮਰੀਕਾ ਅੰਦਰ ਇਹ ਹੈ ਕਿ ਮੰਨ ਲਓ ਕਿਸੇ ਉਮੀਦਵਾਰ ਦੀ ਹਮਾਇਤ 'ਚ ਕੋਈ ਮੁਹਿੰਮ ਚਲਾਉਣੀ ਹੈ ਤਾਂ ਉਹ ਕੋਈ ਵਿਅਕਤੀ ਵੱਲੋਂ ਵੀ ਆਪਣੇ ਖਰਚੇ 'ਤੇ ਹੀ ਚਲਾਈ ਜਾ ਸਕਦੀ ਹੈ ਅਤੇ ਉਸ ਉਮੀਦਵਾਰ ਦੇ ਕੁੱਲ ਚੋਣ ਖਰਚੇ ਦਾ ਉਹ ਕੋਈ ਹਿੱਸਾ ਨਹੀਂ ਬਣਦਾ।

ਇਸ ਚੋਣ ਬਾਂਡਾਂ ਦੇ ਮਾਮਲੇ 'ਚ ਜਿਹੜੀ ਗੱਲ ਬਹੁਤ ਹੀ ਚਿੱਟੇ ਦਿਨ ਵਾਂਗ ਨਿੱਤਰ ਕੇ ਸਾਹਮਣੇ ਆਈ ਹੈ ਉਹ ਇਹ ਹੈ ਕਿ ਜਿੰਨੇ ਵੀ ਚੋਣ ਬਾਂਡ ਜਿਹਨਾਂ ਵੀ ਸੰਸਥਾਨਾਂ/ਵਪਾਰਕ ਅਦਾਰਿਆਂ/ਸਨਅਤੀ ਘਰਾਣਿਆਂ/ਠੇਕਾ ਲੈਣ ਵਾਲੀਆਂ ਕੰਪਨੀਆਂ ਵੱਲੋਂ ਖਰੀਦੇ ਗਏ ਹਨ ਅਤੇ ਅੱਗੋਂ ਦਿੱਤੇ ਗਏ ਹਨ ਤਾਂ ਉਸ ਮੌਕਾਮੇਲ ਨੂੰ ਬਹੁਤ ਹੀ ਗਹੁ ਨਾਲ ਵਾਚਣ ਦੀ ਲੋੜ ਹੈ। ਇਸ ਸਾਰੇ ਅਮਲ ਨੂੰ ਦੇਖਿਆਂ ਇੱਕ ਗੱਲ ਸਾਫ਼ ਹੁੰਦੀ ਹੈ ਕਿ ਨਵੀਆਂ-ਨਵੀਆਂ ਕੰਪਨੀਆਂ ਸਥਾਪਤ ਕੀਤੀਆਂ ਗਈਆਂ ਅਤੇ ਫਿਰ ਬਾਂਡ ਆਪਣੀ ਕੁੱਲ ਸਮਰੱਥਾ ਤੋਂ ਵੀ ਵੱਧ ਕੀਮਤ ਦੇ ਲਏ ਗਏ ਅਤੇ ਅਗਾਂਹ ਵੰਡੇ ਗਏ ਅਤੇ ਨਾਲ ਹੀ ਉਹਨਾਂ ਕੰਪਨੀਆਂ ਨੂੰ ਹੀ ਸਰਕਾਰੀ ਕੰਮਾਂ ਦੇ ਠੇਕੇ ਆਦਿ ਮਿਲੇ ਉਜਾਗਰ ਹੋਏ ਹਨ।

ਕਰੋਨਾ ਕਾਲ ਦੌਰਾਨ ਰੈਮੇਡੇਸਵੀਰ ਨਾਂਅ ਦੇ ਇੱਕ ਟੀਕੇ ਦੇ ਰੂਪ 'ਚ ਵਰਤੀ ਜਾਣ ਵਾਲੀ ਦਵਾਈ ਦੀ ਕੀਮਤ ਬਿਮਾਰੀ ਦੀ ਗ੍ਰਿਫ਼ਤ 'ਚ ਆਏ ਲੋਕਾਂ ਵੱਲੋਂ 25000 ਤੋਂ ਲੈ ਕੇ 200000 ਤੱਕ ਤਾਰੀ ਗਈ। ਇਸ ਟੀਕੇ ਨੂੰ ਬਣਾਉਣ ਵਾਲੀ ਕੰਪਨੀ ਨੇ ਵੀ ਇਹ ਬਾਂਡ ਖਰੀਦੇ। ਇਸੇ ਹੀ ਤਰ੍ਹਾਂ ਕੋਵੀਸ਼ੀਲਡ ਵੈਕਸੀਨ ਵਾਲੀ ਕੰਪਨੀ ਨੇ ਵੀ ਖਰੀਦੇ ਅਤੇ ਅੱਗੋਂ ਕਿਸ ਨੂੰ ਦਿੱਤਾ ਹੋਵੇਗਾ ਇਹਦੇ ਬਾਰੇ ਸਹਿਜੇ ਹੀ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਅਜਿਹੀ ਹੀ ਇੱਕ ਹੋਰ ਜ਼ਾਹਰਾ ਮਿਸਾਲ ਉਤਰਾਖੰਡ 'ਚ ਉਸ ਸੜਕੀ ਸੁਰੰਗ ਨੂੰ ਤਾਮੀਰ ਕਰਨ ਵਾਲੀ ਠੇਕਾ ਲੈਣ ਵਾਲੀ ਕੰਪਨੀ ਦੀ ਹੈ ਜਿਹੜੀ 'ਚ ਮਜ਼ਦੂਰ ਦੀਵਾਲੀ ਦੇ ਮੌਕੇ ਫਸ ਗਏ ਸਨ। ਕਈ ਕੰਪਨੀਆਂ ਤਾਂ ਅਜਿਹੀਆਂ ਵੀ ਸਾਹਮਣੇ ਆਈਆਂ ਹਨ ਜਿਹਨਾਂ ਦੇ ਸਾਲਾਨਾ ਮੁਨਾਫੇ ਹੀ ਚੋਣ ਬਾਂਡ ਖ਼ਰੀਦਣ ਨਾਲੋਂ ਕਿਤੇ ਘੱਟ ਹਨ। ਇਹਦੇ ਤੋਂ ਇਹੀ ਜ਼ਾਹਰ ਹੁੰਦਾ ਹੈ ਕਿ ਇਹਨਾਂ ਸੰਸਥਾਨਾਂ/ਕੰਪਨੀਆਂ ਨੇ ਆਪਣੇ ਮੁਨਾਫੇ ਫਿਰ ਕਿਹੜੀ ਮੋਰੀ ਥਾਨੀਂ ਹਾਸਲ ਕੀਤੇ। ਕਿਉਂਕਿ ਇਹ ਤਾਂ ਸਰਮਾਏਦਾਰੀ ਦਾ ਨੇਮ ਹੀ ਨਹੀਂ ਹੈ ਕਿ ਕੋਈ ਕੰਪਨੀ ਘਾਟੇ ਲਈ ਹੀ ਆਪਣੀ ਸਰਗਰਮੀ ਕਰੇ।

ਕੁੱਝ ਸੁਆਲ ਹਨ ਜਿਹਨਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ। ਪਾਰਲੀਮਾਨੀ ਪਾਰਟੀਆਂ ਨੂੰ ਇਹ ਚੁਣਾਵੀ ਇਲੈਕਟਰਲ ਬਾਂਡ ਵਪਾਰਕ ਘਰਾਣੇ ਕਿਸ ਮਕਸਦ ਲਈ ਅਦਾ ਕਰਦੇ ਹਨ? ਜਾਂ ਕੀ ਇਹ ਸਵੈ ਇੱਛਾ ਨਾਲ ਅਦਾ ਕਰਦੇ ਹਨ? ਕੀ ਇਹ ਇਲੈਕਟਰਲ ਬਾਂਡ ਰਾਹੀਂ ਫੰਡ ਹਾਸਲ ਕਰਨ ਦੀ ਵਿਧੀ ਪਾਰਦਰਸ਼ੀ ਹੈ? ਚੇਤੇ ਰਹੇ ਕਿ ਇਸ ਸਕੀਮ ਤਹਿਤ ਪਾਰਲੀਮਾਨੀ ਪਾਰਟੀਆਂ ਵੱਲੋਂ ਹਾਸਲ ਕੀਤੇ ਇਲੈਕਟਰਲ ਬਾਂਡ ਨੂੰ ਆਰਟੀਆਈ ਤਹਿਤ ਹਾਸਲ ਹੋਣ ਵਾਲੀ ਸੂਚਨਾ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ। ਏਡੀਆਰ ਨਾਂ ਦੀ ਸੰਸਥਾ ਸੁਪਰੀਮ ਕੋਰਟ ਵਿੱਚ ਲੰਬੀ-ਚੌੜੀ ਕਾਨੂੰਨੀ ਲੜਾਈ ਤੋਂ ਬਾਅਦ ਹੀ ਇਹ ਸੂਚਨਾ ਦੇਣ ਤੋਂ ਲਈ ਸਟੇਟ ਬੈਂਕ ਆਫ ਇੰਡੀਆ ਮਜਬੂਰ ਹੋਇਆ ਹੈ। ਸੁਪਰੀਮ ਕੋਰਟ ਸਾਹਮਣੇ ਵੀ ਇਸ ਸੂਚਨਾ ਨੂੰ ਨਸ਼ਰ ਨਾ ਕੀਤੇ ਜਾਣ ਲਈ ਹਰ ਹੀਲਾ ਵਰਤਿਆ ਗਿਆ। ਹਾਲੇ ਵੀ ਅਧੂਰੀ ਸੂਚਨਾ ਹੀ ਕਾਨੂੰਨੀ ਗਧੀਗੇੜ ਦੇ ਚੱਕਰ ਵਿੱਚ ਘੁੰਮ ਰਹੀ ਹੈ। ਹੁਣ ਤੱਕ ਸਾਹਮਣੇ ਆਏ ਤੱਥਾਂ ਅਨੁਸਾਰ ਬੀਜੇਪੀ ਨੇ ਇਹ ਇਲੈਕਟਰਲ ਬਾਂਡ ਹਾਸਲ ਕਰਨ ਲਈ ਸੀਬੀਆਈ, ਈਡੀ, ਇਨਕਮ ਟੈਕਸ ਵਿਭਾਗ ਦੀ ਰੱਜਕੇ ਵਰਤੋਂ ਕੀਤੀ। ਇੱਕ ਪਾਸੇ ਕਿਸੇ ਕੰਪਨੀ/ਵਪਾਰਕ ਘਰਾਣੇ ਉੱਪਰ ਛਾਪੇ ਮਾਰੀ ਤੇ ਦੂਜੀ ਮੋਰੀ ਰਾਹੀਂ ਇਲੈਕਟਰਲ ਬਾਂਡ ਦੇ ਗੱਫੇ। ਦੂਜਾ ਸੀ ਇਹ ਇਲੈਕਟਰਲ ਬਾਂਡ ਦੇਣ ਵਾਲੀਆਂ ਕੰਪਨੀਆਂ ਨੂੰ ਹਜ਼ਾਰਾਂ ਕਰੋੜਾਂ ਰੁਪਏ ਦੇ ਠੇਕੇ ਹਾਸਲ ਹੋਏ। ਤੀਜਾ ਸੀ ਕਿ ਇਨ੍ਹਾਂ ਹੀ ਵਪਾਰਕ ਘਰਾਣਿਆਂ ਉੱਪਰ ਬੀਜੇਪੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਮਿਹਰ ਭਰਿਆ ਹੱਥ ਰੱਖਦਿਆਂ 14.56 ਲੱਖ ਕਰੋੜ ਰੁਪਏ ਵੱਟੇ ਖਾਤੇ ਪਾ ਦਿੱਤੇ। ਇਲੈਕਟਰਲ ਬਾਂਡ ਰਾਹੀਂ ਹਾਸਲ ਹੋਏ ਇਸ ਫੰਡ ਵਿੱਚੋਂ 20 ਕੰਪਨੀਆਂ ਅਜਿਹੀਆਂ ਹਨ, ਜਿਨ੍ਹਾਂ ਨੇ 76% ਇਲੈਕਟਰਲ ਬਾਂਡ ਖਰੀਦੇ। ਕਾਰਪੋਰੇਟ ਘਰਾਣਿਆਂ ਨੇ 8250 ਕਰੋੜ ਰੁ. ਦੇ ਇਲੈਕਟਰਲ ਬਾਂਡ ਖ਼ਰੀਦਣ ਰਾਹੀਂ ਬੀਜੇਪੀ ਦੇ ਖਜਾਨੇ ਭਰਪੂਰ ਕਰੀ ਰੱਖੇ। ਇੱਕ ਪਾਸੇ ਬੀਜੇਪੀ ਗਊ ਨੂੰ ਮਾਂ ਦਾ ਦਰਜਾ ਦੇਣ ਦੀਆਂ ਟਾਹਰਾਂ ਮਾਰਦੀ ਹੈ ਦੂਜੇ ਪਾਸੇ ਗਊ ਮਾਸ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੇ 250 ਕਰੋੜ ਦੇ ਇਲੈਕਟਰਲ ਬਾਂਡ ਖਰੀਦੇ ਹਨ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਤੋਂ ਲੈਕੇ ਸ਼ਰਾਬ ਕਾਰੋਬਾਰੀ ਸੱਭ ਹਮਾਮ 'ਚ ਨੰਗੇ ਹਨ। ਇਕੱਲੀ ਬੀਜੇਪੀ ਨੂੰ ਇਸ ਸਮੇਂ ਦੌਰਾਨ 50% ਇਲੈਕਟਰਲ ਬਾਂਡ ਮਿਲੇ। ਇਸੇ ਕਰਕੇ ਇੱਕ ਰਿਪੋਰਟ ਮੁਤਾਬਿਕ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿੱਚ ਸਨੱਅਤੀ ਵਪਾਰਕ ਘਰਾਣਿਆਂ ਕੋਲੋਂ ਮੋਟੀਆਂ ਰਕਮਾਂ ਹਾਸਲ ਕਰਨ ਵਾਲੇ ਭੱਦਰਪੁਰਸ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਇਹ ਸਾਰਾ ਅਮਲ ਇਹ ਦਿਖਾਉਣ ਲਈ ਕਾਫ਼ੀ ਹੈ ਕਿ ਚੋਣਾਂ ਕੋਈ ਲੋਕਾਂ ਦੀ ਮਰਜ਼ੀ ਅਨੁਸਾਰ ਚੁਣੇ ਜਾਣ ਵਾਲੇ ਬੰਦਿਆਂ ਰਾਹੀਂ ਨੁਮਾਇੰਦਗੀ ਹਾਸਲ ਕਰਨਾ ਨਹੀਂ ਹੈ। ਇਹਦੇ ਲਈ ਰਾਜ ਕਰਨ ਵਾਲੇ ਜਾਣਦੇ ਹਨ ਕਿ ਕਿਸਨੂੰ ਜਿਤਾਉਣ ਲਈ ਕੀ-ਕੀ 'ਜਫਰ' ਜਾਲਣੇ ਹਨ। ਉਹ ਸਾਰਾ ਤਾਣ ਲਾਉਣ ਲਈ ਹੋਰ ਹਰ ਤਰ੍ਹਾਂ ਦੀ ਇਮਦਾਦ ਕਰਨ ਦੇ ਨਾਲ ਨਾਲ ਮਾਇਕ ਮੱਦਦ ਵੀ ਮੁਹੱਈਆ ਕਰਵਾਉਂਦੇ ਹਨ। ਚੁਣਾਵੀ ਬਾਂਡ ਇੱਕ ਅਜਿਹੀ ਹੀ ਮੱਦਦ ਦਾ ਕਾਨੂੰਨੀ ਰੂਪ ਹੈ। ਅਜਿਹਾ ਕਰਕੇ ਰਾਜ ਕਰਨ ਵਾਲਿਆਂ ਲਈ ਸੌਖਾ ਹੋ ਜਾਂਦਾ ਹੈ ਕਿ ਉਹ ਇਹ ਦਿਖਾ ਸਕਣ ਕਿ ਅਸੀਂ ਐਨੇ ਪੈਸੇ ਚੰਦੇ ਦੇ ਰੂਪ 'ਚ ਲਏ ਅਤੇ ਅਸੀਂ ਇਹਨਾਂ-ਇਹਨਾਂ ਮੱਦਾਂ ਅੰਦਰ ਇਹ ਪੈਸੇ ਖਰਚ ਕੀਤੇ। ਦੋ ਨੰਬਰੀ ਪੈਸਿਆਂ ਦੇ ਰੂਪ 'ਚ ਕੀਤੀ ਉਗਰਾਹੀ ਨੂੰ ਕਾਨੂੰਨੀ ਰੂਪ ਦੇਣ ਦਾ ਇੱਕ ਸੌਖਾ ਢੰਗ ਹੈ- ਚੁਣਾਵੀ ਬਾਂਡ।

ਇਹਦੇ ਨਾਲ ਹੀ ਇੱਕ ਗੱਲ ਇਹ ਵੀ ਜ਼ੋਰ ਨਾਲ ਉੱਭਰਦੀ ਹੈ ਕਿ ਇਸ ਚੁਣਾਵੀ ਮੈਦਾਨ 'ਚ ਨਿੱਤਰਣ ਲਈ ਕਿਸੇ ਸ਼ਖਸ਼ੀਅਤ ਨਾਲੋਂ ਪੈਸੇ ਦੀ ਹੀ ਅਹਿਮੀਅਤ ਹੈ ਅਤੇ ਹਰ ਪਾਰਟੀ ਪੈਸੇ ਦਾ ਬੰਦੋਬਸਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ। ਬਿਨਾਂ ਪੈਸਿਆਂ ਤੋਂ ਇਹਨਾਂ ਚੋਣਾਂ 'ਚ ਜਿੱਤਣਾ ਤਾਂ ਦੂਰ ਖੜ੍ਹਾ ਹੋਕੇ ਪ੍ਰਚਾਰ ਕਰਨ ਤੱਕ ਅੱਪੜਨਾ ਵੀ ਨਿਹਾਇਤ ਹੀ ਔਖਾ ਕੰਮ ਹੈ। ਇਸ ਲਈ ਇਹ 'ਜਮਹੂਰੀਅਤ' ਸਿਰਫ ਪੈਸੇ ਵਾਲਿਆਂ ਦੀ ਹੈ ਨਾ ਕਿ ਆਮ ਲੋਕਾਂ ਦੀ। ਵਪਾਰਕ ਘਰਾਣੇ ਸਿੱਧੇ ਰੂਪ 'ਚ ਸਰਕਾਰ ਨਹੀਂ ਚਲਾ ਸਕਦੇ ਪਰ ਲੋਕਾਂ ਦੇ ਨਾਂ ਹੇਠ ਚੁਣਕੇ ਇਹਨਾਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿੱਚ ਪਹੁੰਚਦਿਆਂ ਹੀ ਇਹ ਨੁਮਾਇੰਦੇ ਲੋਕ ਹਿੱਤਾਂ ਨੂੰ ਦਰਕਿਨਾਰ ਕਰਕੇ ਵਪਾਰਕ ਘਰਾਣਿਆਂ ਦੀ ਸੇਵਾ ਦਾ ਸੰਦ ਬਣ ਜਾਂਦੇ ਹਨ।' ਤੂੰ ਮੇਰਾ ਬਾਈ-ਮੈਂ ਤੇਰਾ ਬਾਈ' ਵਾਲੀ ਖੇਡ ਰਾਹੀਂ ਭਾਰਤੀ ਲੋਕਾਂ ਨੂੰ ਲੁੱਟ-ਚੂੰਢ ਰਹੇ ਹਨ। ਲੋਕਾਈ ਨੂੰ ਇਹਨਾਂ ਦੀ ਖਾਸਾ ਪਛਾਣਕਾਰੀ ਕਰਦਿਆਂ ਆਪਣੇ ਸੰਘਰਸ਼ਾਂ ਦੀ ਧਾਰ ਇਸ ਨਾ-ਬਰਾਬਰੀ ਵਾਲੇ ਲੋਕ ਦੋਖੀ ਪ੍ਰਬੰਧ ਨੂੰ ਮੁੱਢੋਂ ਬਦਲਕੇ ਨਵਾਂ ਸਮਾਜ ਉਸਾਰਨ ਦੇ ਕਾਰਜ ਵੱਲ ਸੇਧਤ ਕਰਨੀ ਚਾਹੀਦੀ ਹੈ।

# Canada-US Trade War: Consequences and Way Out

Paramjit Singh

In the very first month of his second term, US President-elect, Donald Trump unleashed American imperialism by openly expressing his desire to bring Canada, Greenland, the Panama Canal, and the Gaza Strip under the direct control of the US. Some see it simply as rhetoric to send a signal to the world about America's economic and military strength. Others see it as a sign of the beginning of the decline of the global hegemony of American imperialism, arguing that such aggressive assertions of dominance often emerge when a great power perceives its global influence to be waning. Regardless of these interpretations, one thing is certain: Trump's aggressive stance betrays an underlying desire of the American capitalist class and statecraft (which Bernie Sanders recently labelled an oligarchy) to sustain its rule over global capitalism by expanding its control over more territories and markets. This pursuit of greater control has put America's Western allies, especially Canada, in a peculiar and precarious position.

Trump branded this new imperial strategy "Make America Great Again" (MAGA). At its core, this strategy posits a causal link between the deindustrialization of the rest of the world - triggered by Trump's economic warfare tactics, particularly tariffs - and the reindustrialization of the US driven by an inflow of industrial capital. Trump proposed the imposition of 25 percent tariffs on nearly all goods and services imported from Canada and Mexico, which could also extend to China and the European Union. These tariffs, I argue, are part of a broader economic statecraft that US imperialism has long employed to advance its political and economic interests for quite some time now. Since the post-World War II era, US leaders have used various forms of economic statecraft, ranging from sanctions to tariffs to export subsidies, to assert their dominance, particularly against countries seen as adversarial or non-compliant with American imperial objectives. In the 21st century, economic sanctions emerged as the primary tool of US statecraft, with nearly one in ten countries facing some form of sanction. Trump popularized tariffs as an equally powerful tool during his first term (2017-2020), attempting to use them to reshape the global political economy and reinforce US imperial power, including to remake the trade flows in some sectors such as steel and aluminum with Canada. However, the recent tariffs announced by the Trump administration are notable for two reasons: they represent the highest tariff levels imposed by the US since the 1930s and they target America's own allies - Canada, Mexico, and potentially the European Union - marking a shift in US economic diplomacy.



Unsurprisingly, these tariffs have created significant tensions between the US and Canada. In response to Trump's tariff threats and actual imposition, particularly on steel and aluminum imports, Canada announced retaliatory tariffs on a range of US goods, sparking concerns about a potential trade war between the two countries. These tariffs are already presenting immediate challenges for Canada, including slower economic growth, rising unemployment, and higher inflation. More importantly, they expose the structural vulnerability of Canada's economy, which remains heavily dependent on the US market.

This essay addresses issues related to a potential Canada-US trade war. The first part examines the implications of the tariff war on the Canadian economy. The second part proposes potential answers to the question: What is to be done?

**Consequences of Tariff War on the Canadian Economy**

The economic statecraft of the US has long been characterized by its ability to exert pressure on even its closest allies, particularly those with structural dependencies on the US for market access and military security. The sheer size of the US economy allows it to dictate economic terms to its North American partners, Canada and Mexico, whose economies are deeply intertwined with the US. According to the White House Fact Sheet, trade accounts for 73 percent of Canada's GDP (however, according to Global Affairs Canada in 2023, Canadian trade accounted for 67.2 percent of Canada's GDP) and 67 percent of Mexico's GDP, with the majority of their exports and imports directed toward the US In contrast, international trade comprises only 24 percent of the US GDP, and while Canada and Mexico are key trading partners, their leverage over the US remains limited. This structural asymmetry enables the US to impose economic directives on these nations with little fear of equivalent economic retaliation.

Many policymakers, politicians, and scholars argue that Canada should respond to US tariffs by imposing equivalent retaliatory tariffs and diversifying its trade relationships to reduce its dependence on the US While both ideas have some theoretical merits, they are ultimately romantic ideas that tend to overlook practical challenges involved. If Canada were to impose equivalent tariffs on US imports, the overall economic impact on the US would be marginal. Given the size of the US economy, the share of international trade in its total GDP, and the fact that Canadian imports make up only 13 percent of total US imports, such countermeasures would not inflict substantial economic damage on the US In contrast, Canada's dependency on the US means that the economic fallout from a US tariff increase would be far more severe. According to the Bank of Canada (2025), a 25 percent tariff imposed by the US on Canadian goods would lead to a 2.5 percentage point contraction in Canada's GDP in the first year, followed by a 1.5 percentage point contraction in the second year. While Canada might eventually regain economic growth, the overall level of output would be permanently lower due to long-term distortions in investment and production patterns.

The economic dislocation caused by a US-Canada trade conflict would also have severe labour market implications for Canada. The export sector plays a crucial role in maintaining the aggregate level of employment in the Canadian economy, supporting over 3.6 million jobs in 2022 (Statistics Canada, 2024). Of these, 2.4 million jobs are directly linked to exports to the US (Global Affairs Canada, 2023). The disruption of trade flows due to tariffs would inevitably result in job losses, particularly in export-dependent industries such as manufacturing, automotive production, and natural resource extraction. Additionally, the backward linkages of these sectors - such as transportation, logistics, and business services - would further amplify the employment crisis. In the short term, these job losses would place downward pressure on wages and consumer spending, exacerbating the economic downturn.

Beyond its impact on production and employment, a trade war with the US would have immediate and tangible effects on Canadian consumers. The composition of Canada's Consumer Price Index (CPI) basket reveals that 13 percent of household expenditures go to American imported goods. This means that an average Canadian consumer relies on US imports for a significant portion of their monthly purchases. Retaliatory tariffs would raise the prices of these goods and increase the cost of living. Essentials such as fresh fruits, vegetables, juices, meat, etc., many of which are imported from the US, would become more expensive, as would household appliances, clothing, footwear, furniture, and recreational goods such as sports equipment. The inflationary impact of counter-tariffs would disproportionately burden lower- and middle-income households.

To offset the competitive disadvantage imposed by US tariffs, Canada would likely pursue currency devaluation as a policy response, allowing the Canadian dollar to weaken against the US dollar. A devalued Canadian dollar would make Canadian exports more competitive in the US market, partially mitigating the impact of tariffs. However, this strategy comes with significant trade-offs. A weaker Canadian dollar would simultaneously make US imports more expensive for Canadian consumers, intensifying inflationary pressures. Additionally, devaluation could lead to capital outflows and higher borrowing costs.

Thus, this partial equilibrium approach to imposing retaliatory tariffs overlooks the structural economic constraints that limit Canada's ability to effectively counter US economic coercion. In the short run, it is quite possible that these tariffs could be rolled back by the US,

creating the impression that Canada's counter-tariffs were effective. However, they serve as an important warning for Canada to reconsider its economic dependence on the US for this may not be the last time it is subjected to America's economic statecraft. In fact, given the possibilities of a further deepening of the crisis of American imperialism, the economic coercion imposed on Canada could become more brutal than this. Canada's response must go beyond symbolic retaliation and focus on long-term strategies that would have the potential to enhance the economic resilience of the Canadian economy.

**What is to be Done?**

Canadian capitalist organizations and political elites have long assumed that liberalized trade and continental economic integration with the US would serve its best interests. This assumption is rooted in a broader political and institutional architecture with a long history, evolving through different phases. The US has pursued various forms of economic and geopolitical dominance since the 19th century - taking form in projects like a hemispheric 'Manifest Destiny' of US control, post-war foreign policy and military alliances, capital market integration, and resource control.

In response, Canada's economic elites have often positioned trade liberalization as a means of securing economic stability and growth within this framework. This was particularly evident in policy discussions led by institutions like the C.D. Howe Institute and figures such as Wendy Dobson in the early 2000s, which advocated for deeper integration, not just in trade but also in currency and capital flows. The historical trajectory of US-Canada relations, from early resource extraction to the post-war auto and defence industry integration, reflects how Canadian elites have repeatedly aligned their economic strategies with the broader US project, often assuming that liberalized trade would ensure long-term economic benefits for Canada.

Trump's trade policies have, however, exposed the fragility of this assumption, revealing the limits of a strategy premised on alignment with US imperial objectives, and more importantly, this issue extends beyond tariffs. The US has been time to time leveraging its economic dominance to extract 'voluntary' concessions from Canada on issues of critical natural resources access, immigration, border security, and military spending - demonstrating a broader pattern in its foreign policy. As it appears that the crisis of American imperialism would deepen in the coming years, the pressure on close allies of the past would likely become more intense.

If Canada is to consolidate its economic autonomy and sovereignty, 'delinking' from the American economy and the unequally shared institutional architecture is no longer just an option but a necessity. However, this shift cannot be framed as a retreat into nationalist economic sovereignty. As Sam Gindin argues, it requires a democratically driven restructuring process that prioritizes collective economic control. This necessitates a critical reassessment of the foundations of Canadian economic and foreign policy: Should Canada continue embracing neoliberalism? Should it maintain its heavy reliance on international trade that is overwhelmingly centered on the US? Must Canada ever remain the 'empire's ally' and follow the US's imperialist politics including NATO commitments, lead in international economic policy, and broader ambitions?

**Exiting Neoliberal Policies and Addressing Social and Infrastructure Needs**

These questions require serious consideration as the answers will shape the immediate "beggar-thy-neighbour" threats from the US but also Canada's broader socio-economic trajectory. I open space for further discussion on the first two questions, while leaving the third for reflection as it warrants a much deeper and ongoing strategic dialogue.

The tariff war between Canada and the US, combined with the ongoing weakness in the Canadian dollar, will significantly erode the purchasing power of Canadian consumers and exacerbate unemployment. If Canada responds to rising inflation with anti-inflationary austerity measures, it risks falling into a low-equilibrium trap - a self-reinforcing cycle of stagnation and declining economic activity. To avoid this outcome, Canada must pursue an expansionary fiscal policy aimed at boosting aggregate demand through supporting working-class incomes and repaying the decline in social provisioning and public infrastructure. Such a policy would necessitate an increase in the fiscal deficit, financed by heavier taxation on the wealthy, whose marginal propensity to consume (MPC) is relatively low. Taxing the working class whose MPC is high would be counterproductive in this situation, as it would further suppress demand rather than stimulate it. As of 2024, Canada's fiscal deficit stood at approximately 1.5 percent of GDP, with projections indicating a decline to 1.3 percent in 2025-26 and below 1 percent in 2026-27 (Department of Finance, Canada). This trend underscores the government's commitment to so-called fiscal consolidation rather than expansion.

In the neoliberal regime, the feasibility of an expansionary fiscal approach is constrained by structural and ideological barriers. The dominance of neoclassical economic ideology in policymaking, both in Canada and globally, has led to a persistent aversion to higher taxation on the wealthy, limiting the state's capacity to finance employment and demand-driven economic growth. Moreover, Canada's deep integration into international finance capital networks further restricts its ability to expand the role of the state in employment generation and income redistribution. Any move toward fiscal expansion, particularly one involving capital controls or wealth redistribution, would likely be perceived by international finance capital as a deviation from the principles of neoliberal capitalism. In a neoliberal regime, the constraints imposed by financial globalization make it exceedingly difficult to implement policies that would both regulate cross-border capital flows and strengthen labour's bargaining power - two essential components of a genuine expansionary fiscal response. A pro-employment growth strategy, therefore, requires strong resistance against the austerity economics of the contemporary neoliberal regime of Canada from the unions and progressive political organizations.

**Rethinking Overreliance on International Trade**

Canada needs to revisit its overreliance on foreign trade as the primary engine of growth vis-à-vis reliance on the internal and structural balance of the economy. The imposition of tariffs on Canada seems to have pushed political and economic elites, as well as many progressives, to defend the status - quo ante in terms of the current free trade agreements.

However, the pro-free trade argument espoused by many economists, including the classic defences of international trade theories, from David Ricardo to Paul Krugman, is based on very strong postulates. The overall argument goes as follows as presented by (Ricardo, 1817):

"Under a system of perfectly free commerce, each country naturally devotes its capital and labour to such employments as are most beneficial to each. This pursuit of individual advantage is admirably connected with the universal good of the whole. By stimulating industry, by rewarding ingenuity, and by using most efficaciously the peculiar powers bestowed by nature, it distributes labour most effectively and most economically: while, by increasing the general mass of productions, it diffuses general benefit, and binds together by one common tie of interest and intercourse, the universal society of nations throughout the civilized world."

This argument rests on a strong assumption: that all factors of production in countries engaged in international trade are "fully employed" both before and after trade. This means trade does not lead to the employment of additional resources but merely alters the composition of production within each country. In other words, international trade does not shift the production possibility frontier outward but instead results in movement along it, allowing countries to reallocate resources in a way that increases the post-trade availability of goods in both countries. Building on this, the additional assumption of the pro-free trade argument is that trade is fundamentally cooperative and serves to enhance material well-being. However, in reality, capitalist free trade operates under a "beggar-thy-neighbour" logic, where competition between nations mirrors the way capitalism compels workers to compete for jobs and wages which unions often resist. Likewise, rather than fostering mutual benefit, free trade often reinforces economic asymmetries, privileging dominant economies at the expense of weaker ones (Patnaik, 2025).

This does not imply that any state should disengage from international trade. Rather, trade should not constrain the country's ability to diversify its domestic production to meet domestic needs through a strategy of actively managing trade and steadily moving to control and plan the international sector of the economy. A genuinely cooperative trade regime would prioritize economic complementarity, where countries exchange goods in a manner that meets each other's demand rather than viewing trade as a means to extract surpluses at the expense of trading partners (Patnaik, 2024). To achieve this, Canada must prioritize full resource utilization, including full employment of labour, as a central objective of economic policy, with trade serving as a means to realize this goal. Additionally, Canada should prefer bilateral trade agreements based on stable exchange rates, ensuring that trade is not pursued as a zero-sum game but as a mutually beneficial exchange.

All this necessitates a fundamental restructuring of the economy, economic policy, and social attitudes. Some critical questions are: What should be the ultimate objective of economic policy? Should it aim for self-sufficiency or perpetuate dependency? Should it prioritize meeting the needs of the domestic population through sustainable resource use and international cooperation, or should it extend imperial reach to appropriate the resources of other countries for corporate gain? Should the state passively follow neoliberal mandate, or actively shape trade and industrial policy to serve larger social interests? And ultimately, should economic policy be dictated by short-term profitability, or by the long-term goal of creating a more just, equitable, and ecologically sustainable society? Answering these questions requires steadily pursuing international solidarity, an egalitarian international economic policy regime, and maximizing the capacity for a diversity of ecologically-responsible, economic development paths.

**Paramjit Singh is associated with York University, Toronto, and Panjab University, Chandigarh, India.**

## ਇਨਕਲਾਬੀ ਦੋਸਤ ਨੂੰ...

ਐ ਮੇਰੇ ਦੋਸਤ
ਤੂੰ ਲਿਖਦਾ ਹੈਂ
ਉਮੀਦਾਂ ਦਾ ਪਾਣੀ ਨਿੱਤ
ਦਿਹਾੜੇ ਡੂੰਘਾ ਹੋਈ ਜਾਵੇ
ਤੇ ਤੇਰੇ ਸੁਪਨਾ...
ਔੜ ਮਾਰੇ ਖੇਤ ਵਿਚ
ਉੱਗੇ ਘਾਹ ਵਾਂਗ
ਪਾਣੀ ਨੂੰ ਤਰਸਦਾ ਮੋਈ ਜਾਵੇ
ਪਰ ਦੋਸਤ...
ਉਮੀਦ ਦੀਆਂ ਡੋਰੀਆਂ ਹੋਰ ਲੰਬੀਆਂ ਕਰੋ
ਪਾਣੀ ਹਾਲੇ ਹੋਰ ਡੂੰਘੇ ਜਾਣਗੇ।
ਇਨਕਲਾਬ ਖੇਤ 'ਚ ਉੱਗੀ ਬਰੂ ਦੀ
ਤਿੜ ਵਾਂਗ ਹੀ ਹੈ...
ਜਿਸਨੂੰ ਘਾਹ ਦੀ ਤਿੜ ਨੇ ਕਿਹਾ...
"ਮੈਂ ਮੁਰਝਾ ਰਹੀ ਹਾਂ
ਮੀਂਹ ਦੀ ਕਿਤੇ ਬੂੰਦ ਵੀ ਨਹੀਂ ਦਿਸਦੀ
ਮੈਂ ਤਾਂ ਸੁੱਕ ਰਹੀ ਹਾਂ
ਖਤਮ ਹੋ ਰਹੀ ਹਾਂ
ਮੇਰਾ ਅੰਤ ਆ ਚੱਲਿਆ"
ਬਰੂ ਦੀ ਤਿੜ ਬੋਲੀ...
"ਐਵੇਂ ਦਿਲ ਛੋਟਾ ਨਾ ਕਰੀ ਚੱਲ,
ਮੇਰੇ ਵੱਲ ਵੇਖ...
"ਮੈਨੂੰ ਹਾਲੇ ਘਾਹੀ ਨੇ
ਖੋਤ ਕੇ ਲੈ ਜਾਣਾ ਏਂ
ਫਿਰ ਉਸਨੇ ਮੈਨੂੰ ਸੁਥਾਉਣਾ ਏਂ
ਤੇ ਫੇਰ...
ਕਿਸੇ ਚਿੜੀ ਨੇ ਆਲ੍ਹਣਾ ਬਣਾਉਣ ਲਈ
ਮੈਨੂੰ ਚੁੱਕ ਲੈ ਜਾਣਾ ਏਂ,
ਤੇ ਫੇਰ...
ਮੈਂ ਉਸਦੇ ਬੋਟ ਪਾਲਣੇ ਨੇ...
ਜਦੋਂ ਫਿਰ ਆਲ੍ਹਣਾ ਟੁੱਟ ਕੇ ਡਿੱਗੇਗਾ
ਤਾਂ ਮੈਨੂੰ ਮਿੱਟੀ ਨਸੀਬ ਹੋਵੇਗੀ
ਫਿਰ ਮੈਂ ਮੀਂਹ ਦੀ ਉਡੀਕ ਕਰਾਂਗੀ
ਪਹਿਲਾਂ ਖੁਸ਼ਕ ਤੇ ਸਖ਼ਤ ਹਵਾਵਾਂ ਚੱਲਣਗੀਆਂ
ਮੈਂ ਜੇਰਾ ਕਰਕੇ ਉਨ੍ਹਾਂ ਦਾ
ਮੁਕਾਬਲਾ ਕਰਾਂਗੀ
ਫਿਰ ਆਉਣਗੀਆਂ ਚੜ੍ਹ ਕੇ
ਕਾਲੀਆਂ ਘਟਾਵਾਂ
ਰਹਿਮਤ ਦਾ ਮੀਂਹ ਵਰ੍ਹੇਗਾ
ਸਭ ਇਕਮਿਕ ਕਰ ਦੇਵੇਗਾ
ਧਰਤੀ ਦੀ ਹਿੱਕ ਠਰੇਗੀ
ਖੁਸ਼ੀਆਂ ਮੌਲਣਗੀਆਂ ਚੁਫ਼ੇਰੇ
ਤੇ ਆਪਾਂ ਉਮਗਾਂਗੇ, ਮੌਲਾਂਗੇ,
ਖੇਡਾਂਗੇ ਰੌਸ਼ਨੀਆਂ ਸੰਗ,
ਝੂੰਮਾਂਗੇ ਹਵਾਵਾਂ ਸੰਗ
ਤੇ ਤੂੰ ਏਡੀ ਛੇਤੀ ਦਿਲ ਛੋਟਾ ਨਾ ਕਰ...
ਹਾਲੇ ਤੇ ਸਾਡੇ ਉੱਗਣ ਲਈ ਤਿਆਰ ਹੋ
ਰਹੀ ਹੈ ਇਹ ਮਿੱਟੀ
ਜਿਸ 'ਚ ਭਰਮਾਂ ਨੂੰ ਮੁਕਾਉਣ ਲਈ,
ਰੌਸ਼ਨੀਆਂ ਖਿੰਡਾਉਣ ਲਈ
ਇਨਕਲਾਬ ਦਾ ਛਿੱਟਾ
ਬਾਬੇ ਨਾਨਕ ਨੇ ਦਿੱਤਾ
ਜ਼ੁਲਮੀ ਦਾ ਜ਼ੋਰ ਮੁਕਾਉਣ ਲਈ
ਝੂਠ ਦਾ ਟਿੱਲ ਅਜਮਾਉਣ ਲਈ
ਸਬਰ ਦਾ ਸਰਵਰ ਗੁਰੂ ਅਰਜਨ ਨੇ ਦਿੱਤਾ
ਮਜ਼ਲੂਮਾਂ ਨੂੰ, ਗਰੀਬਾਂ ਨੂੰ,
ਉਹਨਾਂ ਸੁੱਤੇ ਤਬੀਬਾਂ ਨੂੰ
ਗੁਰੂ ਹਰਗੋਬਿੰਦ ਨੇ ਫੜ ਕੇ ਉਠਾ ਦਿੱਤਾ
ਕਿਵੇਂ ਰਾਜ ਲੈ ਲੈਣਾ ਤੁਸੀਂ,
ਹੱਕ ਸੱਚ ਲਈ ਖੜ੍ਹੇ ਰਹਿਣਾ ਤੁਸੀਂ
ਸੁੱਤਿਆਂ ਨੂੰ ਜਗਾਇਆ ਤੇ
ਹੱਥ ਖੰਡਾ ਫੜਾ ਦਿੱਤਾ...
ਮਾਨਵਤਾ ਬਚਾਉਣ ਲਈ
ਜੁਅਰਤ ਉਗਮਾਉਣ ਲਈ
ਪਾਣੀ ਦੀ ਜਗ੍ਹਾ ਲਹੂ
ਗੁਰੂ ਤੇਗ ਬਹਾਦਰ ਨੇ ਦਿੱਤਾ
ਗੁਰੂ ਗੋਬਿੰਦ ਸਿੰਘ ਨੇ ਫਿਰ,
ਹਿੰਦ ਦੀ ਜਿੰਦ ਨੇ ਫਿਰ
ਅੰਮ੍ਰਿਤ ਦਾ ਛਿੱਟਾ ਦਿੱਤਾ...

ਜੋ ਅੰਦਰੋਂ ਸੀ ਮੋਏ ਹੋਏ
ਬਿਨਾਂ ਸੀਸ ਤੋਂ ਜੋ ਹੋਏ
ਚਾਨਣ ਜਾ ਸਿਰ ਲਾ ਦਿੱਤਾ...
ਕਰਕੇ ਬਰਾਬਰ ਸਾਰੇ
ਫ਼ਰਕਾਂ ਤੋਂ ਨਾਬਰ ਸਾਰੇ
ਜਿਹੜੇ ਸੀ ਸਦੀਆਂ ਤੋਂ ਮਾਰੇ
ਉਨ੍ਹਾਂ ਸਿਰ ਤਾਜ ਧਰ ਦਿੱਤਾ
ਕੋਈ ਗੱਲ ਨਹੀਂ...
ਜੇ ਔੜ ਬੜੀ ਹੈ...
ਰਾਖਸ਼ਾਂ ਦੀ ਕਾਂਗ ਚੜ੍ਹੀ ਹੈ
ਜ਼ੁਲਮਾਂ ਦੀ ਖੱਖ ਚੜ੍ਹੀ ਹੈ....
ਮਿੱਟੀ ਇਹ ਵਾਹ ਹੋ ਰਹੀ ਹੈ
ਉਲਟਾ ਪੁਲਟਾ ਹੋ ਰਹੀ ਹੈ
ਅੰਮ੍ਰਿਤ ਹੈ ਕਣ ਕਣ ਵਿਚ ਇਸਦੇ
ਉੱਗਣਗੇ ਰੌਸ਼ਨ ਸਿਰ ਇਕ ਦਿਨ
'ਪਹਿਚਾਨਣਗੇ ਭਾਈ ਭਾਈ,
ਇਕ ਦੂਜੇ ਨੂੰ ਜਿਸ ਦਿਨ"
(ਸਾਰੇ ਕਿਰਤੀ ਕਿਸਾਨ)
ਪਹਿਲਾਂ ਵੀ ਸਮੇਂ ਸਮੇਂ ਸਿਰ
ਇਸ 'ਚ ਉੱਗੇ ਨੇ ਰੌਸ਼ਨ ਵਿਚ...
ਕਰਤਾਰ ਸਰਾਭੇ ਵਰਗੇ
ਭਕਨੇ ਜਿਹੇ ਬਾਬੇ ਵਰਗੇ
ਸੁਖਦੇਵ, ਭਗਤ ਸਿੰਘ ਜਿਹੇ
ਊਧਮ ਸਿੰਘ, ਜਗਤ ਸਿੰਘ ਜਿਹੇ
ਢਿੱਲੋਂ ਤੇ ਸਹਿਗਲ ਵਰਗੇ
ਸੁਭਾਸ਼, ਸ਼ਾਹ ਨਵਾਜ਼ ਵਰਗੇ
ਸ਼ਮਾ ਫੜ ਇਨਕਲਾਬ ਦੀ,
ਵਤਨ ਨੂੰ ਰੌਸ਼ਨ ਕਰਗੇ
ਇਹ ਮਿੱਟੀ ਜਰਖੇਜ਼ ਬੜੀ ਹੈ
ਕਣ ਕਣ ਵਿਚ ਅੰਮ੍ਰਿਤ ਇਸ ਦੇ
ਗੁਰੂ ਗੋਬਿੰਦ ਦੀ ਪਾਣ ਚੜ੍ਹੀ ਹੈ
ਤੂੰ ਐਵੇਂ ਦਿਲ ਨਾ ਛੱਡੀਂ,
ਕਿਵੇਂ ਐਵੇਂ ਦਿਲ ਨਾ ਛੱਡੀਂ...

**ਪਰਦੀਪ ਸਿੰਘ ਗਰੇਵਾਲ**
**ਖਾਨਪੁਰ (ਮਾਲੇਰਕੋਟਲਾ)**

## ਦੇਸ਼ ਭਗਤ ਫ਼ੌਜੀ

ਮੈਂ ਲਕੀਰ ਦੇ ਇੱਧਰ ਮਰਿਆ
ਤੂੰ ਲਕੀਰ ਦੇ ਉੱਧਰ ਮਰਿਆ
ਬੱਸ ਇੱਕ ਪਤਲੀ ਜਿਹੀ ਲਕੀਰ ਦਾ ਹੀ ਫ਼ਰਕ ਸੀ
ਮੈਂ ਖ਼ੂਨ ਨਾਲ ਜ਼ਮੀਨ ਇੱਧਰ ਸਿੰਝੀ
ਤੂੰ ਖ਼ੂਨ ਨਾਲ ਜ਼ਮੀਨ ਉੱਧਰ ਸਿੰਝੀ
ਮਾਂ, ਬਾਪ, ਭੈਣ, ਭਰਾ,ਪਤਨੀ, ਬੱਚੇ
ਮੇਰੇ ਇੱਧਰ ਰੋਂਦੇ ਨੇ
ਤੇਰੇ ਉੱਧਰ ਰੋਂਦੇ ਨੇ
ਮੈ ਇੱਧਰ ਕੀ ਖੱਟਿਆ
ਤੂੰ ਉੱਧਰ ਕੀ ਖੱਟਿਆ

ਜਿਨ੍ਹਾਂ ਲਈ ਤੂੰ ਉੱਧਰ ਮਰਿਆ
ਜਿਨ੍ਹਾਂ ਲਈ ਮੈਂ ਇੱਧਰ ਮਰਿਆ
ਉਹ ਲੀਡਰ, ਮੁਸਕੜੀਆਂ ਰਾਹੀਂ
ਹੱਸ ਕੇ ਕਹਿੰਦੇ, ਅਫ਼ਸੋਸ ਹੋਇਆ!!
ਮਸ਼ਕਰੀਆਂ ਨਾਲ ਹੱਸਣ ਵਾਲੇ ਲੀਡਰ
ਉੱਧਰ ਤੇਰੇ ਪਰਿਵਾਰ ਦਾ ਸ਼ੋਸ਼ਣ ਕਰਨਗੇ
ਇੱਧਰ ਮੇਰੇ ਪਰਿਵਾਰ ਦਾ ਸ਼ੋਸ਼ਣ ਕਰਨਗੇ
ਮੈ ਇੱਧਰ ਕੀ ਖੱਟਿਆ
ਤੂੰ ਉੱਧਰ ਕੀ ਖੱਟਿਆ
ਮੈਂ ਲਕੀਰ ਦੇ ਇੱਧਰ ਮਰਿਆ
ਤੂੰ ਲਕੀਰ ਦੇ ਉੱਧਰ ਮਰਿਆ

ਆਪਣਾ ਖ਼ੂਨ ਪੀਣ ਵਾਲੀਆਂ ਜੋਕਾਂ,
ਇੱਧਰ ਵੀ ਐਸ਼ ਕਰਨਗੀਆਂ
ਉੱਧਰ ਵੀ ਐਸ਼ ਕਰਨਗੀਆਂ
ਸਰਮਾਏਦਾਰਾਂ ਦੇ ਸਰਮਾਏ ਦੀ ਰਾਖੀ ਲਈ
ਤੂੰ ਲਕੀਰ ਦੇ ਉੱਧਰ ਮਰਿਆ
ਮੈਂ ਲਕੀਰ ਦੇ ਇੱਧਰ ਮਰਿਆ
ਮੈ ਇੱਧਰ ਕੀ ਖੱਟਿਆ
ਤੂੰ ਉੱਧਰ ਕੀ ਖੱਟਿਆ

ਤੇਰਾ ਪਰਿਵਾਰ ਪੈਨਸ਼ਨ ਲੈਣ ਲਈ
ਉੱਧਰ ਨੱਕ ਨਾਲ ਲਕੀਰਾਂ ਕੱਢੂਗਾ
ਮੇਰਾ ਪਰਿਵਾਰ ਇੱਧਰ ਕੱਢੂਗਾ
ਤੇਰੇ ਬੱਚੇ ਡੈਡੀ ਦੀ ਬੁੱਕਲ ਦਾ
ਨਿੱਘ ਮਾਨਣ ਲਈ
ਉੱਧਰ ਤਰਸਣਗੇ
ਮੇਰੇ ਇੱਧਰ ਤਰਸਣਗੇ
ਮੈਂ ਲਕੀਰ ਦੇ ਇੱਧਰ ਮਰਿਆ
ਤੂੰ ਲਕੀਰ ਦੇ ਉੱਧਰ ਮਰਿਆ
ਮੈ ਇੱਧਰ ਕੀ ਖੱਟਿਆ
ਤੂੰ ਉੱਧਰ ਕੀ ਖੱਟਿਆ

ਭਾਵੇ ਧੁੰਦ ਹੋਵੇ ਜਾਂ 'ਸੰਨੀ ਡੇਅ'
ਤੇਰੀ ਧੀ ਨੂੰ ਉੱਧਰ
ਬਚਾ ਬਚਾ ਕੇ ਅੰਡਿਆ 'ਤੇ ਤੁਰਨਾ ਪੈਣਾ
ਮੇਰੀ ਧੀ ਨੂੰ ਇੱਧਰ
ਨੌਕਰੀ ਲੈਣ ਲਈ
ਤੇਰੇ ਮੁੰਡੇ ਨੂੰ ਉੱਧਰ ਟੈਂਕੀਆਂ 'ਤੇ ਚੜ੍ਹਨਾ ਪੈਣਾ
ਮੇਰੇ ਮੁੰਡੇ ਨੂੰ ਇੱਧਰ
ਮੈਂ ਲਕੀਰ ਦੇ ਇੱਧਰ ਮਰਿਆ
ਤੂੰ ਲਕੀਰ ਦੇ ਉੱਧਰ ਮਰਿਆ
ਮੈਂ ਇੱਧਰ ਕੀ ਖੱਟਿਆ
ਤੂੰ ਉੱਧਰ ਕੀ ਖੱਟਿਆ



**ਸਨੀ ਧਾਲੀਵਾਲ**

## ਸ਼ਹੀਦ ਭਗਤ ਸਿੰਘ

ਮੇਰੇ ਦਾਦੇ ਦੇ ਜਨਮ ਵੇਲੇ
ਤੂੰ ਬਾਰਾਂ ਵਰ੍ਹਿਆਂ ਦਾ ਸੀ
ਜਲ੍ਹਿਆਂਵਾਲੇ ਬਾਗ ਦੀ ਮਿੱਟੀ ਨਮਸਕਾਰਦਾ

ਦਾਦਾ ਬਾਰਾਂ ਵਰ੍ਹਿਆਂ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਤੇਰਾ ਸ਼ਹੀਦੀ ਵੇਲਾ ਸੀ

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
24 ਸਾਲਾ ਭਰ ਜਵਾਨ ਗੱਭਰੂ ਸੀ

ਮੇਰੇ ਪਿਤਾ ਦੇ ਗੱਭਰੂ ਹੋਣ ਵੇਲੇ ਵੀ
ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ

ਮੈਂ 24 ਸਾਲ ਦਾ ਹੋਇਆ
ਤਾਂ ਵੀ ਤੂੰ
24 ਸਾਲਾ ਭਰ ਜਵਾਂਨ ਗੱਭਰੂ ਸੀ
ਮੈਂ 25, 26,27 ....37 ਸਾਲ ਦਾ ਹੋਇਆ
ਤੂੰ 24 ਸਾਲਾ ਭਰ ਜਵਾਨ ਗੱਭਰੂ ਹੀ ਰਿਹਾ

ਮੈਂ ਹਰ ਜਨਮ ਦਿਨ ਤੇ
ਬੁਢਾਪੇ ਵੱਲ ਇਕ ਸਾਲ ਵਧਦਾ ਹਾਂ
ਤੂੰ ਹਰ ਸ਼ਹੀਦੀ ਦਿਨ ਤੇ
24 ਸਾਲਾ ਭਰ ਜਵਾਨ ਗੱਭਰੂ ਹੀ ਹੁੰਦਾ ਹੈਂ

ਉਂਝ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ ਨੇ
ਜਿਉਂਦਾ ਰਹੇਂ ਸਦਾ ਜਵਾਨੀਆਂ ਮਾਣੇ
ਪਰ ਤੂੰ ਸੱਚ-ਮੁੱਚ ਜਿਉਂਦਾ ਹੈਂ ਭਰ ਜਵਾਨ ਗੱਭਰੂ
ਸਦਾ ਜਵਾਨੀਆਂ ਮਾਣਦਾ ਹੈਂ
ਤੇ ਜਿਹਨਾ ਅਜੇ ਪੈਦਾ ਹੋਣਾ ਹੈ
ਉਹਨਾਂ ਗੱਭਰੂਆਂ ਦੇ ਵੀ ਹਾਣਦਾ ਹੈਂ।

**- ਜਸਵੰਤ ਜ਼ਫ਼ਰ**


## ਜੱਟ ਦਾ ਗੱਡਾ !



ਜੱਟ ਦਾ ਗੱਡਾ
ਹੁਣ ਖੇਤਾਂ 'ਚ ਘੱਟ
ਤੇ ਜੀ. ਟੀ. ਰੋਡ 'ਤੇ
ਵੱਧ ਦੁਹਾਈਆਂ ਪਾਉਂਦਾ!
4 ਲੱਖ ਦਾ ਸਪੀਕਰ ਲਾਇਆ
ਉੱਚੀ-ਉੱਚੀ ਵਜਾਉਂਦਾ!
ਭੱਠਿਆਂ 'ਤੇ ਇੱਟਾਂ ਢੌਂਹਦਾ!
ਟਰਾਲੀ 'ਚ ਟਰੱਕ ਜਿੰਨਾ
ਰੇਤਾ ਪਾਉਂਦਾ, ਸ਼ਹਿਰ ਪਹੁੰਚਾਉਂਦਾ!
ਨੱਕੋ-ਨੱਕ ਤੂੜੀ-ਪਰਾਲੀ ਲੱਦ ਕੇ
ਫੈਕਟਰੀਆਂ ਦੀ ਭੁੱਖ ਮਿਟਾਉਂਦਾ!
ਆਲੂ ਦੀਆਂ ਬੋਰੀਆਂ ਭਰ ਕੇ,
ਗੰਨਿਆਂ ਦੀ ਟੀਸੀ ਕੱਢਕੇ
ਟਿੱਪਰਾਂ ਨੂੰ ਦੰਦ ਚੜ੍ਹਾਉਂਦਾ!
ਦੋ-ਦੋ ਟਰਾਲੀਆਂ ਪਿੱਛੇ ਪਾਉਂਦਾ,
ਕਿਰਾਇਆ ਢੌਂਹਦਾ,
ਨੋਟ ਕਮਾਉਂਦਾ,
18 ਟਾਇਰੀ ਨੂੰ 'ਗੂਠਾ ਦਿਖਾਉਂਦਾ!
'ਜੱਟ' ਹੋਣ ਦਾ ਜੌਹਰ ਵਿਖਾਉਂਦਾ!
ਕਦੀ ਮੇਲਿਆਂ 'ਚ ਖਰਮਸਤੀਆਂ ਕਰਦਾ
ਕਦੀ ਸੜਕਾਂ 'ਤੇ ਧਮਾਲਾਂ ਪਾਉਂਦਾ।
'ਜੱਟ ਦਾ ਗੱਡਾ' ਹੁਣ ਖੇਤਾਂ ਦਾ ਨਹੀਂ,
'ਸੜਕਾਂ ਦਾ ਰਾਜਾ' ਅਖਵਾਉਂਦਾ!
'ਸੜਕਾਂ ਦਾ ਰਾਜਾ' ਸਦਵਾਉਂਦਾ!

**ਸੁਖਦੇਵ ਸਲੇਮਪੁਰੀ**
**9780620233**

## ਜਿਊਂਦ ਨਵੀਂ ਪਿਊਂਦ



ਮਾਏ ਤੇਰਾ ਪੁੱਤ ਲਾਡਲਾ
ਅੱਜ ਵੱਖਰੇ ਸਕੂਲ ਵਿੱਚ ਆਇਆ
ਮਨ ਦੀ ਕਿਤਾਬ ਖੋਲ੍ਹ ਕੇ
ਹੱਥ ਸੋਚ ਕੇ ਝੰਡੇ ਨੂੰ ਪਾਇਆ
ਮਾਏ ਤੇਰਾ ਪੁੱਤ ਲਾਡਲਾ

ਅੱਜ ਨੀ ਸਕੂਲੇ ਜਾਵਣਾ
ਅੱਜ ਚੱਲ ਕੇ ਸਕੂਲ ਘਰ ਆਇਆ
ਅੰਮੀ ਨੇ ਮੇਰਾ ਮੁੱਖ ਚੁੰਮਿਆ
ਨਾਲੇ ਦਹੀ ਦਾ ਛੰਨਾ ਮੂੰਹ ਲਾਇਆ
ਦੱਸਿਆ ਜੋ ਮਾਂ ਗੁਜਰੀ
ਮੇਰੀ ਅੰਮੜੀ ਨੇ ਬੋਲ ਹੈ ਪੁਗਾਇਆ
ਮਾਏ ਤੇਰਾ ਪੁੱਤ ਲਾਡਲਾ

ਸਰ੍ਹੋਂ ਦੇ ਨੇ ਖੇਤ ਖਿੜ ਗਏ
ਤੱਕ ਫੁੱਲਾਂ ਜਿਹੀਆਂ ਪੱਗਾਂ ਅਤੇ ਚੁੰਨੀਆਂ
ਨਵੀਂ ਇਹ ਬਸੰਤ ਰੁੱਤ ਹੈ
ਗੱਲਾਂ ਪਿੰਡਾਂ ਦੀਆਂ ਸੱਥਾਂ ਵਿੱਚ ਹੁੰਦੀਆਂ
ਬੰਦਾ ਸਿਓਂ ਬਹਾਦਰ ਅਤੇ
ਦੁੱਲੇ ਭੱਟੀ ਦਾ ਕਬੀਲਾ ਪਿੰਡ ਆਇਆ
ਮਾਏ ਤੇਰਾ ਪੁੱਤ ਲਾਡਲਾ

ਕਦੇ ਉਹ ਸਰਾਭਾ ਲੱਗਦੈ ਕਦੇ
ਲੱਗਦੈ ਭਗਤ ਸਿਓਂ ਆਇਆ
ਬਣਿਆਂ ਵਲੰਟੀਅਰ ਉਹ
ਜਿਊਂਦ ਪਿੰਡ ਦੀ ਧਰਤ ਦਾ ਜਾਇਆ
ਅੱਖੀਆਂ ਚ ਸੁਪਨੇ ਖਿੜੇ
ਉਹਦੇ ਮੁੱਖੜੇ ਤੇ ਚੰਨ ਚੜ੍ਹ ਆਇਆ
ਮਾਏ ਤੇਰਾ ਪੁੱਤ ਲਾਡਲਾ

ਆਖਦਾ ਮਲੂਕੜਾ ਜਿਹਾ ਸਾਥੋਂ
ਐ ਕਿਵੇਂ ਖੋਹ ਲਊ ਕੋਈ ਜਮੀਨਾ
ਮਾਂ ਜਿਹੀ ਧਰਤੀ ਲਈ
ਅਸੀਂ ਖੜ੍ਹ ਗਏ ਤਾਣ ਕੇ ਸੀਨਾ
ਸਾਡਿਆਂ ਤਾਂ ਬੇਲੀਆਂ ਨੇ
ਹੁਣ ਜੂਝਣੇ ਦਾ ਮਤਾ ਹੈ ਪਕਾਇਆ
ਮਾਏ ਤੇਰਾ ਪੁੱਤ ਲਾਡਲਾ!

**- ਅਮੋਲਕ ਸਿੰਘ**

## ਰੱਬ ਦਾ ਯੱਬ

ਰੱਬ ਦਾ ਯੱਬ ਮੁਕਾ ਬੈਠੇ ਆਂ
ਕਈ ਵਾਰ ਅਜ਼ਮਾ ਬੈਠੇ ਆਂ

ਚੁਸਤ ਚਲਾਕਾਂ ਘੜਿਆ ਤੈਨੂੰ,
ਲੋਕਾਂ ਦੇ ਸਿਰ ਮੜਿਆ ਤੈਨੂੰ,
ਮੂਰਖਾਂ ਘੁੱਟ ਕੇ ਫੜਿਆਂ ਤੈਨੂੰ,
ਅਸੀਂ ਤਾਂ ਜਾਨ ਛੁਡਾ ਬੈਠੇ ਆ..
ਰੱਬ ਦਾ ਯੱਬ ..

ਸਭ ਖੂੰਜੇ ਮੈਂ ਨਾਪੇ ਤੇਰੇ,
ਰੱਬਾ ਬੜੇ ਸਿਆਪੇ ਤੇਰੇ,
ਡਰ ਤੇ ਲਾਲਚ ਮਾਪੇ ਤੇਰੇ,
ਖ਼ੁਦ ਨੂੰ ਸੱਚ ਦਿਖਾ ਬੈਠੇ ਆਂ..
ਰੱਬ ਦਾ ਯੱਬ...

ਲੀਡਰ ਪੰਡਤ ਮੁਲਾ ਭਾਈ,
ਤੇਰੇ ਨਾਂ ਦੀ ਦੇਣ ਦੁਹਾਈ ,
ਕੀਤੇ ਏਹਨਾ ਲੋਕ ਸ਼ਦਾਈ,
ਕਈ ਵਾਰੀ ਸਮਝਾ ਬੈਠੇ ਆਂ...
ਰੱਬ ਦਾ ਯੱਬ...

ਨਾਂ ਤੂੰ ਬਾਹਰ ਨਾਂ ਹੀ ਅੰਦਰ,
ਨਾ ਤੂੰ ਵਿੱਚ ਮਸੀਤੀ ਮੰਦਰ,
ਪੁਜਾਰੀ ਰਚਿਆ ਸਭ ਅਡੰਬਰ,
ਹਰ ਦਾਵਾ ਝੁਠਲਾ ਬੈਠੇ ਆਂ...
ਰੱਬ ਦਾ ਯੱਬ ...

ਨਿੱਤ ਨਵੀਂ ਸ਼ਰਾਰਤ ਤੇਰੇ ਨਾਂ ਤੇ,
ਕਤਲੋ-ਗਾਰਤ ਤੇਰੇ ਨਾਂ ਤੇ,
ਮਨਘੜਤ ਇਬਾਰਤ ਤੇਰੇ ਨਾਂ ਤੇ ,
ਹਰ ਵਰਕਾ ਪਲਟਾਅ ਬੈਠੇ ਆਂ...
ਰੱਬ ਦਾ ਯੱਬ...

ਬੱਸ ਕਰ ਪੰਡਤਾਂ ਬੱਸ ਕਰ ਹੁਣ ਤੂੰ,
ਕੀ ਕਹਿੰਦੀ ਇਹ ਕੁਦਰਤ ਸੁਣ ਤੂੰ,
ਨਵਾਂ ਕੋਈ ਹੁਣ ਜਾਲ ਨਾਂ ਬੁਣ ਤੂੰ,
ਧੋਖੇ ਬੜੇ ਹੀ ਖਾ ਬੈਠੇ ਆਂ....
ਰੱਬ ਦਾ ਯੱਬ...

ਕਾਮਲ ਮੁਰਸ਼ਦ ਰਾਹ ਦਿਖਾਇਆ,
ਅਪਣਾ ਦੀਵਾ ਆਪ ਜਗਾਇਆ,
'ਸਾਗਰ' ਨੇਰ੍ਹਾ ਦੂਰ ਭਜਾਇਆ,
ਸੋਚਾਂ ਨੂੰ ਰੁਸ਼ਨਾ ਬੈਠੇ ਆਂ

ਰੱਬ ਦਾ ਯੱਬ ਮੁਕਾ ਬੈਠੇ ਆਂ।
ਕਈ ਵਾਰ ਅਜ਼ਮਾ ਬੈਠੇ ਆਂ

**- ਸੁਰਿੰਦਰ 'ਸਾਗਰ'**

## ਇੱਕ ਚੀਸ

ਇਸ ਜ਼ਿੰਦਗੀ 'ਚ ਯਾਰ, ਦੁੱਖੜੇ ਬੜੇ ਨੇ,
ਦਿਲ ਬੁਝੇ ਹਉਕਿਆਂ ਨਾਲ, ਕਲੇਜੇ ਸੜੇ ਨੇ।

ਏਥੇ ਤਾਂ ਕੋਈ ਦੋਸਤੋ, ਉਡੀਕ ਹੀ ਨਹੀਂ ਕਰਦੈ,
ਡੋਬਦੇ ਨੇ ਅੱਧ ਵਿਚਕਾਰ, ਇਹ ਕੱਚੇ ਘੜੇ ਨੇ।

ਸੁਣਿਐ ਸੀ ਤੇਰੇ ਸ਼ਹਿਰ ਵਿੱਚ, ਫੁੱਲਾਂ ਦੇ ਬਾਗ ਨੇ,
ਠੋਹਕਰ ਲੱਗੀ ਤਾਂ ਵੇਖਿਆ, ਪੱਥਰ ਬੜੇ ਨੇ।

ਖ਼ੁਦਾ ਦੀ ਇਬਾਦਤ ਤਾਂ, ਹੁਣ ਲੋਕ ਵਿਖਾਵਾ ਹੈ,
ਲੋਕਾਂ ਨੇ ਰਹਿਬਰਾਂ ਨੂੰ, ਫਰੇਮਾਂ 'ਚ ਜੜੇ ਨੇ।

ਕੇਹੀ ਰੁੱਤ ਏ ਚੰਦਰੀ, ਕੇਹਾ ਮੌਸਮ ਆਇਆ ਏ,
ਮੀਂਹ ਦੀ ਆਸ ਸੀ ਕੀਤੀ, ਪੈ ਗਏ ਗੜੇ ਨੇ।

ਸੁਣਿਐ ਏ ਰਾਤੀਂ 'ਜ਼ਖ਼ਮੀ' ਸੁੱਤਾ ਈ ਰਹਿ ਗਿਆ,
ਵਿਦਾ ਕਰਨ ਲਈ ਲੋਕੀਂ, ਰਾਹਵਾਂ 'ਚ ਖੜ੍ਹੇ ਨੇ।

**ਧਿਆਨ ਸਿੰਘ 'ਜ਼ਖ਼ਮੀ'**
**+91 98765 55961**



## ਭਲਾ ਕਿਵੇਂ

ਮੈਂ ਤਾਂ,
ਜੱਟ ਸਿੱਖ ਹਾਂ,
ਰਾਮਗੜ੍ਹੀਆ ਸਿੱਖ ਹਾਂ,
ਕੰਬੋਜ ਸਿੱਖ ਹਾਂ,
ਛੀਂਬਾ ਸਿੱਖ ਹਾਂ,
ਖੱਤਰੀ ਸਿੱਖ ਹਾਂ,
ਅਰੋੜਾ ਸਿੱਖ ਹਾਂ,
ਸੈਣੀ ਸਿੱਖ ਹਾਂ,
ਨਾਈ ਸਿੱਖ ਹਾਂ,
ਮਹਿਰਾ ਸਿੱਖ ਹਾਂ,
ਰਵੀਦਾਸੀਆ ਸਿੱਖ ਹਾਂ,
ਮਜ਼੍ਹਬੀ ਸਿੱਖ ਹਾਂ,
ਬੌਰੀਆ ਸਿੱਖ ਹਾਂ,
ਜਾਤਪਾਤ ਦਾ ਬੰਧਨ,
ਗੁਰੂਆਂ ਨੇ ਕੀਤਾ ਖੰਡਨ,
ਦੱਸੋ ਭਲਾ ਫਿਰ ਕਿਵੇਂ,
ਮੈਂ ਗੁਰੂ ਦਾ ਸਿੱਖ ਹਾਂ।

**-ਹਰਜੀਤ ਬੇਦੀ**

**ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ ਸਿੰਘ 403-455-4220,**
**ਟੋਰਾਂਟੋ : ਹਰਬੰਸ ਸਿੰਘ 416-817-7142,**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

# ਕੈਨੇਡੀਅਨ ਸਮਾਜਸੇਵੀ ਸਿਆਸਤਦਾਨ ਰਾਜ ਪੰਨੂ ਦਾ ਸਦੀਵੀ ਵਿਛੋੜਾ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਐਨ.ਡੀ.ਪੀ ਪਾਰਟੀ ਦੇ ਸਾਬਕਾ ਨੇਤਾ ਵਿਧਾਇਕ ਰਾਜ ਪੰਨੂੰ ਨੇ ਆਪਣੀ 91 ਸਾਲਾ ਜ਼ਿੰਦਗੀ ਦਾ ਸਫ਼ਰ ਪੂਰਾ ਕਰਕੇ 30 ਜਨਵਰੀ, 2025 ਵਾਲੇ ਦਿਨ ਸੰਸਾਰ ਤੋਂ ਲਈ ਸਦਾ ਲਈ ਅਲਵਿਦਾ ਕਹਿ ਗਏ। ਉਹ ਅਲਬਰਟਾ ਐਨ.ਡੀ.ਪੀ ਪਾਰਟੀ ਦੇ ਸਾਬਕਾ ਨੇਤਾ, ਐਡਮਿੰਟਨ ਸਟ੍ਰੈਥਕੋਨਾ ਦੇ ਵਿਧਾਇਕ ਅਤੇ ਅਲਬਰਟਾ ਯੂਨੀਵਰਸਿਟੀ ਦੇ ਪ੍ਰੋਫੈਸਰ ਸਨ। ਰਾਜਿੰਦਰ ਸਿੰਘ ਪੰਨੂੰ, ਇੱਕ ਕੈਨੇਡੀਅਨ ਸਿਆਸਤਦਾਨ ਅਤੇ ਸਿੱਖਿਅਕ ਸਨ, ਜਿਨ੍ਹਾਂ ਨੇ 2000 ਤੋਂ 2004 ਤੱਕ ਅਲਬਰਟਾ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਵਜੋਂ ਸੇਵਾ ਨਿਭਾਈ। ਸੰਨ 1997 ਤੋਂ 2008 ਤੱਕ ਐਡਮਿੰਟਨ-ਸਟ੍ਰੈਥਕੋਨਾ ਦੀ ਨੁਮਾਇੰਦਗੀ ਵਾਲੀ ਅਲਬਰਟਾ ਵਿਧਾਨ ਸਭਾ ਦੇ ਮੈਂਬਰ (ਵਿਧਾਇਕ) ਦੀ ਸੇਵਾ ਨਿਭਾਈ। 1997 ਵਿੱਚ ਅਲਬਰਟਾ ਦੇ ਰਾਜਨੀਤਿਕ ਦ੍ਰਿਸ਼ 'ਤੇ ਆਉਣ ਤੋਂ ਬਾਅਦ, ਰਾਜ ਪੰਨੂੰ ਅਲਬਰਟਾ ਦੇ ਸਭ ਤੋਂ ਸਤਿਕਾਰਤ ਰਾਜਨੀਤਿਕ ਨੇਤਾਵਾਂ ਵਿੱਚੋਂ ਇੱਕ ਬਣ ਗਏ ਹਨ। ਰਿਟਾਇਰਡ ਪ੍ਰੋਫੈਸਰ ਰਾਜ ਨੇ ਐਡਮਿੰਟਨ ਤੋਂ ਤੀਜੀ ਵਾਰ ਚੁਣੇ ਜਾਣ 'ਤੇ ਹੈਟ੍ਰਿਕ ਬਣਾਈ।

ਰਾਜ ਦਾ ਜਨਮ 1934 ਵਿੱਚ ਪੰਜਾਬ, ਭਾਰਤ ਵਿੱਚ ਹੋਇਆ ਸੀ ਅਤੇ ਉਹ ਛੋਟੀ ਉਮਰ ਤੋਂ ਹੀ ਰਾਜਨੀਤਿਕ ਤੌਰ 'ਤੇ ਸਰਗਰਮ ਹੋ ਗਏ ਸਨ। ਸੰਨ 1962 ਵਿੱਚ ਕੈਨੇਡਾ ਆਉਣ ਤੋਂ ਪਹਿਲਾਂ, ਉਨ੍ਹਾਂ ਭਾਰਤ ਵਿੱਚ ਆਪਣੀ ਅੰਡਰ-ਗ੍ਰੈਜੂਏਟ ਸਿੱਖਿਆ ਪੂਰੀ ਕੀਤੀ। ਪਤਨੀ ਸਵਿੰਦਰ ਸਮੇਤ ਪਹੁੰਚਣ ਦੇ ਤੁਰੰਤ ਬਾਅਦ, ਉਹ ਵ੍ਹਾਈਟਕੋਰਟ ਵਿੱਚ ਸੈਟਲ ਹੋ ਗਏ ਜਿੱਥੇ ਉਨ੍ਹਾਂ ਜੂਨ 1964 ਤੱਕ ਹਾਈ ਸਕੂਲ ਪੜ੍ਹਾਇਆ ਜਦੋਂ ਉਹ ਐਡਮਿੰਟਨ ਚਲੇ ਗਏ। ਉਥੇ ਰਾਜ ਨੇ 1965 ਵਿੱਚ ਅਲਬਰਟਾ ਯੂਨੀਵਰਸਿਟੀ ਵਿੱਚ ਇੱਕ ਗ੍ਰੈਜੂਏਟ ਪ੍ਰੋਗਰਾਮ ਸ਼ੁਰੂ ਕੀਤਾ, 1973 ਵਿੱਚ ਸਮਾਜ ਸ਼ਾਸਤਰ ਵਿੱਚ ਆਪਣੀ ਡਾਕਟਰੇਟ ਦੀ ਡਿਗਰੀ ਪੂਰੀ ਕੀਤੀ। ਉੱਥੇ ਇੱਕ ਸਾਲ ਪੜ੍ਹਾਉਣ ਤੋਂ ਬਾਅਦ ਉਹ 1969 ਵਿੱਚ ਅਲਬਰਟਾ ਯੂਨੀਵਰਸਿਟੀ ਵਿੱਚ ਇੱਕ ਪੂਰੇ ਸਮੇਂ ਦੇ ਫੈਕਲਟੀ ਮੈਂਬਰ ਵਜੋਂ ਵਾਪਸ ਆ ਗਏ।



ਰਾਜ ਨੇ ਅਗਲੇ 27 ਸਾਲਾਂ ਲਈ ਵਿਦਿਅਕ ਨੀਤੀ ਅਧਿਐਨ ਅਤੇ ਸਮਾਜ ਸ਼ਾਸਤਰ ਵਿਭਾਗਾਂ ਵਿੱਚ ਪੜ੍ਹਾਇਆ। ਰਾਜ ਪੰਨੂੰ ਇਸ ਵਿਸ਼ਵਾਸ ਨਾਲ ਜਿਉਂਦੇ ਰਹੇ ਕਿ ਯੂਨੀਵਰਸਿਟੀ ਦੀ ਸਿੱਖਿਆ ਨੂੰ ਜਨਤਕ ਭਲਾਈ ਦੀ ਸੇਵਾ ਲਈ ਵਰਤਿਆ ਜਾਣਾ ਚਾਹੀਦਾ ਹੈ। ਅਲਬਰਟਾ ਯੂਨੀਵਰਸਿਟੀ ਵਿੱਚ ਉਸ ਦੇ ਕਾਰਜਕਾਲ ਨੇ ਵਿਦਿਆਰਥੀਆਂ ਦੀਆਂ ਕਈ ਪੀੜ੍ਹੀਆਂ ਨੂੰ ਤਿਆਰ ਕੀਤਾ, ਅਤੇ ਉਨ੍ਹਾਂ ਦਾ ਅਕਾਦਮਿਕ ਕੰਮ ਸਮਾਜਿਕ ਨਿਆਂ, ਨੀਤੀ ਅਧਿਐਨ ਅਤੇ ਭਾਈਚਾਰਕ ਵਿਕਾਸ 'ਤੇ ਕੇਂਦ੍ਰਤ ਸੀ। ਸਨ੍ਹ 1996 ਵਿੱਚ ਰਿਟਾਇਰਮੈਂਟ ਤੋਂ ਬਾਅਦ ਵੀ, ਉਨ੍ਹਾਂ ਆਪਣੀ ਬੌਧਿਕ ਅਤੇ ਭਾਈਚਾਰਕ ਸ਼ਮੂਲੀਅਤ ਜਾਰੀ ਰੱਖੀ, 2018 ਵਿੱਚ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰ ਆਫ਼ ਲਾਅ ਦੀ ਡਿਗਰੀ ਪ੍ਰਾਪਤ ਕੀਤੀ।


ਪੰਨੂੰ ਨੇ 1997 ਵਿੱਚ ਅਲਬਰਟਾ ਦੀ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ ਐਨ.ਡੀ.ਪੀ ਲਈ ਐਡਮਿੰਟਨ-ਸਟ੍ਰੈਥਕੋਨਾ ਸੀਟ ਜਿੱਤੀ। ਉਨ੍ਹਾਂ ਜਲਦੀ ਹੀ ਜਨਤਕ ਮੁੱਦਿਆਂ 'ਤੇ ਆਪਣੇ ਸਿਧਾਂਤਕ ਰੁਖ ਕਰਕੇ ਨਾਮਣਾ ਖੱਟਿਆ ਅਤੇ 2000 ਵਿੱਚ ਉਨ੍ਹਾਂ ਨੂੰ ਪਾਰਟੀ ਦਾ ਨੇਤਾ ਚੁਣਿਆ ਗਿਆ। ਇਹ ਅਲਬਰਟਾ ਵਿੱਚ ਇੱਕ ਵੱਡੀ ਰਾਜਨੀਤਿਕ ਪਾਰਟੀ ਦੀ ਅਗਵਾਈ ਕਰਨ ਵਾਲੇ ਪਹਿਲੇ ਦੱਖਣੀ ਏਸ਼ੀਆਈ-ਕੈਨੇਡੀਅਨ ਵਜੋਂ, ਉਨ੍ਹਾਂ ਸੂਬੇ ਦੇ ਰਾਜਨੀਤਿਕ ਦ੍ਰਿਸ਼ ਵਿੱਚ ਵਿਭਿੰਨਤਾ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ 1997 ਤੋਂ 2008 ਤੱਕ ਐਡਮੰਟਨ-ਸਟ੍ਰੈਥਕੋਨਾ ਲਈ ਵਿਧਾਇਕ ਵਜੋਂ ਸੇਵਾ ਨਿਭਾਈ। 2000 ਤੋਂ 2004 ਤੱਕ ਸੂਬਾਈ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਵਜੋਂ, ਉਨ੍ਹਾਂ ਅਲਬਰਟਾ ਵਿੱਚ ਰਾਜਨੀਤਿਕ ਸਭਿਆਚਾਰ ਵਿੱਚ ਤਬਦੀਲੀ ਦੀ ਨੀਂਹ ਰੱਖੀ। ਇੱਕ ਵੱਡੀ ਰਾਜਨੀਤਿਕ ਪਾਰਟੀ ਦੀ ਅਗਵਾਈ ਕਰਦਿਆਂ, ਉਨ੍ਹਾਂ ਸਿਆਸਤਦਾਨਾਂ ਦੀ ਇੱਕ ਵਿਭਿੰਨ ਨਵੀਂ ਪੀੜ੍ਹੀ ਲਈ ਰਾਹ ਪੱਧਰਾ ਕਰਨ ਵਿੱਚ ਸਹਾਇਤਾ ਕੀਤੀ। ਉਨ੍ਹਾਂ ਦੀ ਅਗਵਾਈ, ਨੀਤੀ ਨਿਰਮਾਣ ਤੋਂ ਅੱਗੇ ਵਧਕੇ, ਇੱਕ ਸਲਾਹਕਾਰ ਦੀ ਸੀ, ਜੋ ਨੌਜਵਾਨ ਸਿਆਸਤਦਾਨਾਂ ਅਤੇ ਕਾਰਕੁੰਨਾਂ ਦਾ ਮਾਰਗ ਦਰਸ਼ਨ ਕਰਦਾ ਸੀ। ਰਾਜਨੀਤੀ ਵਿੱਚ ਉਸ ਦੇ ਮਜ਼ਬੂਤ ਨੈਤਿਕ ਰੁਖ ਅਤੇ ਇਮਾਨਦਾਰੀ ਪ੍ਰਤੀ ਸਮਰਪਣ ਨੇ ਅਲਬਰਟਾ ਵਿੱਚ ਜਨਤਕ ਸੇਵਾ ਲਈ ਇੱਕ ਮਿਆਰ ਸਥਾਪਤ ਕੀਤਾ।

ਆਪਣੇ ਕਾਰਜਕਾਲ ਦੌਰਾਨ, ਪੰਨੂੰ ਜਨਤਕ ਸਿਹਤ ਸੰਭਾਲ ਅਤੇ ਸਿੱਖਿਆ ਦੇ ਜ਼ੋਰਦਾਰ ਵਕਾਲਤ ਕਰਦੇ ਸਨ, ਜੋ ਨਿੱਜੀਕਰਨ ਲਈ ਸਰਕਾਰ ਦੇ ਦਬਾਅ ਦੇ ਵਿਰੁੱਧ ਡਟ ਕੇ ਖੜ੍ਹਦੇ ਸਨ। ਵਿਧਾਨ ਸਭਾ ਵਿੱਚ ਉਸ ਦੇ ਭਾਵੁਕ ਭਾਸ਼ਣਾਂ ਅਤੇ ਜਨਤਕ ਵਿਰੋਧ ਪ੍ਰਦਰਸ਼ਨਾਂ ਨੇ ਉਸਨੂੰ ਅਲਬਰਟਾ ਦੀ ਰਾਜਨੀਤੀ ਵਿੱਚ ਸਭ ਤੋਂ ਸਤਿਕਾਰਯੋਗ ਆਵਾਜ਼ਾਂ ਵਿੱਚੋਂ ਇੱਕ ਬਣਾ ਦਿੱਤਾ। 2008 ਵਿੱਚ ਉਨ੍ਹਾਂ ਅਲਬਰਟਾ ਟੀਚਰਜ਼ ਐਸੋਸੀਏਸ਼ਨ ਤੋਂ ਪਬਲਿਕ ਐਜੂਕੇਸ਼ਨ ਅਵਾਰਡ ਪ੍ਰਾਪਤ ਕੀਤਾ। ਰਾਜ ਪੰਨੂੰ ਨੂੰ ਜੂਨ 2018 ਵਿੱਚ ਅਲਬਰਟਾ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰ ਆਫ਼ ਲਾਅ ਦੀ ਡਿਗਰੀ ਵੀ ਮਿਲੀ ਸੀ।

ਰਾਜ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਐਡਮਿੰਟਨ ਦੇ ਸਟ੍ਰੈਥਕੋਨਾ ਖੇਤਰ ਵਿੱਚ ਰਹਿ ਰਹੇ ਸਨ ਅਤੇ ਭਾਈਚਾਰੇ ਦਾ ਇੱਕ ਸਰਗਰਮ ਮੈਂਬਰ ਰਹੇ। ਉਨ੍ਹਾਂ ਫੋਰਟ ਐਡਮਿੰਟਨ ਪਾਰਕ ਮੈਨੇਜਮੈਂਟ ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਈ ਅਤੇ 1996 ਵਿੱਚ, ਐਡਮੰਟਨ ਵਿੱਚ ਸਿਟੀਜ਼ਨਜ਼ ਫਾਰ ਕੁਆਲਿਟੀ ਕਮਿਊਨਿਟੀਜ਼ ਨਾਲ ਥੋੜ੍ਹੇ ਸਮੇਂ ਲਈ ਕੰਮ ਕੀਤਾ। 1998 ਤੋਂ ਰਾਜ ਨੇ ਆਪਣੇ ਆਪ ਨੂੰ ਮੈਪਲ ਲੀਫ ਰਾਈਟਰਜ਼ ਫਾਊਂਡੇਸ਼ਨ ਨਾਲ ਜੋੜਿਆ ਅਤੇ ਐਡਮਿੰਟਨ ਦੇ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ (2009) ਦੇ ਨਾਮ ਨਾਲ ਬਣਾਈ ਗਈ। ਇੱਕ ਦੂਰਦਰਸ਼ੀ ਵਜੋਂ ਪੀ.ਪੀ.ਐਫ.ਈ ਦੇ ਸਾਰੇ ਪ੍ਰਕਾਸ਼ਨਾਂ ਦੇ ਪਿੱਛੇ ਉਨ੍ਹਾਂ ਦੀ ਪ੍ਰੇਰਣਾਦਾਇਕ ਭਾਵਨਾ ਸੀ। ਰਾਜਨੀਤੀ ਅਤੇ ਅਕਾਦਮਿਕ ਖੇਤਰ ਤੋਂ ਇਲਾਵਾ, ਪੰਨੂੰ ਐਡਮਿੰਟਨ ਭਾਈਚਾਰੇ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਸੀ। ਆਪਣੀਆਂ ਵੱਡੀਆਂ ਪ੍ਰਾਪਤੀਆਂ ਦੇ ਬਾਵਜੂਦ, ਪੰਨੂੰ ਨਿਮਰਤਾ ਵਾਲੀ ਸ਼ਖਸ਼ੀਅਤ ਦੇ ਮਾਲਕ ਸਨ।ਆਪਣੀ ਈਮਾਨਦਾਰੀ, ਜਨੂੰਨ ਅਤੇ ਵਚਨਬੱਧਤਾ ਲਈ ਜਾਣੇ ਜਾਂਦੇ ਸਨ, ਉਹ ਸਹਿਕਰਮੀਆਂ ਅਤੇ ਵੋਟਰਾਂ ਦੁਆਰਾ ਵਿਆਪਕ ਤੌਰ 'ਤੇ ਸਤਿਕਾਰੇ ਜਾਂਦੇ ਸਨ। ਰਾਜ ਪੰਨੂੰ ਨੂੰ ਇੱਕ ਚਾਨਣ ਮੁਨਾਰੇ ਵਜੋਂ ਯਾਦ ਕੀਤਾ ਜਾਵੇਗਾ, ਜਿਸਨੇ ਚੰਗੇ ਅਗਾਂਹਵੱਧੂ ਸਮਾਜ ਦੀ ਕਾਮਨਾ ਲਈ ਆਪਣੀ ਜੀਵਨ ਯਾਤਰਾ ਨਾਲ ਦੂਸਰਿਆਂ ਨੂੰ ਪ੍ਰੇਰਣਾ ਦਿੱਤੀ।















ਪੁਨਰ ਜੋਤ ਹਸਪਤਾਲ ਅੱਖਾਂ ਦੇ ਪ੍ਰਸਿੱਧ ਮਾਹਿਰ ਡਾ. ਰਮੇਸ਼ ਨੂੰ 'ਸਰੋਕਾਰਾਂ ਦੀ ਆਵਾਜ਼' ਦਾ ਅੰਕ ਭੇਟ ਕਰਦੇ ਹੋਏ ਮੁੱਖ ਸੰਪਾਦਕ ਹਰਬੰਸ ਸਿੰਘ, ਸਬ-ਐਡੀਟਰ ਮਾ. ਭਜਨ ਸਿੰਘ ਅਤੇ ਜਸਵੰਤ ਜ਼ੀਰਖ। ਇਸ ਦੇ ਨਾਲ ਹੀ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਜੀ ਗਦਰੀ ਸ਼ਹੀਦ ਬਾਬਾ ਬਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਪੁੱਜੇ। ਇੱਥੇ ਉਹਨਾਂ ਨੂੰ ਇਸ ਸ਼ਹੀਦ ਦੀ ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਵਿੱਚ ਹੋਈ ਸ਼ਹੀਦੀ ਬਾਰੇ, ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਆਗੂਆਂ ਜਸਵੰਤ ਜ਼ੀਰਖ ਅਤੇ ਮਾ. ਭਜਨ ਸਿੰਘ ਵੱਲੋਂ ਜਾਣੂ ਕਰਵਾਉਂਦਿਆਂ, ਇੱਥੇ ਚੱਲ ਰਹੇ ਲੋਕਪੱਖੀ ਪ੍ਰੋਜੈਕਟਾਂ, ਲਾਇਬ੍ਰੇਰੀ, ਸਿਲਾਈ ਸੈਂਟਰ ਅਤੇ ਹੋਰ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਗਈ। ਟਰੱਸਟ ਵੱਲੋਂ ਉਹਨਾਂ ਨੂੰ ਸ਼ਹੀਦ ਬਾਬਾ ਭਾਨ ਸਿੰਘ ਦੀ ਫੋਟੋ ਦੇ ਕੇ ਸਨਮਾਨਿਤ ਕਰਨ ਸਮੇਂ ਦਾ ਦ੍ਰਿਸ਼।

# ਪਿੰਡ ਜ਼ੀਰਖ ਵਿਖੇ ਸ਼ੇਰ ਕੌਰ ਦੀ ਯਾਦ 'ਚ ਫਰੀ ਅੱਖਾਂ ਦੇ ਕੈਂਪ 'ਚ 148 ਮਰੀਜ਼ਾਂ ਦੀਆਂ ਅੱਖਾਂ ਦੇ ਮੁਆਇਨੇ ਹੋਏ







ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਤਰਕਸ਼ੀਲ ਆਗੂ ਜਸਵੰਤ ਜ਼ੀਰਖ ਦੀ ਜੀਵਨ ਸਾਥਣ ਸ੍ਰੀਮਤੀ ਸ਼ੇਰ ਕੌਰ ਮੁੱਖ ਅਧਿਆਪਕਾ ਦੀ ਯਾਦ ਵਿੱਚ ਉਹਨਾਂ ਦੇ ਸਮੁੱਚੇ ਪਰਵਾਰ ਵੱਲੋਂ ਲਗਾਏ 8ਵੇਂ ਫਰੀ ਮੈਡੀਕਲ ਕੈਂਪ ਦੌਰਾਨ ਕੁੱਲ 150 ਦੇ ਕਰੀਬ ਅੱਖਾਂ ਦੇ ਮਰੀਜ਼ਾਂ ਦੀਆਂ ਅੱਖਾ ਦੇ ਫਰੀ ਮੁਆਇਨੇ ਕੀਤੇ ਗਏ। ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਲੱਗੇ ਇਸ ਕੈਂਪ ਵਿੱਚ ਪੁਨਰ ਜੋਤ ਹਸਪਤਾਲ ਵੱਲੋਂ ਅੱਖਾਂ ਦੇ ਪ੍ਰਸਿੱਧ ਮਾਹਿਰ ਡਾ. ਰਮੇਸ ਅਤੇ ਉਹਨਾਂ ਦੀ ਟੀਮ ਵੱਲੋਂ ਇਸ ਮੌਕੇ 18 ਮਰੀਜ਼ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਲਈ ਚੁਣੇ ਗਏ ਅਤੇ 120 ਮਰੀਜ਼ਾਂ ਨੂੰ ਮੁਫਤ ਐਨਕਾਂ ਦਿੱਤੀਆਂ ਗਈਆਂ। ਕੈਂਪ ਵਿੱਚ ਪਹੁੰਚੇ ਹਰ ਮਰੀਜ਼ ਨੂੰ ਅੱਖਾਂ ਦੀ ਸਫਾਈ ਅਤੇ ਹੋਰ ਬਿਮਾਰੀਆਂ ਲਈ ਮੁਫਤ ਦਵਾਈਆਂ ਪਰਿਵਾਰ ਵੱਲੋਂ ਮੁਹੱਈਆ ਕੀਤੀਆਂ ਗਈਆਂ। ਚਿੱਟੇ ਮੋਤੀਏ ਦੇ ਮਰੀਜਾਂ ਦੇ ਅਪਰੇਸ਼ਨ ਅਤੇ ਲੈਂਜ ਦਾ ਕੰਮ 27 ਫਰਵਰੀ ਨੂੰ ਪੁੱਨਰ ਜੋਤ ਹਸਪਤਾਲ ਲੁਧਿਆਣਾ ਵਿਖੇ ਕੀਤਾ ਗਿਆ। ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਮਾ. ਭਜਨ ਸਿੰਘ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਨੇ ਇਸ ਮੌਕੇ ਸੰਬੋਧਨ ਕਰਦਿਆਂ ਸਮਾਜ ਦੀ ਬੇਹਤਰੀ ਲਈ ਅੰਧਵਿਸ਼ਵਾਸ ਛੱਡ ਕੇ ਉਸਾਰੂ ਵਿਚਾਰਾਂ ਦੇ ਧਾਰਨੀ ਬਣ ਕੇ ਮਾੜੀ ਜ਼ਿੰਦਗੀ ਦੇ ਕਾਰਣਾਂ ਅਤੇ ਜ਼ੁੰਮੇਵਾਰਾਂ ਨੂੰ ਸਮਝਣ 'ਤੇ ਜ਼ੋਰ ਦਿੱਤਾ। ਡਾ. ਰਮੇਸ਼ ਐਮ ਡੀ (ਅੱਖਾਂ) ਨੇ ਤਰਕਸ਼ੀਲ ਲਹਿਰ ਅਤੇ ਜ਼ੀਰਖ ਪ੍ਰਵਾਰ ਦੀ ਲੋਕਪੱਖੀ ਲਗਾਤਾਰਤਾ ਦੀ ਪ੍ਰਸ਼ੰਸਾ ਕਰਦਿਆਂ ਆਪਣੇ ਵੱਲੋਂ ਹਮੇਸ਼ਾ ਸਹਿਯੋਗੀ ਬਣੇ ਰਹਿਣ ਦਾ ਵਾਅਦਾ ਕੀਤਾ। ਜਸਵੰਤ ਜ਼ੀਰਖ ਵੱਲੋਂ ਕੈਂਪ ਵਿੱਚ ਭਾਗ ਲੈ ਕੇ ਲਾਭ ਉਠਾਉਣ ਵਾਲੇ ਲੋਕਾਂ ਦਾ ਧੰਨਵਾਦ ਕਰਦਿਆਂ ਸਪਸ਼ਟ ਕੀਤਾ ਕਿ ਹਰ ਮਨੁੱਖ ਜੋ ਵੀ ਪ੍ਰਾਪਤ ਕਰਦਾ ਹੈ, ਸਮਾਜ ਦੀ ਬਦੌਲਤ ਕਰਦਾ ਹੈ। ਇਸ ਲਈ ਸਮਾਜ ਨੂੰ ਮੋੜਵੇਂ ਰੂਪ ਵਿੱਚ ਲਾਭ ਪਹੁੰਚਾਉਣਾ ਉਸ ਦੀ ਅਹਿਮ ਜ਼ੁੰਮੇਵਾਰੀ ਹੈ।

ਇਸ ਮੌਕੇ ਕਰਮਜੀਤ ਸਿੰਘ ਅਤੇ ਪ੍ਰਵਾਰ ਵੱਲੋਂ ਡਾ ਰਮੇਸ਼ ਦਾ ਸਨਮਾਨ ਕੀਤਾ ਗਿਆ। ਕੈਂਪ ਵਿੱਚ ਦਲਬਾਗ ਸਿੰਘ ਜ਼ੀਰਖ, ਐਡਵੋਕੇਟ ਹਰਪ੍ਰੀਤ ਜ਼ੀਰਖ, ਤਰਲੋਚਨ ਸਿੰਘ ਉਰਫ ਰਾਜੂ ਜ਼ੀਰਖ, ਜੋਬਨਪ੍ਰੀਤ ਸਿੰਘ ਜ਼ੀਰਖ, ਕਰਮਜੀਤ ਕੌਰ, ਕੁਲਦੀਪ ਕੌਰ ਸਮੇਤ ਰਾਕੇਸ਼ ਆਜ਼ਾਦ, ਜਗਜੀਤ ਸਿੰਘ, ਬਲਜੀਤ ਸਿੰਘ, ਕਰਮਜੀਤ ਸਿੰਘ, ਮੋਹਣਾ ਸਿੰਘ ਵੱਲੋਂ ਮੁੱਖ ਜ਼ੁੰਮੇਵਾਰੀ ਨਿਭਾਈ।



ਜਸਵੰਤ ਸਿੰਘ ਜ਼ੀਰਖ ਬਾਬਾ ਭਾਨ ਸਿੰਘ ਟਰੱਸਟ ਦੇ ਸੈਕਟਰੀ ਜਸਵੰਤ ਸਿੰਘ ਜੀਰਖ ਸਾਧੂ ਸਿੰਘ ਬਿਨਿੰਗ (ਕੈਨੇਡਾ) ਅਤੇ ਬਲਵਿੰਦਰ ਸਿੰਘ ਕਹਾਣੀਕਾਰ ਨੂੰ ਯਾਦਗਾਰ ਬਾਬਾ ਭਾਨ ਸਿੰਘ ਬਾਰੇ ਪੁਸਤਕ ਭੇਂਟ ਕਰਦੇ ਹੋਏ।

## ਇਹ ਹਮਾਰਾ ਜੀਵਣਾ !

ਮਜ਼ਦੂਰ ਮਾਪਿਆਂ ਨੇ ਆਪਣੀ ਲਾਡਲੀ ਧੀ ਦਾ ਨਾਂਅ ਚਾਵਾਂ ਨਾਲ ਰਾਜ ਰੱਖਿਆ। ਪੇਕੇ ਘਰ ਦਾ ਸੁਪਨਾ ਅਤੇ ਕਾਮਨਾ ਸੀ ਕਿ ਸਾਡੀ ਰਾਜ ਜਿਹੜੇ ਘਰ ਜਾਵੇ ਰਾਜ ਕਰੇ।

ਰਾਜ ਵਿਆਹੀ ਸਾਡੇ ਪਿੰਡ ਆਈ। ਰਾਜ ਦੇ ਹੱਥਾਂ ਤੇ ਕਦੋਂ ਮਹਿੰਦੀ ਲੱਗੀ ਕਦੋਂ ਲੱਥ ਵੀ ਗਈ ਪੱਕ ਨਾਲ ਕਿਸੇ ਨੂੰ ਵੀ ਨਹੀਂ ਪਤਾ। ਸਾਡੇ ਪਿੰਡ ਵਾਲਿਆਂ ਨੇ ਤਾਂ ਰਾਜ ਦੇ ਹੱਥ ਅਕਸਰ ਹੀ ਗੋਹੇ ਨਾਲ ਲਿੱਬੜੇ ਦੇਖੇ। ਉਹਦੇ ਘਰ ਵਾਲੇ ਨੂੰ ਨਸ਼ਿਆਂ ਨੇ ਪੀ ਲਿਆ। ਉਹ ਜਹਾਨੋਂ ਕੂਚ ਕਰ ਗਿਆ। ਰਾਜ ਕੋਲ ਦੋ ਪੁੱਤ ਅਤੇ ਪੁੱਤਾਂ ਦੇ ਭਾਰ ਤੋਂ ਵੱਧ ਰਹਿ ਗਿਆ ਮੁਸੀਬਤਾਂ ਦਾ ਭਾਰ।

ਉਹ ਗਿੱਲੀ ਲੱਕੜ ਵਾਂਗ ਧੁਖ਼ਦੀ ਰਹੀ। ਆਖ਼ਰ ਇੱਕ ਦਿਨ ਉਹਦਾ ਸਿਦਕ ਡੋਲ ਗਿਆ। ਉਹਨੂੰ ਲੱਗਾ ਕਿ ਐਹੋ ਜਿਹੇ ਜੀਣ ਨਾਲੋਂ ਤਾਂ ਮੌਤ ਚੰਗੀ। ਉਹਨੇ ਸਾਡੇ ਪਿੰਡ ਵਾਲੀ ਨਹਿਰ ਵਿਚ ਛਾਲ ਮਾਰ ਦਿੱਤੀ। ਕਿਸੇ ਅਜਨਬੀ ਨੇ ਛਾਲ ਮਾਰਕੇ ਰਾਜ ਨੂੰ ਬਚਾ ਲਿਆ। ਕਾਫੀ ਚਿਰ ਤਾਂ ਰਾਜ ਨੂੰ ਇਹ ਪਛਤਾਵਾ ਹੀ ਖਾਂਦਾ ਰਿਹਾ ਕਿ ਮੈਨੂੰ ਨਹਿਰ ਵਿੱਚੋਂ ਕਿਉਂ ਬਚਾ ਲਿਆ। ਅਜੇ ਮੇਰਾ ਹੋਰ ਲੇਖਾਂ ਲੈਣਾ ਸੀ। ਸਾਡਾ ਪਰਿਵਾਰ ਅਤੇ ਹੋਰ ਨਗਰ ਨਿਵਾਸੀ ਉਸਦਾ ਧਿਆਨ ਰੱਖਣ ਲੱਗੇ। ਹਰ ਤਰ੍ਹਾਂ



ਮੱਦਦ ਕਰਦੇ ਅਤੇ ਹੌਸਲਾ ਦਿੰਦੇ। ਤੇਰੇ ਪੁੱਤ ਜੁਆਨ ਹੋਏ। ਸਦਾ ਸਮਾਂ ਇੱਕੋ ਜਿਹਾ ਨਹੀਂ ਰਹਿੰਦਾ।

ਜੁਆਨ ਹੋਏ ਤਾਂ ਇੱਕ ਪੁੱਤ ਨਸ਼ੇ ਦਾ ਆਦੀ ਹੋ ਗਿਆ। ਨਸ਼ੇ ਦੀ ਪੂਰਤੀ ਲਈ ਚੋਰੀਆਂ ਕਰਨ ਲੱਗਾ। ਦੂਜਾ ਸਾਰਾ ਦਿਨ ਕਬੂਤਰਾਂ ਦਾ ਪਿੱਛਾ ਕਰਦਾ। ਅਸਮਾਨ ਵੱਲ ਤੱਕਦਾ ਰਹਿੰਦਾ। ਰਾਜ ਆਪਣੇ ਪੁੱਤਾਂ ਦੇ ਮੂੰਹ ਵੱਲ ਤੱਕਦੀ ਰਹਿ ਗਈ। ਉਹ ਅੰਦਰੇ ਅੰਦਰ ਕਲਪਦੀ ਰਹਿੰਦੀ। ਉਹਨੂੰ ਡਰ ਸਤਾਉਂਦਾ ਰਹਿੰਦਾ ਕਿ ਬਹੁਤਾ ਘੂਰੇ ਤੇ ਕਿਤੇ ਪੁੱਤ ਨਹਿਰ ਵਿਚ ਛਾਲ ਨਾ ਮਾਰ ਦੇਵੇ!

ਇੱਕ ਪੁੱਤ ਨੇ ਮੋੜਾ ਕੱਟਿਆ। ਕਬੂਤਰਾਂ ਦਾ ਪਿੱਛਾ ਛੱਡ ਕੰਮ ਕਰਨ ਲੱਗਾ। ਦੂਜੇ ਨੇ ਨਸ਼ੇ ਅਤੇ ਚੋਰੀ ਦੀ ਅੱਤ ਕਰ ਦਿੱਤੀ। ਉਹ ਆਪਣੀ ਮਾਂ ਰਾਜ ਦੀਆਂ ਹੱਡੀਆਂ ਭੰਨ ਦਿੰਦਾ। ਰਾਜ ਮੇਰੇ ਭਰਾ ਗੁਲਜ਼ਾਰ ਦੇ ਵਿਛੋੜੇ ਮੌਕੇ ਕੰਮ ਕਾਰ ਵਿਚ ਹੱਥ ਵਟਾਉਂਦੀ ਅੱਜ ਵੀ ਦਿਖਾਈ ਦਿੰਦੀ ਹੈ। ਸਾਡੇ ਪਰਿਵਾਰ ਦੇ ਦਰਵਾਜ਼ੇ ਉਸਦੀਆਂ ਲੋੜਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ।

ਉਹ ਹੁਣ ਫੈਕਟਰੀ ਵਿਚ ਨਾ ਮਾਤਰ ਤਨਖਾਹ ਤੇ ਹੀ ਕੰਮ ਤੇ ਜਾਣ ਲੱਗੀ।

ਬੀਤੇ ਦਿਨ ਉਹ ਪਲਾਂ ਛਿਣਾਂ ਵਿੱਚ ਅੱਖਾਂ ਮੀਟ ਗਈ। ਉਹਦੀ ਅੰਤਿਮ ਵਿਦਾਇਗੀ ਅਤੇ ਧਾਰਮਿਕ ਰਸਮਾਂ ਪਿੰਡ ਵਾਸੀਆਂ ਨੇ ਹੀ ਆਰਥਿਕ ਅਤੇ ਲੋੜੀਂਦੀ ਹੋਰ ਮੱਦਦ ਇਕੱਠੀ ਕਰਕੇ ਪੂਰੀਆਂ ਕੀਤੀਆਂ।

ਰਾਜ ਸਦਾ ਲਈ ਤੁਰ ਗਈ। ਕੌਣ ਸਮਝਾਏ ਇਹਨਾਂ ਸੋਗ ਭਿੱਜੀਆਂ ਹਵਾਵਾਂ ਨੂੰ ਕਿ ਰਾਜ ਨੂੰ ਰਾਜ ਭਾਗ ਖਾ ਗਿਆ।

ਰਾਜ ਦੇ ਵਿਛੋੜੇ ਨਾਲ ਜੁੜੀਆਂ ਰਸਮਾਂ ਪੂਰੀਆਂ ਕਰਨ ਦਾ ਅਜੇ ਸੂਰਜ ਹੀ ਢਲਿਆ ਸੀ ਕਿ ਉਹਦੇ ਨਸ਼ੇ ਅਤੇ ਚੋਰੀਆਂ ਦੇ ਚੱਕਰ ਵਿੱਚ ਘਿਰੇ ਪੁੱਤ ਦੀ ਵੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ। ਗਰੀਬੀ, ਤੰਗੀਆਂ, ਕੁੱਟ ਮਾਰ ਅਤੇ ਹੌਕਿਆਂ ਦੀ ਲਾਟ ਵਿਚ ਰੋਜ਼ ਮੱਚਦੀ ਰਾਜ ਇੱਕ ਦਿਨ ਸਿਵੇ ਵਿਚ ਬਲ ਗਈ। ਰਾਜ ਵਰਗੀਆਂ ਕਿੰਨੀਆਂ ਹੀ ਜਿੰਦੜੀਆਂ ਦੀ ਮੜ੍ਹੀ ਬੋਲਦੀ ਹੈ:

ਇਹ ਹਮਾਰਾ ਜੀਵਣਾ!

**- ਅਮੋਲਕ ਸਿੰਘ**

## Galaxy Kitchen Cabinets Ltd.
Residential & Commercial



- Custom Cabinets • Countertops
- Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834


3822 Marine Way
Burnaby, B.C. V5J 3H4



## THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC. BROKERAGE
HIGHER STANDARDS



## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

## Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



## Punjabi Rang Radio



CHLO AM530
(TORONTO)
11PM-12AM
(SATURDAY)

Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

## Hiring Drivers/Owners/Operators
GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਨਾਟਕ 'ਇੱਕ ਸੁਰੀਲੀ ਤਾਨ ਦਾ ਵਾਅਦਾ' ਆਪਣੀ ਸਫਲਤਾ ਦੀ ਛਾਪ ਛੱਡ ਗਿਆ










ਸਰੀ, (ਪਰਮਿੰਦਰ ਸਵੈਚ) : 23 ਮਾਰਚ, 2025 ਨੂੰ ਥੈਸਪਿਸ ਆਰਟ ਕਲੱਬ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅਤੇ 27 ਮਾਰਚ ਨੂੰ ਆ ਰਹੇ ਵਿਸ਼ਵ ਰੰਗਮੰਚ ਦਿਹਾੜੇ ਨੂੰ ਸਮਰਪਿਤ ਇੱਕ ਨਾਟਕ 'ਇੱਕ ਸੁਰੀਲੀ ਤਾਨ ਦਾ ਵਾਅਦਾ' ਸਰੀ ਦੇ ਸਰੀ ਆਰਟ ਸੈਂਟਰ ਵਿੱਚ ਬਹੁਤ ਹੀ ਕਾਮਯਾਬੀ ਨਾਲ ਦਰਸ਼ਕਾਂ ਨਾਲ ਭਰੇ ਹਾਲ ਵਿੱਚ ਕੀਤਾ ਗਿਆ। ਇਹ ਨਾਟਕ ਹਰਪ੍ਰੀਤ ਸੇਖਾ ਦੀ ਕਹਾਣੀ 'ਵੀਡਜ਼' ਤੋਂ ਪ੍ਰਭਾਵਤ ਹੋ ਕੇ ਕੇ. ਪੀ. ਸਿੰਘ ਨੇ ਇਸ ਨੂੰ ਨਾਟਕੀ ਰੂਪ ਦਿੱਤਾ ਹੈ। ਇਸ ਵਿੱਚ ਸਰੀ ਦੇ ਮਸ਼ਹੂਰ ਗਜ਼ਲਗੋ ਜਸਵਿੰਦਰ ਦੀ ਬਹੁਤ ਹੀ ਪਿਆਰੀ ਗਜ਼ਲ 'ਮੰਚ ਤੋਂ ਕਿਹੋ ਜਿਹਾ ਨਾਟਕ ਦਿਖਾਇਆ ਜਾ ਰਿਹਾ ਹੈ। ਜ਼ਖ਼ਮ ਦਾ ਕਿਰਦਾਰ ਖੰਜ਼ਰ ਤੋਂ ਨਿਭਾਇਆ ਜਾ ਰਿਹਾ ਹੈ। ਇੱਕ ਸੁਰੀਲੀ ਤਾਨ ਦਾ ਵਾਅਦਾ ਸੀ ਫਿਰ ਸ਼ੋਰ ਕਾਹਦਾ, ਕੀ ਸੁਣਨ ਆਇਆ ਸੀ ਮੈਂ ਕੀ ਸੁਣਾਇਆ ਜਾ ਰਿਹਾ ਹੈ।' ਨੇ ਨਾਟਕ ਨੂੰ ਸੰਗੀਤਕ ਧੁਨਾਂ ਰਾਹੀਂ ਸੰਗੀਤਕਾਰ ਗੁਲਾਮ ਅਲੀ ਨੇ ਆਪਣੀ ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਗਾ ਕੇ ਨਾਟਕ ਨੂੰ ਚਾਰ ਚੰਨ ਲਾ ਦਿੱਤੇ ਹਨ। ਨਾਟਕ ਦਾ ਕਰਤਾ ਧਰਤਾ ਅਸਲ ਵਿੱਚ ਉਸ ਨੂੰ ਡਾਇਰੈਕਸ਼ਨ ਦੇਣ ਵਾਲਾ ਹੁੰਦਾ ਹੈ, ਉਹ ਹਰ ਵਾਰ ਦੀ ਤਰ੍ਹਾਂ ਡਾ. ਜਸਕਰਨ ਜੋ ਨਾਟਕ ਵਿੱਚ ਸੰਗੀਤ, ਰੌਸ਼ਨੀਆਂ ਤੋਂ ਇਲਾਵਾ ਆਪਣੀ ਨਿਰਦੇਸ਼ਨਾ ਰਾਹੀਂ ਨਾਟਕ ਵਿੱਚ ਜਾਨ ਪਾ ਦਿੰਦਾ ਹੈ, ਉਸ ਨੇ ਹੀ ਆਪਣਾ ਫਰਜ਼ ਨਿਭਾਇਆ। ਇਸ ਵਾਰ ਤਾਂ ਦਰਸ਼ਕਾਂ ਨੂੰ ਵੀ ਸ਼ਾਮਲ ਕਰਕੇ ਵੱਖਰਾ ਤਜਰਬਾ ਕੀਤਾ। ਇਸ ਵਿੱਚ ਸੂਤਰਧਾਰ ਦਾ ਮੁੱਖ ਰੋਲ ਨਰਿੰਦਰ ਮੰਗੂਵਾਲ ਨੇ ਪੂਰੀ ਸ਼ਿੱਦਤ ਦੇ ਨਾਲ ਨਿਭਾਇਆ। ਉਸ ਦਾ ਸਾਥ ਦੇਣ ਵਾਲੇ ਕਲਾਕਾਰ ਕੇ. ਪੀ. ਸਿੰਘ, ਪਰਮਿੰਦਰ ਸਵੈਚ, ਹਰਪ੍ਰੀਤ ਆਹਲੂਵਾਲੀਆ, ਸਿਮਰਨ ਕ੍ਰਾਂਤੀ, ਰਮਨਦੀਪ ਗਰੇਵਾਲ, ਮਨੀ ਸੋਹਲ, ਅਕਸ਼ੇ ਵਾਲੀਆ, ਸਿਫ਼ਤ ਸਿੱਧੂ ਤੇ ਹਰਨੇਕ ਸਿੰਘ ਬਾਜਵਾ ਨੇ ਆਪਣਾ ਆਪਣਾ ਰੋਲ ਪੂਰੀ ਕਸ਼ਿਸ਼ ਦੇ ਨਾਲ ਨਿਭਾਇਆ। ਸਾਡੇ ਬਹੁਤ ਹੀ ਪਿਆਰੇ ਬੱਚੇ ਏਮਾ ਤੇ ਜੇਸ ਨੇ ਪਹਿਲੀ ਵਾਰ ਸਟੇਜ 'ਤੇ ਆ ਕੇ ਜਿੱਥੇ ਆਪਣੇ ਕਿਰਦਾਰਾਂ ਨਾਲ ਇਨਸਾਫ਼ ਕੀਤਾ ਉੱਥੇ ਨਾਟਕ ਟੀਮ ਵਿੱਚ ਵਾਧਾ ਕਰਕੇ ਅਗਾਊਂ ਆਉਣ ਵਾਲੇ ਪ੍ਰੋਗਰਾਮਾਂ ਵਿੱਚ ਪਾਤਰਾਂ ਦੀ ਕਮੀ ਨੂੰ ਪੂਰਾ ਕੀਤਾ ਹੈ। ਦਰਸ਼ਕਾਂ ਨੇ ਨਾਟਕ ਵਿੱਚ ਸਮੇਂ ਸਮੇਂ 'ਤੇ ਤਾੜੀਆਂ ਮਾਰ ਕੇ ਨਾਟਕ ਦੀ ਰੂਹ ਨੂੰ ਪਛਾਣਿਆ ਤੇ ਕਲਾਕਾਰਾਂ ਦੀ ਕਲਾਕਾਰੀ ਦੀ ਸ਼ਲਾਘਾ ਵੀ ਕੀਤੀ। ਇਸ ਸ਼ੋਅ ਦੀਆਂ ਟਿਕਟਾਂ ਪਹਿਲਾਂ ਹੀ ਵਿਕ ਚੁੱਕੀਆਂ ਸਨ। ਨਾਟਕ ਦੇ ਅੰਤ ਵਿੱਚ ਪਰਮਿੰਦਰ ਸਵੈਚ ਨੇ ਕਲੱਬ ਵਲੋਂ ਏਮਾ ਤੇ ਜੇਸ ਨੂੰ 'ਜੀ ਆਇਆਂ' ਮੈਡਲ ਦੇ ਕੇ ਉਹਨਾਂ ਦਾ ਮਾਣ ਕੀਤਾ। ਦਰਸ਼ਕਾਂ ਨੂੰ ਨਾਟਕ ਬਾਰੇ ਆਪਣੇ ਵਿਚਾਰ ਦੇਣ ਲਈ ਵੀ ਕਿਹਾ। ਡਾ. ਸਾਧੂ ਬਿਨਿੰਗ ਤੇ ਪੱਤਰਕਾਰ ਗੁਰਪ੍ਰੀਤ ਸਹੋਤਾ ਨੇ ਨਾਟਕ ਬਾਰੇ ਆਪਣੇ ਵਡਮੁੱਲੇ ਵਿਚਾਰ ਦਿੱਤੇ ਤੇ ਕਿਹਾ ਕਿ ਇਹ ਨਾਟਕ ਵਾਰ ਵਾਰ ਹੋਣਾ ਚਾਹੀਦਾ ਹੈ। ਜਿਹੜੀ ਸਮੱਸਿਆ ਨੂੰ ਲੈ ਕੇ ਇਹ ਨਾਟਕ ਲਿਖਿਆ ਗਿਆ ਹੈ ਉਹ ਸਮਾਜ ਲਈ ਅਰਥਾਤ ਫ਼ਸਲ ਵਿੱਚ ਉੱਗੇ ਨਦੀਣਾਂ ਵਾਂਗ ਹੈ। ਇਸ ਨੂੰ ਸਮਾਜ ਵਿੱਚੋਂ ਸਮੇਂ ਸਮੇਂ 'ਤੇ ਇਸ 'ਤੇ ਗੱਲ ਕਰਕੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਕਿ ਸਮਾਜ ਸੋਹਣਾ ਬਣ ਸਕੇ। ਦਰਸ਼ਕਾਂ ਵਿੱਚ ਵੀ ਸਮਾਜ ਦਾ ਫ਼ਿਕਰ ਕਰਨ ਵਾਲੇ ਪਤਵੰਤੇ ਸੱਜਣਾਂ ਵਿੱਚ ਡਾ. ਸਾਧੂ ਸਿੰਘ, ਸੁਖਵੰਤ ਹੁੰਦਲ, ਡਾ. ਪ੍ਰਗਟ ਸਿੰਘ ਭੁਰਜੀ, ਅਵਤਾਰ ਗਿੱਲ ਹਰਪ੍ਰੀਤ ਸੇਖਾ ਆਦਿ ਬਹੁਤ ਸਾਰੇ ਲੋਕਾਂ ਦੇ ਫੋਨ ਆਏ ਜਿਨ੍ਹਾਂ ਨੂੰ ਟਿਕਟਾਂ ਨਹੀਂ ਮਿਲੀਆਂ, ਉਹਨਾਂ ਦੀ ਮੰਗ ਨੂੰ ਮੁੱਖ ਰੱਖ ਕੇ ਇਹ ਨਾਟਕ ਜਲਦੀ ਹੀ ਦੁਬਾਰਾ ਕੀਤਾ ਜਾਵੇਗਾ।

# ਕਾਮਰੇਡ ਬਖਸ਼ੀਸ਼ ਸਿੰਘ ਨਾਗਰਾ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ



ਬੱਬਰ ਅਕਾਲੀ ਲਹਿਰ ਦੇ ਵਾਰਸਾਂ ਵਿੱਚੋ ਇੱਕ ਸਦੀ ਤੋਂ ਉੱਪਰ ਦੀ ਆਉਧ ਹੰਢਾ ਚੁੱਕੇ ਕਾਮਰੇਡ ਬਖਸ਼ੀਸ਼ ਸਿੰਘ ਨਾਗਰਾ 104 ਸਾਲ ਲੰਮੀ ਉਮਰ ਭੋਗ ਕੇ 18 ਮਾਰਚ, 2025 ਨੂੰ ਸਾਨੂੰ ਸਭ ਨੂੰ ਅਲਵਿਦਾ ਕਹਿ ਗਏ ਹਨ। ਅਸੀਂ ਈਸਟ ਇੰਡੀਅਨ ਡਿਫੈਂਸ ਕਮੇਟੀ ਵਲੋਂ ਕਾਮਰੇਡ ਦੇ ਇਸ ਦੁਨੀਆਂ ਤੋਂ ਚਲੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਇਹ ਅਮਰ ਸ਼ਹੀਦ ਬੱਬਰ ਧੰਨਾ ਸਿੰਘ ਬਹਿਬਲਪੁਰ ਦੇ ਛੋਟੇ ਸਪੁੱਤਰ ਸਨ। ਜਦੋਂ ਬੱਬਰ ਧੰਨਾ ਸਿੰਘ ਨੇ ਆਪਣੀ ਸ਼ਾਨਦਾਰ, ਨਿਧੜਕ, ਬੇਖੌਫ ਕੁਰਬਾਨੀ ਦਿੱਤੀ ਤਾਂ ਇਹ ਸਿਰਫ਼ ਤਿੰਨ ਸਾਲ ਦੇ ਸਨ। ਇਨ੍ਹਾਂ ਦਾ ਜਨਮ ਜਨਵਰੀ 1921 ਵਿੱਚ ਹੋਇਆ ਸੀ। ਇਹਨਾਂ ਦਾ ਇੱਕ ਵੱਡਾ ਭਰਾ ਮੋਹਣ ਸਿੰਘ ਤੇ ਇੱਕ ਭੈਣ ਸਵਰਨ ਕੌਰ ਸੀ। ਇਹਨਾਂ ਦਾ ਬਚਪਨ ਬਹੁਤ ਗਰੀਬੀ ਵਿੱਚ ਲੰਘਿਆ ਕਿਉਂਕਿ ਅੰਗਰੇਜ਼ ਸਰਕਾਰ ਨੇ ਸਾਰੇ ਬੱਬਰਾਂ ਨੂੰ ਭਗੌੜੇ ਕਰਾਰ ਦੇ ਕੇ ਉਹਨਾਂ ਦੀਆਂ ਜ਼ਮੀਨਾਂ ਜ਼ਬਤ ਕੀਤੀਆਂ ਹੋਈਆਂ ਸਨ। ਫਿਰ ਵੀ ਬੱਬਰ ਲਹਿਰ ਦੇ ਕਾਰਕੁੰਨਾਂ ਨੇ ਪਰਿਵਾਰ ਨੂੰ ਬਹੁਤ ਸਹਾਰਾ ਦਿੱਤਾ। ਉਹਨਾਂ ਨੇ ਮਾਹਲਪੁਰ ਤੋਂ 10ਵੀਂ ਪਾਸ ਕੀਤੀ। ਬਚਪਨ ਤੋਂ ਮਿਲੀ ਬੱਬਰ ਲਹਿਰ ਦੇ ਕਾਰਕੁਨਾਂ ਦੀ ਵਿਚਾਰਧਾਰਕ ਸਾਂਝ ਕਰਕੇ ਬਖ਼ਸ਼ੀਸ਼ ਸਿੰਘ ਬਹੁਤ ਹੀ ਸਤਿਕਾਰਯੋਗ ਸ਼ਖ਼ਸ਼ੀਅਤ ਦੇ ਤੌਰ 'ਤੇ ਸਮਾਜ ਵਿੱਚ ਵਿਚਰੇ। ਉਹ ਛੋਟੀ ਉਮਰ ਵਿੱਚ ਹੀ ਕਮਿਊਨਿਸਟ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ ਸਨ। ਆਪਣੇ ਇਲਾਕੇ ਦੇ ਪਾਰਟੀ ਸੈਕਟਰੀ ਵਜੋਂ ਵੀ ਕੰਮ ਕਰਦੇ ਰਹੇ ਸਨ। ਉਹ ਮਾਣ ਨਾਲ ਸਭ ਨੂੰ ਦੱਸਦੇ ਸਨ ਕਿ ਮਾਸਟਰ ਮੋਤਾ ਸਿੰਘ, ਡਾ ਭਾਗ ਸਿੰਘ ਹੋਰਾਂ ਨੇ ਬਹੁਤ ਮੱਦਦ ਕੀਤੀ। ਉਹਨਾਂ ਦੀ ਭੈਣ ਦਾ ਰਿਸ਼ਤਾ ਵੀ ਬੱਬਰਾਂ ਨੇ ਆਪਣੀ ਜ਼ਿੰਮੇਵਾਰੀ 'ਤੇ ਇੱਕ ਵਧੀਆ ਪਰਿਵਾਰ ਵਿੱਚ ਕੀਤਾ। ਭੈਣ ਦਾ ਪਰਿਵਾਰ ਬਾਅਦ ਵਿੱਚ ਕੈਨੇਡਾ ਆ ਗਿਆ ਸੀ। ਇਹ ਵੀ ਬਾਅਦ ਵਿੱਚ ਆਪਣੇ ਪਰਿਵਾਰ ਨਾਲ 1970 ਵਿੱਚ ਕੈਨੇਡਾ ਆ ਗਏ ਸਨ। ਉਹਨਾਂ ਨੂੰ ਵਿਰਾਸਤ ਵਿੱਚੋਂ ਮਾਨਵੀ ਹਿਤਾਂ ਦੀ ਮਿਲੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਹਮੇਸ਼ਾਂ ਲਾਗੂ ਕੀਤਾ। ਜਦੋਂ ਉਹ ਕੈਨੇਡਾ ਪਹੁੰਚੇ ਉਦੋਂ ਇੱਥੇ ਨਸਲਵਾਦ ਦਾ ਬਹੁਤ ਹੀ ਬੋਲਬਾਲਾ ਸੀ। ਭਾਰਤੀ ਲੋਕਾਂ ਨਾਲ ਨਸਲੀ ਵਿਤਕਰਿਆਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਸਨ। ਉਸ ਵੇਲੇ ਭਾਰਤੀ ਲੋਕ ਨਸਲਵਾਦ ਦੇ ਖਿਲਾਫ ਇੱਕ ਜੁਟ ਹੋ ਰਹੇ ਸਨ। ਇਹ ਵੀ ਈਸਟ ਇੰਡੀਅਨ ਡਿਫੈਂਸ ਕਮੇਟੀ ਦੀ ਸਿਆਸੀ ਲਾਈਨ ਤੇ ਸੇਧ ਨਾਲ ਸਹਿਮਤ ਹੁੰਦੇ ਹੋਏ, ਜੋ ਨਸਲਵਾਦ ਨੂੰ ਨੱਥ ਪਾਉਣ ਲਈ ਬਣੀ ਸੀ, ਉਹਦੇ ਮੈਂਬਰ ਬਣ ਗਏ ਸਨ। ਉਹਨਾਂ ਨੇ ਵਿਕਟੋਰੀਆਂ ਵਿੱਚ ਰਹਿ ਕੇ ਜਥੇਬੰਦੀ ਦੇ ਦਿੱਤੇ ਸੱਦੇ ਮੁਤਾਬਕ ਰੈਲੀਆਂ, ਮੁਜ਼ਾਹਰੇ ਤੇ ਪ੍ਰਚਾਰ ਕਰਦੇ ਰਹੇ ਸਨ। ਉਹ ਆਪਣੀ ਜ਼ਿੰਦਗੀ ਦੇ 104 ਵਰ੍ਹਿਆਂ ਦੇ ਸਫ਼ਰ ਵਿੱਚ ਉਹਨਾਂ ਦਾ ਮੁੱਖ ਕੰਮ ਆਪਣੇ ਸੂਰਬੀਰ ਬਾਪ ਦੀ ਵਿਚਾਰਧਾਰਾਕ ਵਿਰਾਸਤ ਨੂੰ ਸਾਂਭਣਾ, ਬਚਪਨ ਤੋਂ ਲੈ ਕੇ ਆਪਣੀ ਸੰਘਰਸ਼ਸ਼ੀਲ਼ ਜ਼ਿੰਦਗੀ ਵਿੱਚ ਮਾਨਵੀ ਕਦਰਾਂ ਕੀਮਤਾਂ ਦੀ ਰਾਖੀ ਕਰਨਾ ਅਤੇ ਨਿਰਬਲਿਆਂ ਨੂੰ ਬਲ ਦੇ ਕੇ ਬਰਾਬਰਤਾ ਦਾ ਸੁਪਨਾ ਸਕਾਰ ਕਰਨ ਲਈ ਜਦੋਜਹਿਦ ਕਰਨਾ ਸੀ। ਬੱਚਿਆਂ ਦੇ ਪਾਲਣ ਪੋਸ਼ਣ ਲਈ ਉਹਨਾਂ ਸਾਰੀ ਜ਼ਿੰਦਗੀ ਟੈਕਸੀ ਚਲਾਈ ਹੈ। ਅਖ਼ੀਰ ਤੱਕ ਉਹਨਾਂ ਦੀ ਯਾਦਦਾਸ਼ਤ ਕਾਇਮ ਰਹੀ ਤੇ ਉਹ ਆਪਣੇ ਸਨੇਹੀਆਂ ਨਾਲ ਬਹੁਤ ਸਾਰੀਆਂ ਸਮਾਜਕ, ਰਾਜਨੀਤਕ, ਪੰਜਾਬੀ ਪਿਛੋਕੜ ਦੀਆਂ ਗੱਲਾਂ ਬਾਤਾਂ ਕਰਦੇ ਰਹਿੰਦੇ ਸਨ। ਉਹਨਾਂ ਦੇ ਜਾਣ ਦਾ ਪਰਿਵਾਰ ਨੂੰ ਹੀ ਨਹੀਂ ਸਗੋਂ ਸਮੁੱਚੀ ਕਮਿਊਨਿਟੀ ਨੂੰ ਘਾਟਾ ਪਿਆ ਹੈ। ਅਸੀਂ ਆਪਣੇ ਪਰਿਵਾਰ ਤੇ ਈਸਟ ਇੰਡੀਅਨ ਡਿਫੈਂਸ ਕਮੇਟੀ ਵਲੋਂ ਕਾਮਰੇਡ ਬਖਸ਼ੀਸ਼ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

**ਪਰਮਿੰਦਰ ਕੌਰ ਸਵੈਚ**
604 760 4794




Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਔਰਤ ਵਿਰੋਧੀ ਮਾਨਸਿਕਤਾ ਬਦਲਣ ਲਈ ਔਰਤਾਂ ਦਾ ਜਥੇਬੰਦ ਹੋਣਾ ਅਤਿ ਜ਼ਰੂਰੀ : ਐਡਵੋਕੇਟ ਅਮਨਦੀਪ ਕੌਰ






ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਕੌਮਾਂਤਰੀ ਔਰਤ ਦਿਵਸ ਮੌਕੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਮੁੱਖ ਵਕਤਾ ਐਡਵੋਕੇਟ ਅਮਨਦੀਪ ਕੌਰ ਨੇ ਔਰਤਾਂ ਵੱਲੋਂ ਇਤਿਹਾਸਿਕ ਸੰਘਰਸ਼ਾਂ 'ਚ ਪਾਈ ਹਿੱਸੇਦਾਰੀ ਦਾ ਵਰਨਣ ਕੀਤਾ। ਲੁਧਿਆਣਾ ਦੀਆਂ ਜਨਤਕ, ਜਮਹੂਰੀ, ਤਰਕਸ਼ੀਲ ਜੱਥੇਬੰਜੀਆਂ ਜਿਨ੍ਹਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਗਦਰੀ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ, ਇਨਕਲਾਬੀ ਮਜਦੂਰ ਕੇਂਦਰ ਲੁਧਿਆਣਾ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਮਹਾਂ ਸਭਾ ਲੁਧਿਆਣਾ ਵੱਲੋ ਕਰਵਾਏ ਇਸ ਸਮਾਗਮ ਨੂੰ ਨੌਜਵਾਨ ਸਭਾ ਦੀ ਮੈਂਬਰ ਲੜਕੀ ਮੀਨੂੰ ਦੀ ਸਟੇਜ ਸੰਚਾਲਨਾਂ ਹੇਠ, ਇਸ ਦੇ ਪ੍ਰਧਾਨਗੀ ਮੰਡਲ ਵਿੱਚ ਸ੍ਰੀਮਤੀ ਸੁਰਿੰਦਰ ਕੌਰ ਬਰਾੜ ਅਤੇ ਅਮਨਦੀਪ ਸ਼ਾਮਲ ਸਨ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਮੁਢਲੀ ਭੂਮਿਕਾ ਦੌਰਾਨ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਆਰ ਐਸ ਐਸ ਦੀ ਔਰਤਾਂ ਪ੍ਰਤੀ ਸੌੜੀ ਸੋਚ ਦੇ ਹਵਾਲੇ ਨਾਲ ਔਰਤ ਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਅਤੇ ਚਾਰ ਦਿਵਾਰੀ ਵਿੱਚ ਰੱਖਣ ਦੀ ਗੈਰ ਮਨੁੱਖੀ ਧਾਰਨਾ ਨੂੰ ਬੇਪ੍ਰਦ ਕੀਤਾ ਅਤੇ ਸ਼ਹੀਦ ਭਗਤ ਸਿੰਘ ਦੇ ਕਹੇ ਅਨੂੰਸਾਰ ਔਰਤਾਂ ਨੂੰ ਸਿਖਿਅਤ ਕਰਨ 'ਤੇ ਜ਼ੋਰ ਦਿੱਤਾ। ਮੁੱਖ ਵਕਤਾ ਹਾਈ ਕੋਰਟ ਦੀ ਉੱਘੀ ਨੌਜਵਾਨ ਲੜਕੀ ਅਮਨਦੀਪ ਕੌਰ ਨੇ ਔਰਤ ਦਿਵਸ ਦੀ ਇਤਿਹਾਸਿਕ ਜਾਣਕਾਰੀ ਸਾਂਝੀ ਕਰਦਿਆਂ ਅੱਜ ਰਾਜ ਸੱਤਾ 'ਤੇ ਕਾਬਜ਼ ਸਿਆਸੀ ਧਿਰ ਅਤੇ ਧਾਰਮਿਕ ਮਖੌਟੇ ਹੇਠ ਛੁਪੇ ਔਰਤ ਵਿਰੋਧੀ ਚਿਹਰੇ ਵੀ ਨੰਗੇ ਕੀਤੇ। ਉਹਨਾਂ ਦੇਸ਼ ਵਿੱਚ ਮੌਜੂਦਾ ਸਿਆਸਤਦਾਨਾਂ ਬਾਰੇ ਬੋਲਦਿਆਂ ਵੱਡੀ ਗਿਣਤੀ ਸੰਸਦ ਮੈਂਬਰਾਂ ਖਿਲਾਫ ਸੰਗੀਨ ਅਪ੍ਰਾਧਿਕ ਮਾਮਲੇ ਦਰਜ ਹੋਣ ਦੀ ਪੁਸ਼ਟੀ ਕੀਤੀ। ਨਿਰਭਿਆ ਕਾਂਡ, ਕਠੂਆ, ਹਾਥਰਥ ਅਤੇ ਬਿਲਕਿਸ ਬਾਨੋ ਵਰਗੇ ਘਿਨਾਉਣੇ ਅਪਰਾਧਾਂ ਵਿੱਚ ਸੱਤਾਧਾਰੀ ਆਗੂਆਂ ਅਤੇ ਉਹਨਾਂ ਦੇ ਪਿੱਠੂਆਂ ਦੇ ਕਿਰਦਾਰ ਨੂੰ ਫਿਟਕਾਰਾਂ ਪਾਈਆਂ। ਕੇਂਦਰ ਸਰਕਾਰ ਵੱਲੋਂ ਵੇਲਾ ਵਹਾ ਚੁੱਕੀ ਮਨੂੰਸਿਮ੍ਰਤੀ ਨੂੰ ਲਾਗੂ ਕਰਨ ਦੇ ਮਨਸੂਬਿਆਂ ਅਤੇ ਧਰਮ ਅਧਾਰਤ ਰਾਜਨੀਤੀ ਦਾ ਵਿਰੋਧ ਕਰਨ ਲਈ ਉਹਨਾਂ ਔਰਤ ਵਰਗ ਨੂੰ ਖੁਦ ਜੱਥੇਬੰਦ ਹੋ ਕੇ ਹਰ ਤਰ੍ਹਾਂ ਦੇ ਜ਼ੁਲਮ ਅਤੇ ਆਪਣੇ ਵਿਰੋਧੀ ਮਾਨਸਿਕਤਾ ਖਿਲਾਫ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਲੜਕੀਆਂ ਰਾਬਿਤਾ, ਕਲਪਨਾ ਅਤੇ ਇਨਕਲਾਬੀ ਮਜ਼ਦੂਰ ਕੇਂਦਰ ਦੀਆਂ ਕਾਰਕੁੰਨਾ ਨੇ ਵੀ ਆਪਣੇ ਜਜ਼ਬਾਤ ਸਾਂਝੇ ਕੀਤੇ।ਅੰਤ ਵਿੱਚ ਜਮਹੂਰੀ ਅਧਿਕਾਰ ਸਭਾ ਅਤੇ ਤਰਕਸ਼ੀਲ ਆਗੂ ਜਸਵੰਤ ਜ਼ੀਰਖ ਵੱਲੋਂ 'ਭੈਣੋ ਰਲੋ ਭਰਾਵਾਂ ਸੰਗ, ਰਲਕੇ ਲੜੀਏ ਹੱਕੀ ਜੰਗ' ਨਾਹਰੇ ਦੇ ਹਵਾਲੇ ਨਾਲ ਹਾਜ਼ਰ ਔਰਤਾਂ ਨੂੰ ਜੱਥੇਬੰਦ ਹੋ ਕੇ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਅੱਗੇ ਆਣ ਦਾ ਸੱਦਾ ਦਿੱਤਾ। ਇਸ ਮੌਕੇ ਮਜ਼ਦੂਰ ਆਗੂ ਕਾ. ਸੁਰਿੰਦਰ ਸਿੰਘ, ਸਤਨਾਮ ਸਿੰਘ, ਨੌਜਵਾਨ ਸਭਾ ਦੇ ਐਡਵੋਕੇਟ ਹਰਪ੍ਰੀਤ ਜ਼ੀਰਖ, ਅਰੁਣ ਤੁਮਾਰ, ਜਮਹੂਰੀ ਅਧਿਕਾਰ ਸਭਾ ਦੇ ਡਾ. ਹਰਬੰਸ ਗਰੇਵਾਲ, ਪ੍ਰਿੰਸੀਪਲ ਅਜਮੇਰ ਦਾਖਾ, ਡਾ. ਵਿਨੋਦ ਵਸ਼ਿਸਟ, ਮਾ. ਸੁਰਜੀਤ ਸਿੰਘ, ਸਵਰਨਜੀਤ ਸਿੰਘ ਸੰਗਰੂਰ, ਤਰਕਸ਼ੀਲ ਆਗੂ ਬਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ, ਨੌਜਵਾਨ ਲੜਕੀਆਂ ਸ਼ਾਮਲ ਸਨ। ਇਸ ਯਾਦਗਾਰ ਵਿੱਚ ਸਿਲਾਈ ਸਿੱਖ ਰਹੀਆਂ ਲੜਕੀਆਂ ਨੇ ਆਪਣੀ ਟੀਚਰ ਹਰਜਿੰਦਰ ਕੌਰ ਨਾਲ ਸ਼ਮੂਲੀਅਤ ਕੀਤੀ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨੇ ਦੀ ਮੀਟਿੰਗ ਪੰਜਾਬੀ ਮਾਂ ਬੋਲੀ ਨੂੰ ਰਹੀ ਸਮਰਪਿਤ


**ਦਵਿੰਦਰ ਮਲਹਾਂਸ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਕੋਸੋ ਦੇ ਹਾਲ ਵਿੱਚ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ, ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣ ਲਈ ਪ੍ਰਧਾਨ ਰਣਜੀਤ ਸਿੰਘ ਅਤੇ ਡਾਕਟਰ ਪਰਮਜੀਤ ਕੌਰ ਨੂੰ ਸੱਦਾ ਦਿੱਤਾ। ਸਹਿਤਕ ਪ੍ਰੇਮੀਆਂ ਨੇ ਤਾੜੀਆਂ ਨਾਲ ਉਹਨਾਂ ਦਾ ਸਵਾਗਤ ਕੀਤਾ।

ਜਨਰਲ ਸਕੱਤਰ ਦਵਿੰਦਰ ਮਲਹਾਂਸ ਵੱਲੋਂ ਤਿੰਨ ਸੋਗ ਮਤੇ ਪੜ੍ਹੇ ਗਏ। 'ਪਰਿੰਦਾ ਉੱਡ ਗਿਆ ਤਾਂ ਟਾਹਣੀ ਨਾਲ ਪੱਤੇ, ਵਿਦਾਈ ਦੀ ਅਦਾ ਵਿੱਚ ਦੇਰ ਤੱਕ ਹਿਲਦੇ ਰਹੇ।' ਇਸ ਖ਼ੂਬਸੂਰਤ ਸ਼ਾਇਰ ਦਾ ਰਚੇਤਾ, ਉਸਤਾਦ ਗ਼ਜ਼ਲਗੋ ਕ੍ਰਿਸ਼ਨ ਭਨੋਟ ਜੀ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਜਾਣ ਤੇ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ। ਪੰਜਾਬੀ ਲਿਖਾਰੀ ਸਭਾ ਉਹਨਾਂ ਦੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੈ। ਬਜ਼ੁਰਗ ਲੇਖਕ ਹਰਜੀਤ ਦੌਧਰੀਆ ਜੀ ਪਿਛਲੀ ਹਫਤੇ ਸਦੀਵੀ ਵਿਛੋੜਾ ਦੇ ਗਏ ਸੀ। ਸਭਾ ਵੱਲੋਂ ਉਹਨਾਂ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਗੀਤਕਾਰ 'ਜੰਡੂ ਲਿੱਤਰਾ ਵਾਲਾ' ਦੇ ਅਕਾਲ ਚਲਾਣੇ ਉੱਪਰ ਲਿਖਾਰੀ ਸਭਾ ਵੱਲੋਂ ਦੁੱਖ ਦਾ ਇਜ਼ਹਾਰ ਕੀਤਾ ਗਿਆ। ਤਿੰਨੇ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ।

ਮੀਟਿੰਗ ਦੀ ਸ਼ੁਰੂਆਤ ਦਵਿੰਦਰ ਮਲਹਾਂਸ ਨੇ ਬਾਬਾ ਨਜ਼ਮੀ ਦੇ ਸ਼ੇਅਰ ਨਾਲ ਕੀਤੀ, 'ਅੰਬਰ ਦਾ ਮੈਂ ਬੂਹਾ ਖੋਲ ਕੇ ਵੇਖਾਂਗਾ। ਰੱਬ ਦੇ ਨਾਲ ਪੰਜਾਬੀ ਬੋਲ ਕੇ ਵੇਖਾਂਗਾ।' 21 ਫਰਵਰੀ ਮਾਂ ਬੋਲੀ ਦਿਵਸ ਨੂੰ ਯਾਦ ਕਰਦਿਆਂ ਸਭ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਸਾਰੀ ਮੀਟਿੰਗ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਰਹੀ। ਔਰਤ ਦਿਵਸ ਦੀਆਂ ਸਭ ਨੂੰ ਮੁਬਾਰਕਾਂ ਦਿੱਤੀਆਂ ਗਈਆਂ।

ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਪਰਮਿੰਦਰ ਰਮਨ ਨੇ ਕਵਿਤਾ 'ਗੁਲਾਮੀ ਦੀ ਪੰਜਾਲੀ' ਨਾਲ ਕੀਤੀ। ਦੀਪ ਬਰਾੜ ਨੇ 'ਪੰਜਾਬ ਨਹੀਂ ਲੱਭਣਾ' ਬਹੁਤ ਵਧੀਆ ਗੀਤ ਪੇਸ਼ ਕੀਤਾ। ਤਾਰ ਬਰਾੜ ਨੇ ਔਰਤ ਦਿਵਸ ਉਪਰ ਆਪਣੇ ਖ਼ੂਬਸੂਰਤ ਕਵਿਤਾ ਪੇਸ਼ ਕੀਤੀ। ਬਲਵੀਰ ਗੋਰਾ ਅਤੇ ਸਰਬਜੀਤ ਉੱਪਲ ਨੇ ਆਪਣੇ ਆਪਣੇ ਗੀਤਾਂ ਨਾਲ ਹਾਜ਼ਰੀ ਲਗਵਾਈ। ਪੱਛਮੀ ਪੰਜਾਬ ਤੋਂ ਮਲਿਕ ਆਰਿਫ ਨੇ ਬੁੱਲੇ ਸ਼ਾਹ ਦੀ ਰਚਨਾ 'ਬੁੱਲ੍ਹੇ ਨੂੰ ਸਮਝਾਵਣ ਆਈਆਂ, ਭੈਣਾਂ ਤੇ ਭਰਜਾਈਆਂ' ਸੁਣਾਈ। ਬਲਜਿੰਦਰ ਸੰਘਾ ਨੇ 'ਸ਼ਬਦ ਗੁਰੂ' ਬਹੁਤ ਹੀ ਭਾਵਪੂਰਤ ਕਵਿਤਾ ਸੁਣਾਈ। ਸੁਖਵਿੰਦਰ ਸਿੰਘ ਤੂਰ ਨੇ ਕ੍ਰਿਸ਼ਨ ਭਨੋਟ ਜੀ ਦੀ ਰਚਨਾ ਸਾਂਝੀ ਕੀਤੀ। ਸੁਖਮਿੰਦਰ ਗਿੱਲ ਨੇ ਹਾਰਮੋਨੀਅਮ ਨਾਲ ਸੁਰੀਲੀ ਆਵਾਜ਼ 'ਚ ਗੀਤ ਪੇਸ਼ ਕੀਤਾ। ਇੰਜੀਨੀਅਰ ਜੀਰ ਸਿੰਘ ਬਰਾੜ, ਜਗਤਾਰ ਜਗਰਾਓਂ ਤੇ ਰਾਕੇਸ਼ ਗੌਤਮ ਨੇ ਮਾਂ ਬੋਲੀ ਨੂੰ ਸਮਰਪਿਤ ਵਿਚਾਰ ਪੇਸ਼ ਕੀਤੇ। ਡਾ. ਪਰਮਜੀਤ ਕੌਰ ਨੇ ਸ਼ਬਦ ਗਾਇਨ ਕੀਤਾ। ਮੰਗਲ ਚੱਠਾ ਨੇ ਕਵਿਤਾ ਸੁਣਾਈ। ਭਾਈ ਹਰਜੀਤ ਸਿੰਘ ਭਾਮੀਆਂ ਦੇ ਕਵੀਸ਼ਰੀ ਜਥੇ ਨੇ ਮੰਗਲ ਚੱਠਾ ਦੀ ਨਵੀਂ ਕਵੀਸ਼ਰੀ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਬਲਜਿੰਦਰ ਸੰਘਾ ਨੇ ਫੋਟੋਗ੍ਰਾਫੀ ਕੀਤੀ। ਬਲਵੀਰ ਗੋਰਾ ਨੇ ਚਾਹ ਪਾਣੀ ਦੀ ਸੇਵਾ ਨਿਭਾਈ।



ਅਖੀਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਸਾਹਿਰ ਲੁਧਿਆਣਵੀ ਦੀ ਰਚਨਾ ਸਾਂਝੀ ਕੀਤੀ ਅਤੇ ਮੀਟਿੰਗ 'ਚ ਹਾਜ਼ਰ ਹੋਣ ਲਈ ਸਾਰਿਆਂ ਦਾ ਬਹੁਤ ਹੀ ਪਿਆਰ ਸਤਿਕਾਰ ਨਾਲ ਧੰਨਵਾਦ ਕੀਤਾ। ਕੁੱਲ ਮਿਲਾ ਕੇ ਪ੍ਰੋਗਰਾਮ ਬਹੁਤ ਹੀ ਸਫਲ ਰਿਹਾ। ਅਪ੍ਰੈਲ ਮਹੀਨੇ ਦੀ ਮੀਟਿੰਗ ਤੀਜੇ ਸ਼ਨੀਵਾਰ 19 ਤਰੀਕ ਨੂੰ ਕੋਸੋ ਹਾਲ ਵਿੱਚ ਹੋਵੇਗੀ। ਸਭਾ ਬਾਰੇ ਕਿਸੇ ਵੀ ਤਰ੍ਹਾ ਦੀ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ 825 735 1466 ਅਤੇ ਜਨਰਲ ਸਕੱਤਰ ਦਵਿੰਦਰ ਮਲਹਾਂਸ ਨੂੰ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਅੰਧਵਿਸ਼ਵਾਸੀ ਧਾਰਮਿਕਤਾ ਦੀ ਰਾਜਨੀਤੀ ਦੇਸ਼ ਦਾ ਬੇੜਾ ਡੋਬੇਗੀ



ਜਸਵੰਤ ਜੀਰਖ
98151-69825



ਜਦੋਂ ਦੇਸ਼ ਦੀ ਰਾਜ ਕਰਤਾ ਸ਼੍ਰੇਣੀ ਦੇ ਰਾਜਨੀਤੀਵਾਨ ਦੇਸ਼ ਦੇ ਲੋਕਾਂ ਦੀ ਕਿਸਮਤ ਨੂੰ ਤੀਰਥ ਇਸ਼ਨਾਨਾਂ, ਧਾਰਮਿਕ ਅਸਥਾਨਾਂ ਦੀ ਯਾਤਰਾ, ਸਾਧੂਆਂ-ਸੰਤਾਂ ਦੇ ਅੰਧਵਿਸ਼ਵਾਸੀ ਪ੍ਰਵਚਨਾਂ, ਪੂਜਾ-ਪਾਠਾਂ ਆਦਿ ਰਾਹੀਂ ਬਦਲਣ ਨੂੰ ਮਾਨਤਾ ਦੇਣ ਸਮੇਤ ਜ਼ਗੀਰੂ ਤੇ ਪੂੰਜੀਪਤੀ ਹਿਤਾਂ ਨੂੰ ਮਹੱਤਤਾ ਦੇਣ ਲੱਗ ਜਾਣ, ਤਾਂ ਸਮਝ ਲਓ ਕਿ ਉਹ ਦੇਸ਼ ਦੀ ਬਰਬਾਦੀ ਦੇ ਰਾਹ ਚੱਲ ਪਏ ਹਨ। ਸਾਡੇ ਦੇਸ਼ ਨੂੰ ਅੱਜ ਕੱਲ੍ਹ ਇਸੇ ਰਸਤੇ 'ਤੇ ਚਲਾਉਣ ਦੇ ਸਿਰਤੋੜ ਯਤਨ ਹੀ ਨਹੀਂ ਹੋ ਰਹੇ ਸਗੋਂ ਚਲਾਇਆ ਜਾ ਰਿਹਾ ਹੈ। ਲੋਕ ਹੀ ਦੇਸ਼ ਹੁੰਦੇ ਹਨ, ਨਾ ਕਿ ਕੁੱਝ ਕੁ ਸਰਮਾਏਦਾਰ ਜਾਂ ਵੱਡੀਆਂ ਜਗੀਰਾਂ ਵਾਲੇ ਉਹ 'ਮਹਾਨ ਘਰਾਣੇ', ਜਿਹਨਾਂ ਦੇ ਕਾਰੋਬਾਰ ਦੇਸ਼ ਦੀ ਲੁੱਟ ਨਾਲ ਚਲਦੇ ਹੋਣ। ਜਿਸ ਦੇਸ਼ ਦੀ ਰਾਜਨੀਤੀ ਵਿੱਚ ਲੋਕਾਂ ਨੂੰ ਸਿਰਫ ਵੋਟ ਪਾਉਣ ਤੱਕ ਸੀਮਤ ਕਰਕੇ, ਉਹਨਾਂ ਦੀ ਕਿਰਤ ਕੁੱਝ ਕੁ ਧਨਾਢਾਂ ਨੂੰ ਹੋਰ ਧਨਾਢ ਬਣਾਉਣ ਵਿੱਚ ਲਗਾ ਕੇ ਆਮ ਲੋਕਾਂ ਨੂੰ ਆਪਣੀ ਜ਼ਿੰਦਗੀ ਸੁਧਾਰਨ ਲਈ, ਉਪਰੋਕਤ ਅੰਧਵਿਸ਼ਵਾਸੀ ਕਰਮਾਂ ਕਾਂਡਾਂ ਵੱਲ ਧੱਕਿਆ ਜਾਂਦਾ ਹੋਵੇ, ਤਾਂ ਅੰਤ ਉਸ ਦੇਸ਼ ਦਾ ਕੀ ਬਣੇਗਾ? ਜਦੋਂ ਲੋਕਾਂ ਨੂੰ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਤਾਂ ਬਣਦੇ ਹੱਕ ਮੰਗਣ ਦਾ ਕੋਈ ਅਧਿਕਾਰ ਖੋਹਿਆ ਜਾ ਰਿਹਾ ਹੋਵੇ, ਪਰ ਤੀਰਥ ਯਾਤਰਾ ਕਰਵਾਉਣ ਲਈ ਕਰੋੜਾਂ ਖਰਚ ਦਿੱਤੇ ਜਾਣ, ਤਾਂ ਇਹ ਰਸਤਾ ਦੇਸ਼ ਨੂੰ ਕਿਹੜੇ ਵਿਕਾਸ ਵੱਲ ਲੈ ਕੇ ਜਾਵੇਗਾ? ਰਾਜਨੀਤੀਵਾਨਾਂ ਵੱਲੋਂ ਚਲਾਏ ਜਾ ਰਹੇ ਅਜਿਹੇ ਰਾਜ ਪ੍ਰਬੰਧ ਨੂੰ ਚਲਾਉਣ ਲਈ ਉਹਨਾਂ ਨਾਲ ਭਾਈਵਾਲ ਬਣਕੇ, ਲੋਕਾਂ ਨੂੰ ਮੂਰਖ ਬਣਾਉਣ ਵਾਲੇ ਭਾਂਤ ਭਾਂਤ ਦੇ 'ਮਹਾਰਾਜਾਂ' ਦੀ ਵੱਖਰੀ ਸਲਤਨਤ ਹੈ। ਇਹਨਾਂ ਵਿੱਚ ਚਿੱਟ ਕੱਪੜੀਏ ਬਾਬੇ, ਡੇਰੇਦਾਰ ਮਹਾਂਪੁਰਸ਼, ਨਾਗੇ ਸਾਧੂਆਂ ਸਮੇਤ ਹੋਰ ਵੀ ਕਈ ਵੰਨਗੀਆਂ ਹਨ ਜਦੋਂ ਸਰਕਾਰ ਨਵੀਂ ਬਣਾਈ ਪਾਰਲੀਮੈਂਟ ਦਾ ਉਦਘਾਟਨ ਕਰਨ ਵੇਲੇ ਅਜਿਹੇ ਸਾਧੂਆਂ ਨੂੰ ਜੋ ਦੇਸ਼ ਦੇ ਕਿਰਤੀ ਲੋਕਾਂ ਰਾਹੀਂ ਪੈਦਾ ਕੀਤੇ ਅਨਾਜ ਅਤੇ ਪੈਸੇ ਸਹਾਰੇ ਪਲਦੇ ਹੋਣ, ਨੂੰ ਸਰਕਾਰੀ ਸਨਮਾਨ ਦਿੱਤਾ ਜਾਂਦਾ ਹੋਵੇ ਤਾਕੀ ਇਸ ਤਰ੍ਹਾਂ ਦੇਸ਼ ਦਾ ਭਵਿੱਖ ਰੌਸ਼ਨ ਹੋ ਸਕਦਾ ਹੈ? ਦੇਸ਼ ਵਿੱਚ ਜਿੱਥੇ ਕਿਰਤੀ ਲੋਕ ਗਰੀਬੀ, ਬੇਰੋਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ ਵਰਗੀਆਂ ਵੱਡੀਆਂ ਅਲਾਮਤਾਂ ਕਾਰਣ ਜ਼ਿੰਦਗੀ ਜਿਉਣ ਦੀ ਬਜਾਏ, ਸਿਰਫ ਜੂਨੀ ਹੰਢਾਅ ਰਹੇ ਹੋਣ, ਉੱਥੇ ਉਹਨਾਂ ਨੂੰ ਚੰਗੀ ਸਿੱਖਿਆ ਦੇ ਕੇ ਜ਼ਿੰਦਗੀ ਦੇ ਸਹੀ ਮਾਅਨੇ ਸਮਝਾਉਣ ਦੀ ਲੋੜ ਹੁੰਦੀ ਹੈ ਨਾ ਕਿ ਅੰਧਵਿਸ਼ਵਾਸੀ ਅਡੰਬਰਾਂ ਵੱਲ ਤੋਰਨ ਦੀ। ਪਰ ਸਾਡੇ ਮੁਲਕ ਵਿੱਚ ਇਹਨਾਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਲਈ ਚੰਗੀ ਸਿੱਖਿਆ ਦੀ ਥਾਂ ਪਹਿਲਾਂ ਹੀ ਅੰਧਵਿਸ਼ਵਾਸਾਂ ਵਿੱਚ ਗ੍ਰਸੀ ਲੋਕਾਈ ਨੂੰ ਰੌਸ਼ਨੀ ਵੱਲ ਲੈ ਕੇ ਜਾਣ ਦੀ ਬਜਾਏ ਹੋਰ ਅੰਧੇਰੇ ਵੱਲ ਧਕੇਲਕੇ, ਇਸ ਨੂੰ ਮੁਕਤੀ ਪ੍ਰਾਪਤੀ ਦੇ ਨਾਂ ਨਾਲ ਵਡਿਆਇਆ ਜਾ ਰਿਹਾ ਹੈ। ਸਰਕਾਰੀ ਤੌਰ 'ਤੇ ਅਜਿਹੇ ਤੀਰਥ ਅਸਥਾਨਾਂ ਨੂੰ ਮਹੱਤਤਾ ਦੇ ਕੇ ਲੋਕਾਂ ਵਿੱਚ ਉਤਸੁਕਤਾ ਪੈਦਾ ਕਰਨਾ ਜਿੱਥੇ ਸੰਵਿਧਾਨ ਵਿਰੋਧੀ ਹੈ ਉੱਥੇ ਕਰੋੜਾਂ ਰੁਪਏ ਦੀ ਬਰਬਾਦੀ ਵੀ ਹੈ। ਇਸ ਅੰਧੇਰੇ ਵਿੱਚ ਪਹੁੰਚਕੇ ਜਦੋਂ ਦੇਸ਼ ਦੀ ਜਨਤਾ ਨੰਗੇ- ਧੜੰਗੇ, ਰੰਗ ਬਰੰਗੇ ਸਾਧੂਆਂ ਦੇ ਦਰਸ਼ਨ ਕਰਨ ਅਤੇ ਇਸ਼ਨਾਨ ਕਰਨ ਨੂੰ ਹੀ ਆਪਣੀ ਜ਼ਿੰਦਗੀ ਸਫਲ ਹੋਈ ਸਮਝਣ ਲੱਗ ਪਏ, ਤਾਂ ਰਾਜ ਕਰਤਾ ਸ਼੍ਰੇਣੀ ਆਪਣੇ ਰਾਜ ਦੀ ਉਮਰ ਹੋਰ ਲੰਮੀ ਕਰਨ ਵਿੱਚ ਕਾਮਯਾਬੀ ਨਾਲ ਲੋਕਾਂ ਦੀ ਕਮਾਈ ਨਾਲ ਧਰੋਅ ਕਮਾਉਣ ਦੇ ਸਮਰੱਥ ਬਣਦੀ ਹੋਈ ਅੱਗੇ ਵਧਦੀ ਹੈ।



ਦੇਸ਼ ਵਿੱਚ ਅੱਜ ਕੱਲ੍ਹ ਇੱਕ ਅਜਿਹੇ ਥੀਰਥ 'ਮਹਾਂ ਕੁੰਭ' ਦੀ ਮਹਿਮਾਂ ਸਰਕਾਰੀ ਤੌਰ 'ਤੇ ਇਸ ਤਰ੍ਹਾਂ ਕੀਤੀ ਜਾਂਦੀ ਰਹੀ ਹੈ, ਜਿਵੇਂ ਇੱਥੇ ਪਹੁੰਚਕੇ ਮਨੁੱਖ ਦੇ ਸਭ ਦੁੱਖ ਦਲਿੱਦਰ ਦੂਰ ਹੋ ਜਾਣਗੇ। ਇੱਕ ਬਗੇਸਵਰ ਵਾਲੇ ਬਾਬੇ ਦੇ ਨਾਂ ਨਾਲ ਜਾਣੇ ਜਾਂਦੇ 'ਨੌਜਵਾਨ ਬਾਬੇ' ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜਿਹੜਾ ਦੇਸ਼ ਵਾਸੀ ਇਸ ਮਹਾਂਕੁੰਭ ਸਮੇਂ ਇੱਥੇ ਇਸ਼ਨਾਨ ਨਹੀਂ ਕਰੇਗਾ ਉਹ ਦੇਸ਼ ਧਰੋਹੀ ਹੈ। ਧਰਮ ਦੇ ਨਾਂ 'ਤੇ ਤੀਰਥ ਇਸ਼ਨਾਨ ਦੀ ਆਸਥਾ ਨੂੰ ਹਿੰਦੂਤਵੀ ਏਜੰਡੇ ਲਈ ਵਰਤਣ ਲਈ ਸਰਕਾਰੀ ਖ਼ਜ਼ਾਨੇ 'ਚੋਂ ਅਰਬਾਂ ਰੁਪਏ ਖਰਚੇ ਗਏ ਪਰ ਆਮ ਲੋਕਾਂ ਲਈ ਤੀਰਥ ਅਸਥਾਨ ਵਿਖੇ ਢੁਕਵੇਂ ਪ੍ਰਬੰਧਾਂ ਦੀ ਬਦਇੰਤਜਾਮੀ ਕਾਰਣ ਹੋਈ ਭਗਦੜ ਦੌਰਾਨ ਸੈਂਕੜੇ ਲੋਕ ਮਾਰੇ ਗਏ ਅਤੇ ਕਿੰਨੇ ਹੀ ਜਖਮੀ ਹੋਏ। ਇਸ ਘਟਨਾਂ ਵਿੱਚ ਮਾਰੇ ਗਿਆਂ ਬਾਰੇ ਇਹ ਕਹਿਣਾ ਕਿ ਉਹਨਾਂ ਨੂੰ ਮੋਕਸ ਦੀ ਪ੍ਰਾਪਤੀ ਹੋ ਗਈ ਹੈ, ਹੋਰ ਵੀ ਘਿਨਾਉਣੀ ਮਾਨਤਾ ਹੈ। ਮੋਕਸ ਪ੍ਰਾਪਤੀ ਨੂੰ ਮਨੁੱਖੀ ਜ਼ਿੰਦਗੀ ਦਾ ਮੁੱਖ ਉਦੇਸ਼ ਹੋਣ ਬਾਰੇ ਸਾਰੇ ਧਰਮਾਂ ਵਿੱਚ ਪ੍ਰਚਾਰਿਆ ਜਾਂਦਾ ਹੈ ਅਤੇ ਅਜਿਹੇ ਤੀਰਥ ਅਸਥਾਨਾਂ 'ਤੇ ਨਹਾਉਣ ਨਾਲ ਪਿਛਲੇ ਪਾਪ ਧੋਤੇ ਜਾਣ ਵਰਗੀਆਂ ਅੰਧਵਿਸ਼ਵਾਸੀ ਮਾਨਤਾਵਾਂ ਵੀ ਪ੍ਰਚਲਿਤ ਹਨ। ਜੇਕਰ ਇਸ ਤਰ੍ਹਾਂ ਮਰਨ ਨੂੰ ਮੋਕਸ ਪ੍ਰਾਪਤ ਹੋਣਾ ਮੰਨਿਆ ਜਾਂਦਾ ਹੈ ਤਾਂ ਇਸ ਮੋਕਸ ਦੇ ਨਾਂ 'ਤੇ ਲੋਕਾਂ ਨੂੰ ਪ੍ਰਵਚਨ ਸੁਣਾਉਣ ਵਾਲੇ ਖ਼ੁਦ ਇਸ ਤਰ੍ਹਾਂ ਮੋਕਸ ਦੀ ਪ੍ਰਾਪਤੀ ਕਿਉਂ ਨਹੀਂ ਕਰ ਲੈਂਦੇ? ਸਿਰਫ ਲੋਕਾਂ ਨੂੰ ਹੀ ਇਸ ਦੇ ਨਾਂ ਹੇਠ ਮੂਰਖ ਕਿਉਂ ਬਣਾਇਆ ਜਾ ਰਿਹਾ ਹੈ? ਜਿਹੜੇ ਵੀ.ਆਈ. ਪੀ. ਅਤੇ ਸਾਧਾਂ ਦੇ ਅਖਾੜਿਆਂ ਨੂੰ ਸ਼ਾਹੀ ਇਸ਼ਨਾਨ ਕਰਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ, ਉਹ ਇਸ ਢੰਗ ਨਾਲ ਮੋਕਸ ਦੀ ਪ੍ਰਾਪਤੀ ਕਿਉਂ ਨਹੀਂ ਕਰ ਲੈਂਦੇ? ਇਹ ਹਰ ਵਿਅਕਤੀ ਲਈ ਗਹਿਰਾਈ ਨਾਲ ਸੋਚਣ ਦੇ ਸਵਾਲ ਹਨ। ਇਸੇ ਤਰ੍ਹਾਂ ਦਿੱਲੀ ਰੇਲਵੇ ਸਟੇਸ਼ਨ ਵਿਖੇ ਪ੍ਰਿਆਗਰਾਜ ਮਹਾਂ ਕੁੰਭ 'ਚ ਇਸ਼ਨਾਨ ਕਰਨ ਚੱਲੇ ਬੇ ਥਾਹ ਸਰਧਾਲੂਆਂ ਦੇ ਇਕੱਠੇ ਹੋਣ ਕਾਰਣ ਹੋਈ ਹਫੜਾ ਦਫੜੀ ਦੌਰਾਨ 20 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆਈਆਂ। ਮਾਰੇ ਗਏ ਲੋਕਾਂ ਨੂੰ 10 ਲੱਖ ਪ੍ਰਤੀ ਬੰਦਾ ਅਤੇ ਹਸਪਤਾਲ ਵਿੱਚ ਇਲਾਜ ਲਈ 2 ਲੱਖ ਹਰ ਇੱਕ ਨੂੰ ਦੇਣ ਦੇ ਸਰਕਾਰੀ ਐਲਾਨ ਕੀਤੇ ਗਏ। ਇਹ ਸਾਰਾ ਪੈਸਾ ਕਿਰਤ ਕਮਾਈ ਕਰਨ ਵਾਲੇ ਲੋਕਾਂ ਵੱਲੋਂ ਸਰਕਾਰੀ ਟੈਕਸ ਦੇ ਕੇ ਭਰੇ ਖ਼ਜ਼ਾਨੇ ਦਾ ਹਿੱਸਾ ਹੈ ਜੋ ਉਹਨਾਂ ਦੀ ਜ਼ਿੰਦਗੀ ਬੇਹਤਰ ਬਣਾਉਣ ਲਈ ਖਰਚਣ ਦੀ ਥਾਂ ਅੰਧਵਿਸ਼ਵਾਸ ਫੈਲਾਉਣ ਵਾਲਾ ਰਾਜ ਪ੍ਰਬੰਧ ਚਲਾਉਣ ਵਾਲਿਆਂ ਦੀ ਸਾਂਝ ਭਿਆਲੀ ਕਾਰਣ ਗ਼ੈਰ ਉਪਜਾਊ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਸਮਾਜ ਵਿੱਚ ਵਾਪਰੀ ਜਿਹੜੀ ਆਫਤ ਸਰਕਾਰਾਂ ਅਤੇ 'ਮਹਾਂਪੁਰਸ਼ਾਂ' ਦੀ ਨਲਾਇਕੀ ਦਾ ਸਿੱਟਾ ਹੋਵੇ, ਉਸ ਰਾਹੀਂ ਹੋਏ ਨੁਕਸਾਨ ਦੇ ਭੁਗਤਾਨ ਲਈ ਸਰਕਾਰੀ ਮੰਤਰੀ, ਸੰਤਰੀ, ਪ੍ਰਧਾਨ ਮੰਤਰੀ ਅਤੇ ਹੋਰ ਅਫ਼ਸਰਸਾਹੀ ਸਮੇਤ ਇਹ 'ਮਹਾਂਪੁਰਸ਼' ਅਖਵਾਉਣ ਵਾਲੇ ਜ਼ੁੰਮੇਵਾਰ ਹਨ। ਇਸ ਲਈ ਇਹਨਾਂ ਰਾਹੀਂ ਫੈਲਾਏ ਅੰਧਵਿਸ਼ਵਾਸਾਂ ਕਾਰਣ ਹੋਏ ਨੁਕਸਾਨ ਦੀ ਭਰਪਾਈ ਸਰਕਾਰੀ ਖ਼ਜ਼ਾਨੇ 'ਚੋਂ ਕਰਨ ਦੀ ਬਜਾਏ ਇਹਨਾਂ ਦੀ ਨਿੱਜੀ ਸੰਪਤੀ ਵਿੱਚੋਂ ਕਰਨੀ ਬਣਦੀ ਹੈ। ਕਿਉਂਕਿ ਜੇਕਰ ਨਸ਼ਾ ਤਸਕਰਾਂ ਵੱਲੋਂ ਸਮਾਜ ਵਿੱਚ ਨੌਜਵਾਨਾ ਨੂੰ ਨਸ਼ੇ ਤੇ ਲਾਉਣ ਦੀ ਜ਼ੁੰਮੇਵਾਰੀ ਸਮਝਕੇ, ਇਸ ਕਾਰਣ ਹੋਈਆਂ ਮੌਤਾਂ ਬਦਲੇ ਉਹਨਾਂ ਦੀਆਂ ਸੰਪਤੀਆਂ ਕੁਰਕ ਕੀਤੀਆਂ ਜਾਂ ਢਾਹੀਆਂ ਜਾ ਸਕਦੀਆਂ ਹਨ ਤਾਂ ਜਿਹੜੀਆਂ ਆਫ਼ਤਾਂ ਲਈ ਸਰਕਾਰਾਂ ਅਤੇ ਉਹਨਾਂ ਦੀ ਛਤਰ ਛਾਇਆ ਹੇਠ ਵਧ ਫੁਲ ਰਹੇ 'ਮਹਾਂਪੁਰਸ਼' ਸਿੱਧੇ ਤੌਰ 'ਤੇ ਜ਼ੁੰਮੇਵਾਰ ਹਨ, ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਹੋਏ ਨੁਕਸਾਨ ਦੀਆਂ ਭਰਪਾਈਆਂ ਕਿਉਂ ਨਹੀਂ ਹੋ ਰਹੀਆਂ? ਇਹ ਇਕ ਵੱਡਾ ਸਵਾਲ ਹੈ ਜਿਸ ਬਾਰੇ ਚਰਚਾ ਕਰਕੇ ਗਲਤ ਕਾਰਗੁਜ਼ਾਰੀ ਨੂੰ ਰੋਕਣ ਲਈ ਅੱਗੇ ਆਣਾ ਪਏਗਾ।

ਆਸਥਾ ਦੇ ਭਰਮ ਵਿੱਚ ਉਲਝੇ, ਡੁੱਭਕੀ ਲਗਾਉਣ ਵਾਲੇ ਲੋਕਾਂ ਨੇ ਇਸ ਗੱਲ ਵੱਲ ਵੀ ਕੋਈ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਕਿ ਇਹ ਪਾਣੀ ਨਹਾਉਣ ਯੋਗ ਵੀ ਹੈ ਕਿ ਨਹੀਂ? ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਅਨੁਸਾਰ ਤਾਂ ਇਹ ਪਾਣੀ ਨਹਾਉਣ ਯੋਗ ਹੀ ਨਹੀਂ, ਕਿਉਂਕਿ ਇਸ ਵਿੱਚ ਮਨੁੱਖੀ ਤੇ ਪਸ਼ੂ ਮਲ? ਮੂਤਰ ਕਾਰਣ ਖ਼ਤਰਨਾਕ ਬੈਕਟੀਰੀਆ ਦੇ ਅੰਸ ਵੱਡੀ ਮਾਤਰਾ ਵਿੱਚ ਪਾਏ ਗਏ। ਪਰ ਧਾਰਮਿਕ ਆਸਥਾ ਤਹਿਤ ਲੋਕ ਇਹ ਪਾਣੀ ਪੀਂਦੇ ਵੀ ਰਹੇ। ਸੋ ਬੇਹੱਦ ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਅਜਿਹੀ ਤਰਕਹੀਣ ਆਸਥਾ ਅਤੇ ਲਾਈਲੱਗਤਾ ਬਣਾਈ ਰੱਖਣ ਲਈ ਸਾਡੇ ਦੇਸ਼ ਦਾ ਰਾਜ ਪ੍ਰਬੰਧ ਮਨੁੱਖ ਨੂੰ ਕਿੱਧਰ ਲੈ ਕੇ ਜਾ ਰਿਹਾ ਹੈ?

ਸਾਰੇ ਰਾਜ ਨੇਤਾ ਇੱਕ ਪਾਸੇ ਤਾਂ ਹਰ ਧਰਮ ਦਾ ਸਤਿਕਾਰ ਕਰਨ ਦੀ ਗੱਲ ਕਰਦੇ ਹਨ, ਪਰ ਦੂਜੇ ਪਾਸੇ ਇਹ ਆਪਣੇ ਧਰਮ ਨੂੰ ਦੂਜੇ ਧਰਮ ਤੋਂ ਵੱਧ ਮਹੱਤਤਾ ਦੇ ਕੇ ਨਫ਼ਰਤੀ ਭਾਸ਼ਾ ਵਰਤਕੇ ਦੰਗੇ ਫਸਾਦ ਕਰਵਾਉਣ ਦੇ ਵੀ ਜ਼ੁੰਮੇਵਾਰ ਹੁੰਦੇ ਹਨ। ਦੇਸ਼ ਦੇ ਪ੍ਰਮੁੱਖ ਰਾਜਾਂ ਦਿੱਲੀ, ਗੁਜਰਾਤ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਧਰਮ ਅਧਾਰਤ ਹੋਏ ਅਣ ਮਨੁੱਖੀ ਦੰਗੇ ਫਸਾਦਾਂ ਵਰਗੇ ਵਰਤਾਰਿਆਂ ਦੇ ਜਖ਼ਮ ਅੱਜ ਤੱਕ ਵੀ ਦੇਸ਼ ਦੇ ਲੋਕ ਭੁਗਤ ਰਹੇ ਹਨ, ਜਿਹਨਾਂ ਲਈ ਸਿੱਧੇ ਰੂਪ ਵਿੱਚ ਧਰਮਾਂ ਦੀ ਰਾਜਨੀਤੀ ਕਰਨ ਵਾਲੇ ਨੇਤਾ ਅਤੇ ਇਹਨਾਂ ਲਈ ਵੋਟ ਬੈਂਕ ਬਣੇ ਤਰ੍ਹਾਂ ਤਰ੍ਹਾਂ ਦੇ ਸਫੈਦਪੋਸ਼ ਅਤੇ ਭਗਵਾਂਧਾਰੀ ਦੋਵੇਂ ਤਰ੍ਹਾਂ ਦੇ ਡੇਰੇ ਜ਼ੁੰਮੇਵਾਰ ਹਨ। ਹੁਣੇ ਹੁਣੇ ਪੰਜਾਬ ਦੇ ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਮੰਦਰਾਂ ਮਸਜਦਾਂ ਦੀ ਭੰਨ ਤੋੜ ਵਿੱਚ ਧਰਮਾਂ ਨੂੰ ਵਰਤਕੇ, ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਕੇ ਇਕ ਦੂਜੇ ਦੇ ਦੁਸ਼ਮਣ ਬਣਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਹੋਲੀ ਅਤੇ ਹੋਲਾ ਮਹੱਲਾ ਵਰਗੇ ਧਰਮ ਅਧਾਰਤ ਤਿਉਹਾਰ ਮੌਕੇ, ਦਿਸ਼ਾਹੀਣ ਹੁੱਲੜ ਬਾਜ਼ਾਂ ਵੱਲੋਂ ਧਰਮ ਦੇ ਨਾਂ ਹੇਠ ਕੀਤੀਆਂ ਖਰਮਸਤੀਆਂ ਨਾਲ ਲਲਕਾਰੇ ਮਾਰਦਿਆਂ ਅਤੇ ਆਪਹੁਦਰੀ ਦਾ ਵਿਖਾਵਾ ਕਰਦੀਆਂ ਭੀੜਾਂ ਨੂੰ ਸੋਸ਼ਲ ਮੀਡੀਆ ਰਾਹੀਂ ਸਭ ਨੇ ਵੇਖਿਆ। ਕਿਵੇਂ ਟਰੈਕਟਰ ਟਰਾਲੀਆਂ, ਕਾਰਾਂ, ਜੀਪਾਂ 'ਤੇ ਸਵਾਰ ਹੋ ਕੇ ਧਰਮ ਦੀ 'ਮਹਿਮਾਂ' ਵਧਾ ਰਹੇ ਸਨ। ਇਸ ਬਾਰੇ ਸੰਜੀਦਗੀ ਨਾਲ ਆਪਣੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਧਰਮ ਦੇ ਨਾਂ ਹੇਠ ਅੱਜ ਦੇ ਅਖੌਤੀ ਧਾਰਮਿਕ ਗੁਰੂ, ਰੰਗ ਬਰੰਗੇ ਸਾਧ ਸੰਤ, ਹਿੰਦੂਤਵੀ ਰਾਜਨੀਤਕ ਨੇਤਾ, ਦੇਸ਼ ਦੀਆਂ ਹੋਰ ਧਾਰਮਿਕ ਗਿਣਤੀਆਂ ਵਿਰੁੱਧ ਨਫ਼ਰਤੀ ਭਾਸ਼ਾ ਰਾਹੀਂ, ਖਾਸ ਕਰ ਮੁਸਲਮਾਨਾਂ ਨੂੰ ਕੁੰਭ ਇਸ਼ਨਾਨ ਕਰਨ ਵਿਰੁੱਧ ਧਮਕਾਉਂਦੇ ਰਹੇ। ਹਿੰਦੂ ਸੰਸਕ੍ਰਿਤੀ ਦੇ ਨਾਂ ਹੇਠ ਮਨੂੰਸਮ੍ਰਿਤੀ ਅਧਾਰਿਤ ਸੰਵਿਧਾਨ ਜਾਰੀ ਕਰਨ ਅਤੇ ਹਿੰਦੂ ਰਾਸ਼ਟਰ ਬਣਾਉਣ ਲਈ ਧਰਮ-ਸੰਸਦਾਂ ਕਰਨ ਵਰਗੇ ਏਜੰਡੇ ਵਿੱਚ ਰੁੱਝੇ ਰਹੇ। ਕੀ ਅਜਿਹੇ ਕਾਰਨਾਮੇ ਦੇਸ਼ ਦਾ ਕੁੱਝ ਸਵਾਂਰਨਗੇ, ਜਾਂ ਹੋਰ ਭੱਠਾ ਬਠਾਉਣਗੇ?

ਦੂਜੇ ਪਾਸੇ ਦੇਸ਼ ਦੀ ਆਰਥਿਕਤਾ ਨੂੰ 5 ਟ੍ਰਿਲੀਅਨ ਬਣਾਉਣ ਅਤੇ ਵਿਸ਼ਵ ਗੁਰੂ ਘੋਸ਼ਤ ਕਰਨ ਦੇ ਦਮਗਜੇ ਮਾਰਕੇ ਲੋਕਾਂ ਦਾ ਝੂਠਾ ਮਨ ਪ੍ਰਚਾਵਾ ਕੀਤਾ ਜਾ ਰਿਹਾ ਹੈ, ਕਿਉਂਕਿ ਜਿਸ ਦੇਸ਼ ਵਿੱਚ ਆਮ ਲੋਕਾਂ ਦੀ ਅੱਧਿਓਂ ਵੱਧ ਅਬਾਦੀ ਦੋ ਡੰਗ ਦੀ ਰੋਟੀ ਤੋਂ ਵੀ ਵਿਰਵੀ ਹੋਵੇ, ਉਸ ਦੇਸ਼ ਨੂੰ ਅਜਿਹੇ ਖਿਤਾਬ ਦੇਣੇ ਕੀ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਤੁਲ ਨਹੀਂ? ਜਿਸ ਦੇਸ਼ ਵਿੱਚ ਨੌਜਵਾਨੀ ਰੋਜ਼ਗਾਰ ਦੀ ਭਾਲ ਵਿੱਚ ਆਪਣਾ ਦੇਸ਼ ਛੱਡਣ ਨੂੰ ਪਹਿਲ ਦਿੰਦੀ ਹੋਵੇ ਅਤੇ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਕਰੇ ਬਿਨਾਂ ਵਿਦੇਸ਼ ਪਹੁੰਚਣ ਲਈ ਬਰਬਾਦ ਹੋ ਰਹੀ ਹੋਵੇ, ਤਾਂ ਕੀ ਅਜਿਹੇ ਦੇਸ਼ ਨੂੰ ਵਿਸ਼ਵ ਗੁਰੂ ਕਹਾਉਣ ਵੱਲ ਵਿਕਾਸ ਕਰਦਾ ਕਹੋਗੇ? ਦੇਸ਼ ਦੀ ਜੁਆਨੀ ਨੂੰ ਜਦੋਂ ਆਪਣੇ ਦੇਸ਼ ਵਿੱਚ ਆਪਣਾ ਭਵਿੱਖ ਹਨੇਰਾ ਨਜ਼ਰ ਆਣ ਲੱਗੇ ਤਾਂ ਉਹ ਭਵਿੱਖ ਨੂੰ ਉੱਜਲ ਬਣਾਉਣ ਲਈ ਕਿਸੇ ਵੀ ਜਾਇਜ਼ ਨਾਜਾਇਜ਼ ਢੰਗ ਦੁਆਰਾ ਆਪਣਾ ਦੇਸ਼, ਮਾਂ ਬਾਪ, ਭੈਣ ਭਰਾ ਛੱਡਣ ਦਾ ਕੌੜਾ ਘੁੱਟ ਨਾ ਭਰੇ ਤਾਂ ਹੋਰ ਕੀ ਕਰੇ? ਕੀ ਇਹ ਵਰਤਾਰੇ ਰਾਜ ਪ੍ਰਬੰਧ ਚਲਾਉਣ ਵਾਲਿਆਂ ਦੀ ਨਾਕਾਮੀ ਦਾ ਸਿੱਟਾ ਨਹੀਂ? ਉਹਨਾਂ ਨੂੰ ਨਸ਼ਿਆਂ ਅਤੇ ਖੁਦਕਸ਼ੀਆਂ ਰਾਹੀਂ ਆਪਣੀਆਂ ਅਤੇ ਆਪਣੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਦੇ ਰਾਹ ਤੋਰਨ ਲਈ ਕੀ ਅਜਿਹਾ ਰਾਜ ਪ੍ਰਬੰਧ ਚਲਾਉਣ ਵਾਲੇ ਜ਼ੁੰਮੇਵਾਰ ਨਹੀਂ? ਜਿਸ ਦੇਸ਼ ਦੇ ਅੱਧੋਂ ਵੱਧ (80 ਕਰੋੜ) ਲੋਕ 5 ਕਿੱਲੋ ਸਰਕਾਰੀ ਅਨਾਜ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੋਣ, ਪਰ ਦੂਜੇ ਪਾਸੇ ਇਸੇ ਪ੍ਰਬੰਧ ਹੇਠ ਵੱਡੇ ਵੱਡੇ ਕਾਰਪੋਰੇਟਾਂ ਦੀ ਆਮਦਨ ਦਿਨੋ ਦਿਨ ਅਸਮਾਨ ਛੂਹਣ ਵੱਲ ਵਧ ਰਹੀ ਹੋਵੇ, ਤਾਂ ਸਪਸਟ ਹੈ ਕਿ 5 ਟ੍ਰਿਲੀਅਨ ਆਰਥਿਕਤਾ ਦੇਸ਼ ਦੀ ਨਹੀਂ, ਸਗੋਂ ਇਹਨਾਂ ਕਾਰਪੋਰੇਟਾਂ ਦੀ ਕਰਨ ਦਾ ਸਰਕਾਰੀ ਟੀਚਾ ਸਮਝਿਆ ਜਾਣਾ ਚਾਹੀਦਾ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਸਾਡੀ ਜਨਤਾ ਭਾਵੇਂ ਕਾਰਪੋਰੇਟਾਂ ਦੇ ਨਾਂ ਤੋਂ ਤਾਂ ਕਿਸਾਨੀ ਮੋਰਚੇ ਰਾਹੀਂ ਜਾਣੂ ਹੋ ਗਈ ਹੈ ਪਰ ਅਜੇ ਵੀ ਪੜ੍ਹ ਲਿਖਣ ਦੇ ਬਾਵਜੂਦ ਅੰਧਵਿਸ਼ਵਾਸੀ ਆਸਥਾ ਦੇ ਪ੍ਰਭਾਵਾਂ ਹੇਠ ਅਨਪੜ੍ਹ ਬਣੀ ਹੋਈ ਹੈ, ਜਿਸ ਨੂੰ ਕੋਈ ਵੀ ਐਰਾ ਗੈਰਾ ਭਗਵਾਂਧਾਰੀ, ਸਿਆਸਤਦਾਨ ਅਤੇ ਕਿਸਮਤ ਬਦਲਣ ਦੇ ਪੀੜ੍ਹੀ ਦਰ ਪੀੜ੍ਹੀ ਚਲਦੇ ਨੁਸਖ਼ੇ ਦੱਸਕੇ ਲੁੱਟਣ ਵਾਲੇ, ਜੋਤਸ਼ੀ ਅਤੇ ਹੋਰ ਅਖੌਤੀ ਕਰਾਮਾਤੀ ਦਾਅਵੇਦਾਰ, ਆਪਣੇ ਪਿੱਛੇ ਤੋਰਨ ਵਿੱਚ ਸਫਲ ਹੋ ਰਹੇ ਹਨ। ਦੇਸ਼ ਦਾ ਬੇੜਾ ਡੋਬਣ ਵੱਲ ਵਧਦੇ ਇਹਨਾਂ ਵਰਤਾਰਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਬੇਹੱਦ ਲੋੜ ਹੈ। 'ਪਰਲੋਕ' ਸੁਧਾਰਨ ਦੀ ਝੂਠੀ ਮਾਨਸਿਕਤਾ ਵਿੱਚ ਫਸੇ ਲੋਕਾਂ ਨੂੰ ਸਿਖਿਅਤ ਕਰਕੇ ਸਹੀ ਸੇਧ ਦੇਣ ਲਈ ਵਿਗਿਆਨਿਕ ਨਜ਼ਰੀਆ ਵਿਕਸਿਤ ਕਰਨ ਲਈ ਸੰਵਿਧਾਨ ਵਿੱਚ ਦਰਜ ਧਾਰਾ 51 ਸਰਕਾਰ ਦੀ ਜ਼ੁੰਮੇਵਾਰੀ ਤਹਿ ਕਰਦੀ ਹੈ। ਪਰ ਸਰਕਾਰ ਵੱਲੋਂ ਇਹ ਜ਼ੁੰਮੇਵਾਰੀ ਨਿਭਾਉਣ ਦੀ ਬਜਾਏ ਇਸ ਧਾਰਾ ਦੀ ਉਲੰਘਣਾ ਕਰਕੇ ਅੰਧਵਿਸ਼ਵਾਸ ਫੈਲਾਉਣ ਵਾਲਿਆਂ ਦੀ ਪਿੱਠ ਥੱਪ ਥਪਾਈ ਜਾ ਰਹੀ ਹੈ। ਇਸ ਲਈ ਦੇਸ਼ ਪ੍ਰਤੀ ਸੰਜੀਦਗੀ ਨਾਲ ਵਿਚਾਰਨ ਵਾਲੇ ਲੋਕਾਂ ਨੂੰ ਅੱਗੇ ਆ ਕੇ ਸੰਵਿਧਾਨ ਅਨੁਸਾਰ ਹਰ ਤਰ੍ਹਾਂ ਦੀ ਗੈਰ ਵਿਗਿਆਨਿਕ ਆਸਥਾ ਦਾ ਖੰਡਨ ਕਰਨ ਲਈ ਜੱਥੇਬੰਦਕ ਕਦਮ ਚੁੱਕਣ ਦੀ ਬਹੁਤ ਜ਼ਰੂਰੀ ਲੋੜ ਹੈ। ਸੋ ਦੇਸ਼ ਦਾ ਬੇੜਾ ਡੁੱਬ ਜਾਣ ਤੋਂ ਰੋਕਣ ਲਈ ਹਰ ਦੇਸ਼ ਵਾਸੀ ਨੂੰ ਧਰਮਾਂ ਦੇ ਅੰਧਵਿਸ਼ਵਾਸੀ ਵਰਤਾਰਿਆਂ ਵਿੱਚੋਂ ਬਾਹਰ ਆ ਕੇ ਸਹੀ ਵਿਗਿਆਨਿਕ ਵਿਚਾਰਧਾਰਾ ਅਪਨਾਉਣੀ ਸਮੇਂ ਦੀ ਲੋੜ ਹੈ।

# ਮਹਾਕੁੰਭ ਦੌਰਾਨ ਭਗਵਾ ਹਕੂਮਤ ਦਾ ਹਿੰਦੂ ਸ਼ਰਧਾ ਨਾਲ ਮਹਾਂ ਖਿਲਵਾੜ

-ਬੂਟਾ ਸਿੰਘ ਮਹਿਮੂਦਪੁਰ



ਉੱਤਰ ਪ੍ਰਦੇਸ਼ ਦੇ 'ਪ੍ਰਯਾਗਰਾਜ' ਵਿਚ 13 ਜਨਵਰੀ ਤੋਂ ਜੋ 'ਮਹਾਕੁੰਭ' ਚੱਲ ਰਿਹਾ ਸੀ ਉਹ 26 ਫਰਵਰੀ ਨੂੰ ਸਮਾਪਤ ਹੋ ਗਿਆ। ਇਹ ਸਤਰਾਂ ਲਿਖੇ ਜਾਣ ਤੱਕ ਰਾਜ ਸਰਕਾਰ ਦੇ ਅੰਕੜਿਆਂ ਅਨੁਸਾਰ ਤਕਰੀਬਨ 58 ਕਰੋੜ ਲੋਕ 'ਪਵਿੱਤਰ ਇਸ਼ਨਾਨ' ਕਰ ਚੁੱਕੇ ਹਨ।

ਭਗਵਾ ਹਕੂਮਤ ਵੱਲੋਂ 'ਕੁੰਭ ਇਸ਼ਨਾਨ' ਦੇ ਹਿੰਦੂ ਵਿਸ਼ਵਾਸ ਦਾ ਰਾਜਨੀਤਕ ਲਾਹਾ ਲੈਣ ਲਈ ਇਸ ਵਾਰ 'ਮਹਾਕੁੰਭ' ਨੂੰ ਬਹੁਤ ਜ਼ਿਆਦਾ ਧੂਮ-ਧੜੱਕੇ ਨਾਲ ਆਯੋਜਤ ਕੀਤਾ ਗਿਆ। ਸਰਕਾਰੀ ਖ਼ਜ਼ਾਨੇ ਦਾ ਪੈਸਾ ਸਿਹਤ, ਪੌਣ-ਪਾਣੀ ਦੀ ਸ਼ੁੱਧੀ ਅਤੇ ਸਿੱਖਿਆ ਦੇ ਢਾਂਚੇ ਨੂੰ ਸੁਧਾਰਨ ਉੱਪਰ ਖਰਚ ਕੇ ਆਮ ਲੋਕਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਅੰਨ੍ਹੀ ਸ਼ਰਧਾ ਨੂੰ ਜ਼ਰਬਾਂ ਦੇਣ ਅਤੇ ਆਪਣਾ ਹਿੰਦੂ ਰੱਖਿਅਕ ਦਾ ਅਕਸ ਪੱਕਾ ਕਰਨ ਉੱਪਰ ਪਾਣੀ ਵਾਂਗ ਰੋੜ੍ਹ ਦਿੱਤਾ ਗਿਆ। ਕੁੰਭ ਦਾ ਗੁਣਗਾਣ ਕਰਦਿਆਂ ਮਿਸਟਰ ਮੋਦੀ ਨੇ ਬੜ੍ਹਕ ਮਾਰੀ ਕਿ 'ਕੁੰਭ ਲੋਕਾਂ ਨੂੰ ਸਮਾਜਿਕ ਸ਼ਕਤੀ ਹੀ ਨਹੀਂ ਸਗੋਂ ਆਰਥਕ ਤਾਕਤ ਵੀ ਦਿੰਦਾ ਹੈ'। ਮਹਾਕੁੰਭ ਲਈ ਸਰਕਾਰੀ ਖ਼ਰਚ ਨੂੰ ਜਾਇਜ਼ ਠਹਿਰਾਉਂਦਿਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਯਾਨਾਥ ਨੇ ਦਾਅਵਾ ਕੀਤਾ ਕਿ 'ਜੇ 7500 ਕਰੋੜ ਰੁਪਏ ਨਾਲ 3.5 ਲੱਖ ਕਰੋੜ ਰੁਪਏ ਦੀ ਆਰਥਕ ਸਰਗਰਮੀ ਪੈਦਾ ਕੀਤੀ ਜਾ ਸਕਦੀ ਹੈ, ਕੀ ਇਹ ਸਿਆਣਪ ਵਾਲਾ ਪੂੰਜੀਨਿਵੇਸ਼ ਨਹੀਂ ਹੈ?' ਇਸ ਤਰ੍ਹਾਂ ਵੱਡੇ-ਵੱਡੇ ਦਾਅਵੇ ਕੀਤੇ ਗਏ ਅਤੇ ਕੁੰਭ ਇਸ਼ਨਾਨ ਲਈ ਪਹੁੰਚਣ ਵਾਲੇ ਅੰਦਾਜ਼ਨ 45 ਕਰੋੜ ਸ਼ਰਧਾਲੂਆਂ ਦੀ ਸਹੂਲਤ ਲਈ ਵੱਡੇ-ਵੱਡੇ ਪ੍ਰੋਜੈਕਟ ਸ਼ੁਰੂ ਕਰਨ ਦੇ ਐਲਾਨ ਕੀਤੇ ਗਏ। ਜਿਨ੍ਹਾਂ ਵਿਚ ਨਦੀਆਂ ਦੇ ਪਾਣੀ ਨੂੰ ਨਹਾਉਣ ਯੋਗ ਬਣਾਉਣ ਲਈ ਸੀਵਰੇਜ ਸ਼ੁੱਧੀਕਰਨ ਪਲਾਂਟ ਵੀ ਸਨ।

7500 ਕਰੋੜ ਖ਼ਰਚਣ ਦੇ ਦਾਅਵਿਆਂ ਦੀ ਫੂਕ ਓਦੋਂ ਨਿੱਕਲ ਗਈ ਜਦੋਂ ਅਲਾਹਾਬਾਦ ਦੇ ਸੰਗਮ ਵਿਖੇ ਮੌਨੀ ਮੱਸਿਆ ਮੌਕੇ ਇਕ ਦੂਜੇ ਤੋਂ ਅੱਗੇ ਹੋ ਕੇ 'ਡੁਬਕੀ ਲਾਉਣ' ਲਈ ਮਚੀ ਭਗਦੜ ਵਿਚ ਅਣਗਿਣਤ ਲੋਕ ਮਾਰੇ ਗਏ। ਮਾਰੇ ਗਿਆਂ ਦੀ ਸਹੀ ਗਿਣਤੀ ਅਤੇ ਭਗਦੜ ਦੀ ਵਿਆਪਕਤਾ ਕਦੇ ਵੀ ਪਤਾ ਨਹੀਂ ਲੱਗੇਗੀ ਕਿਉਂਕਿ ਅਦਿੱਤਿਆਨਾਥ ਸਰਕਾਰ ਵੱਲੋਂ ਆਪਣੀ ਮੁਜਰਮਾਨਾ ਪ੍ਰਸ਼ਾਸਨਿਕ ਬਦਇੰਤਜ਼ਾਮੀ ਅਤੇ ਕੋਤਾਹੀ ਉੱਪਰ ਪੜਦਾ ਪਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਗਈ। ਅਦਿੱਤਿਆਨਾਥ ਨੇ ਭਗਦੜ ਨਾਲ ਮੌਤਾਂ ਨੂੰ ਅਫ਼ਵਾਹਾਂ ਕਹਿ ਕੇ ਦਬਾਉਣ ਦੀ ਕੋਸ਼ਿਸ਼ ਕੀਤੀ। ਜ਼ਮੀਨੀਂ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਵੱਲੋਂ ਜੋ ਮੌਕੇ ਦੇ ਦਰਦਨਾਕ ਹਾਲਾਤ, ਚਸ਼ਮਦੀਦ ਗਵਾਹਾਂ ਅਤੇ ਮਾਰੇ ਜਾਂ ਜ਼ਖ਼ਮੀ ਹੋਏ ਵਿਅਕਤੀਆਂ ਦੇ ਪਰਿਵਾਰ ਮੈਂਬਰਾਂ ਦੇ ਬਿਆਨਾਂ ਅਤੇ ਬਦਇੰਤਜ਼ਾਮੀ ਦੇ ਮੰਜ਼ਰ ਦੇ ਲਾਈਵ ਪ੍ਰਸਾਰਣ ਕੀਤੇ ਗਏ, ਉਨ੍ਹਾਂ ਅੱਗੇ ਇਹ ਝੂਠ ਕੁਝ ਘੰਟੇ ਵੀ ਟਿਕ ਨਾ ਸਕਿਆ ਅਤੇ ਯੋਗੀ ਸਰਕਾਰ ਨੂੰ ਮੌਤਾਂ ਦੀ ਹਕੀਕਤ ਮੰਨਣੀ ਪਈ। ਇਨ੍ਹਾਂ ਮੌਤਾਂ ਦੀ ਪੀੜਾ ਅਜੇ ਮੱਠੀ ਨਹੀਂ ਪਈ ਕਿ ਹੁਣ ਸੀਪੀਸੀਬੀ (ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ) ਦੀ ਰਿਪੋਰਟ ਨੇ ਅਦਿੱਤਿਆਨਾਥ ਸਰਕਾਰ ਸਮੇਤ ਸੰਘ ਹੁਕਮਰਾਨਾਂ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਉਨ੍ਹਾਂ ਦਾ 'ਹਿੰਦੂ ਹਿਰਦੈ ਸਮਰਾਟ' ਦਾ ਸਵੈ-ਸਿਰਜਿਆ ਅਕਸ ਖ਼ੁਰਨਾ ਸ਼ੁਰੂ ਹੋ ਗਿਆ ਹੈ।

ਸਾਂਝੀ ਸੱਭਿਆਚਾਰਕ ਵਿਰਾਸਤ ਦੀ ਹੋਂਦ ਮਿਟਾਉਣ ਤੁਰੇ ਸੰਘ ਬਰਗੇਡ ਨੇ ਥਾਵਾਂ ਦੇ ਨਾਮ ਬਦਲਣ ਦੀ ਫਿਰਕੂ ਸਿਆਸਤ ਤਹਿਤ ਅਲਾਹਾਬਾਦ ਨੂੰ ਪ੍ਰਯਾਗਰਾਜ ਦਾ ਨਵਾਂ ਨਾਮ ਤਾਂ ਦੇ ਦਿੱਤਾ ਪਰ ਹਿੰਦੂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਆੜ 'ਚ ਹਿੰਦੂਆਂ ਨੂੰ ਧੋਖਾ ਦੇਣ 'ਚ ਕੋਈ ਕਸਰ ਨਹੀਂ ਛੱਡੀ। ਸੀਪੀਸੀਬੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 'ਪ੍ਰਯਾਗਰਾਜ' ਦੇ ਪਾਣੀ ਦੇ ਨਮੂਨਿਆਂ 'ਚ ਮਨੁੱਖੀ ਗੰਦਗੀ ਦੇ ਜੀਵਾਣੂ ਉਸ ਤੋਂ ਕਿਤੇ ਜ਼ਿਆਦਾ ਮਾਤਰਾ 'ਚ ਮਿਲੇ ਹਨ ਜਿੰਨੇ ਸਿਹਤਮੰਦ ਮਿਆਰ ਅਨੁਸਾਰ ਹੋਣੇ ਚਾਹੀਦੇ ਹਨ। ਪਾਣੀ ਐਨਾ ਦੂਸ਼ਿਤ ਹੈ ਜੋ ਕਿਸੇ ਵੀ ਤਰ੍ਹਾਂ ਨਹਾਉਣ ਦੇ ਯੋਗ ਨਹੀਂ ਹੈ। ਇਸੇ ਸਿਲਸਿਲੇ 'ਚ ਐੱਨਜੀਟੀ (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਯੂਪੀਪੀਸੀਬੀ (ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ) ਨੂੰ ਜਵਾਬ ਤਲਬੀ ਲਈ ਸੱਦ ਲਿਆ ਹੈ ਕਿ 'ਪ੍ਰਯਾਗਰਾਜ/ਅਲਾਹਾਬਾਦ' ਵਿਚ ਗੰਗਾ, ਜਮੁਨਾ ਦੇ ਪਾਣੀ ਦੀ ਕੁਵਾਲਿਟੀ ਦੀ ਉਲੰਘਣਾ ਬਾਬਤ ਜੋ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ, ਉਨ੍ਹਾਂ ਉੱਪਰ ਅਮਲ ਕਿਉਂ ਨਹੀਂ ਕੀਤਾ ਗਿਆ।' ਐੱਨਜੀਟੀ ਨੇ ਯੂਪੀਪੀਸੀਬੀ ਦੀ ਇਹ ਵੀ ਆਲੋਚਨਾ ਕੀਤੀ ਹੈ ਕਿ ਉਨ੍ਹਾਂ ਵੱਲੋਂ ਜੋ ਰਿਪੋਰਟ ਪੇਸ਼ ਕੀਤੀ ਗਈ, ਉਸਦੇ ਨਮੂਨੇ ਪੁਰਾਣੇ ਹਨ ਅਤੇ ਉਹ ਸਾਰੇ 12 ਜਨਵਰੀ ਤੋਂ ਪਹਿਲੇ ਯਾਨੀ ਕੁੰਭ ਮੇਲਾ ਸ਼ੁਰੂ ਹੋਣ ਤੋਂ ਪਹਿਲੇ ਨਮੂਨੇ ਹਨ। 'ਪ੍ਰਯਾਗਰਾਜ' ਵਿਚ ਗੰਗਾ ਅਤੇ ਯਮੁਨਾ ਵਿਚ ਅਣਸੋਧਿਆ ਸੀਵਰੇਜ ਪਾਉਣ ਦੇ ਮਸਲੇ ਦੀ ਸੁਣਵਾਈ ਕਰਦੇ ਹੋਏ ਐੱਨਜੀਟੀ ਨੇ ਆਪਣਾ ਇਹ ਦੋਸ਼ ਦੁਹਰਾਇਆ ਹੈ ਕਿ ਮਹਾਕੁੰਭ ਵਿਚ ਉਨ੍ਹਾਂ ਨੂੰ ਕਈ ਥਾਵਾਂ ਉੱਪਰ ਪਾਣੀ ਦੀ ਜਾਂਚ ਵਿਚ ਮਨੁੱਖੀ ਗੰਦਗੀ ਸੰਬੰਧੀ ਜੀਵਾਣੂ (ਬੈਕਟੀਰੀਆ) ਅਤੇ ਟੋਟਲ ਕਾਲੀਫਾਰਮ ਦੇ ਤੱਤ ਮਿਲੇ ਹਨ। ਕਾਲੀਫਾਰਮ ਜੀਵਾਣੂ ਬਹੁਤ ਸਾਰੇ ਜੀਵਾਣੂਆਂ ਦਾ ਸਮੂਹ ਹੈ, ਇਹ ਮਨੁੱਖਾਂ ਅਤੇ ਜਾਨਵਰਾਂ ਦੀਆਂ ਆਂਦਰਾਂ ਅਤੇ ਮਲ ਵਿਚ ਪਾਇਆ ਜਾਂਦਾ ਹੈ। ਜਦੋਂ ਇਹ ਸਰੀਰ ਦੇ ਅੰਦਰ ਹੁੰਦਾ ਹੈ ਤਾਂ ਨੁਕਸਾਨਦੇਹ ਨਹੀਂ ਹੁੰਦਾ ਪਰ ਪਾਣੀ ਵਿਚ ਮਿਲਣ ਤੋਂ ਬਾਅਦ ਜੀਵਾਣੂ ਖ਼ਤਰਨਾਕ ਹੋ ਜਾਂਦਾ ਹੈ।

ਸੀਪੀਸੀਬੀ ਵੱਲੋਂ 3 ਫਰਵਰੀ ਨੂੰ ਐੱਨਜੀਟੀ ਨੂੰ ਜੋ ਰਿਪੋਰਟ ਸੌਂਪੀ ਗਈ ਸੀ ਉਸ ਵਿਚ ਕਿਹਾ ਗਿਆ ਕਿ ਗੰਗਾ-ਯਮੁਨਾ ਦੇ ਪਾਣੀ ਵਿਚ ਤੈਅ ਮਿਆਰਾਂ ਤੋਂ ਕਈ ਗੁਣਾਂ ਜ਼ਿਆਦਾ ਫੀਕਲ ਕਾਲੀਫਾਰਮ ਜੀਵਾਣੂ ਮਿਲੇ ਹਨ। ਇਸ ਤੋਂ ਬੌਖਲਾਈ ਅਦਿੱਤਿਆਨਾਥ ਸਰਕਾਰ ਨੇ ਯੂਪੀਪੀਸੀਬੀ ਉੱਪਰ ਆਪਣੇ ਪੱਖੀ ਰਿਪੋਰਟ ਬਣਾਉਣ ਲਈ ਦਬਾਅ ਪਾਇਆ, ਜਿਸ ਨੇ ਅਦਿੱਤਿਆਨਾਥ ਸਰਕਾਰ ਵੱਲੋਂ ਸ਼ਰਧਾਲੂਆਂ ਨਾਲ ਕੀਤੇ ਖਿਲਵਾੜ ਨੂੰ ਲੁਕੋਣ ਲਈ 18 ਫਰਵਰੀ ਨੂੰ ਇਕ ਨਵੀਂ ਰਿਪੋਰਟ ਪੇਸ਼ ਕੀਤੀ ਜਿਸ ਵਿਚ ਸੀਪੀਸੀਬੀ ਦੀ ਰਿਪੋਰਟ ਨੂੰ ਖਾਰਜ ਕੀਤਾ ਗਿਆ। ਇਸ ਉੱਪਰ ਤਿੱਖੀ ਟਿੱਪਣੀ ਕਰਦੇ ਹੋਏ ਐੱਨਜੀਟੀ ਨੇ ਯੂਪੀਪੀਸੀਬੀ ਤੋਂ ਨਵੀਂ ਰਿਪੋਰਟ ਮੰਗੀ ਹੈ ਅਗਲੀ ਸੁਣਵਾਈ 28 ਫਰਵਰੀ ਨੂੰ ਹੋਵੇਗੀ।

ਆਰਐੱਸਐੱਸ-ਭਾਜਪਾ ਦੀ ਖ਼ਸਲਤ ਅਨੁਸਾਰ ਅਦਿੱਤਿਆਨਾਥ ਕੋਲ ਹਰ ਸਵਾਲ ਅਤੇ ਦੋਸ਼ ਦਾ ਜਵਾਬ ਹਮੇਸ਼ਾ ਸਾਫ਼ ਮੁੱਕਰਨਾ ਹੀ ਹੁੰਦਾ ਹੈ। ਹੁਣ ਵੀ ਉਸਨੇ ਵਿਧਾਨ ਸਭਾ ਦੇ ਅੰਦਰ ਸੀਪੀਸੀਬੀ ਦੀ ਰਿਪੋਰਟ ਰੱਦ ਕਰ ਦਿੱਤੀ ਹੈ ਅਤੇ ਹਿੱਕ ਠੋਕ ਕੇ ਦਾਅਵਾ ਕੀਤਾ ਹੈ ਕਿ ਗੰਗਾ-ਯਮੁਨਾ ਦਾ ਪਾਣੀ 'ਸਿਰਫ਼ ਨਹਾਉਣ ਯੋਗ ਹੀ ਨਹੀਂ ਹੈ ਇਹ ਤਾਂ ਪੀਣ ਯੋਗ ਵੀ ਹੈ।' ਅਸਲ ਮਸਲੇ ਤੋਂ ਧਿਆਨ ਭਟਕਾਉਣ ਲਈ ਅਦਿੱਤਿਆਨਾਥ ਨੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀ ਘਿਣਾਉਣੀ ਖੇਡ ਸ਼ੁਰੂ ਕਰ ਦਿੱਤੀ ਹੈ। ਉਸਨੇ ਦੋਸ਼ ਲਾਇਆ ਹੈ ਕਿ 'ਸਨਾਤਨ ਧਰਮ ਦੇ ਵਿਰੋਧੀਆਂ' ਤੋਂ ਮਹਾਕੁੰਭ ਦੀ ਸ਼ਾਨੋਸ਼ੌਕਤ ਝੱਲੀ ਨਹੀਂ ਜਾ ਰਹੀ, ਉਹ 'ਸਨਾਤਨ ਧਰਮ ਦੇ ਖਿ ?ਲਾਫ਼ ਸੁਪਾਰੀ ਲੈ ਕੇ ਸਾਜ਼ਿਸ਼ ਤਹਿਤ' ਨਵੇਂ ਤੋਂ ਨਵੇਂ ਝੂਠ ਘੜੇ ਜਾ ਰਹੇ ਹਨ। ਉਸਨੇ ਦਾਅਵਾ ਕੀਤਾ ਕਿ ਜਲ ਸ਼ੁੱਧੀਕਰਨ ਦਾ ਪ੍ਰਬੰਧ ਸਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ, ਸੰਗਮ ਅਤੇ ਨੇੜੇ-ਤੇੜੇ ਦੇ ਸਾਰੇ ਨਾਲਿਆਂ ਦੇ ਪਾਣੀ ਨੂੰ ਟੈਪ ਕਰਕੇ ਅਤੇ ਸ਼ੁੱਧ ਕਰਕੇ ਹੀ ਛੱਡਿਆ ਜਾ ਰਿਹਾ ਹੈ। ਇਸ ਸਮੇਂ ਪ੍ਰਯਾਗਰਾਜ ਵਿਚ ਫੀਕਲ ਕਾਲੀਫਾਰਮ ਜੀਵਾਣੂ ਦਾ ਪੱਧਰ ਪ੍ਰਤੀ 100 ਮਿਲੀਲੀਟਰ ਵਿਚ 2500 ਤੋਂ ਘੱਟ ਹੈ। ਉਸ ਮੁਤਾਬਿਕ ਸਿਰਫ਼ ਮਹਾਕੁੰਭ ਦਾ ਅਕਸ ਵਿਗਾੜਨ ਦੀ ਕੋਸ਼ਿਸ਼ 'ਚੋਂ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ।

ਨਿਰਸੰਦੇਹ, ਵਿਰੋਧੀ-ਧਿਰ, ਕਾਂਗਰਸ ਅਤੇ ਸਮਾਜਵਾਦੀ ਪਾਰਟੀ, ਦੇ ਆਗੂ ਇਸ ਮੁੱਦੇ ਨੂੰ ਸਿਆਸੀ ਲਾਹਾ ਲੈਣ ਲਈ ਉਛਾਲ ਰਹੇ ਹਨ, ਪਰ ਭਾਰਤ ਦੇ ਕੇਂਦਰੀ ਅਦਾਰੇ ਤਾਂ 'ਸਨਾਤਨ ਧਰਮ' ਦੀ ਪੈਰੋਕਾਰ ਆਰਐੱਸਐੱਸ-ਭਾਜਪਾ ਸਰਕਾਰ ਦੇ ਅਧੀਨ ਹਨ, ਉਨ੍ਹਾਂ ਦੀਆਂ ਰਿਪੋਰਟਾਂ ਉੱਪਰ ਤਾਂ ਅਦਿੱਤਿਆਨਾਥ ਦੀ ਇਹ ਦਲੀਲ ਲਾਗੂ ਹੀ ਨਹੀਂ ਹੋ ਸਕਦੀ। ਇਨ੍ਹਾਂ ਅਦਾਰਿਆਂ ਨੇ ਕੁੰਭ ਮੇਲੇ ਦੌਰਾਨ ਸ਼ਰੰਗਬੇਰਪੁਰ ਘਾਟ, ਲਾਰਡ ਕਰਜਨ ਬਰਿੱਜ, ਨਾਗਾਵਾਸੁਕੀ ਮੰਦਰ, ਦੀਹਾ ਘਾਟ, ਨੈਨੀ ਬਰਿੱਜ ਅਤੇ ਸੰਗਮ ਖੇਤਰ ਤੋਂ ਬਾਕਾਇਦਗੀ ਨਾਲ ਪਾਣੀ ਦੇ ਨਮੂਨੇ ਲਏ ਸਨ। ਦੀਹਾ ਘਾਟ ਅਤੇ ਪੁਰਾਣੇ ਨੈਨੀ ਬਰਿੱਜ ਕੋਲੋਂ ਲਏ ਗਏ ਨਮੂਨਿਆਂ ਵਿਚ 100 ਮਿਲੀਲੀਟਰ ਪਾਣੀ ਵਿਚ ਮਨੁੱਖੀ ਗੰਦਗੀ 'ਚ ਪੈਦਾ ਹੋਣ ਵਾਲੇ ਜੀਵਾਣੂ 13000 ਐੱਮਪੀਐੱਨ ਮਿਲੇ। ਰਿਪੋਰਟ ਵਿਚ ਫੀਕਲ ਕਾਲੀਕਾਰਮ ਬੈਕਟਰੀਆ ਹੀ ਨਹੀਂ ਸਗੋਂ ਕਿਸੇ ਵੀ ਮਿਆਰ ਅਨੁਸਾਰ ਇਨ੍ਹਾਂ ਥਾਵਾਂ ਦਾ ਪਾਣੀ ਨਹਾਉਣ ਦੇ ਯੋਗ ਨਹੀਂ ਮਿਲਿਆ। ਇਸ ਤੋਂ ਸਾਹਮਣੇ ਆਇਆ ਕਿ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਲਈ ਲਾਏ ਪਲਾਂਟ ਕੰਮ ਨਹੀਂ ਕਰ ਰਹੇ ਸਨ। ਇਹ ਤੈਅ ਸੀ ਕਿ ਉਨ੍ਹਾਂ ਦੀ ਸਮਰੱਥਾ ਗੰਗਾ-ਯਮੁਨਾ ਦੇ ਪਾਣੀ ਨੂੰ ਨਹਾਉਣ ਯੋਗ ਬਣਾਉਣ ਦੇ ਸਮਰੱਥ ਨਹੀਂ ਸੀ। ਐਮਰਜੈਂਸੀ ਕਦਮ ਚੁੱਕਣ ਲਈ ਨਾ ਢੌਂਗੀ ਸੰਘ-ਭਾਜਪਾ ਕੋਲ ਈਮਾਨਦਾਰੀ ਹੈ ਅਤੇ ਨਾ ਅਜਿਹੀ ਇੱਛਾ ਸ਼ਕਤੀ।

ਪ੍ਰਦੂਸ਼ਿਤ ਪਾਣੀ ਦੀਆਂ ਰਿਪੋਰਟਾਂ ਨੂੰ ਰੱਦ ਕਰਨ ਲਈ ਇਹ ਵੀ ਕਿਹਾ ਜਾ ਰਿਹਾ ਹੈ ਕਿ ਉੱਥੇ ਕੋਈ ਲੋਕ ਬੀਮਾਰ ਤਾਂ ਹੋ ਨਹੀਂ ਰਹੇ, ਇਸਦਾ ਮਤਲਬ ਪਾਣੀ ਦੀ ਕਵਾਲਿਟੀ ਸਹੀ ਹੈ। ਹਕੀਕਤ ਇਹ ਹੈ ਕਿ ਲੋਕ ਇਸ਼ਨਾਨ ਕਰਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ, ਉਨ੍ਹਾਂ ਨੂੰ ਬੈਕਟੀਰੀਆ ਕਾਰਨ ਜੇਕਰ ਕੋਈ ਸਮੱਸਿਆ ਆਵੇਗੀ ਤਾਂ ਉਹ ਆਮ ਤੌਰ 'ਤੇ ਆਪਣੇ ਘਰੀਂ ਜਾ ਕੇ ਆਵੇਗੀ। ਅਜਿਹੇ ਲੋਕਾਂ ਦਾ ਕੋਈ ਸਰਵੇਖਣ ਤਾਂ ਹੋ ਨਹੀਂ ਸਕਦਾ ਕਿ ਕਿੰਨੇ ਲੋਕ ਬੀਮਾਰ ਹੋਏ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਆਈਆਂ। ਸੋ ਅਦਿਤਿੱਆਨਾਥ ਵਰਗੇ ਢੌਂਗੀਆਂ ਕੋਲ ਜਵਾਬਦੇਹੀ ਤੋਂ ਬਚਣ ਦਾ ਚੰਗਾ ਬਹਾਨਾ ਹੈ।

ਇਹ ਹਕੀਕਤ ਜੱਗ ਜ਼ਾਹਰ ਹੈ ਕਿ ਭਾਰਤ ਦੀਆਂ ਨਦੀਆਂ ਅਤੇ ਹੋਰ ਜਲ-ਸਰੋਤ ਕਿੰਨੇ ਜ਼ਿਆਦਾ ਪ੍ਰਦੂਸ਼ਤ ਹਨ। ਸਰਕਾਰਾਂ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਫੈਕਟਰੀਆਂ ਅਤੇ ਹੋਰ ਉਦਯੋਗਾਂ ਦੀ ਜ਼ਹਿਰੀਲੀ ਡਿਸਪੋਜ਼ਲ ਇਨ੍ਹਾਂ ਜਲ ਸਰੋਤਾਂ ਅਤੇ ਜ਼ਮੀਨਦੋਜ਼ ਪਾਣੀ ਵਿਚ ਬੇਖ਼ੌਫ਼ ਹੋ ਕੇ ਪਾਉਣਾ ਤਾਂ ਅਕੱਟ ਸੱਚ ਹੈ ਹੀ, ਇਸ ਤੋਂ ਇਲਾਵਾ ਮਨੁੱਖਾਂ ਅਤੇ ਪਸ਼ੂਆਂ ਦੀ ਗੰਦਗੀ ਵੀ ਅਕਸਰ ਨਦੀਆਂ ਤੇ ਹੋਰ ਕੁਦਰਤੀ ਜਲ-ਸਰੋਤਾਂ ਵਿਚ ਮਿਲਦੀ ਰਹਿੰਦੀ ਹੈ। ਸ਼ਰਧਾਲੂ ਫੁੱਲ, ਹੋਰ ਸਮੱਗਰੀ, ਪਲਾਸਟਿਕ ਅਤੇ ਮੂਰਤੀਆਂ ਵੀ ਨਦੀਆਂ ਨਾਲਿਆਂ ਵਿਚ ਆਮ ਹੀ ਚੜ੍ਹਾਉਂਦੇ ਦੇਖੇ ਜਾ ਸਕਦੇ ਹਨ। ਕੋਰੋਨਾ ਦੇ ਦਿਨਾਂ 'ਚ ਗੰਗਾ 'ਚ ਲਾਸ਼ਾਂ ਤੈਰਨ ਦਾ ਮੁੱਦਾ ਉੱਠਣ ਸਮੇਂ ਰਿਪੋਰਟਾਂ ਛਪੀਆਂ ਸਨ ਕਿ ਆਪਣੇ ਪਰਿਵਾਰਕ ਮੈਂਬਰਾਂ ਦੇ ਅੰਤਮ ਸੰਸਕਾਰ ਤੋਂ ਅਸਮਰੱਥ ਗ਼ਰੀਬ ਲੋਕਾਂ ਵੱਲੋਂ ਗੰਗਾ 'ਚ ਲਾਸ਼ਾਂ ਸੁੱਟ ਦੇਣਾ ਬਹੁਤ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਵਰਤਾਰਾ ਹੈ।

'ਸਵੱਛ ਭਾਰਤ ਅਭਿਆਨ' ਦੀ ਰਾਜਨੀਤਕ ਡਰਾਮੇਬਾਜ਼ੀ ਅਤੇ ਇਸ ਬਹਾਨੇ ਭਗਵਾ ਹੁਕਮਰਾਨਾਂ ਵੱਲੋਂ ਦਹਿ ਹਜ਼ਾਰਾਂ ਕਰੋੜ ਰੁਪਏ ਹੜੱਪਣ ਦੇ ਬਾਵਜੂਦ ਜ਼ਮੀਨੀਂ ਹਕੀਕਤ ਇਹ ਹੈ ਕਿ ਅਜੇ ਵੀ ਨਾ ਵਸੋਂ ਦੇ ਵੱਡੇ ਹਿੱਸੇ ਕੋਲ ਜੰਗਲ-ਪਾਣੀ ਜਾਣ ਦੀ ਸਹੀ ਸਹੂਲਤ ਹੈ ਅਤੇ ਨਾ ਘੋਰ ਗ਼ਰੀਬੀ ਤੇ ਅਨਪੜ੍ਹਤਾ ਕਾਰਨ ਉਹ ਸਾਫ਼-ਸਫ਼ਾਈ ਰੱਖਣ ਦੀ ਜ਼ਰੂਰਤ ਬਾਰੇ ਜਾਗਰੂਕ ਹਨ। ਦਿੱਲੀ ਵਰਗੇ ਮਹਾਂਨਗਰਾਂ ਵਿਚ ਪ੍ਰਦੂਸ਼ਣ ਦੀ ਹਾਲਤ ਦੱਸਣ ਲਈ ਕਿਸੇ ਸਬੂਤ ਦੀ ਜ਼ਰੂਰਤ ਨਹੀਂ ਹੈ। ਪੌਣ-ਪਾਣੀ ਦੇ ਸਰੋਤਾਂ ਦੇ ਲਗਾਤਾਰ ਵਧਦੇ ਜਾ ਰਹੇ ਪ੍ਰਦੂ ?ਸ਼ਣ ਨੂੰ ਰੋਕਣ ਦਾ ਕੋਈ ਉਚਿਤ, ਭਰੋਸੇਯੋਗ ਅਤੇ ਤਸੱਲੀਬਖ਼ਸ਼ ਪ੍ਰਬੰਧ ਕੀਤੇ ਜਾਣ ਦੀ ਤਾਂ ਗੱਲ ਛੱਡੋ, ਸਰਕਾਰ ਤੇ ਪ੍ਰਸ਼ਾਸਨ ਦੇ ਪੱਧਰ 'ਤੇ ਇਸ ਪ੍ਰਤੀ ਕੋਈ ਸਰੋਕਾਰ ਅਤੇ ਸੰਜੀਦਾ ਕੋਸ਼ਿਸ਼ ਵੀ ਨਜ਼ਰ ਨਹੀਂ ਆਉਂਦੀ, ਹਾਲਾਂਕਿ ਇਹ ਜੀਵਨ ਦਾ ਆਧਾਰ ਹੈ।

ਕੁੰਭ ਮੇਲੇ 'ਚ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਦੇ ਨਾਂ ਹੇਠ ਹਜ਼ਾਰਾਂ ਕਰੋੜ ਰੁਪਏ ਖ਼ਰਚਣ ਦੇ ਦਾਅਵਿਆਂ ਦੇ ਬਾਵਜੂਦ ਕਰੋੜਾਂ ਸ਼ਰਧਾਲੂਆਂ ਦੀ ਆਮਦ ਅਨੁਸਾਰ ਉੱਥੇ ਟੱਟੀ-ਪਿਸ਼ਾਬ ਜਾਣ ਦਾ ਲੋੜੀਂਦਾ ਪ੍ਰਬੰਧ ਨਹੀਂ ਸੀ। ਕੁਝ ਮਹੀਨਿਆਂ ਵਿਚ ਵੱਡੇ ਪੈਮਾਨੇ 'ਤੇ ਪ੍ਰਬੰਧ ਕਰ ਸਕਣਾ ਸੰਭਵ ਵੀ ਨਹੀਂ ਸੀ। ਸੋ ਆਮ ਲੋਕਾਂ ਨੇ ਖੁੱਲ੍ਹੇ ਥਾਵਾਂ ਉੱਪਰ ਹੀ ਟੱਟੀ-ਪਿਸ਼ਾਬ ਕਰਨਾ ਸੀ। ਸੀਪੀਸੀਬੀ ਨੇ ਇਸ ਗੱਲ ਵੱਲ ਸਹੀ ਧਿਆਨ ਦਿੱਤਾ ਹੈ ਕਿ ਕੁੰਭ 'ਚ ਲੋਕ ਬਹੁਤ ਵੱਡੀ ਗਿਣਤੀ 'ਚ ਡੁਬਕੀ ਲਾਉਂਦੇ ਹਨ। ਉਨ੍ਹਾਂ ਦੇ ਸਰੀਰਾਂ ਅਤੇ ਕੱਪੜਿਆਂ 'ਚੋਂ ਗੰਦਗੀ ਨਿਕਲਕੇ ਪਾਣੀ 'ਚ ਮਿਲਦੀ ਰਹਿੰਦੀ ਹੈ। ਇਸ ਨਾਲ ਪਾਣੀ ਵਿਚ ਮਲ ਜੀਵਾਣੂਆਂ ਦੀ ਘਣਤਾ ਦਾ ਵਧਣਾ ਸੁਭਾਵਿਕ ਹੈ। 'ਮਹਾਕੁੰਭ' ਵਿਚ ਕਿਉਂਕਿ ਦਹਿ ਕਰੋੜਾਂ ਲੋਕਾਂ ਨੇ ਸ਼ਾਮਲ ਹੋਣਾ ਸੀ, ਇਸ ਲਈ ਸੀਪੀਸੀਬੀ ਅਤੇ ਹੋਰ ਸੰਬੰਧਤ ਸਰਕਾਰੀ ਅਦਾਰਿਆਂ ਨੇ ਪਾਣੀ ਦੇ ਨਮੂਨੇ ਤਾਂ ਲੈਣੇ ਹੀ ਸਨ। ਯੋਗੀ-ਮੋਦੀ ਵਰਗੇ ਢੌਂਗੀ ਸਿਰਫ਼ ਧਾਰਮਿਕ ਜਜ਼ਬਾਤ ਭੜਕਾਉਣੇ ਹੀ ਜਾਣਦੇ ਹਨ, ਨਾ ਇਹ ਡੂੰਘੇ ਮਨੁੱਖੀ ਸਰੋਕਾਰ ਉਨ੍ਹਾਂ ਦੇ ਥੋਥੇ ਦਿਮਾਗਾਂ ਨੂੰ ਸਮਝ ਆ ਸਕਦੇ ਹਨ ਅਤੇ ਨਾ ਉਨ੍ਹਾਂ ਦੀ ਦੰਭੀ ਅਣਮਨੁੱਖੀ ਖ਼ਸਲਤ ਤਲਖ਼ ਹਕੀਕਤਾਂ ਨੂੰ ਸਵੀਕਾਰ ਕਰਕੇ ਜਵਾਬਦੇਹ ਹੋਣ ਦੀ ਆਦੀ ਹੈ।

ਮਹਾਕੁੰਭ ਦੇ ਨਾਂ ਹੇਠ ਲੋਕਾਂ ਦੀ ਧਾਰਮਿਕ ਸ਼ਰਧਾ ਨਾਲ ਕੀਤੇ ਗਏ ਖਿਲਵਾੜ ਦੇ ਪਾਪਾਂ ਦਾ ਭਾਂਡਾ ਫੁੱਟਣਾ ਚੰਗੀ ਗੱਲ ਹੈ। ਪਰ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਐੱਨਜੀਟੀ ਅਤੇ ਸੀਪੀਸੀਬੀ ਵਰਗੇ ਅਦਾਰੇ ਉਨ੍ਹਾਂ ਕੁਝ ਕੁ ਨਦੀਆਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਅਸਰਦਾਰ ਕਾਰਵਾਈ ਕਰ ਸਕਣਗੇ ਜੋ ਹਿੰਦੂ ਆਸਥਾ ਅਨੁਸਾਰ ਬਹੁਤ ਪਵਿੱਤਰ ਮੰਨੀਆਂ ਜਾਂਦੀਆਂ ਹਨ। ਧਾਰਮਿਕ ਸ਼ਰਧਾ ਲੋਕਾਈ ਦਾ ਨਿੱਜੀ ਹੱਕ ਹੈ, ਪਰ ਕੀ ਉਹ ਇਸ ਨਾਂ ਹੇਠ ਆਪਣੇ ਨਾਲ ਹੋ ਰਹੇ ਖਿਲਵਾੜ ਦਾ ਨੋਟਿਸ ਲੈਣ ਲਈ ਵੀ ਕਦੇ ਜਾਗਰੂਕ ਹੋਣਗੇ? ਸਿਰਫ਼ ਪੌਣ ਪਾਣੀ ਨੂੰ ਜ਼ਿੰਦਗੀ ਦੇ ਯੋਗ ਬਣਾਉਣ ਦੀ ਲੋਕਾਈ ਦੀ ਜਾਗਰੂਕਤਾ 'ਤੇ ਆਧਾਰਤ ਜਨਤਕ ਦਬਾਅ ਹੀ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਢੌਂਗੀ ਹੁਕਮਰਾਨਾਂ ਨੂੰ ਮਜਬੂਰ ਕਰ ਸਕਦਾ ਹੈ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਸੋਸ਼ਲ ਮੀਡੀਆ ਤੇ ਬੱਚਿਆਂ ਦਾ ਭਵਿੱਖ

ਦਵਿੰਦਰ ਕੌਰ ਖੁਸ਼ ਧਾਲੀਵਾਲ
8847227740

ਫੇਸਬੁੱਕ, ਇੰਸਟਾਗ੍ਰਾਮ, ਟਿਕਟੋਕ, ਸਨੈਪਚੈਟ ਆਦਿ ਅਜਿਹੀਆਂ ਸੋਸ਼ਲ ਮੀਡੀਆ ਐਪ ਹਨ ਜਿਸ ਦੀ ਵਰਤੋਂ ਸੰਸਾਰ ਪੱਧਰ ਉੱਤੇ ਬੱਚਿਆਂ ਤੋਂ ਲੈ ਕੇ ਵੱਡੇ ਸਾਰੇ ਕਰ ਰਹੇ ਹਨ। ਸੂਚਨਾ ਤਕਨੀਕ ਦੇ ਉੱਨਤ ਹੋਣ ਨਾਲ਼ ਸਾਡੀ ਪਹੁੰਚ ਵਿੱਚ ਸਾਰਾ ਸੰਸਾਰ ਹੈ। ਇਸ ਦੇ ਨਾਲ਼ ਹੀ ਅੱਜ ਮਾਂ-ਪਿਓ, ਅਧਿਅਪਕ, ਸੰਜੀਦਾ ਨਾਗਰਿਕਾਂ ਵਿੱਚ ਬੱਚਿਆਂ ਦੁਆਰਾ ਵੱਡੀ ਪੱਧਰ ਉੱਤੇ ਇੰਸਟਾਗ੍ਰਾਮ, ਟਿਕਟੋਕ ਦੀ ਵਰਤੋਂ ਅਤੇ ਬੱਚਿਆਂ ਦੀ ਸ਼ਖਸ਼ੀਅਤ ਉੱਤੇ ਪੈਂਦੇ ਮਾੜੇ ਪ੍ਰਭਾਵ ਆਦਿ ਚਿੰਤਾ ਦਾ ਕਾਰਨ ਬਣੇ ਹੋਏ ਹਨ। ਆਮ ਤੌਰ ਉੱਤੇ ਮਾੜੇ ਪ੍ਰਭਾਵਾਂ ਦੀ ਗੱਲਬਾਤ ਵਿੱਚ 'ਸਮੇਂ ਦੀ ਬਰਬਾਦੀ', 'ਅੱਖਾਂ ਖਰਾਬ ਹੋਣਾ', 'ਸਾਰਾ ਦਿਨ ਫ਼ੋਟਾਂ ਖਿੱਚਦੇ ਰਹਿਣਾ', 'ਪੜ੍ਹਾਈ ਵੱਲ ਧਿਆਨ ਨਾ ਦੇਣਾ' ਆਦਿ ਬਾਰੇ ਹੀ ਗੱਲ ਕੀਤੀ ਜਾਂਦੀ ਹੈ। ਪਰ ਸੱਚਾਈ ਇਸ ਤੋਂ ਜਿਆਦਾ ਘਿਨਾਉਣੀ ਹੈ। ਸਾਡੇ ਆਲ਼ੇ ਦੁਆਲ਼ੇ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਜੋ ਹੌਲਨਾਕ ਹਨ! ਸੋਸ਼ਲ ਮੀਡੀਆ ਦੇ ਇਹ ਸੰਦ ਦਿਮਾਗੀ ਬਿਮਾਰੀਆਂ, ਖ਼ੁਦਕੁਸ਼ੀ, ਜਿਨਸੀ ਹਿੰਸਾ, ਮਾਨਸਿਕ ਸੋਸ਼ਣ ਤੱਕ ਡੂੰਗੀ ਮਾਰ ਕਰ ਰਹੇ ਹਨ।

ਸਾਲ 2013 ਤੋਂ 2023 ਦੇ ਦਹਾਕੇ ਵਿੱਚ ਅਮਰੀਕਾ ਦੇ ਇੱਕ ਅਦਾਰੇ 'ਬੱਚਿਆਂ ਦੇ ਸੋਸ਼ਣ ਅਤੇ ਗਾਇਬ ਹੋਣ ਦੇ ਕੌਮੀ ਕੇਂਦਰ' ਨੂੰ ਪ੍ਰਤੀ ਦਿਨ 100,000 ਤੋਂ ਵੱਧ ਰਿਪੋਰਟਾਂ ਰੋਜਾਨਾ ਮਿਲ਼ੀਆ ਸਨ। ਮੈਟਾ ਦੇ ਇੰਸਟਾਗ੍ਰਾਮ ਨੇ ਪੀਡੋਫਾਈਲਾਂ ਦੇ ਇੱਕ ਨੈਟਵਰਕ ਨੂੰ ਜੋੜਨ ਅਤੇ ਉਤਸ਼ਾਹਿਤ ਕਰਨ ਵਿੱਚ ਮਦਦ ਕੀਤੀ ਸੀ। ਪੀਡੋਫਾਈਲਾਂ ਦੇ ਨੈੱਟਵਰਕ ਤੋਂ ਭਾਵ ਬਾਲਗ ਨੌਜਵਾਨਾਂ ਦਾ ਅਜਿਹਾ ਚੱਕਰ ਜੋ ਨਾਬਾਲਗਾਂ (ਬੱਚਿਆਂ) ਦੀਆਂ ਤਸਵੀਰਾਂ ਅਤੇ ਵੀਡਿਓ ਆਦਿ ਦੀ ਸਮੱਗਰੀ ਦੀ ਪੇਸ਼ਕਾਰੀ ਘਟੀਆ (ਬੱਚਿਆਂ ਦੇ ਜਿਨਸੀ ਸ਼ੋਸ਼ਣ) ਰੂਪ ਵਿੱਚ ਕੀਤੀ ਗਈ ਹੁੰਦੀ ਹੈ, ਅਜਿਹੀ ਸਮੱਗਰੀ ਨੂੰ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲ਼ੇ ਮਾਨਸਿਕ ਰੋਗੀਆਂ ਦੀ ਖਪਤ ਲਈ ਇੰਟਰਨੈੱਟ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਸਾਂਝਾ ਕੀਤਾ ਜਾਂਦਾ ਹੈ ਜਿਸ ਰਾਹੀਂ ਇਹ ਜਾਨਵਰ (ਪੈਡੋਫਾਇਲ) ਮੁਨਾਫਾ ਕਮਾਉਂਦੇ ਹਨ। ਕਈ ਅਧਿਐਨ ਵਿੱਚ ਇਹ ਤੱਥ ਸਾਹਮਣੇ ਆਏ ਹਨ ਕਿ ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਮੰਚ ਨਾ ਸਿਰਫ ਅਜਿਹੀ ਸਮੱਗਰੀ ਨੂੰ ਆਪਣੇ ਮੰਚ ਉੱਪਰ ਘੁੰਮਣ ਦਿੰਦੇ ਹਨ ਸਗੋਂ ਇੰਸਟਾਂਗ੍ਰਾਮ ਦੀ ਐਲਗੋਰਿਥਮ ਅਜਿਹੇ ਜਾਨਵਰਾਂ ਨੂੰ ਆਪਸ ਵਿੱਚ ਜੋੜਨ ਦਾ ਕੰਮ ਜਾਂ ਕਿਹਾ ਜਾਵੇ ਇਹਨਾਂ ਨੂੰ ਆਪਣਾ ਇਹ ਅਣਮਨੁੱਖੀ ਧੰਦਾ ਫੈਲਾਉਣ 'ਚ ਮਦਦ ਵੀ ਕਰਦੀ ਹੈ।

ਸਨੈਪਚੈਟ ਅਤੇ ਇੰਸਟਾਗ੍ਰਾਮ ਨੂੰ ਵੱਡੀ ਪੱਧਰ ਉੱਤੇ ਤਸਵੀਰਾਂ ਅਤੇ ਵੀਡੀਓ ਲਈ ਵਰਤਿਆ ਜਾਂਦਾ ਹੈ। ਸਨੈਪ ਚੈਟ ਉੱਤੇ ਭੇਜੀਆਂ ਤਸਵੀਰਾਂ ਨੂੰ ਜਾਂ ਫਿਰ ਅਜਿਹੀਆਂ ਤਸਵੀਰਾਂ ਜੋ ਕਿਸੇ ਨਾਲ਼ ਸਾਂਝੀਆਂ ਵੀ ਨਹੀਂ ਕੀਤੀਆਂ ਹੁੰਦੀਆਂ ਨੂੰ ਕਿਸੇ ਹੋਰ ਕੰਪਨੀਆਂ ਦੁਆਰਾ, ਪੋਰਨ ਵੈੱਬਸਾਈਟ ਦੁਆਰਾ ਵਰਤਿਆ ਜਾਂਦਾ ਹੈ। ਜਿਸ ਨਾਲ਼ ਕਿਸੇ ਕੁੜੀ ਜਾਂ ਮੁੰਡੇ ਦੀਆਂ ਬਹੁਤ ਹੀ ਨਿੱਜੀ ਤਸਵੀਰਾਂ ਨੂੰ ਗਲਤ ਕੰਮ ਲਈ ਵਰਤਿਆ ਜਾਂਦਾ ਹੈ, ਜਿਸ ਕਾਰਨ ਕਈ ਵਾਰ ਵਰਤੋਂਕਾਰ ਦੁਆਰਾ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਵੀ ਕਰ ਲਈ ਜਾਂਦੀ ਹੈ। ਅਮਰੀਕਨ ਜੋੜੇ ਬ੍ਰਾਂਡੀ ਅਤੇ ਟੋਨੀ ਰੌਬਰਟਸ ਨੇ ਦੱਸਿਆ ਹੈ ਕਿ ਉਹਨਾਂ ਦੀ 14 ਸਾਲਾ ਧੀ ਐਂਜਲਿਨ ਨੇ ਖੁਦਕੁਸ਼ੀ ਇਸ ਲਈ ਕੀਤੀ ਕਿ ਉਹ ਇੰਸਟਾਗ੍ਰਾਮ 'ਤੇ ਉਸ ਨੂੰ ਭੇਜੀ ਗਈ ਇੱਕ ਵੀਡੀਓ, ਜਿਸ ਵਿੱਚ ਰੱਸੇ ਨਾਲ਼ ਲਟਕ ਕੇ ਮਰਨ ਬਾਰੇ ਦੱਸਿਆ ਜਾ ਰਿਹਾ ਸੀ, ਦੀ ਨਕਲ ਕਰ ਰਹੀ ਸੀ। ਉਹਨਾਂ ਨੇ ਇਸ ਤੋਂ ਬਾਅਦ ਮੈਟਾ ਜੋ ਇੰਸਟਾਗ੍ਰਾਮ ਨੂੰ ਚਲਾਉਂਦੀ ਹੈ ਉੱਤੇ ਕੇਸ ਵੀ ਦਰਜ ਕੀਤਾ। ਇੰਸਟਾਗ੍ਰਾਮ ਮਸ਼ਹੂਰੀਆਂ ਲਈ ਇੱਕ ਵੱਡਾ ਸੰਦ ਹੈ, ਛੋਟੀਆਂ ਵੀਡਿਓ (ਰੀਲ), ਤਸਵੀਰਾਂ ਤੋਂ ਵੱਧ ਕਿਸੇ ਵੀ ਤਰ੍ਹਾਂ ਦੀ ਹੋਰ ਸਮੱਗਰੀ ਜੋ ਸੰਜੀਦਾ ਹੋਵੇ ਇਸ 'ਤੇ ਨਹੀਂ ਪੈ ਸਕਦੀ। ਕਨੂੰਨੀ ਤੌਰ ਉੱਤੇ, ਇੰਸਟਾਗ੍ਰਾਮ ਉੱਤੇ ਖਾਤਾ ਬਣਾਉਣ ਲਈ 13 ਸਾਲ ਦੀ ਉਮਰ ਜਰੂਰੀ ਹੈ, ਪਰ ਖਾਤਾ ਬਣਾਉਣ ਵੇਲੇ ਕਿਸੇ ਵੀ ਤਰ੍ਹਾਂ ਦੀ ਉਮਰ ਦੀ ਜਾਂਚ ਪੜਤਾਲ ਨਹੀਂ ਕੀਤੀ ਜਾਂਦੀ। ਵੀਡਿਓ ਅਤੇ ਤਸਵੀਰਾਂ ਦੇ ਰੂਪ ਵਿੱਚ ਇੰਸਟਾਗ੍ਰਾਮ ਉੱਤੇ ਅਜੇਹੀ ਸਮੱਗਰੀ ਦੀ ਭਰਮਾਰ ਹੈ ਜੋ ਬੱਚਿਆਂ ਲਈ ਖਤਰਨਾਕ ਹੈ, ਨੰਗੀਆਂ ਤਸਵੀਰਾਂ, ਕੁੜੀਆਂ ਮੁੰਡਿਆਂ ਦੇ ਲਿੰਗ ਸਬੰਧੀ ਵੀਡੀਓ ਅਤੇ ਤਸਵੀਰਾਂ, ਅਜਿਹੇ ਲੋਕਾਂ ਦਾ ਨੈਟਵਰਕ ਜੋ ਬੱਚਿਆਂ ਨੂੰ ਇਸ ਵਿੱਚ ਫਸਾਉਂਦੇ ਹਨ! ਇੰਸਟਾਗ੍ਰਾਮ ਉੱਤੇ ਮੌਜੂਦ ਹੈ। ਤਕਨੀਕੀ ਤੌਰ ਉੱਤੇ ਐਲਗੋਰਿਥਮ ਰਾਹੀਂ ਵਾਰ-ਵਾਰ ਅਜਿਹੀਆਂ ਮਸ਼ਹੂਰੀਆਂ, ਤਸਵੀਰਾਂ ਦਿਖਾਉਣਾ ਜੋ ਇੱਕ ਵਾਰ ਕਿਸੇ ਨੇ



ਦੇਖੀਆਂ ਹਨ ਨੂੰ ਇੰਸਟਾਗ੍ਰਾਮ, ਟਿਕਟੋਕ ਹੋਰ ਸੋਸ਼ਲ ਮੀਡੀਆ ਐਪ ਵਰਤਦੀਆਂ ਹਨ। ਬੱਚਿਆਂ ਦੀ ਪੋਰਨ, ਬੱਚਿਆਂ ਦੇ ਜਿਨਸੀ ਸੋਸ਼ਣ ਲਈ ਉਤਸ਼ਾਹਤ ਕਰਦੀ ਸਮੱਗਰੀ ਗੈਰਕਨੂੰਨੀ ਦਾਇਰੇ ਵਿੱਚ ਆਉਂਦੀ ਹੈ ਪਰ ਹੈਸ਼ਟੈਗ ਰਾਹੀਂ ਇਸਨੂੰ ਪ੍ਰਚਿਲਤ ਕੀਤਾ ਜਾਂਦਾ ਹੈ!

31 ਜਨਵਰੀ 2024 ਨੂੰ ਅਮਰੀਕਾ ਵਿੱਚ ਇੱਕ ਕਾਂਗਰਸ ਹੋਈ ਜਿਸ ਵਿੱਚ 'ਔਨਲਾਈਨ ਬੱਚਿਆਂ ਦੇ ਵਧ ਰਹੇ ਸੋਸ਼ਣ' ਬਾਰੇ ਗੱਲ ਕੀਤੀ ਗਈ ਜਿਸ ਵਿੱਚ ਪੰਜ ਕੰਪਨੀਆਂ: ਐਕਸ ਕਾਰਪ (ਪਹਿਲਾਂ ਟਵਿੱਟਰ), ਟਿਕਟੋਕ, ਸਨੈਪਚੈਟ, ਮੈਟਾ ਅਤੇ ਡਿਸਕਾਰਡ ਦੇ ਨੁਮਾਈਦੇ ਅਤੇ ਅਜਿਹੇ ਮਾਂ-ਪਿਓ ਜਿਹਨਾਂ ਦੇ ਬੱਚਿਆਂ ਦੀ ਜਿੰਦਗੀ ਉੱਤੇ ਸੋਸ਼ਲ ਮੀਡੀਆ ਨੇ ਬਹੁਤ ਬੁਰਾ ਪ੍ਰਭਾਵ ਪਾਇਆ ਅਤੇ ਜੱਜ ਅਤੇ ਵਕੀਲ ਹਾਜਰ ਸਨ। ਜਿਸ ਵਿੱਚ ਮੈਟਾ ਦੇ ਸੀਈਓ ਮਾਰਕ ਜੁਕਰਬਰਗ ਨੇ ਮੌਖਿਕ ਤੌਰ ਉੱਤੇ ਮਾਂ ਪਿਓ ਤੋਂ ਮਾਫੀ ਮੰਗੀ। ਬੱਚਿਆਂ ਦੇ ਜਿਨਸੀ ਸੋਸ਼ਣ ਨੂੰ ਨੈਤਿਕ ਸੰਕਟ ਦੇ ਤੌਰ ਉੱਤੇ ਦੇਖਿਆ ਗਿਆ ਅਤੇ ਬੈਠੇ ਨਿਆਂ ਅਧਿਕਾਰੀਆਂ ਨੇ ਇਸ ਸਬੰਧੀ ਕਨੂੰਨ ਬਣਾਉਣ ਦੀ ਗੱਲ ਵੀ ਕੀਤੀ ਸੀ।

ਪਿਛਲੇ ਸਾਲ ਹੀ ਅਮਰੀਕਾ ਦੀ ਸਰਜਨ ਜਨਰਲ ਦੀ ਇੱਕ ਜਨਤਕ ਸਿਹਤ ਸਲਾਹਕਾਰ ਨੇ ਕੁੱਝ ਰਿਪੋਰਟਾਂ ਰਾਹੀਂ ਇੰਹ ਦੱਸਿਆ ਸੀ ਕਿ ਸੋਸ਼ਲ ਮੀਡੀਆ ਦੀ ਵਰਤੋਂ ਬੱਚਿਆਂ ਅਤੇ ਬਾਲਗਾਂ ਦੀ ਮਾਨਸਿਕ ਸਿਹਤ ਲਈ "ਡੂੰਘਾ ਖਤਰਾ" ਪੇਸ਼ ਕਰਦੀ ਹੈ ਅਤੇ ਤਕਨੀਕੀ ਕੰਪਨੀਆਂ ਉੱਤੇ "ਤੁਰੰਤ ਕਾਰਵਾਈ" ਦੀ ਮੰਗ ਕੀਤੀ ਗਈ ਸੀ।

ਬਿਨਾਂ ਸ਼ੱਕ ਬੱਚਿਆਂ ਦੇ ਸਰੀਰਕ ਸੋਸ਼ਣ ਵਿੱਚ ਵਾਧਾ ਹੋਣਾ, ਸੋਸ਼ਲ ਮੀਡਿਆ ਦੁਆਰਾ ਗੰਦੀ ਸਮੱਗਰੀ ਨੂੰ ਦਿਨ ਰਾਤ ਪਰੋਸਣਾ ਅਤੇ ਬਾਲ ਮਨਾ ਨੂੰ ਗੰਧਲਾ ਕਰਨਾ ਇੱਕ ਨੈਤਿਕ ਸੰਕਟ ਹੈ। ਕਈ ਇਸ ਦਾ ਕਾਰਨ ਟੀਵੀ, ਮੋਬਾਈਲ, ਇੰਟਰਨੈਟ ਨੂੰ ਦੱਸ ਦੇ ਹਨ ਪਰ ਤਕਨੋਲਜੀ ਕਿਸੇ ਵੀ ਤਰ੍ਹਾਂ ਇਸ ਦੀ ਦੋਸ਼ੀ ਨਹੀਂ ਹੈ! ਮਸਲਾ ਤਾਂ ਇਹ ਹੈ ਕਿ ਇਹ ਤਕਨੋਲਜੀ ਦੀ ਵਰਤੋਂ ਕਿਸ ਮਕਸਦ ਨਾਲ਼ ਕੀਤਾ ਜਾ ਰਹੀ ਹੈ? ਕਨੂੰਨ ਬਣਾ ਕੇ ਵੀ ਮਸਲੇ ਉਂਝ ਦੇ ਉਂਝ ਹੀ ਪਏ ਰਹਿੰਦੇ ਹਨ! ਸੋਸ਼ਲ ਮੀਡੀਆਂ ਦੀ ਵਰਤੋਂ ਨੂੰ ਲੈ ਕੇ ਜੋ ਕਨੂੰਨ ਬਣੇ ਹਨ ਉਸ ਦੀ ਉਲੰਘਣ ਵੀ ਕੰਪਨੀਆਂ ਖੁਦ ਕਰਦੀਆਂ ਹਨ, ਗ੍ਰਾਹਕ ਦੀ ਨਿੱਜਤਾ, ਉਸਦਾ ਨਿੱਜੀ ਡਾਟਾ ਦੂਜੀਆਂ ਕੰਪਨੀਆਂ ਨੂੰ ਵੇਚਣ ਦੇ ਮਾਮਲੇ ਆਮ ਅਖਬਾਰਾਂ ਵਿੱਚ ਆਉਂਦੇ ਹਨ!

ਇਸ ਸਭ ਵਰਤਾਰੇ ਦਾ ਅਸਲੀ ਕਾਰਨ ਜਾਣਨਾ ਹੈ ਤਾਂ ਇਸ ਢਾਂਚੇ ਬਾਰੇ ਗੱਲ ਕਰਨੀ ਹੀ ਪੈਣੀ ਹੈ ਜਿਸ ਵਿੱਚ ਅਸੀਂ ਜਿਓਂ ਰਹੇ ਆ, ਅੱਜ ਦਾ ਢਾਂਚਾ ਸਰਮਾਏਦਾਰਾ ਹੈ, ਜਿਸ ਲਈ ਮਨੁੱਖੀ ਸਰੋਕਾਰ ਕੇਂਦਰੀ ਨੁਕਤਾ ਨਹੀਂ ਹਨ, 31 ਜਨਵਰੀ ਨੂੰ ਕੀਤੀ ਕਾਂਗਰਸ ਨੈਤਿਕ ਪਤਨ ਦੀ ਦੁਹਾਈ ਦੇ ਰਹੀ ਹੈ, ਪਰ ਸੋਸ਼ਲ ਮੀਡਿਆ ਦੇ ਮਾਲਕ ਮਨੁੱਖੀ ਭਲੇ ਲਈ ਨਹੀਂ ਮੁਨਾਫ਼ੇ ਲਈ ਕੰਮ ਕਰ ਰਹੇ ਹਨ। ਮੌਜੂਦਾ ਸਰਮਾਏਦਾਰੀ ਢਾਂਚਾ ਜਿੱਥੇ ਆਰਥਿਕ ਪੱਧਰ 'ਤੇ ਲਗਾਤਾਰ ਨਿੱਘਰ ਰਿਹਾ ਹੈ ਉੱਥੇ ਨਾਲ਼ ਹੀ ਇਹ ਸੱਭਿਆਚਾਰ ਤੇ ਸਮਾਜਿਕ ਪਤਨ ਦੀਆਂ ਨਵੀਆਂ ਤੋਂ ਨਵੀਆਂ ਸਿਖਰਾ ਨੂੰ ਛੋਹ ਰਿਹਾ ਹੈ। ਸਮਾਜ ਦਾ ਉਹ ਪਰਜੀਵੀ ਹਿੱਸਾ ਜੋ ਬਹੁ ਗਿਣਤੀ ਦੀ ਲੁੱਟ 'ਤੇ ਪਲ਼ ਰਿਹਾ ਹੈ, ਕੋਲ਼ ਦੌਲਤ ਦੇ ਅੰਬਾਰ ਤਾਂ ਹਨ ਪਰ ਇਨਸਾਨੀ ਸੰਵੇਦਨਾਵਾ ਅਤੇ ਸਿਹਤਮੰਦ ਰਿਸ਼ਤਿਆ ਪੱਖੋਂ ਪੂਰੀ ਤਰ੍ਹਾਂ ਕੰਗਾਲ ਹੈ। ਖਾਂਦਾ ਪੀਂਦਾ ਮੱਧਵਰਗ ਖਪਤਵਾਦ 'ਚ ਘਿਰਆ ਹੋਇਆ ਇਕਲਾਪੇ, ਨਿਰਾਸ਼ਾ ਅਤੇ ਬੇਗਾਨਗੀ ਦਾ ਸ਼ਿਕਾਰ ਹੈ। ਹੁਣ ਇਸ ਸੱਖਣੇਪਨ ਨੂੰ 'ਪੋਰਨੋਗ੍ਰਾਫੀ' ਵਰਗੀਆਂ ਅਲਾਮਤਾਂ ਦੁਆਰਾ ਭਰਿਆ ਜਾਂਦਾ ਹੈ। ਸਿਰੇ ਦੀ ਨੀਰਸ, ਗੈਰ-ਰਚਨਾਤਮਕ ਅਤੇ ਮੁਨਾਫ਼ੇ ਦੇ ਆਲ਼ੇ-ਦੁਆਲ਼ੇ ਘੁੰਮ ਰਹੀ ਜ਼ਿੰਦਗੀ ਦੇ ਕੁਝ ਪਲਾਂ ਵਿੱਚ ਗੰਦੀਆਂ ਫ਼ਿਲਮਾਂ, ਨੰਗੀਆਂ ਤਸਵੀਰਾਂ, ਬੱਚਿਆਂ ਦਾ ਜਿਨਸੀ ਸੋਸ਼ਣ ਰੁਮਾਂਚ ਭਰਦਾ ਹੈ। ਉਸ ਨੂੰ ਹਰ ਚੀਜ ਨਾਲ਼ੋਂ ਤੋੜ ਕੇ ਵਕਤੀ ਤੌਰ 'ਤੇ ਰਾਹਤ ਦੇਣ ਦਾ ਕੰਮ ਕਰਦਾ ਹੈ। ਅਜਿਹੀ ਸੰਤੁਸ਼ਟੀ ਜੋ ਕਿਸੇ ਨੂੰ ਨਸ਼ਾ ਲੈ ਕੇ ਮਿਲ਼ਦੀ ਹੈ। ਪਰ ਇਸ ਨਾਲ਼ ਉਸਨੂੰ ਇਕੱਲੀ ਸੰਤੁਸ਼ਟੀ ਨਹੀਂ, ਆਤਮਿਕ ਨਿਘਾਰ, ਦੂਜੇ ਇਨਸਾਨਾਂ ਪ੍ਰਤੀ ਜਾਨਵਰ ਬਣਨ ਦੀ ਸਿੱਖਿਆ ਵੀ ਮਿਲ਼ਦੀ ਹੈ।

ਇਸ ਸਮੱਸਿਆ ਨੂੰ ਲੈ ਕੇ ਮੌਜੂਦਾ ਢਾਂਚੇ ਦੇ ਬੌਧਿਕ ਚਾਕਰਾਂ ਵੱਲੋ ਜਾਂ ਤਾਂ ਹੱਥ ਖੜੇ ਕੀਤੇ ਜਾ ਚੁੱਕੇ ਹਨ ਅਤੇ ਤਕਨਾਲਜੀ ਦਾ ਰੋਣਾ ਰੋਇਆ ਜਾ ਰਿਹਾ ਹੈ ਅਤੇ ਜਾਂ ਇਸ ਨੂੰ ਕਨੂੰਨੀ ਤਰੀਕੇ ਨਾਲ਼ ਹੱਲ ਕਰਨ ਬਾਰੇ ਸੋਚਦੇ ਹਨ। ਪਰ ਬੁੱਢਾ ਬਿਮਾਰ ਸਰਮਾਏਦਾਰੀ ਢਾਂਚਾ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਸਕਦਾ। ਇਸ ਸਮੱਸਿਆ ਦੇ ਹੱਲ ਦਾ ਸਵਾਲ ਇਸ ਢਾਂਚੇ ਦੀ ਆਪਣੀ ਹੋਂਦ ਨਾਲ਼ ਜੁੜਿਆ ਹੋਇਆ ਹੈ। ਮੁਨਾਫੇ ਤੋਂ ਬਾਹਰ ਇਹ ਢਾਂਚਾ ਕੰਮ ਨਹੀਂ ਕਰ ਸਕਦਾ। ਇਸ ਲਈ ਜਿਨਸੀ ਸੋਸ਼ਨ, ਬੱਚਿਆਂ ਦੇ ਬਚਪਨ ਨੂੰ ਨਰਕ ਬਣਾਉਣ ਵਰਗੀਆਂ ਸਮੱਸਿਆਵਾਂ ਦਾ ਮੁਕੰਮਲ ਹੱਲ ਇਸ ਢਾਂਚੇ ਨੂੰ ਖਤਮ ਕਰ ਕੇ ਹੀ ਕੀਤਾ ਜਾ ਸਕਦਾ ਹੈ। ਪਰ ਮੌਜੂਦਾ ਢਾਚੇ ਨੂੰ ਖਤਮ ਕਰਕੇ ਨਵਾਂ ਢਾਂਚਾ ਉਸਾਰਨ ਦੀ ਲੰਬੀ ਲੜਾਈ ਦੇ ਨਾਲ਼-ਨਾਲ਼ ਅੱਜ ਇਹ ਜਰੂਰੀ ਹੈ ਕਿ ਆਮ ਲੋਕਾਂ, ਨੌਜਵਾਨਾਂ ਅਤੇ ਨਵੀਂ ਪੀੜੀ ਤੱਕ ਇੱਕ ਨਵਾਂ ਬਦਲਵਾਂ ਸੱਭਿਆਚਾਰ ਲਿਜਾਇਆ ਜਾਵੇ, ਅਜਿਹਾ ਸਾਹਿਤ, ਸੰਗੀਤ, ਫਿਲਮਾਂ ਜੋ ਇਨਸਾਨ ਲਈ ਲਿਖਿਆ ਗਿਆ ਅਤੇ ਜੋ ਇਨਾਸਾਨ ਨੂੰ ਇਨਸਾਨ ਦੇ ਪ੍ਰਤਿ ਸੰਵੇਦਨਸ਼ੀਲ ਬਣਾਉਦਾ ਹੈ। ਜੋ ਟੈਕਨਾਲੋਜੀ ਕੰਮ ਨੂੰ ਆਸਾਨ ਤੇ ਦੇਸ਼ ਨੂੰ ਤਰੱਕੀਆਂ ਤੇ ਲਿਜਾਣ ਲਈ ਬਣਾਈ ਗਈ ਸੀ ਉਸ ਦੇ ਨਤੀਜੇ ਘਾਤਕ ਸਿੱਧ ਹੋ ਰਹੇ ਹਨ। ਆਨਲਾਈਨ ਸਿਸਟਮ ਨੇ ਵੀ ਬੱਚਿਆਂ ਦਾ ਬੇੜਾ ਗਰਕ ਕੀਤਾ ਹੈ।ਕੁੱਝ ਐਪ ਤੇ ਪਾਬੰਦੀ ਲਾਗੂ ਹੋਣੀ ਜਰੂਰੀ ਹੈ ਜੋ ਬੱਚਿਆਂ ਦੇ ਭਵਿੱਖ ਨੂੰ ਬਚਾਇਆ ਜਾਵੇ।



# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਦਾ ਸ਼ਹੀਦੀ ਦਿਹਾੜੇ ਤੇ ਮਸ਼ਾਲ ਮਾਰਚ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸਥਾਨਕ ਪਿੰਡ ਸੁਨੇਤ (ਭਾਈ ਰਣਧੀਰ ਸਿੰਘ ਨਗਰ) ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਕਾਲੇ ਪਾਣੀ ਜੇਲ੍ਹ ਵਿੱਚ ਦੇਸ਼ ਦੀ ਜੰਗ-ਏ-ਆਜ਼ਾਦੀ ਲਈ 2 ਮਾਰਚ 1918 ਨੂੰ ਸ਼ਹੀਦ ਹੋਏ ਪਿੰਡ ਸੁਨੇਤ ਦੇ ਜੰਮਪਲ ਗਦਰੀ ਬਾਬਾ ਭਾਨ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਮਸ਼ਾਲ ਮਾਰਚ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਪਿੰਡ ਦੀਆਂ ਗਲੀਆਂ ਵਿੱਚ ਮਸ਼ਾਲਾਂ ਲੈਕੇ ਨੌਜਵਾਨਾਂ ਨੇ ਆਕਾਸ਼ ਗੁੰਜਾਊ ਨਾਅਰਿਆਂ ਨਾਲ ਪਿੰਡ ਵਾਸੀਆਂ ਨੂੰ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਲੁੱਟ ਰਹਿਤ ਬਰਾਬਰੀ ਦਾ ਸਮਾਜ ਸਿਰਜਣ ਦਾ ਹੋਕਾ ਦਿੰਦੇ ਹੋਏ ਮਾਰਚ ਕੀਤਾ ਗਿਆ। ਪਿੰਡ ਦੇ ਮੁੱਖ ਦਰਵਾਜ਼ੇ ਤੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸਮੇਂ ਦੀਆਂ ਸਰਕਾਰਾਂ ਸਾਡੇ ਸ਼ਹੀਦਾਂ ਨੂੰ ਅਣਗੌਲਿਆਂ ਕਰਦੀਆਂ ਰਹੀਆਂ ਹਨ। ਬਾਬਾ ਭਾਨ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਾਲੇ ਪਾਣੀ ਜੇਲ੍ਹ ਵਿੱਚ ਅੰਤਾਂ ਦੇ ਤਸੀਹੇ ਝੱਲਦਿਆਂ ਸ਼ਹੀਦੀ ਦਿੱਤੀ ਪਰ ਅਪਣੇ ਆਖਰੀ ਸਾਹਾਂ ਤਕ ਅਡੋਲ ਰਹੇ। ਨੌਜਵਾਨਾਂ ਨੂੰ ਅੱਜ ਬਾਬਾ ਭਾਨ ਸਿੰਘ ਬਾਰੇ ਪੜ੍ਹਨਾ ਚਾਹੀਦਾ ਹੈ ਤੇ ਸਮਾਜ ਵਿੱਚ ਫੈਲੀ ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ, ਗਰੀਬੀ ਬਾਰੇ ਇਕੱਠੇ ਹੋ ਕੇ ਲੜਨ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਉਨ੍ਹਾਂ ਬੀਤੇ ਲੰਮੇ ਸਮੇਂ ਤੋਂ ਨੌਜਵਾਨ ਸਭਾ ਵਲੋਂ ਸੁਨੇਤ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਦਾ ਨਾਮ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਦੇ ਨਾਮ ਤੇ ਰੱਖਣ ਲਈ ਚਲਾਈ ਜਾ ਰਹੀ ਮੁਹਿੰਮ ਵਿੱਚ ਲੋਕਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਬਾਬਾ ਭਾਨ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਵੱਡੇ ਪੱਧਰ ’ਤੇ ਮਨਾਉਣ ਅਤੇ ਲੋਕਾਂ ਵਿੱਚ ਉਨ੍ਹਾਂ ਦੀ ਜੀਵਨੀ ਨੂੰ ਲੈ ਕੇ ਜਾਣ ਦੀ ਗੱਲ ਕੀਤੀ। ਇਸ ਮੌਕੇ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਸਕੱਤਰ ਜਸਵੰਤ ਜ਼ੀਰਖ ਅਤੇ ਮਾਸਟਰ ਭਜਨ ਨੇ ਵੀ ਸੰਬੋਧਨ ਕੀਤਾ ਅਤੇ ਨੌਜਵਾਨਾਂ ਦੇ ਇਸ ਉਪਰਾਲੇ ਦੀ ਸ਼ਲਾਘਾ




ਕੀਤੀ। ਇਸ ਮੌਕੇ ਨੌਜਵਾਨ ਸਭਾ ਵੱਲੋਂ ਜਗਜੀਤ ਗੁੜ੍ਹੇ, ਪ੍ਰਤਾਪ ਸਿੰਘ, ਤੇਜਿੰਦਰ ਕੁਮਾਰ, ਮੀਨੂੰ ਸ਼ਰਮਾ, ਐਡਵੋਕੇਟ ਗੁਰਵਿੰਦਰ, ਵਰੁਣ ਕੁਮਾਰ, ਜਗਧੀਰਜ ਲਲਤੋਂ, ਜੈਪਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ




Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

We are Hiring New & Experienced Realtors.
We can also help you to get Realtor License.

We provide following Services:
• Residential • Commercial • Business
• Land Investment • Property • Management Services

Insta Realty
BUY SELL INSTANTLY



Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com

Ramandeep Gill
REALTOR®
403-852-2852
yograman9@yahoo.com

Amandeep Gill
REALTOR®
403-919-6962
amangill@instarlt.com

Amarjit Pangly
REALTOR®
403-891-2424
amarpangly@instarlt.com

Mousam Mann
REALTOR®
403-923-3620
mousammann@instarlt.com

Amandeep Gill
REALTOR®
825-733-7551
gillhomes18@gmail.com

Manpreet Kaur
REALTOR®
587-438-4091
Realtor.manpreetk@gmail.com

Aman Batth
REALTOR®
403-918-7254
realtoramanbatth@gmail.com

Gurpreet Kaur
REALTOR®
403-613-2459
realestatebygurpreet@gmail.com

Harsimran Bawa
REALTOR®
403-689-4506
simrkakra@gmail.com

Karan Nanda
REALTOR®
778-681-0480
karannanda@instarlt.com

Navi Tiwana
REALTOR®
403-383-9496
navutiwana@instarlt.com

Sahil Lamba
REALTOR®
613-854-3762
sahillamba273@gmail.com

Book Your New Dream Home with our team in Savanna, City Scape, Red Stone, Corner Stone, Home Stead, Cochrane.